ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 40 | 08 october 2021 to 14 October 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਕੇਂਦਰੀ ਮੰਤਰੀ ਦਾ ਪੁੱਤਰ ਲਖੀਮਪੁਰ ਕਤਲੇਆਮ ਮਾਮਲੇ ਵਿੱਚ ਗ੍ਰਿਫ਼ਤਾਰ, ਐਸਕੇਐਮ ਵਲੋਂ ਦੇਸ਼ ਵਿਆਪੀ ਹੜਤਾਲ ਦਾ ਦਿੱਤਾ ਗਿਆ ਸੀ ਸੱਦਾ

## ਆਸ਼ੀਸ਼ ਮਿਸ਼ਰਾ ਦੀ ਗ੍ਰਿਫ਼ਤਾਰੀ ਕਿਸਾਨਾਂ ਦੀ ਜਿੱਤ

**ਨਵੀਂ ਦਿੱਲੀ :-** ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਬੇਟੇ ਅਤੇ ਲਖੀਮਪੁਰ ਖੇੜੀ ਹਿੰਸਾ ਦੇ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਨੂੰ ਵਿਸ਼ੇਸ਼ ਜਾਂਚ ਟੀਮ ਨੇ ਘੰਟਿਆਂ ਦੀ ਪੁੱਛਗਿੱਛ ਤੋਂ ਬਾਅਦ ਸ਼ਨੀਵਾਰ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਦੀ ਪੁਸ਼ਟੀ ਡਿਪਟੀ ਇੰਸਪੈਕਟਰ ਜਨਰਲ ਉਪੇਂਦਰ ਅਗਰਵਾਲ ਨੇ ਕੀਤੀ, ਜੋ ਐਸਆਈਟੀ ਦੇ ਮੁਖੀ ਹਨ। ਪੁੱਛਗਿੱਛ ਤੋਂ ਦੂਰ ਰਹਿਣ ਦੇ ਇੱਕ ਦਿਨ ਬਾਅਦ, ਆਸ਼ੀਸ਼ ਮਿਸ਼ਰਾ ਸ਼ਨੀਵਾਰ ਸਵੇਰੇ ਜਾਂਚ ਟੀਮ ਦੇ ਸਾਹਮਣੇ ਪੇਸ਼ ਹੋਏ। ਪੁੱਛਗਿੱਛ ਘੰਟਿਆਂ ਤੱਕ ਚੱਲੀ ਕਿਉਂਕਿ ਵਿਸ਼ੇਸ਼ ਜਾਂਚ ਟੀਮ ਨੇ ਕੇਂਦਰੀ ਮੰਤਰੀ ਦੇ ਬੇਟੇ ਤੋਂ ਦਰਜਨਾਂ ਤੋਂ ਵੱਧ ਪ੍ਰਸ਼ਨ ਤਿਆਰ ਕੀਤੇ,ਸ਼ਾਮ ਤਕ, ਅਪੁਸ਼ਟ ਰਿਪੋਰਟਾਂ ਨੇ ਦਾਅਵਾ ਕੀਤਾ ਕਿ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਪਰ ਪੁਸ਼ਟੀ ਸ਼ਨੀਵਾਰ ਰਾਤ ਨੂੰ ਹੀ ਹੋਈ ਸੀ ।ਜਦੋਂ ਆਸ਼ੀਸ਼ ਪੁੱਛਗਿੱਛ ਦਾ ਸਾਹਮਣਾ ਕਰ ਰਿਹਾ ਸੀ, ਉਸ ਦੇ ਪਿਤਾ ਅਜੇ ਮਿਸ਼ਰਾ ਟੇਨੀ ਵਕੀਲਾਂ ਦੇ ਸਮੂਹ ਨਾਲ ਘੁੰਮ ਰਹੇ ਸਨ।

ਉਪੇਂਦਰ ਅਗਰਵਾਲ ਨੇ ਕਿਹਾ"ਪੁੱਛਗਿੱਛ ਵਿੱਚ ਸਹਿਯੋਗ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ ਉਸਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਹ ਘਟਨਾ ਵਾਲੇ ਦਿਨ ਘਟਨਾ ਦੇ ਸਮੇਂ ਆਪਣੇ ਠਿਕਾਣੇ ਬਾਰੇ ਵੱਖ -ਵੱਖ ਨੁਕਤਿਆਂ ਨੂੰ ਸੂਚਿਤ ਜਾਂ ਪ੍ਰਮਾਣਿਤ ਨਹੀਂ ਕਰ ਸਕਿਆ ਅਤੇ ਅਸੀਂ ਉਸਨੂੰ ਪੁਲਿਸ ਰਿਮਾਂਡ 'ਤੇ ਲੈਣ ਤੋਂ ਬਾਅਦ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਾਂਗੇ।

ਉਸਦੇ ਦੋ ਸਹਿਯੋਗੀ ਗ੍ਰਿਫਤਾਰ ਹੋਣ ਤੋਂ ਬਾਅਦ, ਪੁਲਿਸ ਨੇ ਕੇਂਦਰੀ ਮੰਤਰੀ ਦੇ ਨਿਵਾਸ 'ਤੇ ਇੱਕ ਨੋਟਿਸ ਚਿਪਕਾਇਆ ਜਿਸ ਵਿੱਚ ਉਸਦੇ ਬੇਟੇ ਨੂੰ ਜਾਂਚ ਕਮੇਟੀ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਸੀ। ਸ਼ੁੱਕਰਵਾਰ ਨੂੰ ਆਸ਼ੀਸ਼ ਕਮੇਟੀ ਦੇ ਸਾਹਮਣੇ ਪੇਸ਼ ਨਹੀਂ ਹੋਏ ਅਤੇ ਉਨ੍ਹਾਂ ਦੇ ਪਿਤਾ ਨੇ ਕਿਹਾ ਕਿ ਉਹ ਠੀਕ ਨਹੀਂ ਹਨ; ਉਹ ਸ਼ਨੀਵਾਰ ਨੂੰ ਹਾਜ਼ਰ ਹੋਵੇਗਾ।

ਐਫਆਈਆਰ ਵਿੱਚ ਆਸ਼ੀਸ਼ ਦਾ ਨਾਂ ਲਖੀਮਪੁਰ ਖੇੜੀ ਘਟਨਾ ਦਾ ਮੁੱਖ ਦੋਸ਼ੀ ਸੀ ਜਿਸ ਵਿੱਚ ਚਾਰ ਕਿਸਾਨਾਂ ਨੂੰ ਇੱਕ ਵਾਹਨ ਦੁਆਰਾ ਕੁਚਲ ਦਿੱਤਾ ਗਿਆ ਸੀ ਜਿਸ ਵਿੱਚ ਆਸ਼ੀਸ਼ ਕਥਿਤ ਤੌਰ 'ਤੇ ਮੌਜੂਦ



ਸੀ। ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੇੜੀ ਵਿੱਚ ਪਿਛਲੇ ਐਤਵਾਰ ਦੀ ਘਟਨਾ ਤੋਂ ਬਾਅਦ ਸ਼ੁਰੂ ਹੋਈ ਹਿੰਸਾ ਵਿੱਚ ਚਾਰ ਹੋਰ ਮਾਰੇ ਗਏ ਸਨ।

ਐਫਆਈਆਰ ਵਿੱਚ ਕਿਹਾ ਗਿਆ ਹੈ ਕਿ ਉਹ ਉਸ ਪਲਟੀ ਹੋਈ ਕਾਰ ਵਿੱਚੋਂ ਬਾਹਰ ਨਿਕਲਣ ਵਿੱਚ ਕਾਮਯਾਬ ਹੋਇਆ ਅਤੇ ਗੋਲੀ ਚਲਾ ਦਿੱਤੀ। ਕੇਂਦਰੀ ਮੰਤਰੀ ਨੇ ਇਸ ਘਟਨਾ ਨਾਲ ਆਪਣੇ ਬੇਟੇ ਦੇ ਜੁੜੇ ਹੋਣ ਤੋਂ ਇਨਕਾਰ ਕੀਤਾ ਹੈ ਅਤੇ ਪਹਿਲਾਂ ਕਿਹਾ ਸੀ ਕਿ ਇਹ ਉਨ੍ਹਾਂ ਦੀ ਕਾਰ ਸੀ ਪਰ ਉਨ੍ਹਾਂ ਦਾ ਬੇਟਾ ਉੱਥੇ ਮੌਜੂਦ ਨਹੀਂ ਸੀ। ਉਸਨੇ ਇਹ ਵੀ ਦਾਅਵਾ ਕੀਤਾ ਕਿ ਕਾਰ ਦੇ ਚਾਲਕ ਨੇ ਸੰਤੁਲਨ ਗੁਆ ਦਿੱਤਾ ਕਿਉਂਕਿ ਕਾਰ ਉੱਤੇ ਪੱਥਰ ਸੁੱਟੇ ਗਏ ਸਨ।

ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲਖੀਮਪੁਰ ਖੇੜੀ ਇਸ ਮੁੱਦੇ 'ਤੇ ਕਾਂਗਰਸ ਦੇ ਸੜਕਾਂ' ਤੇ ਉਤਰਨ ਨਾਲ ਇੱਕ ਵੱਡਾ ਸਿਆਸੀ ਮੁੱਦਾ ਬਣ ਗਿਆ ਹੈ। ਕਾਂਗਰਸ ਨੇਤਾ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਨੇ ਇਸ ਹਫਤੇ ਦੇ ਸ਼ੁਰੂ ਵਿੱਚ ਲਖੀਮਪੁਰ ਖੇੜੀ ਦਾ ਦੌਰਾ ਕੀਤਾ ਸੀ।

**ਬਾਕੀ ਸਫ਼ਾ 30 'ਤੇ**

# ਪੈਂਡੋਰਾ ਪੇਪਰਜ਼ ਨਾਮੀਂ ਖੋਜੀ ਦਸਤਾਵੇਜ਼ਾਂ ਨੇ ਦੁਨੀਆ ਭਰ ਦੇ ਧਨਕੁਬੇਰਾਂ ਦਾ ਕੀਤਾ ਪਰਦਾਫਾਸ਼

## ✪300 ਦੇ ਕਰੀਬ ਭਾਰਤੀਆਂ ਦੇ ਨਾਂ ਸ਼ਾਮਿਲ ✪ ਕਾਰੋਬਾਰੀ ਅਨਿਲ ਅੰਬਾਨੀ, ਭਗੌੜਾ ਨੀਰਵ ਮੋਦੀ, ਕ੍ਰਿਕਟਰ ਸਚਿਨ ਤੇਂਦੁਲਕਰ, ਅਭਿਨੇਤਾ ਜੈਕੀ ਸਰਾਫ, ਬਾਇਓਕਾਨ ਦੀ ਚੇਅਰਮੈਨ ਕਿਰਨ ਮਜੂਮਦਾਰ ਤੇ ਮਰਹੂਮ ਕਾਂਗਰਸੀ ਆਗੂ ਸਤੀਸ਼ ਸ਼ਰਮਾ ਦੇ ਨਾਮ ਆਏ ਸਾਹਮਣੇ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਪੈਂਡੋਰਾ ਪੇਪਰਜ਼ ਨਾਮੀਂ ਕੌਮਾਂਤਰੀ ਖੋਜੀ ਦਸਤਾਵੇਜ਼ਾਂ ਨੇ ਦੁਨੀਆ ਭਰ ਦੇ ਧਨ ਕੁਬੇਰਾਂ ਦੇ ਪਾਪਾਂ ਦੀ ਪੰਡ ਦੀਆਂ ਲੀਰਾਂ ਖਿਲਾਰ ਕੇ ਰੱਖ ਦਿੱਤੀਆਂ ਹਨ। ਇਨਾਂ ਦਸਤਾਵੇਜਾਂ ਰਾਹੀਂ ਸਾਹਮਣੇ ਲਿਆਂਦਾ ਗਿਆ ਹੈ ਕਿ ਕਿਵੇਂ ਇਹ ਟੈਕਸ ਚੋਰ ਆਪਣੇ ਧਨ ਨੂੰ ਟੈਕਸ ਸਵਰਗ ਵਜੋਂ ਜਾਣੇ ਜਾਂਦੇ ਦੇਸ਼ਾਂ ਵਿੱਚ ਛਿਪਾ ਕੇ ਤੇ ਨਾਮਨਿਹਾਦ ਕੰਪਨੀਆਂ ਬਣਾ ਕੇ ਦੇਸ਼ ਦੇ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦੇ ਆ ਰਹੇ ਹਨ। ਇਨਾਂ ਨਾਵਾਂ ਵਿੱਚ 300 ਦੇ ਕਰੀਬ ਭਾਰਤੀਆਂ ਦੇ ਨਾਂ ਹਨ। ਇਨਾਂ ਵਿੱਚ ਕਾਰੋਬਾਰੀ ਅਨਿਲ ਅੰਬਾਨੀ, ਭਗੌੜਾ ਨੀਰਵ ਮੋਦੀ, ਕ੍ਰਿਕਟਰ ਸਚਿਨ ਤੇਂਦੁਲਕਰ, ਅਭਿਨੇਤਾ ਜੈਕੀ ਸਰਾਫ, ਬਾਇਓਕਾਨ ਦੀ ਚੇਅਰਮੈਨ ਕਿਰਨ ਮਜੂਮਦਾਰ ਤੇ ਮਰਹੂਮ ਕਾਂਗਰਸੀ ਆਗੂ ਸਤੀਸ਼ ਸ਼ਰਮਾ ਦੇ ਨਾਂਅ ਸ਼ਾਮਲ ਹਨ।

ਇੰਡੀਅਨ ਐੱਕਸਪ੍ਰੈੱਸ ਵੱਲੋਂ ਪਨਾਮਾ ਪੇਪਰਜ ਤੋਂ ਸੱਤ ਸਾਲ ਬਾਅਦ ਪੈਂਡੋਰਾ ਪੇਪਰਜ਼ ਦਾ ਖੁਲਾਸਾ ਕੀਤਾ ਹੈ। ਇਸ ਸਾਰੇ ਖੋਜ ਕਾਰਜ ਦੀ ਅਗਵਾਈ ਕੌਮਾਂਤਰੀ ਕੰਸੋਟੇਰੀਅਮ ਆਫ ਇਨਵੈਸਟੀਗੇਸ਼ਨ ਜਰਨਲਿਸਟਸ ਨਾਮੀ ਸੰਸਥਾ ਨੇ ਕੀਤੀ ਸੀ। ਇਸ ਮੁਹਿਮ ਵਿੱਚ 117 ਦੇਸ਼ਾਂ ਦੀਆਂ 150 ਮੀਡੀਆ ਸੰਸਥਾਵਾਂ ਦੇ 600 ਤੋਂ ਵੱਧ ਪੱਤਰਕਾਰਾਂ ਨੇ ਮਿਲ ਕੇ ਕੰਮ ਕੀਤਾ ਸੀ। ਇਸ ਅਧੀਨ 1 ਕਰੋੜ 19 ਲੱਖ ਗੁਪਤ ਦਸਤਾਵੇਜਾਂ ਨੂੰ ਪ੍ਰਾਪਤ ਕਰਕੇ ਪੱਤਰਕਾਰਾਂ ਰਾਹੀਂ ਉਨਾਂ ਦੇ ਦੇਸ਼ਾਂ ਵਿਚਲੇ




ਨਾਵਾਂ ਦਾ ਖੁਲਾਸਾ ਕੀਤਾ ਗਿਆ ਹੈ।

ਇਹ ਦਸਤਾਵੇਜ ਜਰਸੀ, ਬ੍ਰਿਟਿਸ਼ ਵਰਜੀਨੀਆ ਆਈਲੈਂਡਜ਼ ਤੇ ਸਾਈਪਰਸ ਵਰਗੇ ਟੈਕਸ ਸਵਰਗ ਵਜੋਂ ਜਾਣੇ ਜਾਂਦੇ ਇਲਾਕਿਆਂ ਦੀਆਂ 14 ਦਲਾਲ ਕੰਪਨੀਆਂ ਤੋਂ ਪ੍ਰਾਪਤ ਕੀਤੇ ਗਏ, ਜਿਹੜੀਆਂ ਧਨ ਕੁਬੇਰਾਂ ਨੂੰ ਨਾਮਨਿਹਾਦ ਕੰਪਨੀਆਂ ਖੜੀਆਂ ਕਰਨ ਲਈ ਮਦਦ ਕਰਦੀਆਂ ਹਨ, ਤਾਂ ਜੋ ਉਹ ਹੇਰਾਫੇਰੀ ਕਰਕੇ ਟੈਕਸ ਬਚਾ ਸਕਣ। ਟੈਕਸ ਸਵਰਗ ਵਜੋਂ ਜਾਣੇ ਜਾਂਦੇ ਇਹ ਦੇਸ਼ ਜਾਂ ਟਾਪੂ ਉਹ ਹਨ, ਜਿੱਥੇ ਆਪਣੇ ਦੇਸ ਦੇ ਮੁਕਾਬਲੇ ਬਹੁਤ ਘੱਟ ਜਾਂ ਬਿਲਕੁਲ ਵੀ ਟੈਕਸ ਨਹੀਂ ਲਗਦਾ। ਇਹ ਟੈਕਸ ਸਵਰਗ ਵਿਦੇਸ਼ੀ ਨਾਗਰਿਕਾਂ, ਨਿਵੇਸ਼ਕਾਂ ਤੇ ਸਨਅਤਕਾਰਾਂ ਨੂੰ ਆਪਣੇ ਦੇਸ਼ਾਂ ਵਿੱਚ ਕਾਗਜ਼ੀ ਕੰਪਨੀਆਂ ਖੜੀਆਂ ਕਰਨ ਵਿੱਚ ਮਦਦ ਕਰਦੇ ਹਨ, ਤਾਂ ਜੋ ਉਨਾਂ ਦੇ ਆਪਣੇ ਦੇਸ਼ ਨੂੰ ਉਨਾਂ ਦੀ ਜਾਇਦਾਦ ਦਾ ਪਤਾ ਨਾ ਲੱਗੇ। ਇਸ ਚੋਰੀ ਤੇ ਹੇਰਾਫੇਰੀ ਦੇ ਧੰਦੇ ਨਾਲ ਸੰਸਾਰ ਪੱਧਰ ਉੱਤੇ ਕਾਲੇ ਧਨ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ।

ਇੰਡੀਅਨ ਐੱਕਸਪ੍ਰੈੱਸ ਦੀ ਰਿਪੋਰਟ ਅਨੁਸਾਰ ਰਿਲਾਇੰਸ ਏ ਡੀ ਏ ਗਰੁੱਪ ਦੇ ਚੇਅਰਮੈਨ ਤੇ ਉਸ ਦੇ ਨੁਮਾਇੰਦਿਆਂ ਨੇ ਟੈਕਸ ਸਵਰਗ ਵਿੱਚ ਘੱਟੋ-ਘੱਟ 18 ਕੰਪਨੀਆਂ ਖੋਲੀਆਂ ਹੋਈਆਂ ਸਨ। ਇਹ ਕੰਪਨੀਆਂ 2007 ਤੋਂ 2013 ਵਿਚਕਾਰ ਖੋਲੀਆਂ ਗਈਆਂ ਹਨ। ਇਨਾਂ ਵਿੱਚੋਂ 7 ਕੰਪਨੀਆਂ ਵਿੱਚ 1.3 ਅਰਬ ਡਾਲਰ ਦਾ ਲੈਣ-ਦੇਣ ਹੋਇਆ ਹੈ।

**ਬਾਕੀ ਸਫ਼ਾ 30 'ਤੇ**

# ਮੀਡੀਆ ਦੇ ਦੋ ਪੱਤਰਕਾਰ - ਮਾਰੀਆ ਰੇਸਾ ਅਤੇ ਦਮਿੱਤਰੀ ਮੁਰਤੋਵ ਨੇ 2021 ਦਾ ਨੋਬਲ ਸ਼ਾਂਤੀ ਪੁਰਸਕਾਰ ਜਿੱਤਿਆ

**ਨਵੀਂ ਦਿੱਲੀ/ਏ.ਟੀ.ਨਿਊਜ਼:** ਫਿਲੀਪੀਨਜ਼ ਦੀ ਪੱਤਰਕਾਰ ਮਾਰੀਆ ਰੇਸਾ ਅਤੇ ਰੂਸੀ ਪੱਤਰਕਾਰ ਦਮਿੱਤਰੀ ਮੁਰਤੋਵ ਨੇ ਸ਼ੁੱਕਰਵਾਰ ਨੂੰ 2021 ਦਾ ਨੋਬਲ ਸ਼ਾਂਤੀ ਪੁਰਸਕਾਰ ਜਿੱਤਿਆ।




ਇੱਕ ਪੱਤਰਕਾਰ ਕਾਨਫਰੰਸ ਵਿੱਚ ਕਿਹਾ, "ਸ੍ਰੀਮਤੀ ਰੇਸਾ ਅਤੇ ਸ੍ਰੀ ਮੁਰਤੋਵ ਫਿਲੀਪੀਨਜ਼ ਅਤੇ ਰੂਸ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਲਈ ਉਨਾਂ ਦੀ ਸਾਹਸੀ ਲੜਾਈ ਲਈ ਸ਼ਾਂਤੀ ਪੁਰਸਕਾਰ ਪ੍ਰਾਪਤ ਕਰ ਰਹੇ ਹਨ।"ਉਸੇ ਸਮੇਂ, ਉਹ ਸਾਰੇ ਪੱਤਰਕਾਰਾਂ ਦੇ ਨੁਮਾਇੰਦੇ ਹਨ ਜੋ ਇਸ ਆਦਰਸ਼ ਦੇ ਲਈ ਅਜਿਹੀ ਦੁਨੀਆਂ ਵਿੱਚ ਖੜੇ ਹਨ ਜਿੱਥੇ ਲੋਕਤੰਤਰ ਅਤੇ ਪ੍ਰੈਸ ਦੀ ਆਜ਼ਾਦੀ ਵਧਦੀ ਮਾੜੀ ਸਥਿਤੀ ਦਾ ਸਾਹਮਣਾ ਕਰ ਰਹੀ ਹੈ," ਉਸਨੇ ਅੱਗੇ ਕਿਹਾ।ਪੱਤਰਕਾਰਾਂ ਲਈ ਇਹ ਇਨਾਮ ਪਹਿਲਾ ਹੈ ਕਿਉਂਕਿ ਜਰਮਨ ਕਾਰਲ ਵਾਨ ਓਸੀਏਟਜ਼ਕੀ ਨੇ 1935 ਵਿੱਚ ਆਪਣੇ ਦੇਸ਼ ਦੇ ਜੰਗ ਤੋਂ ਬਾਅਦ ਦੇ ਪੁਨਰ ਨਿਰਮਾਣ ਪ੍ਰੋਗਰਾਮ ਦੇ ਖੁਲਾਸੇ ਲਈ ਇਹ ਜਿੱਤਿਆ ਸੀ।ਨੋਬਲ ਸ਼ਾਂਤੀ ਪੁਰਸਕਾਰ 10 ਦਸੰਬਰ ਨੂੰ ਸਵੀਡਿਸ਼ ਉਦਯੋਗਪਤੀ ਅਲਫ੍ਰੇਡ ਨੋਬਲ ਦੀ ਮੌਤ ਦੀ ਵਰ੍ਹੇਗੰਢ 'ਤੇ ਦਿੱਤਾ ਜਾਵੇਗਾ, ਜਿਸਨੇ ਆਪਣੀ 1895 ਦੀ ਵਸੀਅਤ ਵਿੱਚ ਪੁਰਸਕਾਰਾਂ ਦੀ ਸਥਾਪਨਾ ਕੀਤੀ ਸੀ।ਰੇਸਾ ਫਿਲੀਪੀਨਜ਼ ਵਿੱਚ ਅਧਾਰਤ ਇੱਕ ਸੁਤੰਤਰ ਨਿਊਜ਼ ਵੈਬਸਾਈਟ, ਰੈਪਲਰ ਦੀ ਸਹਿ-ਸੰਸਥਾਪਕ ਅਤੇ ਸੀਈਓ ਹੈ। ਰੈਪਲਰ ਨੇ ਰੋਡਰਿਗੋ ਡੁਟੇਰਟੇ ਸਰਕਾਰ ਦੀਆਂ ਗਤੀਵਿਧੀਆਂ 'ਤੇ ਨਿਰੰਤਰ ਰੌਸ਼ਨੀ ਪਾਈ ਹੈ, ਜਿਸ ਵਿੱਚ ਇਸਦੀ ਵਿਵਾਦਪੂਰਨ ਅਤੇ ਹਿੰਸਕ' ਨਸ਼ਿਆਂ ਵਿਰੁੱਧ ਲੜਾਈ 'ਵੀ ਸ਼ਾਮਲ ਹੈ. ਉਸਦੀ ਰਿਪੋਰਟਿੰਗ ਨੇ ਉਸਨੂੰ ਆਪਣੇ ਦੇਸ਼ ਦੀ ਨਿਆਂਪਾਲਿਕਾ ਅਤੇ ਆਨਲਾਈਨ ਨਫ਼ਰਤ ਅਭਿਆਨ ਦਾ ਨਿਸ਼ਾਨਾ ਬਣਾਇਆ ਹੈ। ਸ੍ਰੀਆ ਲਿੰਗਕ ਆਨਲਾਈਨ ਦੁਰਵਿਹਾਰ, ਧਮਕੀਆਂ ਅਤੇ ਪਰੇਸ਼ਾਨੀ ਦੀ ਨਿਰੰਤਰ ਮੁਹਿੰਮ ਦੇ ਅਧੀਨ ਰਹੀ ਹੈ, ਅਤੇ ਜਿਵੇਂ ਕਿ ਜਿਊਰੀ ਨੇ ਕਿਹਾ ਕਿ ਉਸਦਾ ਕੇਸ ਵਿਸ਼ਵਵਿਆਪੀ ਰੁਝਾਨਾਂ ਦਾ ਪ੍ਰਤੀਕ ਹੈ ਜੋ ਪ੍ਰੈਸ ਦੀ ਆਜ਼ਾਦੀ ਅਤੇ ਇਸ ਲਈ ਲੋਕਤੰਤਰ ਲਈ ਅਸਲ ਖਤਰੇ ਨੂੰ ਦਰਸਾਉਂਦਾ ਹੈ।

**ਬਾਕੀ ਸਫ਼ਾ 30 'ਤੇ**

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT

MAJOR NETWORK OF TRUCK STOPS

TA PETRO TA EXPRESS Love's Roady's AMBEST

## FUEL CARDS

NO CREDIT - NO PROBLEM

BEST CUSTOMER SERVICE

QUIKQ WEX




FLEET ONE FACTORING

WE WANT TO MAKE FACTORING EASY FOR YOU

SAME-DAY FUNDING - NO HIDDEN FEES

COMPETITIVE RATES - 97% ADVANCE RATE

## YOU BREAK DOWN

WE SHOW UP

24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS

GET NATIONAL ACCOUNT

NEARLY 3,000 HIGHLY SKILLED TECHNICIANS COAST TO COAST

TA TRUCK SERVICE

MORE BAYS. EXPERTISE. SOLUTIONS.

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# ਹਿਲਿੰਗਡਨ ਹਸਪਤਾਲ 'ਚ ਅਧਰੰਗ ਪੀੜਤ 71 ਸਾਲਾ ਸਿੱਖ ਦੀ ਦਾੜੀ-ਮੁੱਛਾਂ ਗੈਰਕਨੂੰਨੀ ਢੰਗ ਨਾਲ ਕੱਟੀਆਂ






**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :-** ਯੂ.ਕੇ. ਦੇ ਸਾਊਥਾਲ ਰਹਿਣ ਵਾਲਾ ਇੱਕ ਪਰਿਵਾਰ ਹਿਲਿੰਗਡਨ ਹਸਪਤਾਲ ਦੇ ਸਟਾਫ ਤੋਂ ਗੁੱਸੇ ਹੈ ਜਦੋਂ 71 ਸਾਲਾ ਸਿੱਖ ਨੂੰ ਦੌਰਾ ਪਿਆ ਸੀ ਅਤੇ ਬੋਲਣ ਵਿੱਚ ਅਸਮਰੱਥ ਸੀ। ਉਸਦੀ ਅਤੇ ਉਸਦੇ ਪਰਿਵਾਰ ਦੀ ਸਹਿਮਤੀ ਲਏ ਬਿਨਾਂ ਉਸਦੀ ਦਾੜੀ ਅਤੇ ਮੁੱਛਾਂ ਕੱਟ ਦਿੱਤੀਆਂ ਗਈਆਂ। ਸਟਾਫ ਨੇ ਬਾਅਦ ਵਿੱਚ ਇਸ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ। ਹਿਲਿੰਗਡਨ ਹਸਪਤਾਲ ਦੇ ਸਟਾਫ ਨੂੰ ਹਸਪਤਾਲ ਵਿੱਚ ਕੰਮ ਕਰਨ ਵਾਲੇ ਅਤੇ ਵੱਡੀ ਗਿਣਤੀ ਵਿਚ ਸਥਾਨਕ ਰਹਿਣ ਵਾਲੇ ਸਿੱਖਾਂ ਬਾਰੇ ਪੂਰੀ ਜਾਣਕਾਰੀ ਹੈ। ਇਕ 71 ਸਾਲਾ ਸਿੱਖ ਹੋਣ ਦੇ ਨਾਤੇ ਉਸ ਦੇ ਵਾਲ ਕੱਟਣ ਦੀ ਇਜਾਜ਼ਤ ਨਹੀਂ ਹੈ।

ਪਿਛਲੇ ਹਫਤੇ ਉਸਦੀ ਧੀ ਨੇ ਇੱਕ ਵੀਡੀਓ ਕਾਲ ਦੌਰਾਨ ਦੇਖਿਆ ਕਿ ਉਸਦੇ ਪਿਤਾ ਨੇ ਅਸਾਧਾਰਨ ਤੌਰ ਤੇ ਇੱਕ ਆਮ ਮਾਸਕ ਪਾਇਆ ਹੋਇਆ ਸੀ ਅਤੇ ਉਸਨੂੰ ਦੱਸਿਆ ਗਿਆ ਸੀ ਕਿ ਇਹ ਕੋਵਿਡ ਦੇ ਕਾਰਨ ਸੀ। ਅਗਲੇ ਦਿਨ ਨਰਸਾਂ ਵਲੋਂ ਸਿਰਫ 71 ਸਾਲਾ ਸਿੱਖ ਮਰੀਜ ਦੀਆਂ ਅੱਖਾਂ ਹੀ ਦਿਖਾਈਆਂ ਗਈਆਂ।

ਅਗਲੇ ਦਿਨ ਵਾਰਡ ਮੈਨੇਜਰ ਨੂੰ ਸ਼ਿਕਾਇਤ ਕੀਤੀ ਗਈ ਅਤੇ ਉਸ ਦਾ ਪੂਰਾ ਚਿਹਰਾ ਦਿਖਾਉਂਦੀ ਇੱਕ ਵੀਡੀਓ ਕਾਲ ਦੀ ਇਜਾਜ਼ਤ ਦਿੱਤੀ ਗਈ। ਉਸਦੇ ਪਰਿਵਾਰ ਦੇ ਮੈਂਬਰ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਉਨਾਂ ਦੇ ਪਿਤਾ ਦੀਆਂ ਮੁੱਛਾਂ ਅਤੇ ਦਾੜੀ ਸਟਾਫ ਦੁਆਰਾ ਕੱਟ ਦਿੱਤੀ ਗਈ ਸੀ ਅਤੇ ਉਨਾਂ ਨੇ ਉਸਦੇ ਚਿਹਰੇ ਦੇ ਵਾਲ ਕੱਟਣ ਲਈ ਕੋਈ ਕਲੀਨੀਕਲ ਤਰਕ ਨਹੀਂ ਦਿੱਤਾ ਗਿਆ।

ਪਰਿਵਾਰ ਅਗਲੇ ਦਿਨ ਸਵੇਰੇ ਵਾਰਡ ਮੈਨੇਜਰ ਨੂੰ ਮਿਲਿਆ ਅਤੇ ਉਨਾਂ ਵੱਲੋ ਸਿਰਫ ਮੌਖਿਕ ਮੁਆਫੀ ਮੰਗੀ ਹਾਲਾਂਕਿ ਉਹ ਇਹ ਜਾਣਦੇ ਹਨ ਕਿ ਉਨਾਂ ਨੇ ਸ੍ਰੀ ਸਿੰਘ ਦੀ ਆਸਥਾ ਨੂੰ ਠੇਸ ਪਹੁੰਚਾ ਕੇ ਇੱਕ ਵੱਡੀ ਅਤੇ ਨਾ ਮੁਆਫ ਕਰਨਯੋਗ ਗਲਤੀ ਕੀਤੀ ਹੈ। ਹਸਪਤਾਲ ਦੇ ਸਟਾਫ ਨੇ ਲਿਖਤੀ ਮੁਆਫੀ ਮੰਗਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਪਰਿਵਾਰ ਨੂੰ ਸਾਰੀਆਂ ਵੀਡੀਓ ਕਾਲਾਂ ਕਰਨ ਤੋਂ ਰੋਕ ਦਿੱਤਾ ਹੈ। ਇਸ 71 ਸਾਲਾ ਸਿੱਖ ਦੀ ਧੀ ਹੁਣ ਸਿੱਖ ਫੈਡਰੇਸ਼ਨ (ਯੂ.ਕੇ.) ਤੱਕ ਪਹੁੰਚ ਕਰ ਚੁੱਕੀ ਹੈ ਜਿਸਨੇ ਸਿਹਤ ਅਤੇ ਸਮਾਜਿਕ ਦੇਖਭਾਲ ਲਈ ਰਾਜ ਦੇ ਸਕੱਤਰ ਸਾਜਿਦ ਜਾਵਿਦ ਅਤੇ ਉਸਦੇ ਲੇਬਰ ਹਮਰੁਤਬਾ ਜੋਨ ਐਸ਼ਵਰਥ ਨੂੰ ਪੱਤਰ ਲਿਖਿਆ ਹੈ। ਇਨਾਂ ਦੋਵਾਂ ਦੇ ਹਲਕਿਆਂ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਰਹਿੰਦੇ ਹਨ ਅਤੇ ਇਸ ਘਟਨਾ ਬਾਰੇ ਜਾਣ ਕੇ ਸਾਰੇ ਹੈਰਾਨ ਹਨ।

ਸਿੱਖ ਫੈਡਰੇਸ਼ਨ (ਯੂ.ਕੇ.) ਨੇ ਹਿਲਿੰਗਡਨ ਹਸਪਤਾਲਾਂ ਐਨਐਚਐਸ ਫਾਊਂਡੇਸ਼ਨ ਟਰੱਸਟ ਦੀ ਮੁੱਖ ਕਾਰਜਕਾਰੀ ਪੈਟਰੀਸ਼ੀਆ ਰਾਈਟ ਨੂੰ ਵੀ ਪੱਤਰ ਲਿਖ ਕੇ ਜਵਾਬ ਮੰਗਿਆ ਹੈ। 71 ਸਾਲਾ ਸਿੱਖ ਸਟਰੋਕ ਪੀੜਤ ਦੇ ਵਾਲ ਬੇਲੋੜੇ ਕਿਉਂ ਕੱਟੇ ਗਏ?

# ਬ੍ਰਿਟਿਸ਼ ਸਾਂਸਦ ਮੈਂਬਰ ਤਨਮਨਜੀਤ ਢੇਸੀ ਅਤੇ ਪ੍ਰੀਤ ਕੌਰ ਗਿੱਲ ਨੇ ਦਿੱਤਾ ਕਿਸਾਨ ਅੰਦੋਲਨ ਨੂੰ ਸਮਰਥਨ





**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਭਾਰਤ ਦੇ ਲਖੀਮਪੁਰ ਖੇੜੀ ਵਿੱਚ ਸ਼ਾਂਤਮਈ ਢੰਗ ਨਾਲ ਵਿਰੋਧ ਕਰ ਰਹੇ ਕਿਸਾਨਾਂ ਦੀ ਮੌਤ ਦੇ ਬਾਰੇ ਵਿੱਚ ਜਾਣ ਕੇ ਬਹੁਤ ਦੁਖ ਹੋਇਆ ਸੀ।

ਇਹ ਗੱਲ ਸਲੋਹ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਅਤੇ ਲੇਬਰ ਪਾਰਟੀ ਦੀ ਮੇਂਬਰ ਪ੍ਰੀਤ ਕੌਰ ਗਿਲ ਨੇ ਕਹੀ ਉਨਾਂ ਨੇ ਪੀੜਤਾਂ ਦੇ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਅਤੇ ਕਿਸਾਨ ਮੋਰਚੇ ਦੇ ਪ੍ਰਚਾਰਕਾਂ ਨੂੰ ਸ਼ਾਂਤੀਪੂਰਵਕ ਵਿਰੋਧ ਜਾਰੀ ਰੱਖਣ ਦੀ ਅਪੀਲ ਕੀਤੀ। ਜਿਕਰਯੋਗ ਹੈ ਕਿ ਲੰਮੇ ਐਤਵਾਰ ਨੂੰ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੇੜੀ ਵਿਖੇ ਬੀਜੇਪੀ ਦੇ ਕੇਂਦਰੀ ਮੰਤਰੀ ਦੇ ਪੁੱਤਰ ਨੇ ਆਪਣੀ ਜੀਪ ਕਿਸਾਨ 'ਤੇ ਚੜਾ ਦਿੱਤੀ ਸੀ ਜਿਸ ਨਾਲ 4 ਕਿਸਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਉਨਾਂ ਨੇ ਇਹ ਵੀ ਕਿਹਾ ਕਿ ਜੋ ਕੁਝ ਵਾਪਰਿਆ ਹੈ ਉਸ ਤੋਂ ਉਹ 'ਦੁੱਖੀ' ਹਨ, ਉਨਾਂ ਨੇ ਹਿੰਦੁਸਤਾਨੀ ਕਿਸਾਨਾਂ ਵਲੋਂ ਚਲਾਏ ਜਾ ਰਹੇ ਅੰਦੋਲਨ ਨੂੰ ਆਪਣਾ ਸਮਰਥਨ ਦੇਂਦਿਆਂ ਸ਼ਾਂਤੀਪੂਰਨ ਮੁਹਿੰਮ ਜਾਰੀ ਰੱਖਣ ਦੀ ਅਪੀਲ ਕੀਤੀ। ਉਨਾਂ ਕਿਹਾ ਕਿ ਪੀੜਿਤ ਪਰਿਵਾਰਾਂ ਨੂੰ ਜਲਦ ਤੋਂ ਜਲਦ ਇਨਸਾਫ਼ ਮਿਲਣਾ ਚਾਹੀਦਾ ਹੈ।

# ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਜੱਗੀ ਜੌਹਲ ਦੀ ਸੁਣਵਾਈ



**ਚੰਡੀਗੜ/ਏ.ਟੀ.ਨਿਊਜ਼ :** ਜੱਗੀ ਨੂੰ 166 ਵੀਂ ਪ੍ਰੀ-ਟ੍ਰਾਇਲ ਪ੍ਰਾਇਮਰੀਨਰੀ ਸੁਣਵਾਈ ਦੇ ਬਾਹਰ ਆਉਣ ਦੇ ਕਾਰਨ ਉਨਾਂ ਦੀ 166ਵੀਂ ਪ੍ਰੀ-ਟ੍ਰਾਇਲ ਦੀ ਪ੍ਰੇਲੀਮੀਨਾਰੀ ਹੇਅਰਿੰਗ ਲਈ ਵਿਅਕਤੀਗਤ ਰੂਪ ਵਿੱਚ ਪੇਸ਼ ਹੋਣਾ ਸੀ, ਇਸ ਦੀ ਬਜਾਏ ਉਨਾਂ ਨੂੰ ਦੀ ਸੁਣਵਾਈ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ। ਬਚਾਅ ਪੱਖ ਦੋਸ਼ਾਂ ਦੇ ਨਿਰਧਾਰਨ ਤੇ ਮੌਖਿਕ ਬੇਨਤੀਆਂ ਲਈ ਤਿਆਰ ਹੋਣ ਦੇ ਬਾਵਜੂਦ ਇਹ ਸੁਣਵਾਈ ਵੀਡੀਓ ਰਾਹੀਂ ਹੋਈ। ਦੋਸ਼ਾਂ 'ਤੇ ਦਲੀਲਾਂ ਸੁਣਨ ਲਈ ਹੁਣ ਅਗਲੀ ਸੁਣਵਾਈ 11, 12 ਅਤੇ 13 ਜਨਵਰੀ 2022 ਨਿਰਧਾਰਤ ਕੀਤੀ ਗਈ ਹੈ।

# ਕੈਲੀਫੋਰਨੀਆ ਵਿੱਚ ਪੰਜਾਬੀ ਦੇ ਮੁੱਦਈ ਅਤੇ ਬਜ਼ੁਰਗ ਪੱਤਰਕਾਰ ਸ. ਜਗਜੀਤ ਸਿੰਘ ਥਿੰਦ ਅਕਾਲ ਚਲਾਣਾ






**ਫਰਿਜ਼ਨੋ/ਏ.ਟੀ.ਨਿਊਜ਼ :** ਕੈਲੀਫੋਰਨੀਆ ਵਿੱਚ ਪੰਜਾਬੀ ਬੋਲੀ ਲਈ ਆਖ਼ਰੀ ਸਾਹ ਤੱਕ ਸਰਗਰਮ ਰਹਿਣ ਅਤੇ ਪ੍ਰਵਾਸੀ ਪੰਜਾਬੀ ਪੱਤਰਕਾਰੀ 'ਚ ਬਹੁਤ ਅਹਿਮ ਹਿੱਸਾ ਪਾਉਣ ਵਾਲੇ ਬਜ਼ੁਰਗ ਸ. ਜਗਜੀਤ ਸਿੰਘ ਨਹੀਂ ਰਹੇ। ਪੰਜਾਬੀ ਦੀ ਚੋਖੀ ਵਸੋਂ ਵਾਲੀ ਸੈਨਵਾਕੁਇਨ ਵਾਦੀ ਵਿਚਲੇ ਉੱਘੇ ਫਰਿਜ਼ਨੋ ਸ਼ਹਿਰ ਤੋਂ ਕੁੱਝ ਮੀਲ ਦੂਰ ਪਿੰਡਨੁਮਾ ਕਰਮਨ ਸ਼ਹਿਰ ਦੇ ਵਸਨੀਕ ਸ. ਥਿੰਦ ਕੁੱਝ ਦਿਨ ਬੀਮਾਰ ਰਹਿਣ ਤੋਂ ਬਾਅਦ ਲੰਘੇ ਸ਼ਨਿਚਰਵਾਰ 2 ਅਕਤੂਬਰ ਨੂੰ ਅਕਾਲ ਚਲਾਣਾ ਕਰ ਗਏ। ਉਹ 91 ਸਾਲਾਂ ਦੇ ਸਨ ਅਤੇ ਅਕਾਲ ਚਲਾਣੇ ਤੋਂ ਮਹੀਨਾ ਕੁ ਪਹਿਲਾਂ ਤੱਕ ਤਨੋਂ-ਮਨੋਂ ਚੜਦੀ ਕਲਾ ਵਿੱਚ ਰਹੇ। ਭਾਈਚਾਰੇ ਵਿੱਚ ਸਤਿਕਾਰ ਦੇ ਪਾਤਰ ਰਹੇ ਸ. ਥਿੰਦ ਨੇ ਲੰਮਾ ਸਮਾਂ ਕਰਮਨ ਸ਼ਹਿਰ ਵਿਖੇ ਆਪਣੀ ਪੱਤਰਕਾਰਤਾ ਦੇ ਜ਼ਰੀਏ ਸੇਵਾਵਾਂ ਨਿਭਾਉਂਦਿਆਂ ਪੰਜਾਬੀ ਭਾਈਚਾਰੇ ਦੀ ਹਰ ਢੰਗ ਨਾਲ ਬਹੁਤ ਸੇਵਾ ਕੀਤੀ।

ਅਮਰੀਕਾ ਆਉਣ ਤੋਂ ਪਹਿਲਾਂ ਉਨਾਂ ਦਾ ਪੰਜਾਬ ਵਿਚਲੇ ਆਪਣੇ ਜੱਦੀ ਪਿੰਡ ਬਿੰਜਲ ਨਾਲ ਗੂੜਾ ਨਾਤਾ ਸੀ। ਸੰਨ 1931 ਵਿੱਚ ਜਨਮੇ ਸ. ਜਗਜੀਤ ਸਿੰਘ ਥਿੰਦ ਨੇ ਉਨਾਂ ਸਮਿਆਂ ਵਿੱਚ ਉਚੇਰੀ ਵਿੱਦਿਆ ਹਾਸਲ ਕੀਤੀ ਜਦੋਂ ਪੰਜਾਬ ਵਿੱਚ ਦੂਰ ਦੁਰਾਡੇ ਤੱਕ ਸਕੂਲ ਨਾ ਦੀ ਕੋਈ ਚੀਜ਼ ਨਹੀਂ ਹੁੰਦੀ ਸੀ

ਸ. ਥਿੰਦ ਨੇ 23 ਸਾਲ ਬਿੰਜਲ ਪਿੰਡ ਦੀ ਸਰਪੰਚੀ ਆਪਣੇ ਤਰੀਕੇ ਨਾਲ ਲੋਕਾਂ ਨੂੰ ਨਾਲ ਜੋੜ ਕੇ ਕੀਤੀ। ਉਹ ਬਲਾਕ ਸੰਮਤੀ, ਜ਼ਿਲਾ ਪ੍ਰੀਸ਼ਦ ਮੈਂਬਰ ਰਹੇ। ਆਪਣੇ ਅਸਰ ਰਸੂਖ ਸਦਕਾ ਪਿੰਡ ਦੀ ਭਲਾਈ ਦਾ ਹਰ ਕੰਮ ਨੇਪਰੇ ਚਾੜਿਆ। ਪਿੰਡ ਵਿਚ ਸਕੂਲ ਖੁਲਵਾਏ, ਸਲੋਤਰਖਾਨਾ ਬਣਵਾਇਆ, ਗਲੀਆਂ ਪੱਕੀਆਂ ਕਰਵਾਈਆਂ। ਸਭ ਤੋ ਵੱਡੀ ਦੇਣ ਆਪਣੇ ਜੱਦੀ ਪਿੰਡ ਵਿਚ ਪੰਜਾਬੀ ਲਾਇਬਰੇਰੀ ਦਾ ਖੋਲਣਾ ਸੀ।

ਕਰਮਨ ਸ਼ਹਿਰ ਵਿੱਚ ਪੰਜਾਬੀ ਲਾਇਬਰੇਰੀ ਬਣਾਉਣ ਅਤੇ ਸਰਕਾਰੀ ਸਕੂਲ ਵਿੱਚ ਪੰਜਾਬੀ ਦੀ ਪੜਾਈ ਸ਼ੁਰੂ ਕਰਵਾਉਣ ਦਾ ਸਿਹਰਾ ਵੀ ਸ. ਜਗਜੀਤ ਸਿੰਘ ਥਿੰਦ ਸਿਰ ਜਾਂਦਾ ਹੈ। ਬਾਕੀ ਸਫ਼ਾ 30 'ਤੇ

# ਗੁਰਦੁਆਰਾ ਕਰਤੇ ਪਰਵਾਨ 'ਚ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਵੱਲੋਂ ਭੰਨ-ਤੋੜ

## ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਤਾਲਿਬਾਨ ਸਰਕਾਰ ਦੇ ਅਧਿਕਾਰੀਆਂ ਕੋਲ ਰੋਸ ਪ੍ਰਗਟਾਇਆ



**ਕਾਬੁਲ/ਏ.ਟੀ.ਨਿਊਜ਼ :** ਕੁਝ ਅਣਪਛਾਤੇ ਹਥਿਆਰਬੰਦ ਅਤਵਾਦੀਆਂ ਨੇ ਕਾਬੁਲ ਦੇ ਗੁਰਦੁਆਰਾ ਕਰਤੇ ਪਰਵਾਨ ਦੀ ਭੰਨ-ਤੋੜ ਕੀਤੀ ਹੈ। ਇਹ ਹਥਿਆਰਬੰਦ ਵਿਅਕਤੀ ਗੁਰਦੁਆਰੇ ਵਿਚ ਤਲਾਸ਼ੀ ਲੈਣ ਦੇ ਨਾਂ 'ਤੇ ਦਾਖ਼ਲ ਹੋਏ ਸਨ। ਇੰਡੀਆ ਵਰਲਡ ਫ਼ੋਰਮ ਦੇ ਪ੍ਰਧਾਨ ਪੁਨੀਤ ਸਿੰਘ ਚੰਡੋਕ ਨੇ ਦੱਸਿਆ ਕਿ ਇਨਾਂ ਹਥਿਆਰਬੰਦ ਵਿਅਕਤੀਆਂ ਨੇ ਗੁਰਦੁਆਰੇ ਦੇ ਸੁਰੱਖਿਆ ਕਰਮਚਾਰੀਆਂ ਦੇ ਹੱਥ ਬੰਨ ਦਿੱਤੇ ਅਤੇ ਸੀਸੀਟੀਵੀ ਕੈਮਰਿਆਂ ਦੀ ਭੰਨ-ਤੋੜ ਕੀਤੀ। ਉਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਮਾਮਲੇ ਵਿੱਚ ਤੁਰੰਤ ਦਖਲ ਦੇਣ ਦੀ ਅਪੀਲ ਕੀਤੀ ਹੈ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਨਾਮ ਸਿੰਘ ਨੇ ਤਾਲਿਬਾਨ ਸਰਕਾਰ ਦੇ ਅਧਿਕਾਰੀਆਂ ਕੋਲ ਰੋਸ ਦਰਜ ਕਰਾਇਆ ਹੈ। ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਵਿਕਰਮਜੀਤ ਸਿੰਘ ਸਾਹਨੀ ਨੇ ਦੱਸਿਆ ਕਿ ਲਗਭਗ ਦਰਜਨ ਭਰ ਅਣਪਛਾਤੇ ਹਥਿਆਰਬੰਦ ਵਿਅਕਤੀ ਕਾਬੁਲ ਦੇ ਗੁਰਦੁਆਰੇ ਵਿੱਚ ਜਬਰੀ ਦਾਖ਼ਲ ਹੋਏ ਤੇ ਉਨਾਂ ਨੇ ਸਿੱਖ ਸੰਗਤ ਨੂੰ ਡਰਾਇਆ ਧਮਕਾਇਆ। ਇਸ ਘਟਨਾ ਤੋਂ ਬਾਅਦ ਉੱਥੇ ਰਹਿ ਰਹੇ ਹਿੰਦੂ-ਸਿੱਖ ਪਰਿਵਾਰਾਂ ਵਿਚ ਡਰ ਅਤੇ ਸਹਿਮ ਹੈ। ਉਨਾਂ ਤਾਲਿਬਾਨ ਸਰਕਾਰ ਕੋਲੋਂ ਸੁਰੱਖਿਆ ਦੀ ਮੰਗ ਕੀਤੀ ਹੈ।

# ਯੂਨਾਇਟਡ ਪੰਜਾਬੀ ਅਤੇ ਮੈਰੀਲੈਂਡ ਪੰਜਾਬੀ ਕਲੱਬ ਦੇ ਸਹਿਯੋਗ ਨਾਲ ਕਰਵਾਏ ਮੇਗਾ ਮੇਲੇ 'ਚ ਪਈਆਂ ਧੂੰਮਾਂ





**ਵਰਜੀਨੀਆ/ਰਾਜ ਗੋਗਨਾ :-** ਬੀਤੇ ਦਿਨ ਵਰਜੀਨੀਆ 'ਚ ਹੋਏ ਦੋ ਰੋਜ਼ਾ ਮੇਲਾ ਮੈਟਰੋਪੋਲੀਟਨ ਇਲਾਕੇ ਲਈ ਸਿਰਫ਼ ਮਿਸਾਲ ਹੀ ਨਹੀਂ ਬਲਕਿ ਇਕ ਇਤਿਹਾਸਕਾਰ ਹੋ ਕੇ ਨਿਬੜਿਆ। ਯੂਨਾਈਟਿਡ ਪੰਜਾਬੀ ਅਤੇ ਮੈਰੀਲੈਂਡ ਪੰਜਾਬੀ ਕਲੱਬ ਦੇ ਸਾਂਝੇ ਸਹਿਯੋਗ ਨਾਲ ਕਰਵਾਇਆ ਇਹ ਮੇਲਾ ਕਿਸਾਨੀ ਸੰਘਰਸ਼ ਨੂੰ ਸਮਰਪਿਤ ਕੀਤਾ ਗਿਆ। ਇਸ ਮੌਕੇ ਸ. ਆਗਿਆਪਾਲ ਸਿੰਘ ਬਾਠ ਨੇ ਆਪਣੀ ਗਰਜਵੀਂ ਅਵਾਜ਼ ਦੇ ਨਾਲ ਮੇਲੇ ਦਾ ਆਗਾਜ਼ ਕੀਤਾ ਅਤੇ ਆਮਨਾਂ ਬੁੱਟਰ ਨੇ ਲਹਿੰਦੇ ਪੰਜਾਬ (ਪਾਕਿਸਤਾਨ) ਦਾ ਸੁਮੇਲ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ। ਚੜਦੇ ਅਤੇ ਲਹਿੰਦੇ ਪੰਜਾਬ ਦੇ ਬਸ਼ਿੰਦਿਆਂ ਦੀ ਆਮਦ ਨੇ ਬਾਰਡਰ ਦੀ ਲਕੀਰ ਟੱਪ ਕੇ ਇਸ ਮੇਲੇ ਨੂੰ ਚਾਰ ਚੰਨ ਲਾਏ। ਸ਼ੁਰੂ ਵਿੱਚ ਪੰਜਾਬੀ ਮੂਲ ਦੇ ਸੰਨੀ ਮੱਲੀ ਨੇ ਅਮਰੀਕਾ 'ਚ ਪੰਜਾਬੀ ਰਾਹੀਂ ਮੇਲੇ ਦੀ ਬੁਨਿਆਦ ਰੱਖੀ। ਕਿਸਾਨ ਸੰਘਰਸ਼ ਨੂੰ ਸਮਰਪਿਤ ਮੇਲੇ ਦੀ ਸ਼ੁਰੂਆਤ ਕਿਸਾਨੀ ਨਾਹਰਿਆਂ ਨਾਲ ਕੀਤੀ ਗਈ। ਕਲਾਕਾਰ ਫਿਜ਼ਾ ਜਾਵੇਦ ਨੇ ਦਿਲਕਸ਼ ਆਵਾਜ਼ ਨਾਲ ਮੇਲੇ ਵਿੱਚ ਜਾਨ ਫੂਕ ਦਿੱਤੀ। ਸ਼ਾਜ਼ੀਆ ਮੰਜ਼ੂਰ ਦੇ ਗਾਣਿਆਂ 'ਤੇ ਆਗਿਆਪਾਲ ਬਾਠ ਦੇ ਭੰਗੜੇ ਵਾਲੇ ਗੀਤਾਂ 'ਤੇ ਦਰਸ਼ਕ ਆਪਣੇ ਆਪ ਨੂੰ ਰੋਕ ਨਾ ਸਕੇ ਅਤੇ ਆਗਿਆਪਾਲ ਦੇ ਨਾਲ ਭੰਗੜੇ ਵਿਚ ਸ਼ਰੀਕ ਹੋਏ। ਸਥਾਨਕ ਚੋਣਾਂ ਨੇੜੇ ਹੋਣ ਕਾਰਨ ਅਤੇ ਸਥਾਨਕ ਪੰਜਾਬੀਆਂ ਵੱਲੋਂ ਰਾਜਨੀਤਕ ਧਿਰਾਂ ਨੂੰ ਨਾਲ ਲੈ ਕੇ ਚੱਲਣ ਦੀ ਰਵਾਇਤ ਨੂੰ ਕਾਇਮ ਰੱਖਦਿਆਂ ਦਵਿੰਦਰ ਸਿੰਘ ਬੰਦੇਸ਼ਾਂ, ਸਰਤਾਜ ਰੰਧਾਵਾ, ਕੁਲਦੀਪ ਸਿੰਘ ਮੱਲਾ ਤੇ ਲਖਵੀਰ ਸਿੰਘ ਤੱਖਰ ਅਤੇ ਹੋਰ ਬਹੁਤ ਸਾਰੀਆਂ ਹਸਤੀਆਂ ਜਿਨਾਂ ਵਿੱਚ ਐਟੋਰਨੀ ਜਨਰਲ ਜੇਸਨ ਸਟੁਅਰਟ ਨੂੰ ਮੇਲੇ ਵਿੱਚ ਪੰਜਾਬੀ ਪਰਿਵਾਰਾਂ ਦੇ ਸਨਮੁੱਖ ਲੈ ਕੇ ਆਏ। ਨਾਮਵਰ ਕਲਾਕਾਰ ਗੈਰੀ ਸੰਧੂ ਨੇ ਆਪਣੇ ਇਸ਼ਕ ਦੇ ਲੱਛਣਾਂ ਤੋਂ ਜਾਣੂੰ ਕਰਵਾ ਕੇ ਨੌਜਵਾਨਾਂ ਨੂੰ ਅਖਾੜੇ ਵਿੱਚ ਨੱਚਣ ਲਾ ਦਿੱਤਾ। ਗਾਇਕ ਗੁਰਨਾਮ ਭੁੱਲਰ ਨੇ ਆਪਣੀ ਮਨਮੋਹਕ ਅਵਾਜ਼ ਨਾਲ ਸਾਰੇ ਮੇਲੇ ਨੂੰ ਕੀਲ ਲਿਆ। ਦੁਪਹਿਰ ਤੋਂ ਸ਼ਾਮ ਅਤੇ ਰਾਤ ਕਦੋਂ ਪੈ ਗਈ ਜਵਾਨੀ ਦੀ ਅੱਡੀ ਨੂੰ ਨੱਚਦਿਆਂ ਦੇਖ ਕੇ ਸੂਰਜ ਵੀ ਥੱਕ ਕੇ ਸੌਂ ਗਿਆ ਸੀ। ਪਰ ਮੇਲਾ ਨਿਰੰਤਰ ਚੱਲਦਾ ਰਿਹਾ। ਖਾਣੇ ਤੋਂ ਲੈ ਕੇ ਕੱਪੜੇ ਵਾਲ਼ੀਆਂ ਦੁਕਾਨਾਂ ਦੇ ਕੋਰੋਨਾ ਬਿਮਾਰੀ ਨੇ ਪੈਦਾ ਕੀਤੇ ਉਲਾਂਭੇ, ਇਸ ਮੇਲੇ ਵਿੱਚ ਆਈ ਭੀੜ ਨੇ ਧੂੰਏਂ ਦੇ ਗ਼ੁਬਾਰ ਵਾਂਗ ਉਡਾ ਦਿੱਤੇ। ਵਾਸ਼ਿੰਗਟਨ ਡੀ ਸੀ, ਮੈਰੀਲੈਂਡ ਤੇ ਵਰਜੀਨੀਆ ਦੇ ਮੈਟਰੋਪੋਲੀਟਨ ਏਰੀਏ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਕੋਰੋਨਾ ਬਿਮਾਰੀ ਤੇ ਕਿਸਾਨੀ ਸੰਘਰਸ਼ ਦਾ ਪੰਜਾਬੀ ਆਪਣੀ ਹਿੱਕ ਨਾਲ ਮੁਕਾਬਲਾ ਕਰਨ ਦੀ ਜੁਅੱਰਤ ਰੱਖਦੇ ਹਨ।

# ਅਮਰੀਕਾ ਵਿਚ ਮਾਲੀ ਸਾਲ 2021 ਦੌਰਾਨ ਸ਼ਰਨਾਰਥੀਆਂ ਦਾ ਦਾਖਲਾ ਘਟਿਆ

## ਪਿਛਲੇ 40 ਸਾਲਾਂ ਦੌਰਾਨ ਸਭ ਤੋਂ ਹੇਠਲੇ ਪੱਧਰ ’ਤੇ ਪੁੱਜਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:**-ਅਮਰੀਕਾ ਨੇ ਮਾਲੀ ਸਾਲ 2021 ਦੌਰਾਨ ਆਪਣੇ ਸ਼ਰਨਾਰਥੀ ਦਾਖਲਾ ਪ੍ਰੋਗਰਾਮ ਤਹਿਤ 11,411 ਲੋਕਾਂ ਨੂੰ ਦੇਸ਼ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਹੈ ਜੋ ਪਿਛਲੇ ਸਾਲਾਂ ਦੀ ਤੁਲਨਾ ਵਿਚ ਸਭ ਤੋਂ ਘੱਟ ਹੈ। ਇਹ ਪ੍ਰਗਟਾਵਾ ਅਮਰੀਕੀ ਵਿਦੇਸ਼ ਵਿਭਾਗ ਨੇ ਕੀਤਾ ਹੈ। 2021 ਵਿਚ ਪਿਛਲੇ 40 ਸਾਲਾਂ ਦੌਰਾਨ ਪਹਿਲੀ ਵਾਰ ਸਭ ਤੋਂ ਘੱਟ ਸ਼ਰਨਾਰਥੀਆਂ ਨੂੰ ਅਮਰੀਕਾ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਮਾਲੀ ਸਾਲ 2020 ਵਿਚ ਸਭ ਤੋਂ ਘੱਟ 11,814 ਸ਼ਰਨਾਰਥੀਆਂ ਨੂੰ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ। ਦੂਸਰੇ ਦੇਸ਼ਾਂ ਦੀ ਤੁਲਨਾ ਵਿਚ ਪਿਛਲੇ ਕਈ ਸਾਲਾਂ ਦੌਰਾਨ ਅਮਰੀਕਾ ਸ਼ਰਨਾਰਥੀਆਂ ਨੂੰ ਖੁਲੇ ਆਮ ਸਵਿਕਾਰਦਾ ਰਿਹਾ ਹੈ, ਪ੍ਰੰਤੂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ਰਨਾਰਥੀਆਂ ਦੇ ਅਮਰੀਕਾ ਵਿਚ ਪ੍ਰਵੇਸ਼ ਨੂੰ ਰੋਕਣ ਲਈ ਕਈ ਤਰਾਂ ਦੇ ਕਦਮ ਚੁੱਕੇ ਜਿਨਾਂ ਸਦਕਾ ਯੋਗ ਸ਼ਰਨਾਰਥੀਆਂ ਦੀ ਚੋਣ ਦਾ ਰਾਹ ਔਖਾ ਕਰ ਦਿੱਤਾ ਗਿਆ। ਰਾਸ਼ਟਰਪਤੀ ਜੋ ਬਾਈਡਨ ਨੇ ਕਾਫੀ ਝਿਝਕ ਤੋਂ ਬਾਅਦ ਮਾਲੀ ਸਾਲ 2021 ਦੌਰਾਨ ਸ਼ਰਨਾਰਥੀਆਂ ਦੀ ਸੀਮਾ ਵਧਾ ਕੇ 62,500 ਕਰ ਦਿੱਤੀ ਸੀ ਜੋ ਸੀਮਾ ਪਹਿਲਾਂ 50 ਹਜ਼ਾਰ ਤੋਂ ਕੁਝ ਵਧ ਸੀ। ਵਧਾਈ ਸੀਮਾ ਵੀ ਪਿਛਲੇ ਮਹੀਨੇ ਖਤਮ ਹੋ ਗਈ ਹੈ। ਬਾਈਡਨ ਪ੍ਰਸ਼ਾਸਨ ਦੀ ਮਾਲੀ ਸਾਲ 2022 ਦੌਰਾਨ ਸ਼ਰਨਾਰਥੀਆਂ ਦੀ ਸੀਮਾ ਵਧਾ ਕੇ 1,25,000 ਕਰਨ ਦੀ ਯੋਜਨਾ ਹੈ ਪ੍ਰੰਤੂ ਜਿਸ ਤਰਾਂ ਦੇ ਮਾਪਦੰਡ ਸ਼ਰਨਾਰਥੀ ਦਾਖਲਾ ਪ੍ਰੋਗਰਾਮ ਤਹਿਤ ਲਾਗੂ ਕੀਤੇ ਜਾ ਚੁੱਕੇ ਹਨ, ਉਨਾਂ ਤਹਿਤ ਏਨੇ ਸ਼ਰਨਾਰਥੀਆਂ ਦਾ ਅਮਰੀਕਾ ਵਿਚ ਪ੍ਰਵੇਸ਼ ਮੁਸ਼ਕਿਲ ਲੱਗਦਾ ਹੈ। ਅਮਰੀਕਾ ਦੀ ਇਸ ਪਹੁੰਚ ਤੋਂ ਸ਼ਰਨਾਰਥੀ ਸਮਰਥਕ ਸੰਸਥਾਵਾਂ ਨਿਰਾਸ਼ ਹਨ। ਲੂਥਰਨ ਇਮੀਗ੍ਰੇਸ਼ਨ ਐਂਡ ਰਫਿਊਜ਼ੀ ਸਰਵਿਸ ਦੀ ਸੀ ਈ ਓ ਤੇ ਪ੍ਰਧਾਨ ਕ੍ਰਿਸ ਓ ਮਾਰਾ ਵਿਗਨਾਰਾਜਾਹ ਨੇ ਇਕ ਬਿਆਨ ਵਿਚ ਕਿਹਾ ਹੈ ਕਿ ‘ਮਾਲੀ ਸਾਲ 2021 ਦੌਰਾਨ ਸ਼ਰਨਾਰਥੀਆਂ ਦੀ ਹੇਠਲੇ ਪੱਧਰ ’ਤੇ ਪੁੱਜੀ ਗਿਣਤੀ ਤੋਂ ਉਹ ਨਿਰਾਸ਼ ਹੋਏ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਸਾਬਕਾ



*ਇਸ ਸਾਲ 31 ਅਗਸਤ ਨੂੰ ਕਾਬਲ ਵਿਚੋਂ ਕੱਢੇ ਗਏ ਅਫਗਾਨ ਸ਼ਰਨਾਰਥੀ ਵਰਜੀਨੀਆ ਦੇ ਡੂਲਸ ਇੰਟਰਨੈਸ਼ਨਲ ਹਵਾਈ ਅੱਡੇ ਤੋਂ ਬਾਹਰ ਜਾਂਦੇ ਹੋਏ ਨਜਰ ਆ ਰਹੇ ਹਨ।*

ਟਰੰਪ ਪ੍ਰਸ਼ਾਸਨ ਨੇ ਆਪਣੇ 4 ਸਾਲਾਂ ਦੇ ਕਾਰਜਕਾਲ ਦੌਰਾਨ ਕਿਸ ਤਰਾਂ ਸ਼ਰਨਾਰਥੀ ਦਾਖਲਾ ਪ੍ਰੋਗਰਾਮ ਨੂੰ ਨਿਸ਼ਾਨਾ ਬਣਾਇਆ ਹੈ ਤੇ ਸ਼ਰਨਾਰਥੀਆਂ ਦੇ ਅਮਰੀਕਾ ਵਿਚ ਪ੍ਰਵੇਸ਼ ਉਪਰ ਰੋਕ ਲਾਈ ਹੈ।’ ਉਨਾਂ ਕਿਹਾ ਕਿ ਇਸ ਤੋਂ ਇਲਾਵਾ ਕੋਰੋਨਾ ਮਹਾਂਮਾਰੀ ਨੇ ਵੀ ਸ਼ਰਨਾਰਥੀਆਂ ਦੇ ਅਮਰੀਕਾ ਵਿਚ ਦਾਖਲ ਹੋਣ ਦੇ ਰਾਹ ਵਿਚ ਅੜਿਕੇ ਖੜੇ ਕੀਤੇ ਹਨ। ਇਸ ਸਮੇਂ ਸ਼ਰਨਾਰਥੀ ਮੁੜ ਵਸੇਬਾ ਸੰਸਥਾਵਾਂ ਨੂੰ ਹਜ਼ਾਰਾਂ ਅਫਗਾਨ ਸ਼ਰਨਾਰਥੀਆਂ ਦੇ ਰਹਿਣ ਦੇ ਪ੍ਰਬੰਧ ਕਰਨ ਵਿਚ ਮੁਸ਼ਕਿਲਾਂ ਆ ਰਹੀਆਂ ਹਨ। ਇਨਾਂ ਵਿਚੋਂ ਬਹੁਤ ਸਾਰੇ ਸ਼ਰਨਾਰਥੀ ਤੈਅਸ਼ੁੱਦਾ ਮੁੜਵਸੇਬਾ ਪ੍ਰੋਗਰਾਮ ਤਹਿਤ ਅਮਰੀਕਾ ਵਿਚ ਦਾਖਲ ਨਹੀਂ ਹੋਏ। ਇਸ ਲਈ ਬਾਈਡਨ ਪ੍ਰਸ਼ਾਸਨ ਇਨਾਂ ਨੂੰ ਸ਼ਰਨਾਰਥੀਆਂ ਵਜੋਂ ਸਵਿਕਾਰ ਕਰਨ ਲਈ ਤਿਆਰ ਨਹੀਂ ਹੈ। ਇਸ ਨਾਲ ਆਉਣ ਵਾਲੇ ਸਮੇਂ ਵਿਚ ਇਨਾਂ ਅਯੋਗ ਸ਼ਰਨਾਰਥੀਆਂ ਲਈ ਨਵੀਆਂ ਮੁਸ਼ਕਿਲਾਂ ਖੜੀਆਂ ਹੋ ਸਕਦੀਆਂ ਹਨ ਤੇ ਇਨਾਂ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਵੀ ਪੈ ਸਕਦਾ ਹੈ।

# 3.30 ਲੱਖ ਬੱਚੇ ਫਰਾਂਸ ਦੇ ਚਰਚ ’ਚ ਹੋਏ ਜਿਨਸੀ ਸੋਸ਼ਣ ਦੇ ਸ਼ਿਕਾਰ

## ✪ ਪਾਰਲਰ ਐਟ ਰੇਵਿਵਰੇ ਕਮਿਸ਼ਨ ਨੇ ਕੈਥੋਲਿਕ ਚਰਚ ’ਚ ਪਿਛਲੇ 70 ਸਾਲਾਂ ਤੋਂ ਵੱਧ ਸਮੇਂ ਦੌਰਾਨ ਹੋਈਆਂ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਦਾ ਕੀਤਾ ਪਰਦਾਫ਼ਾਸ਼ ✪ ਪਾਦਰੀ ਤੇ ਹੋਰ ਵਿਅਕਤੀ ਤਸ਼ੱਦਦ ਦੇ ਮਾਮਲੇ ਸ਼ਾਮਿਲ ✪ ਬੱਚਿਆਂ ਦਾ ਸ਼ੋਸ਼ਣ ਕਰਨ ਵਾਲੇ ਕਰੀਬ 3,000 ਲੋਕਾਂ ’ਚੋਂ ਦੋ ਤਿਹਾਈ ਪਾਦਰੀ

**ਪੈਰਿਸ/ਏ.ਟੀ.ਨਿਊਜ਼ :** ਫਰਾਂਸ ਦੇ ਇਕ ਸੁਤੰਤਰ ਕਮਿਸ਼ਨ ਦੀ ਰਿਪੋਰਟ ਨੇ ਦੇਸ਼ ਦੇ ਕੈਥੋਲਿਕ ਚਰਚ ’ਚ ਪਿਛਲੇ 70 ਸਾਲਾਂ ਤੋਂ ਵੱਧ ਸਮੇਂ ਦੌਰਾਨ ਹੋਈਆਂ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਦਾ ਸਨਸਨੀਖੇਜ਼ ਪਰਦਾਫ਼ਾਸ਼ ਕੀਤਾ। ਕਮਿਸ਼ਨ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਕਰੀਬ 3.30 ਲੱਖ ਬੱਚੇ ਚਰਚ ’ਚ ਜਿਨਸੀ ਸ਼ੋਸ਼ਣ ਦੇ ਸ਼ਿਕਾਰ ਹੋਏ।

ਰਿਪੋਰਟ ਜਾਰੀ ਕਰਨ ਵਾਲੇ ਕਮਿਸ਼ਨ ਦੇ ਮੁਖੀ ਜਯਾਂ ਮਾਰਕ ਸੌਂਵੇ ਨੇ ਕਿਹਾ ਕਿ ਇਹ ਅਨੁਮਾਨ ਵਿਗਿਆਨਕ ਖੋਜ ’ਤੇ ਆਧਾਰਤ ਹੈ। ਇਸ ’ਚ ਪਾਦਰੀਆਂ ਤੇ ਹੋਰ ਵਿਅਕਤੀਆਂ ਵੱਲੋਂ ਤਸ਼ੱਦਦ ਦੇ ਮਾਮਲੇ ਸ਼ਾਮਿਲ ਹਨ। ਪੀੜਤਾਂ ’ਚ 80 ਫ਼ੀਸਦੀ ਬਾਲਕ (ਵਧੇਰੇ 10-13 ਸਾਲ ਦੇ) ਤੇ 20 ਫ਼ੀਸਦੀ ਬੱਚੇ ਹਨ। ਸੌਂਵੇ ਨੇ ਕਿਹਾ ਕਿ ਇਸ ਦੇ ਨਤੀਜੇ ਬਹੁਤ ਗੰਭੀਰ ਹਨ। ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ 60 ਫ਼ੀਸਦੀ ਬੱਚੇ ਤੇ ਬੱਚੀਆਂ ਨੂੰ ਬਾਅਦ ਵਿਚ ਜ਼ਿੰਦਗੀ ਭਰ ਭਾਵਨਾਤਮਕ ਤੇ ਕਈ ਹੋਰ ਗੁੰਝਲਾਂ ਦਾ ਸਾਹਮਣਾ ਕਰਨਾ ਪਿਆ। ਕਮਿਸ਼ਨ ਨੇ 2,500 ਪੰਨਿਆਂ ਦੀ ਰਿਪੋਰਟ ’ਚ ਕਿਹਾ ਹੈ ਕਿ ਬੱਚਿਆਂ ਦਾ ਸ਼ੋਸ਼ਣ ਕਰਨ ਵਾਲੇ ਕਰੀਬ 3,000 ਲੋਕਾਂ ’ਚੋਂ ਦੋ ਤਿਹਾਈ ਪਾਦਰੀ ਸਨ। ਪਾਦਰੀ ਜਾਂ ਚਰਚ ਨਾਲ ਸਬੰਧਤ ਹੋਰ ਲੋਕਾਂ ਵੱਲੋਂ ਸ਼ੋਸ਼ਣ ਦੇ ਸ਼ਿਕਾਰ ਬੱਚਿਆਂ ਦੀ ਗਿਣਤੀ 2,16,000 ਹੋ ਸਕਦੀ ਹੈ

ਪੀੜਤਾਂ ਦੀ ਆਵਾਜ਼ ਉਠਾਉਣ ਵਾਲੇ ਸੰਗਠਨ ਪਾਰਲਰ ਐਟ ਰੇਵਿਵਰੇ (ਖੁੱਲ ਕੇ ਬੋਲੋ ਤੇ ਫਿਰ ਤੋਂ ਜੀਓ) ਨੇ ਜਾਂਚ ’ਚ ਕਮਿਸ਼ਨ ਦੀ ਮਦਦ ਕੀਤੀ। ਸੰਗਠਨ ਦੇ ਮੁਖੀ ਓਲੀਵਿਰ ਸੈਵਿਗਨਾਕ ਨੇ ਕਿਹਾ ਕਿ ਸ਼ੋਸ਼ਣ ਕਰਨ ਵਾਲਿਆਂ ਤੇ ਪੀੜਤਾਂ ਦਾ ਉੱਚ ਅਨੁਪਾਤ ਫਰਾਂਸੀਸੀ ਸਮਾਜ ਤੇ ਕੈਥੋਲਿਕ ਚਰਚ ਲਈ ਖ਼ੌਫਨਾਕ ਹੈ। ਇਹ ਰਿਪੋਰਟ ਉਸ ਜਿਨਸੀ ਸ਼ੋਸ਼ਣ ਕਾਂਡ ਤੋਂ ਬਾਅਦ ਜਾਰੀ ਹੋਈ ਹੈ, ਜਿਸ ਨਾਲ ਫਰਾਂਸੀਸੀ ਕੈਥੋਲਿਕ ਚਰਚ ਹਿੱਲ ਗਿਆ ਸੀ। ਬਰਖ਼ਾਸਤ ਪਾਦਰੀ ਬਨਾਰਡ ਪ੍ਰਰੇਅਨੈਟ ਨੂੰ ਪਿਛਲੇ ਹੀ ਸਾਲ ਨਬਾਲਿਗ ਨਾਲ ਜਿਨਸੀ ਸ਼ੋਸ਼ਣ ’ਚ ਪੰਜ ਸਾਲ ਦੀ ਕੈਦ ਦੀ ਸਜ਼ਾ ਹੋਈ ਹੈ। ਬਨਾਰਡ ਨੇ 75 ਨਾਬਾਲਿਗ ਮੁੰਡਿਆਂ ਦੇ ਜਿਨਸ਼ੀ ਸੋਸ਼ਣ ਦੀ ਗੱਲ ਮੰਨੀ ਸੀ।



ਕਮਿਸ਼ਨ ਨੇ ਢਾਈ ਸਾਲ ਤੱਕ ਜਾਂਚ ਕੀਤੀ। ਪੀੜਤਾਂ ਤੇ ਪ੍ਰਤੱਖਦਰਸ਼ੀਆਂ ਦੇ ਬਿਆਨ ਦਰਜ ਕੀਤੇ। ਚਰਚ, ਅਦਾਲਤ ਪੁਲਿਸ ਤੇ ਸਾਲ 1950 ਦੇ ਆਸ-ਪਾਸ ਮੀਡੀਆ ’ਚ ਪ੍ਰਕਾਸ਼ਿਤ ਮਾਮਲਿਆਂ ਦਾ ਅਧਿਐਨ ਕੀਤਾ ਗਿਆ। ਵਿਸ਼ੇਸ਼ ਹੈਲਪਲਾਈਨ ਵੀ ਸ਼ੁਰੂ ਕੀਤੀ ਗਈ। ਇਸ ਦੌਰਾਨ 6,500 ਤੋਂ ਵੱਧ ਲੋਕਾਂ ਨੇ ਫੋਨ ’ਤੇ ਸੂਚਨਾਵਾਂ ਦਿੱਤੀਆਂ।

**ਪੀੜਤਾਂ ਨਾਲ ਕੀਤਾ ਗਿਆ ਵਿਤਕਰਾ**

ਸੌਂਵੇ ਨੇ ਸ਼ੋਸ਼ਣ ਦੇ ਇਨਾਂ ਮਾਮਲਿਆਂ ਬਾਰੇ ਸਾਲ 2000 ਤੋਂ ਪਹਿਲਾਂ ਦੇ ਚਰਚ ਦੇ ਰੁਖ਼ ਦੀ ਵੀ ਆਲੋਚਨਾ ਕੀਤੀ। ਉਨਾਂ ਕਿਹਾ ਕਿ ਪੀੜਤਾਂ ਨਾਲ ਵਿਤਕਰਾ ਕੀਤਾ ਗਿਆ ਤੇ ਉਨਾਂ ਨੂੰ ਹੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ।

**ਸ਼ਰਮਿੰਦਾ ਹੈ ਚਰਚ : ਬਿਸ਼ਪ**

ਫਰਾਂਸ ਕਾਨਫਰੰਸ ਆਫ ਬਿਸ਼ਪ ਦੇ ਮੁਖੀ ਏਰਿਕ ਡੀ ਮੌਲਿੰਸ-ਬਿਊਫੋਰਟ ਨੇ ਕਿਹਾ ਹੈ ਕਿ ਚਰਚ ਸ਼ਰਮਿੰਦਾ ਹੈ। ਉਨਾਂ ਨੇ ਖਿਮਾ ਮੰਗਦੇ ਹੋਏ ਕਾਰਵਾਈ ਦਾ ਭਰੋਸਾ ਦਿੱਤਾ।

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਫਰਾਂਸ ਵਿਚ ਅਜਿਹੀਆਂ ਘਟਨਾਵਾਂ ਬਹੁਤ ਵਾਪਰ ਰਹੀਆਂ ਹਨ। ਬਿਸ਼ਪ ਨੂੰ ਚਾਹੀਦਾ ਹੈ ਕਿ ਅਜਿਹੇ ਦਾਗੀ ਲੋਕਾਂ ਨੂੰ ਈਸਾਈ ਧਰਮ ਤੇ ਧਰਮ ਪ੍ਰਚਾਰ ਤੋਂ ਖਾਰਜ ਕਰੇ।ਇਸ ਨਾਲ ਈਸਾਈ ਧਰਮ ਦੀ ਬਦਨਾਮੀ ਹੋ ਰਹੀ ਹੈ।

# ਤਰਨ ਤਾਰਨ ਬੰਬ ਧਮਾਕੇ ’ਚ ਗ੍ਰਿਫ਼ਤਾਰ ਮਲਕੀਤ ਸਿੰਘ ਉਰਫ਼ ਸ਼ੇਰਾ ਦੀ ਹਸਪਤਾਲ ਵਿਚ ਮੌਤ

## ਪਰਿਵਾਰਕ ਮੈਂਬਰਾਂ ਤੇ ਨਿਹੰਗ ਸਿੰਘ ਜਥੇਬੰਦੀਆਂ ਨੇ ਜੇਲ ਪ੍ਰਸ਼ਾਸਨ ’ਤੇ ਲਾਪ੍ਰਵਾਹੀ ਦਾ ਦੋਸ਼ ਲਾਇਆ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਤਰਨ ਤਾਰਨ ਦੇ ਪਿੰਡ ਪੰਡੋਰੀ ਵਿਖੇ ਹੋਏ ਬੰਬ ਧਮਾਕੇ ਦੇ ਮਾਮਲੇ ’ਚ ਗ੍ਰਿਫਤਾਰ ਕੀਤੇ ਨੌਜਵਾਨ ਦੀ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਮੌਤ ਹੋ ਗਈ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਤੇ ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂਆਂ ਨੇ ਦੋਸ਼ ਲਾਇਆ ਕਿ ਨੌਜਵਾਨ ਦੀ ਮੌਤ ਅੰਮ੍ਰਿਤਸਰ ਜੇਲ ਪ੍ਰਸ਼ਾਸਨ ਦੀ ਲਾਪ੍ਰਵਾਹੀ ਨਾਲ ਹੋਈ ਹੈ । ਮ੍ਰਿਤਕ ਸਿੱਖ ਨੌਜਵਾਨ ਦੀ ਸ਼ਨਾਖਤ ਮਲਕੀਤ ਸਿੰਘ ਉਰਫ ਸ਼ੇਰ ਸਿੰਘ ਵਾਸੀ ਪਿੰਡ ਕੋਟਲਾ ਗੁੱਜਰਾਂ ਮਜੀਠਾ ਵਜੋਂ ਹੋਈ ਹੈ। ਇਹ ਘਟਨਾ ਬੀਤੇ 2019 ਦੀ ਹੈ ਜਦੋਂ ਤਰਨ ਤਾਰਨ ਦੇ ਪਿੰਡ ਪੰਡੋਰੀ ਵਿਖੇ ਬੰਬ



ਧਮਾਕਾ ਹੋਇਆ ਸੀ ਤੇ ਆਈ.ਐੱਨ.ਏ. ਵਲੋਂ ਇਸ ਦੀ ਜਾਂਚ ਕੀਤੀ ਜਾ ਰਹੀ ਸੀ। ਪੁਲਿਸ ਵਲੋਂ ਹੋਰ ਨੌਜਵਾਨਾਂ ਦੇ ਨਾਲ ਇਸ ਮਾਮਲੇ ’ਚ ਮਲਕੀਤ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ ਜੋ ਇਥੇ ਕੇਂਦਰੀ ਜੇਲ ਫਤਾਹਪੁਰ ਵਿਖੇ ਬੰਦ ਸੀ । ਮ੍ਰਿਤਕ ਦੇ ਭਰਾ ਰਵਿੰਦਰ ਸਿੰਘ ਨੇ ਦਸਿਆ ਕਿ ਉਸਦੇ ਭਰਾ ’ਤੇ ਪੁਲਿਸ ਵਲੋਂ ਅਣਮਨੁੱਖੀ ਤਸ਼ੱਦਦ ਕੀਤਾ ਗਿਆ ਸੀ । ਜੇਲ ਪ੍ਰਸ਼ਾਸਨ ਵਲੋਂ ਉਸ ਦਾ ਸਹੀ ਇਲਾਜ ਨਹੀਂ ਕਰਵਾਇਆ ਗਿਆ । ਬੁੱਢਾ ਦਲ ਤੇ ਤਰਨਾ ਦਲ ਤੇ ਅੰਮ੍ਰਿਤਪਾਲ ਸਿੰਘ ਮਹਿਰੋ ਆਦਿ ਨੇ ਕਿਹਾ ਉਹ ਇਸ ਮਾਮਲੇ ’ਚ ਹਾਈਕੋਰਟ ਤੱਕ ਚਾਰਾਜੋਈ ਕਰਨਗੇ । ਮੈਜਿਸਟ੍ਰੇਟ ਦੀ ਹਾਜ਼ਰੀ ’ਚ ਪੋਸਟਮਾਰਟਮ ਕਰਵਾਏ ਜਾਣ ਉਪਰੰਤ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਗਈ।

## ਕੌਮੀ ਅਰਦਾਸ ਵਿੱਚ ਵੀਹਵੀਂ ਸਦੀ ਦੇ ਸ਼ਹੀਦਾਂ ਨੂੰ ਵੀ ਸ਼ਾਮਿਲ ਕੀਤਾ ਜਾਵੇ - ਪੰਚ ਪ੍ਰਧਾਨੀ ਯੂਕੇ



**ਲੰਡਨ/ਏ.ਟੀ.ਨਿਊਜ਼ :** ਲੰਘੇ ਸਨਿੱਚਰਵਾਰ ਮਿਤੀ 2 ਅਕਤੂਬਰ 2021 ਨੂੰ ਪੰਚ ਪ੍ਰਧਾਨੀ ਯੂਕੇ ਦੇ ਸਦੇ ਤੇ ਖ਼ਾਲਸਾ ਪੰਥ ਦੀਆਂ ਜ਼ੁੰਮੇਵਾਰ ਜਥੇਬੰਦੀਆਂ ਦੀ ਇਕ ਅਹਿਮ ਮੀਟਿੰਗ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਹੋਈ। ਮੀਟਿੰਗ ਵਿੱਚ ਫ਼ੈਸਲਾ ਕਰਕੇ ਪੰਥ ਨੂੰ ਬੇਨਤੀ ਕੀਤੀ ਗਈ ਕਿ ਸਿੱਖ ਕੌਮੀ ਅਰਦਾਸ ਵਿਚ ਵੀਹਵੀਂ ਸਦੀ ਦੇ ਸ਼ਹੀਦਾਂ ਨੂੰ ਵੀ ਸ਼ਾਮਲ ਕੀਤਾ ਜਾਵੇ। ਭਾਈ ਭਿੰਡਰ ਨੇ ਸੰਗਤ ਨਾਲ ਵਿਚਾਰ ਸਾਂਝੇ ਕਰਦੇ ਹੋਏ ਜਥੇਬੰਦੀ ਵੱਲੋਂ ਕੀਤੇ ਫ਼ੈਸਲੇ ਨੂੰ ਪੜਕੇ ਸੁਣਾਇਆ।

ਪੰਚ ਪ੍ਰਧਾਨੀ ਯੂਕੇ ਨੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਹੇਠਾਂ ਲਿਖੀ ਸ਼ਬਦਾਵਲੀ (ਜਾਂ ਪੰਥ ਨੂੰ ਜੋ ਵੀ ਸ਼ਬਦਾਵਲੀ ਪ੍ਰਵਾਨ ਹੋਵੇ) ਅਰਦਾਸ ਵਿੱਚ ਸ਼ਾਮਿਲ ਕਰਨੀ ਚਾਹੀਦੀ ਹੈ।

**ਸ਼ਬਦਾਵਲੀ** : *‘ਭਾਰਤ ਸਰਕਾਰ ਦੇ ਹੁਕਮਾਂ ਨਾਲ ਢਾਏ ਗਏ ਅਕਾਲ ਤਖ਼ਤ ਸਾਹਿਬ ਅਤੇ ਓਥੇ ਸ਼ਹੀਦ ਹੋਏ ਸਿੰਘ ਸਿੰਘਣੀਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ। ਜਿਨਾਂ ਸਿੰਘ ਸਿੰਘਣੀਆਂ ਨੂੰ ਕੋਹ ਕੋਹ ਕੇ ਮਾਰਿਆ ਗਿਆ, ਗਲਾਂ ਵਿੱਚ ਟਾਇਰ ਪਾਕੇ ਜਿਉਂਦੇ ਸਾੜਿਆ ਗਿਆ ਅਤੇ ਅੱਗ ਦੀਆਂ ਭੱਠੀਆਂ ਵਿੱਚ ਜਿਉਂਦੇ ਜਲਾਇਆ ਗਿਆ ਤਿਨਾਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ’।*

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਮਾਰਕ ਜ਼ੁਕਰਬਰਗ ਨੇ ਬਾਇਓਹਬ (ਬਾਇਓ ਟੈਕਨਾਲੋਜੀ) ਦੇ ਵਿਗਿਆਨਕਾਂ ਨੂੰ ਵਧਾਈ ਦਿੱਤੀ

**✪ ਬਾਇਓਹਬ ਟੀਮ ਮਨੁੱਖ ਨਾਲ ਸਬੰਧਤ ਗੰਭੀਰ ਬਿਮਾਰੀਆਂ ਉਤੇ ਰਿਸਰਚ ਕਰ ਰਹੀ ਹੈ**

**✪ ਇਹ ਚੈਨ ਜ਼ੁਕਰਬਰਗ ਬਾਇਓਹਬ ਇੱਕ ਸੁਤੰਤਰ, ਗੈਰ-ਮੁਨਾਫ਼ਾ ਡਾਕਟਰੀ ਖੋਜ ਸੰਸਥਾ ਹੈ**







**ਕੈਲੀਫੋਰਨੀਆ/ਏ.ਟੀ.ਨਿਊਜ਼** :- ਫੇਸਬੁੱਕ ਦੇ ਮਾਲਕ ਮਾਰਕ ਜ਼ੁਕਰਬਰਗ ਨੇ ਬਾਇਓਹਬ ਦੇ ਵਿਗਿਆਨਿਕਾਂ ਨੂੰ ਉਨਾਂ ਦੀ ਤਰੱਕੀ ਲਈ ਵਧਾਈ ਦਿੱਤੀ । ਉਨਾਂ ਨੇ ਆਪਣੇ ਫਸੇਬੁੱਕ ਅਕਾਊਂਟ ਉਤੇ ਲਿਖਿਆ 'ਇਹ ਇੱਕ ਵਿਅਸਤ ਦਿਨ ਰਿਹਾ ਹੈ, ਪਰ ਮੈਂ ਬਾਇਓਹਬ ਦੇ ਵਿਗਿਆਨੀਆਂ ਨੂੰ ਉਨਾਂ ਦੀ ਤਰੱਕੀ ਲਈ ਵਧਾਈ ਦੇਣਾ ਚਾਹੁੰਦਾ ਹਾਂ ਜੋ ਬਾਇਓਹਬ ਤੁਸੀਂ ਪੰਜ ਸਾਲ ਪਹਿਲਾਂ ਸ਼ੁਰੂ ਕੀਤੀ ਸੀ। ਜਿਸ ਵਿਚ ਸੈਲੂਲਰ ਫੰਕਸ਼ਨਾਂ ਨੂੰ ਮੈਪਿੰਗ ਕਰਨ ਤੋਂ ਲੈ ਕੇ ਨਵੀਂ ਤਕਨਾਲੋਜੀ ਵਿਕਸਤ ਕਰਨ ਤੱਕ, ਪ੍ਰੋਟੀਨ ਇੰਟਰੈਕਸ਼ਨਾਂ ਦੀ ਕਲਪਨਾ ਕਰਨ ਤੋਂ ਲੈ ਕੇ ਕੋਵਿਡ ਅਤੇ ਇਸ ਤੋਂ ਅੱਗੇ ਦੇ ਨਿਦਾਨ ਸੰਦਾਂ ਦੇ ਨਿਰਮਾਣ ਲਈ, ਬਹੁਤ ਸਾਰੀਆਂ ਸਫਲਤਾਵਾਂ ਹਨ ਜਿਨਾਂ 'ਤੇ ਸਾਨੂੰ ਮਾਣ ਹੈ, ਕਿਉਂਕਿ ਅਸੀਂ ਵਿਗਿਆਨੀਆਂ ਦੁਆਰਾ ਸਾਰੀਆਂ ਬਿਮਾਰੀਆਂ ਦੇ ਇਲਾਜ, ਰੋਕਥਾਮ ਜਾਂ ਪ੍ਰਬੰਧਨ ਦੇ ਯੋਗ ਹੋਣ ਦੀ ਦਿਸ਼ਾ ਵਿੱਚ ਕੰਮ ਕਰਦੇ ਹਾਂ।

ਦੱਸਣਯੋਗ ਹੈ ਇਹ ਚੈਨ ਜ਼ੁਕਰਬਰਗ ਬਾਇਓਹਬ ਇੱਕ ਸੁਤੰਤਰ, ਗੈਰ-ਮੁਨਾਫ਼ਾ ਡਾਕਟਰੀ ਖੋਜ ਸੰਸਥਾ ਹੈ। ਜਿਸ ਦਾ ਦ੍ਰਿਸ਼ਟੀਕੋਣ ਉਨਾਂ ਤਕਨੀਕਾਂ ਨੂੰ ਵਿਕਸਤ ਅਤੇ ਲਾਗੂ ਕਰਨਾ ਹੈ ਜੋ ਡਾਕਟਰਾਂ ਨੂੰ ਬੱਚਿਆਂ ਦੇ ਜੀਵਨ ਕਾਲ ਦੌਰਾਨ ਸਾਰੀਆਂ ਬਿਮਾਰੀਆਂ ਦਾ ਇਲਾਜ, ਰੋਕਥਾਮ ਜਾਂ ਪ੍ਰਬੰਧਨ ਕਰਨ ਦੇ ਯੋਗ ਬਣਾਉਣਗੀਆਂ। ਇਸ ਦੀ ਰਵਾਇਤ ਵਿਗਿਆਨਕ ਪਹੁੰਚ ਨੂੰ ਚੁਣੌਤੀ ਦੇਣ ਅਤੇ ਜੀਵਨ ਵਿਗਿਆਨ ਖੋਜ ਦੇ ਭਵਿੱਖ ਦੀ ਖੋਜ ਕਰਨ ਵਿੱਚ ਵਿਸ਼ਵਾਸ ਕਰਨਾ ਹੈ। ਮਨੁੱਖਤਾ ਦੀਆਂ ਸਭ ਤੋਂ ਵੱਡੀਆਂ ਸਮੱਸਿਆਵਾਂ ਦੇ ਹੱਲ ਲਈ ਦੁਨੀਆ ਦੇ ਸਭ ਤੋਂ ਰਚਨਾਤਮਕ, ਦ੍ਰਿੜ ਅਤੇ ਹੁਸ਼ਿਆਰ ਲੋਕਾਂ ਵਿੱਚ ਸਹਿਯੋਗ ਦੀ ਸਹੂਲਤ ਦੇ ਕੇ ਜੀਵਨ ਨੂੰ ਬਿਹਤਰ ਬਣਾਉਣ ਇਹ ਦੀ ਕੋਸ਼ਿਸ਼ ਹੈ। ਇਸ ਦੀ ਸਥਾਪਨਾ 2016 ਵਿੱਚ ਡਾ. ਪ੍ਰਿਸਿਲਾ ਚੈਨ ਅਤੇ ਮਾਰਕ ਜ਼ੁਕਰਬਰਗ ਦੇ ਤੋਹਫ਼ੇ ਨਾਲ ਹੋਈ ਸੀ। ਰੀਡ ਹੌਫਮੈਨ ਅਤੇ ਮਿਸ਼ੇਲ ਯੀ ਦੁਆਰਾ ਸਹਿਯੋਗ ਦਿੱਤਾ ਗਿਆ। ਉਹ ਸਾਰੇ ਟੈਕਨਾਲੋਜੀ, ਇੰਜੀਨੀਅਰਿੰਗ ਅਤੇ ਮਨੁੱਖੀ ਉਤਸੁਕਤਾ ਨੂੰ ਜੋੜ ਕੇ ਵਿਸ਼ਵਾਸ ਨੂੰ ਸਾਂਝਾ ਕਰਦੇ ਹਨ ਕਿ ਜਿਸ ਨਾਲ ਜੀਵਨ ਵਿਗਿਆਨ ਖੋਜ ਨੂੰ ਹੋਰ ਤੇਜ਼ ਕੀਤਾ ਜਾਵੇ। ਇਨਾਂ ਦੇ ਦੋ 'ਲਾਂਚ ਪ੍ਰੋਜੈਕਟਾਂ' ਵਿੱਚੋਂ ਇੱਕ ਛੂਤ ਵਾਲੀ ਬਿਮਾਰੀ ਸਭ ਤੋਂ ਪਹਿਲ ਵਿਚ ਹੈ। ਸਾਰਸ ਅਤੇ ਇਬੋਲਾ ਤੋਂ ਲੈ ਕੇ ਜ਼ੀਕਾ ਵਾਇਰਸ ਅਤੇ ਡੇਂਗੂ ਤੱਕ ਅਚਾਨਕ ਬਿਮਾਰੀ ਦਾ ਪ੍ਰਕੋਪ ਤੇਜ਼, ਚੁਸਤ ਪ੍ਰਤੀਕਿਰਿਆਵਾਂ ਦੀ ਜ਼ਰੂਰਤ ਨੂੰ ਉਜਾਗਰ ਕਰਦਾ ਹੈ। ਬਾਇਓਹਬ ਵਿਗਿਆਨੀ ਅਤੇ ਇੰਜੀਨੀਅਰ ਛੂਤ ਦੀਆਂ ਬਿਮਾਰੀਆਂ ਦੇ ਵਿਰੁੱਧ ਲੜਾਈ ਵਿੱਚ ਸਹਾਇਤਾ ਲਈ ਸਭ ਤੋਂ ਉੱਨਤ ਤਕਨੀਕਾਂ ਦੀ ਵਰਤੋਂ ਕਰਨਗੇ। ਦੂਜਾ ਲਾਂਚ ਪ੍ਰੋਜੈਕਟ ਸੈਲ ਐਟਲਸ ਹੈ, ਜਿਸ ਵਿੱਚ ਇੱਕ ਅੰਤਰਰਾਸ਼ਟਰੀ ਸਹਿਯੋਗ ਬਣਾਉਣ ਵਿੱਚ ਇਹ ਟੀਮ ਸਹਾਇਤਾ ਕਰ ਰਹੀ ਹੈ ਜੋ ਮਨੁੱਖੀ ਸਰੀਰ ਦੇ ਸੈੱਲਾਂ ਦੀਆਂ ਕਿਸਮਾਂ ਦਾ ਨਕਸ਼ਾ ਤਿਆਰ ਕਰੇਗੀ। ਇਹ ਨਕਸ਼ਾ ਦੁਨੀਆ ਭਰ ਦੇ ਖੋਜਕਰਤਾਵਾਂ ਲਈ ਉਪਲਬਧ ਹੋਵੇਗਾ। ਸੈੱਲ ਐਟਲਸ ਪ੍ਰੋਜੈਕਟ ਮਨੁੱਖੀ ਬਿਮਾਰੀ ਦੇ ਕਾਰਨਾਂ ਨਾਲ ਸਬੰਧਤ ਸੈੱਲ ਜੀਵ ਵਿਗਿਆਨ ਦੇ ਬਹੁਤ ਸਾਰੇ ਰਹੱਸਾਂ ਨੂੰ ਖੋਲਣ ਵਿੱਚ ਸਹਾਇਤਾ ਕਰੇਗਾ, ਜੋ ਸੰਭਾਵਿਤ ਤੌਰ 'ਤੇ ਨਵੇਂ ਇਲਾਜਾਂ ਵੱਲ ਲੈ ਜਾਵੇਗਾ। ਸੈੱਲ ਐਟਲਸ ਨੂੰ ਸੰਭਵ ਬਣਾਉਣ ਵਾਲੀਆਂ ਤਕਨੀਕਾਂ ਨਵੀਆਂ ਹਨ, ਅਤੇ ਉਨਾਂ ਵਿੱਚੋਂ ਬਹੁਤ ਸਾਰੀਆਂ ਵਿਗਿਆਨੀਆਂ ਦੁਆਰਾ ਵਿਕਸਤ ਕੀਤੀਆਂ ਗਈਆਂ ਹਨ ਜੋ ਹੁਣ ਸੀਜ਼ੈਡ ਬਾਇਓਹਬ ਦੀ ਅਗਵਾਈ ਕਰ ਰਹੀਆਂ ਹਨ। ਲਾਂਚ ਪ੍ਰੋਜੈਕਟਾਂ ਤੋਂ ਇਲਾਵਾ, ਬਾਇਓਹਬ ਟੀਮ ਸੀਜ਼ੈਡ ਬਾਇਓਹਬ ਇਨਵੈਸਟੀਗੇਟਰ ਪ੍ਰੋਗਰਾਮ ਚਲਾਉਂਦੇ ਹਨ। ਪ੍ਰੋਗਰਾਮ ਯੂਸੀ ਬਰਕਲੇ, ਸਟੈਨਫੋਰਡ ਅਤੇ ਯੂਸੀਐਸਐਫ ਦੇ ਦਰਜਨਾਂ ਮਸ਼ਹੂਰ ਵਿਗਿਆਨੀ, ਇੰਜੀਨੀਅਰ ਅਤੇ ਟੈਕਨੋਲੋਜਿਸਟਸ ਨੂੰ ਫੰਡ ਦਿੰਦੇ ਹਨ ਕਿਉਂਕਿ ਉਹ ਮਨੁੱਖੀ ਬਿਮਾਰੀ ਨੂੰ ਖਤਮ ਕਰਨ ਦੀ ਲੜਾਈ ਵਿੱਚ ਆਪਣੇ ਜੋਖਮ ਭਰੇ ਅਤੇ ਸਭ ਤੋਂ ਦਿਲਚਸਪ ਵਿਚਾਰਾਂ ਦਾ ਪਾਲਣ ਕਰਦੇ ਹਨ। ਮਾਰਕ ਜ਼ੁਕਰਬਰਗ ਦੀ ਇਹ ਹੱਲਾਸ਼ੇਰੀ ਬਾਇਓਹਬ ਟੀਮ ਨੂੰ ਕੰਮ ਕਰਨ ਦੀ ਹੋਰ ਉਤਸੁਕਤਾ ਨੂੰ ਵਧਾਉਣ ਵਿਚ ਸਹਾਇਤਾ ਕਰੇਗੀ।

# ਕੈਪਟਨ ਕਾਰਨ ਪੰਜਾਬ 'ਚ ਬੀਜੇਪੀ ਦੀ ਜਾਗੀ ਸਿਆਸੀ ਆਸ

**ਭਾਜਪਾ ਉਭਾਰੇਗੀ ਕੈਪਟਨ ਨੂੰ, ਕੈਪਟਨ ਮੋਦੀ ਦੇ ਨੇੜੇ ਹੋਏ, ਕਿਸਾਨੀ ਮਸਲੇ ਦੇ ਹਲ ਬਾਰੇ ਮੰਥਨ ਜਾਰੀ**

**ਅੰਮ੍ਰਿਤਸਰ/ਏ.ਟੀ.ਨਿਊਜ਼** : ਕਾਂਗਰਸ ਦੇ ਕਲੇਸ਼ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਤੋਂ ਕੈਪਟਨ ਅਮਰਿੰਦਰ ਸਿੰਘ ਦੇ ਹਟਣ ਤੋਂ ਬਾਅਦ ਇਕ ਵਾਰ ਬੀਜੇਪੀ ਦੇ ਅਰਮਾਨਾਂ ਦੀ ਸੂਈ ਪੰਜਾਬ ਦੀ ਸਿਆਸਤ ਤੋਂ ਲੈ ਕੇ ਕਿਸਾਨਾਂ ਦੇ ਧਰਨੇ ਖਤਮ ਹੋਣ ਤੱਕ ਟਿਕ-ਟਿਕ ਕਰਨ ਲੱਗੀ ਹੈ।

ਅਸਲੀਅਤ 'ਚ ਪੰਜਾਬ ਵਿਚ ਬੀਜੇਪੀ ਦੀਆਂ ਸਾਰੀਆਂ ਸੰਭਾਵਨਾਵਾਂ ਹੁਣ ਕੈਪਟਨ ਦੇ ਆਸ-ਪਾਸ ਆ ਕੇ ਰੁਕ ਗਈਆਂ ਹਨ। ਅਪਮਾਨਤ ਹੋ ਕੇ ਕਾਂਗਰਸ 'ਚੋਂ ਜ਼ਖ਼ਮੀ ਸ਼ੇਰ ਦੀ ਤਰਾਂ ਨਿਕਲੇ ਕੈਪਟਨ ਅਮਰਿੰਦਰ ਦੀ ਇਹ ਅੰਤਿਮ ਪਾਰੀ ਵੀ ਬੀਜੇਪੀ ਤੇ ਨਿਰਭਰ ਹੋ ਗਈ ਹੈ। ਕਿੰਗ ਤੇ ਕਿੰਗਮੇਕਰ ਦੀਆਂ ਸੰਭਾਵਨਾਵਾਂ ਦਾ ਸਿਰਾ ਅਸਲ ਵਿਚ ਕਿਸਾਨ ਅੰਦੋਲਨ 'ਤੇ ਹੀ ਜਾ ਕੇ ਰੁਕ ਰਿਹਾ ਹੈ।

ਰਾਜ਼ ਦੀ ਗੱਲ ਇਹ ਹੈ ਕਿ ਕੈਪਟਨ ਨੂੰ ਤਾਕਤਵਰ ਕਰੇ ਬਗੈਰ ਬੀਜੇਪੀ ਦੇ ਦੋਵਾਂ ਵਿਚੋਂ ਕੋਈ ਵੀ ਟੀਚਾ ਪੂਰਾ ਨਹੀਂ ਹੋਵੇਗਾ। ਨਾ ਤਾਂ ਪੰਜਾਬ ਵਿਚ ਅਸਰਦਾਰ ਹੋਣ ਦੇ ਨਾਂ 'ਤੇ



ਨਾ ਹੀ ਸਾਲ ਭਰ ਤੋਂ ਚੱਲੇ ਆ ਰਹੇ ਕਿਸਾਨ ਅੰਦੋਲਨ ਦਾ ਨਬੇੜਾ ਹੋ ਸਕੇਗਾ। ਤਾਂ ਸਵਾਲ ਉੱਠਦਾ ਹੈ ਕਿ ਹੁਣ ਅੱਗੇ ਆਪਸ਼ਨ ਕੀ ਹੈ ਤੇ ਰਣਨੀਤੀ ਕੀ ਰਹੇਗੀ ? ਵਿਕਲਪਾਂ 'ਤੇ ਜਾਣ ਤੋਂ ਪਹਿਲਾਂ ਕੈਪਟਨ ਅਮਰਿੰਦਰ ਤੇ ਬੀਜੇਪੀ ਦੇ ਵਿਚ ਅੰਦਰਖਾਤੇ ਜੋ ਹੋਇਆ, ਉਸ ਨੂੰ ਸਮਝਾਉਣਾ ਜ਼ਰੂਰੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਮੁਲਾਕਾਤ ਬੀਜੇਪੀ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਗ੍ਰਹਿ ਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨਾਲ ਹੋਈ। ਅੰਦਰ ਦੀ ਗੱਲ ਇਹ ਹੈ ਕਿ ਇਸ ਬੈਠਕ 'ਚ ਕੈਪਟਨ ਅਮਰਿੰਦਰ ਸਿੰਘ ਨੇ ਸਾਫ਼ ਨਹੀਂ ਕੀਤਾ ਕਿ ਬਿਨਾਂ ਕਿਸਾਨਾਂ ਦਾ ਮਸਲਾ ਸੁਲਝਾਏ ਪੰਜਾਬ ਵਿਚ ਕਿੰਗ ਨਹੀਂ, ਪਰ ਕਿੰਗਮੇਕਰ ਦਾ ਟੀਚਾ ਪੂਰਾ ਨਹੀਂ ਹੋ ਸਕੇਗਾ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਭਾਜਪਾ ਸਰਕਾਰ ਕੈਪਟਨ ਰਾਹੀਂ ਕਿਸਾਨ ਮਸਲਾ ਸੁਲਝਾਉਣਾ ਚਾਹੁੰਦੀ ਹੈ। ਇਸ ਬਾਰੇ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਭਾਜਪਾ ਪੰਜਾਬ ਵਿਚ ਠੁਸ ਹੈ ਉਹ ਕੈਪਟਨ ਨੂੰ ਉਭਾਰੇ ਬਿਨਾਂ ਪੰਜਾਬ ਵਿਚ ਕਾਮਯਾਬ ਨਹੀਂ ਹੋ ਸਕਦੀ।

# ਭਾਰਤ ਪਾਕਿਸਤਾਨ ਤੋਂ ਔਖਾ

**ਭਾਰਤ ਨੇ ਸੰਯੁਕਤ ਰਾਸ਼ਟਰ ਮਹਾਂਸਭਾ ਵਿਚ ਕਿਹਾ-ਸ਼ਾਂਤੀ ਦੀ ਗੱਲ ਕਰਨ ਵਾਲੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਲਾਦੇਨ ਨੂੰ ਸ਼ਹੀਦ ਮੰਨਦੇ ਨੇ**

**ਨਿਊਯਾਰਕ/ਏ.ਟੀ.ਨਿਊਜ਼** : ਭਾਰਤ ਨੇ ਪਾਕਿਸਤਾਨ ਦੀ ਇਹ ਕਹਿੰਦੇ ਹੋਏ ਸਖ਼ਤ ਆਲੋਚਨਾ ਕੀਤੀ ਕਿ ਉਹ ਸੰਯੁਕਤ ਰਾਸ਼ਟਰ ਦੇ ਸਿਧਾਂਤਾਂ ਦੀ ਪ੍ਰਵਾਹ ਕੀਤੇ ਬਿਨਾਂ ਆਪਣੇ ਗੁਆਢੀਆਂ ਖ਼ਿਲਾਫ਼ ਵਾਰ-ਵਾਰ ਸਰਹੱਦ ਪਾਰ ਅੱਤਵਾਦ ਨਾਲ ਹੱਥ ਮਿਲਾ ਰਿਹਾ ਹੈ। ਸੰਯੁਕਤ ਰਾਸ਼ਟਰ ਮਹਾਂਸਭਾ ਦੇ 76ਵੇਂ ਸੈਸ਼ਨ ਵਿਚ ਫਸਟ ਕਮੇਟੀ ਜਨਰਲ ਡਿਬੇਟ 'ਚ ਆਪਣੇ ਉੱਤਰ ਦੇ ਅਧਿਕਾਰ 'ਚ ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਮਿਸ਼ਨ ਦੇ ਸਲਾਹਕਾਰ ਏ ਅਮਰਨਾਥ ਨੇ ਕਿਹਾ ਕਿ ਪਾਕਿਸਤਾਨ ਦਾ ਸਥਾਈ ਪ੍ਰਤੀਨਿਧੀ ਇੱਥੇ ਸ਼ਾਂਤੀ, ਸੁਰੱਖਿਆ ਬਾਰੇ ਗੱਲ ਕਰਦਾ ਹੈ ਜਦੋਂਕਿ ਉਨਾਂ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਓਸਾਮਾ ਬਿਨ ਲਾਦੇਨ ਵਰਗੇ ਗਲੋਬਲ ਅੱਤਵਾਦੀਆਂ ਨੂੰ ਸ਼ਹੀਦਾਂ ਦੇ ਰੂਪ ਨਾਲ ਦੇਖਦੇ ਹਨ। ਪਾਕਿਸਤਾਨ ਨੇ ਭਾਰਤ ਖ਼ਿਲਾਫ਼ ਜੰਮੂ-ਕਸ਼ਮੀਰ ਤੇ ਲੱਦਾਖ ਦੇ ਸਬੰਧ 'ਚ ਕਈ ਬੇਬੁਨਿਆਦ ਦੋਸ਼ ਲਾਏ ਹਨ। ਅਮਰਨਾਥ ਨੇ ਅੱਗੇ ਕਿਹਾ ਹੈ ਕਿ ਮੈਂ ਇਹ ਦੋਹਰਾਉਣਾ ਚਾਹੁੰਦਾ ਹਾਂ ਕਿ ਜੰਮੂ ਤੇ ਕਸ਼ਮੀਰ ਦਾ ਪੂਰਾ ਖੇਤਰ ਭਾਰਤ ਦਾ ਅਨਿੱਖੜਵਾਂ ਅੰਗ ਹੈ ਤੇ ਰਹੇਗਾ। ਉਸ ਵਿਚ ਉਹ ਖੇਤਰ ਸ਼ਾਮਲ ਹੈ ਜਿਸ 'ਤੇ ਪਾਕਿਸਤਾਨ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ।

# ਉੱਤਰਾਖੰਡ ਵਿਚ ਚੀਨ ਦੇ ਦਾਖ਼ਲੇ 'ਤੇ ਮੋਦੀ ਸਰਕਾਰ ਫਿਰ ਖਾਮੋਸ਼



**ਨਵੀਂ ਦਿੱਲੀ/ਏ.ਟੀ.ਨਿਊਜ਼** : ਭਾਰਤ ਦੀ ਸਰਹੱਦ 'ਤੇ ਚੀਨ ਨੇ ਨਵਾਂ ਮੋਰਚਾ ਉੱਤਰਾਖੰਡ ਵਿਚ ਖੋਲਿਆ ਹੈ। ਪਹਿਲਾਂ ਉਸ ਨੇ ਅਰੁਣਾਚਲ ਪ੍ਰਦੇਸ਼ ਵਿਚ ਭਾਰਤ ਨੂੰ ਉਲਝਾਈ ਰੱਖਿਆ। ਕੇਂਦਰ ਵਿਚ ਨਰਿੰਦਰ ਮੋਦੀ ਦੀ ਸਰਕਾਰ ਬਣਨ ਤੋਂ ਬਾਅਦ ਭਾਰਤ, ਚੀਨ, ਭੂਟਾਨ ਦੇ ਤਿੰਨ ਦੇਸ਼ਾਂ ਦੀ ਸਾਂਝੀ ਸਰਹੱਦ (ਟ੍ਰਾਈਜੰਕਸ਼ਨ) 'ਤੇ ਡੋਕਲਾਮ ਵਿਚ ਵਿਵਾਦ ਹੋਇਆ, ਜਿਥੇ ਚੀਨ ਅਤੇ ਭਾਰਤ ਦੀ ਫ਼ੌਜ ਕਈ ਮਹੀਨੇ ਤੱਕ ਆਹਮੋ-ਸਾਹਮਣੇ ਡਟੀ ਰਹੀ। ਅਰੁਣਾਚਲ ਪ੍ਰਦੇਸ਼ ਦੇ ਸਾਬਕਾ ਭਾਜਪਾ ਪ੍ਰਧਾਨ ਅਤੇ ਸੰਸਦ ਮੈਂਬਰ ਤਾਪਿਰ ਗਾਓ ਨੇ ਖ਼ੁਦ ਕਿਹਾ ਸੀ ਕਿ ਚੀਨ ਦੀ ਫ਼ੌਜ ਭਾਰਤੀ ਸਰਹੱਦ ਵਿਚ 60 ਕਿਲੋਮੀਟਰ ਅੰਦਰ ਤੱਕ ਵੜ ਚੁੱਕੀ ਹੈ ਅਤੇ ਪੁਲ-ਸੜਕਾਂ ਆਦਿ ਬਣਾ ਰਹੀ ਹੈ। ਪਰ ਸਰਕਾਰ ਨੇ ਉਨਾਂ ਦੀਆਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ। ਇਸ ਤੋਂ ਬਾਅਦ ਚੀਨ ਨੇ ਪੂਰਬੀ ਲੱਦਾਖ ਵਿਚ ਮੋਰਚਾ ਖੋਲਿਆ, ਜਿਥੇ ਪਿਛਲੇ ਸਾਲ ਅਪ੍ਰੈਲ ਤੋਂ ਦੋਵੇਂ ਦੇਸ਼ਾਂ ਦੀਆਂ ਫ਼ੌਜਾਂ ਡਟੀਆਂ ਹੋਈਆਂ ਹਨ। ਜੂਨ 2020 ਵਿਚ ਗਲਵਾਨ ਘਾਟੀ ਵਿਚ ਦੋਵਾਂ ਦੇਸ਼ਾਂ ਦੇ ਫੌਜੀਆਂ ਵਿਚਾਲੇ ਹਿੰਸਕ ਝੜਪ ਵੀ ਹੋਈ, ਜਿਸ ਵਿਚ ਭਾਰਤ ਦੇ 20 ਜਵਾਨ ਸ਼ਹੀਦ ਹੋਏ ਸਨ। ਹੁਣ ਉੱਤਰਾਖੰਡ ਦੇ ਬਾਰਾਹੋਤੀ ਵਿਚ ਚੀਨੀ ਫੌਜੀਆਂ ਦੇ ਵੜਨ ਦੀ ਖ਼ਬਰ ਹੈ। ਚੀਨੀ ਫ਼ੌਜੀ 30 ਅਗਸਤ ਨੂੰ ਭਾਰਤ ਦੇ ਹਿੱਸੇ ਵਾਲੇ ਗ਼ੈਰ-ਫ਼ੌਜੀ ਖੇਤਰ ਬਾਰਾਹੋਤੀ ਵਿਚ ਵੜੇ ਸਨ। ਉਨਾਂ ਨੇ ਇਕ ਪੁਲ ਵੀ ਤੋੜ ਦਿੱਤਾ ਅਤੇ ਵਾਪਸ ਚਲੇ ਗਏ। ਧਿਆਨ ਰਹੇ ਉੱਤਰਾਖੰਡ ਵਿਚ ਭਾਰਤ ਦਾ ਨਿਪਾਲ ਦੇ ਨਾਲ ਸਰਹੱਦ ਵਿਵਾਦ ਚਲ ਰਿਹਾ ਹੈ ਅਤੇ ਨਿਪਾਲ ਨੇ ਕਾਲਾਪਾਣੀ ਦੇ ਇਲਾਕੇ ਵਿਚ ਭਾਰਤ ਦੇ ਕੰਟਰੋਲ ਵਾਲੇ ਹਿੱਸਿਆਂ 'ਤੇ ਕਬਜ਼ੇ ਦਾ ਦਾਅਵਾ ਕੀਤਾ ਹੈ। ਇਸੇ ਇਲਾਕੇ ਵਿਚ ਚੀਨ ਦੇ ਨਾਲ ਵੀ ਸਰਹੱਦ ਲਗਦੀ ਹੈ। ਇਸ ਤਰਾਂ ਲੱਗ ਰਿਹਾ ਹੈ ਕਿ ਭਾਰਤ ਅਤੇ ਨਿਪਾਲ ਵਿਚਾਲੇ ਵਿਵਾਦ ਦਾ ਫ਼ਾਇਦਾ ਚੀਨ ਲੈਣਾ ਚਾਹੁੰਦਾ ਹੈ। ਪੂਰਬੀ ਲੱਦਾਖ ਵਿਚ ਚੀਨੀ ਫ਼ੌਜੀਆਂ ਦੇ ਅੰਦਰ ਦਾਖ਼ਲ ਹੋਣ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਨਾ ਕੋਈ ਵੜਿਆ ਹੈ ਅਤੇ ਨਾ ਕੋਈ ਦਾਖ਼ਲ ਹੋਇਆ ਹੈ।

**ਮਾਮਲਾ ਰਣਜੀਤ ਕਤਲ ਕੇਸ ਦਾ**

# ਸੀਬੀਆਈ ਅਦਾਲਤ ਵੱਲੋਂ ਸੌਦਾ ਸਾਧ ਸਮੇਤ ਪੰਜ ਮੁਲਜ਼ਮ ਦੋਸ਼ੀ ਕਰਾਰ

**12 ਅਕਤੂਬਰ ਨੂੰ ਸਾਰੇ ਦੋਸ਼ੀਆਂ ਨੂੰ ਸੁਣਾਏਗੀ**

**ਪੰਚਕੂਲਾ/ਏ.ਟੀ.ਨਿਊਜ਼** : ਡੇਰਾ ਮੁਖੀ ਰਾਮ ਰਹੀਮ ਵਿਰੁੱਧ ਚੱਲ ਰਹੇ ਰਣਜੀਤ ਕਤਲ ਕੇਸ ਵਿੱਚ ਸੀਬੀਆਈ ਅਦਾਲਤ ਨੇ ਵੱਡਾ ਫੈਸਲਾ ਦਿੱਤਾ ਹੈ। ਸੀਬੀਆਈ ਅਦਾਲਤ ਨੇ ਰਾਮ ਰਹੀਮ ਨੂੰ ਰਣਜੀਤ ਕਤਲ ਕੇਸ ਵਿੱਚ ਦੋਸ਼ੀ ਕਰਾਰ ਦਿੱਤਾ ਹੈ। ਸੁਨਾਰੀਆ ਜੇਲ ਵਿੱਚ ਬੰਦ ਰਾਮ ਰਹੀਮ ਸਮੇਤ ਪੰਜ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ।



ਸੀਬੀਆਈ ਜੱਜ ਡਾਕਟਰ ਸੁਸ਼ੀਲ ਕੁਮਾਰ ਗਰਗ ਦੀ ਅਦਾਲਤ ਵਿੱਚ ਤਕਰੀਬਨ ਢਾਈ ਘੰਟਿਆਂ ਦੀ ਬਹਿਸ ਤੋਂ ਬਾਅਦ ਦੋਸ਼ੀਆਂ ਨੂੰ ਲੰਘੇ ਸ਼ੁੱਕਰਵਾਰ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਸੀਬੀਆਈ ਦੀ ਵਿਸ਼ੇਸ਼ ਅਦਾਲਤ 12 ਅਕਤੂਬਰ ਨੂੰ ਸਾਰੇ ਦੋਸ਼ੀਆਂ ਦੀ ਸਜ਼ਾ ਦਾ ਐਲਾਨ ਕਰੇਗੀ। ਜਾਣਕਾਰੀ ਅਨੁਸਾਰ ਰਾਮ ਰਹੀਮ, ਕ੍ਰਿਸ਼ਨਾ ਲਾਲ, ਸਬਦੀਲ, ਅਵਤਾਰ, ਜਸਬੀਰ ਨੂੰ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਹੈ, ਜਦੋਂ ਕਿ ਇੱਕ ਹੋਰ ਦੋਸ਼ੀ ਇੰਦਰਸੈਨ ਦੀ ਮੌਤ ਹੋ ਚੁੱਕੀ ਹੈ। ਲੰਘੇ ਸ਼ੁੱਕਰਵਾਰ ਨੂੰ ਮੁਲਜ਼ਮ ਡੇਰਾਮੁਖੀ ਗੁਰਮੀਤ ਰਾਮ ਰਹੀਮ ਅਤੇ ਕ੍ਰਿਸ਼ਨਾ ਕੁਮਾਰ ਵੀਡੀਓ ਕਾਨਫਰੰਸਿੰਗ ਰਾਹੀਂ ਮਾਮਲੇ ਵਿੱਚ ਪੇਸ਼ ਹੋਏ। ਇਸ ਦੇ ਨਾਲ ਹੀ ਮੁਲਜ਼ਮ ਅਵਤਾਰ, ਜਸਵੀਰ ਅਤੇ ਸਬਦੀਲ ਸਿੱਧਾ ਅਦਾਲਤ ਵਿੱਚ ਪੇਸ਼ ਹੋਏ। ਇਸ ਤੋਂ ਪਹਿਲਾਂ ਅਦਾਲਤ ਨੇ 26 ਅਗਸਤ ਨੂੰ ਇਸ ਮਾਮਲੇ ਵਿੱਚ ਆਪਣਾ ਫੈਸਲਾ ਸੁਣਾਉਣਾ ਸੀ। 19 ਸਾਲ ਪੁਰਾਣੇ ਇਸ ਮਾਮਲੇ ਵਿੱਚ ਫਾਈਨਲ 12 ਅਗਸਤ ਨੂੰ ਹੋਇਆ ਸੀ।

**ਕੀ ਹੈ ਪੂਰਾ ਮਾਮਲਾ**

ਰਣਜੀਤ ਸਿੰਘ ਦੀ 2002 ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਸਿਰਸਾ ਡੇਰਾ ਮੁਖੀ ਰਾਮ ਰਹੀਮ ਨੂੰ ਇਸ ਮਾਮਲੇ ਵਿੱਚ ਚਾਰਜ ਬਣਾਇਆ ਗਿਆ ਸੀ। ਅਦਾਲਤ ਵਿੱਚ ਸੁਣਵਾਈ ਕਈ ਵਾਰ ਮੁਲਤਵੀ ਹੋਈ। ਰਣਜੀਤ ਸਿੰਘ ਡੇਰੇ ਦਾ ਮੁੱਖ ਪ੍ਰਬੰਧਕ ਸੀ। ਸੀਬੀਆਈ ਨੇ 2003 ਵਿੱਚ ਦੋਸ਼ੀਆਂ ਵਿਰੁੱਧ ਕੇਸ ਦਰਜ ਕੀਤਾ ਸੀ ਅਤੇ 2007 ਵਿੱਚ ਅਦਾਲਤ ਨੇ ਦੋਸ਼ ਤੈਅ ਕੀਤੇ ਸਨ। ਦੱਸ ਦਈਏ ਕਿ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਗੁਰਮੀਤ ਰਾਮ ਰਹੀਮ ਨੂੰ ਪਹਿਲਾਂ ਹੀ 20 ਸਾਲ ਦੀ ਸਜ਼ਾ ਹੋ ਚੁੱਕੀ ਹੈ ਅਤੇ ਉਹ ਪੱਤਰਕਾਰ ਰਾਮਚੰਦਰ ਛਤਰਪਤੀ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।

# ਸਿੱਖ ਇਤਿਹਾਸ ਸਬੰਧੀ ਪਹਿਲੀ ਕੌਮਾਂਤਰੀ ਕਾਨ.ਫਰੰਸ ਤਖਤ ਦਮਦਮਾ ਵਿਖੇ ਹੋਈ

## ਸਿੱਖ ਇਤਿਹਾਸ ਦੇ ਮੁੱਢਲੇ ਸਰੋਤਾਂ ਨੂੰ ਸੰਭਾਲਣ ਤੇ ਹਾਲਾਤ ਦੇ ਟਾਕਰੇ ਲਈ ਇਕਜੁੱਟ ਹੋਣਾ ਜ਼ਰੂਰੀ : ਜਥੇਦਾਰ ਅਕਾਲ ਤਖ਼ਤ

**ਤਲਵੰਡੀ ਸਾਬੋ/ਏ.ਟੀ.ਨਿਊਜ਼ :** ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਅਤੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਸਿੱਖ ਇਤਿਹਾਸ ਸਬੰਧੀ ਪਹਿਲੀ ਕੌਮਾਂਤਰੀ ਕਾਨਫਰੰਸ ਸਥਾਨਕ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਵਿੱਚ ਹੋਈ, ਜਿਸ ਵਿੱਚ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਸਣੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵਿਦਵਾਨਾਂ ਨੇ ਹਾਜ਼ਰੀ ਭਰੀ।

ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਪੰਥ ਦੇ ਵਿਦਵਾਨਾਂ ਨੂੰ ਇਕੱਤਰ ਕਰਨ ਦਾ ਯਤਨ ਕੀਤਾ ਗਿਆ ਹੈ। ਉਨਾਂ ਕਿਹਾ ਕਿ ਇਹ ਇਤਿਹਾਸਕ ਕਾਨਫਰੰਸ ਸਿੱਖ ਇਤਿਹਾਸ ਤੇ ਇਤਿਹਾਸਕਾਰੀ ਪ੍ਰਤੀ ਬੌਧਿਕ ਉਦਾਸੀਨਤਾ ਨੂੰ ਦੂਰ ਕਰਨ ਦੇ ਨਾਲ ਪੁਰਾਣੀ ਅਤੇ ਨਵੀਂ ਪੀੜੀ ਦੇ ਇਤਿਹਾਸਕਾਰਾਂ ਤੇ ਖੋਜਾਰਥੀਆਂ ਨੂੰ ਉਤਸ਼ਾਹਿਤ ਕਰੇਗੀ। ਉਨਾਂ ਸਿੱਖ ਇਤਿਹਾਸ ਦੇ ਮੁੱਢਲੇ ਸਰੋਤਾਂ ਨੂੰ ਸੰਭਾਲਣ ਤੇ ਹਾਲਾਤ ਦੇ ਟਾਕਰੇ ਲਈ ਇਕਜੁੱਟ ਹੋਣ ਦੀ ਲੋੜ ਉੱਤੇ ਜ਼ੋਰ ਦਿੱਤਾ। ਉਨਾਂ ਇਹ ਵੀ ਕਿਹਾ ਕਿ ਕੁਝ ਸ਼ਕਤੀਆਂ ਵਲੋਂ ਸਿੱਖ ਪੰਥ ਦੇ ਬਹੁਤ ਸਾਰੇ ਮੂਲ ਇਤਿਹਾਸਕ ਸਰੋਤਾਂ ਬਾਰੇ ਗਲਤ ਪ੍ਰਚਾਰ ਕਰਕੇ ਸਿੱਖਾਂ ਦੀ ਸ਼ਰਧਾ ਨੂੰ ਸੱਟ ਮਾਰਨ ਦਾ ਯਤਨ ਕੀਤਾ ਜਾ ਰਿਹਾ ਹੈ, ਜਿਸ ਦੀ ਪਛਾਣ ਕਰਨਾ ਬਹੁਤ ਜ਼ਰੂਰੀ ਹੈ। ਉਨਾਂ ਕਿਹਾ ਕਿ ਕਿਸੇ ਕੌਮ ਤੇ ਫ਼ਲਸਫ਼ੇ ਨੂੰ ਅੱਜ ਤੋਪਾਂ, ਟੈਂਕਾਂ ਨਾਲ ਖ਼ਤਮ ਨਹੀਂ ਕੀਤਾ ਜਾਂਦਾ ਬਲਕਿ ਉਸ ਕੌਮ ਦੇ ਇਤਿਹਾਸਕਾਰਾਂ ਤੇ ਵਿਦਵਾਨਾਂ ਨੂੰ ਖ਼ਤਮ ਕੀਤਾ ਜਾਂਦਾ ਹੈ । ਉਨਾਂ ਸਿੱਖਾਂ ਦੇ ਮੁੱਢਲੇ ਇਤਿਹਾਸਕ ਸਰੋਤਾਂ ਨੂੰ ਮੌਲਿਕ ਰੂਪ 'ਚ ਸੁਰੱਖਿਅਤ ਰੱਖਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਆਖਿਆ ਕਿ ਅੱਜ ਸਮੇਂ ਮੁਤਾਬਿਕ ਆਪਣੇ ਸਰੋਤਾਂ ਨੂੰ ਡਿਜੀਟਲ ਕਰਨਾ ਸਭ ਤੋਂ ਤਰਜੀਹੀ ਕਾਰਜ ਹੈ । ਉਨਾਂ ਕਿਹਾ ਕਿ ਬੇਸ਼ੱਕ ਸਾਡੇ ਇਤਿਹਾਸਕ ਸਰੋਤਾਂ 'ਚ ਕੁਝ ਗੱਲਾਂ ਸਿਧਾਂਤ ਨਾਲ ਮੇਲ ਨਹੀਂ ਖਾਂਦੀਆਂ, ਪਰ ਉਨਾਂ ਲਿਖਤਾਂ ਦੀ ਮੌਲਿਕਤਾ ਬਹਾਲ ਰੱਖਣ ਲਈ ਉਨਾਂ ਗੈਰ-ਸਿਧਾਂਤਕ ਗੱਲਾਂ ਨੂੰ ਬਾਹਰ ਕੱਢਣ ਦੀ ਬਜਾਏ ਸੰਵਾਦ ਰਾਹੀਂ ਉਨਾਂ ਦੇ ਖੰਡਨ ਦੀ ਰੀਤ ਪ੍ਰਫੁਲਿਤ ਕਰਨ ਦੀ ਲੋੜ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਵਿਦਵਾਨਾਂ ਦਾ ਜੁੜ ਬੈਠਣਾ ਕੌਮ ਲਈ ਲਾਹੇਵੰਦ ਸਾਬਿਤ ਹੋਵੇਗਾ। ਉਨਾਂ ਕਿਹਾ ਕਿ ਸਿੱਖ ਧਰਮ ਦਾ ਭਵਿੱਖ ਇਤਿਹਾਸ ਦੀ ਮੌਲਿਕਤਾ ਵਿੱਚੋਂ ਪ੍ਰਗਟ ਹੋਣਾ ਹੈ ਜਿਸ ਦੀ ਸੁਰੱਖਿਆ ਕਰਨਾ ਸ਼੍ਰੋਮਣੀ ਕਮੇਟੀ ਦਾ ਮੁੱਢਲਾ ਫ਼ਰਜ਼ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਜਲਦੀ ਹੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ, ਅੰਮ੍ਰਿਤਸਰ ਵਿਖੇ ਸਿੱਖ ਮਿਸ਼ਨਰੀ ਕਾਨਫਰੰਸ ਕਰਵਾਏਗੀ ਜਿਸ ਵਿੱਚ ਸਮੂਹ ਸਿੱਖ ਮਿਸ਼ਨਰੀ ਕਾਲਜ ਤੇ ਵੱਖ-ਵੱਖ ਸੰਸਥਾਵਾਂ ਨੂੰ ਸੱਦਾ ਦਿੱਤਾ ਜਾਵੇਗਾ। ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਅੰਨੀ ਸ਼ਰਧਾ ਵਿਚ ਪੁਰਾਤਨ ਸਰੋਤਾਂ ਦਾ ਅਧਿਐਨ ਨਹੀਂ ਕਰਨਾ ਚਾਹੀਦਾ। ਰਤਨ ਸਿੰਘ ਭੰਗੂ ਬਾਰੇ ਸਾਡੇ ਵਿਦਵਾਨਾਂ ਨੇ ਬਹੁਤ ਗੁਣਗਾਇਨ ਕੀਤਾ। ਸਿੱਖ ਵਿਰੋਧੀ ਸਾਖੀ ਭਾਈ ਬਾਲੇ ਵਾਲੀ ਦਾ ਗੁਣ ਗਾਨ ਕੀਤਾ ਗਿਆ।ਅਨੁਰਾਗ ਸਿੰਘ ਨੇ ਭਾਈ ਬਾਲੇ ਦੀ ਸਾਖੀ ਨੂੰ ਸਿਖ ਸਰੋਤ ਦਸਕੇ ਗੁਰੂ ਨਾਨਕ ਸਾਹਿਬ ਦਾ ਅਪਮਾਨ ਕੀਤਾ ਹੈ। ਪੁਰਾਤਨ ਜਨਮ ਸਾਖੀ ਨੂੰ ਗਲਤ ਠਹਿਰਾ ਕੇ ਰੱਦ ਕੀਤਾ ਹੈ। ਤੁਸੀਂ ਮੇਰੀ ਪੁਸਤਕ ਗੁਰੂ ਨਾਨਕ ਦਾ ਧਰਮ ਯੁਧ ਪੜੋ ਤੁਹਾਨੂੰ ਭਾਈ ਬਾਲੇ ਬਾਰੇ ਪੱਚੀ ਪੇਜ ਦਾ ਆਰਟੀਕਲ ਮਿਲ ਜਾਵੇਗਾ ਸਰੋਤਾਂ ਸਮੇਤ। ਤੁਹਾਨੂੰ ਪਤਾ ਲਗੇਗਾ ਭਾਈ ਬਾਲੇ ਦੀ ਸਾਖੀ ਦਾ ਸਚ ਕੀ ਹੈ। ਗੁਰੂ ਗ੍ਰੰਥ ਸਾਹਿਬ ਸੁਪਰੀਮ ਹੈ ਉਸ ਉਪਰ ਉਂਗਲ ਤੱਕ ਨਹੀਂ ਚੁਕੀ ਜਾ ਸਕਦੀ।ਪਰ ਇਤਿਹਾਸਕ ਸਰੋਤਾਂ ਬਾਰੇ ਗੁਰੂ ਗਰੰਥ ਸਾਹਿਬ ਵਾਲੀ ਨੀਤੀ ਅਪਨਾਈ ਨਹੀਂ ਜਾ ਸਕਦੀ।ਇਤਿਹਾਸਕ ਸਰੋਤਾਂ ਬਾਰੇ ਹੰਸ ਅਰਥਾਤ ਗੁਰਮੁਖਿ ਬਿਰਤੀ ਅਪਨਾਉਣ ਦੀ ਲੋੜ ਹੈ। ਇਤਿਹਾਸ ਦੇ ਮੋਤੀ ਚੁਣਨ ਦੀ ਲੋੜ ਹੈ।ਪੁਰਾਤਨ ਸਰੋਤ ਰਦ ਨਹੀਂ ਕੀਤੇ ਜਾ ਸਕਦੇ। ਚੰਗਾ ਬਹੁਤ ਪਿਆ ਹੈ। ਜੇ ਤੁਸੀਂ ਰਤਨ ਸਿੰਘ ਭੰਗੂ ਦਾ ਇਤਿਹਾਸ ਵਾਚਨਾ ਹੋਵੇ ਉਸਨੇ ਅਠਾਰਵੀਂ ਸਦੀ ਦਾ ਇਤਿਹਾਸ ਬਹੁਤ ਖੂਬਸੂਰਤ ਉਲੀਕਿਆ ਹੈ। ਇਹ ਸੁਨਹਿਰੀ ਅੱਖਰਾਂ ਵਿਚ ਸਿਰਜਿਆ ਹੈ।ਜੇ ਬਾਬਾ ਬੰਦਾ ਸਿੰਘ ਬਹਾਦਰ ਪੜਨਾ ਹੋਵੇ ਰਤਨ ਸਿੰਘ ਭੰਗੂ ਨੇ ਬਾਬਾ ਜੀ ਨੂੰ ਖਲਨਾਇਕ ਸਿਰਜਿਆ ਹੈ। ਗਿਆਨੀ ਗਿਆਨ ਸਿੰਘ, ਸੂਰਜ ਪ੍ਰਕਾਸ਼ ਗ੍ਰੰਥ ਨੇ ਬਾਬਾ ਬੰਦਾ ਸਿੰਘ ਨਾਲ ਘਟ ਨਹੀਂ ਕੀਤੀ। ਇਨਾਂ ਕਾਰਨਾਂ ਕਰਕੇ ਹੀ ਕੁਝ ਸਿੱਖਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਖਲਨਾਇਕ ਹੈ। ਖਾਲਸ ਪੰਥ ਦੇ ਇਤਿਹਾਸ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਗੁਰੂ ਇਤਿਹਾਸ ਤੇ ਸਿੱਖ ਇਤਿਹਾਸ। ਬਾਬਾ ਬੰਦਾ ਸਿੰਘ ਬਹਾਦਰ ਗੁਰ ਇਤਿਹਾਸ ਵਿਚ ਆਉਂਦਾ ਹੈ, ਕਿਉਂਕਿ ਉਹ ਗੁਰੂ ਬਖਸ਼ਿਸ਼ ਵਿਚੋਂ ਸਜਿਆ ਹੈ। ਗੁਰੂ ਦੇ ਬਚਨ ਹਲੇਮੀ ਰਾਜ, ਬੇਗਮਪੁਰਾ ਉਸਨੇ ਇਸ ਧਰਤੀ ਉਪਰ ਖਾਲਸਾ ਰਾਜ ਸਿਰਜ ਕੇ ਪੂਰੇ ਕੀਤੇ ਹਨ। ਬਾਬਾ ਬੰਦਾ ਸਿੰਘ ਵੀਹ ਲੱਖ ਮੁਗਲ ਫੌਜ ਤੋਂ ਨਹੀਂ ਘਬਰਾਇਆ, ਪਰ ਵੀਹ ਲੱਖ ਫੌਜ ਪੰਜਾਬ ਉਪਰ ਚਾੜਨ ਵਾਲਾ ਬਹਾਦਰ ਸ਼ਾਹ ਲਾਹੌਰ ਵਿਚ ਬਾਬਾ ਬੰਦਾ ਸਿੰਘ ਦੀ ਦਹਿਸ਼ਤ ਕਾਰਨ ਪਾਗਲ ਹੋ ਕੇ ਮਰ ਗਿਆ। ਦੂਸਰਾ ਬਹਾਦਰ ਸ਼ਾਹ ਦਾ ਪੁੱਤਰ ਸਿੰਘਾਂ ਨੇ ਮਾਰ ਛਡਿਆ। ਜਿਨਾਂ ਇਹ ਮਾਣ ਮਤਾ ਇਤਿਹਾਸ ਹੈ ਉਸੇ ਵਿਚੋਂ ਅਠਾਰਵੀਂ ਸਦੀ ਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਇਤਿਹਾਸ ਪੈਦਾ ਹੋਇਆ ਹੈ। ਜੇ ਗੁਰੂ ਦੇ ਬੰਦੇ ਦੇ ਅਸੀਂ ਵਾਰਸ ਨਹੀਂ ਤਾਂ ਸਿੱਖਾਂ ਪੱਲੇ ਹੈ ਕੀ ? ਜੇ ਖਾਲਸਾ ਰਾਜ ਨਹੀਂ ਤਾਂ ਤੁਸੀਂ ਘਸਿਆਰੇ ਹੋ। ਬਾਬਾ ਬੰਦਾ ਸਿੰਘ ਬਹਾਦਰ ਉਪਰ ਉਂਗਲ ਨਹੀਂ ਚੁਕੀ ਜਾ ਸਕਦੀ। ਜੇ ਅਸੀਂ ਇਤਿਹਾਸ ਰੱਦ ਕਰਦੇ ਹਾਂ ਤਾਂ ਅਰਦਾਸ ਕਿਉਂ ਕਰਦੇ ਹਾਂ, ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ। ਬਾਬਾ ਬੰਦਾ ਸਿੰਘ ਮਹਾਨ ਜਰਨੈਲ ਹਨ, ਜਿਨਾਂ ਸਿੱਖਾਂ ਨੂੰ ਰਾਜ ਕਰਨ ਦੀ ਜਾਚ ਸਿਖਾਈ। ਸਿੱਖ ਸਰੋਤਾਂ ਨਾਲੋਂ ਮੁਗਲੀਆ ਸਰੋਤ ਕਿਤੇ ਵਧੀਆ ਹਨ, ਜਿਨਾਂ ਗਾਲਨੁਮਾ ਭਾਸ਼ਾ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖਸੀਅਤ ਉਸਾਰੀ। ਕੋਈ ਵੀ ਮੁਗਲ ਯੋਧਾ ਉਸ ਨਾਲ ਲੜਨ ਲਈ ਤਿਆਰ ਨਹੀਂ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਏਨੀ ਦਹਿਸ਼ਤ ਸੀ। ਪੁਰਾਤਨ ਸਿੱਖ ਸਰੋਤਾਂ ਨੇ ਸਾਡਾ ਬਾਬਾ ਬੰਦਾ ਸਿੰਘ ਬਹਾਦਰ ਰੋਲਿਆ। ਜਥੇਦਾਰ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਗੁਰੂ ਬਖਸ਼ਿਸ਼ ਬਾਬਾ ਬੰਦਾ ਸਿੰਘ ਬਹਾਦਰ ਨੂੰ ਚਮਕਾਉਣ ਦੀ ਲੋੜ ਹੈ। ਕਾਨਫ਼ਰੰਸ 'ਚ ਅਸ਼ੋਕ ਸਿੰਘ ਬਾਗੜੀਆ, ਪ੍ਰੋ. ਸੁਖਦਿਆਲ ਸਿੰਘ, ਪ੍ਰੋਫੈਸਰ ਬਲਵਿੰਦਰ ਪਾਲ ਸਿੰਘ, ਡਾਕਟਰ ਪਰਮਜੀਤ ਸਿੰਘ ਮਾਨਸਾ, ਬਾਬਾ ਦਰਸ਼ਨ ਸਿੰਘ ਢਕੀ ਵਾਲੇ ਤੇ ਚੇਤੰਨ ਸਿੰਘ, ਜਗਮੋਹਨ ਸਿੰਘ ਕਲਕੱਤਾ, ਡਾਕਟਰ ਜਸਬੀਰ ਕੌਰ, ਡਾ. ਪਰਮਵੀਰ ਸਿੰਘ, ਡਾ. ਗੁਰਸ਼ਰਨ ਸਿੰਘ, ਡਾ. ਰਜਿੰਦਰ ਕੌਰ, ਡਾ. ਪਰਮਜੀਤ ਸਿੰਘ ਮਾਨਸਾ, ਡਾ. ਜਸਬੀਰ ਸਿੰਘ ਸਰਨਾ, ਡਾ. ਆਸਾ ਸਿੰਘ ਨਡਾਲਾ, ਅਨੁਰਾਗ ਸਿੰਘ, ਸਈਅਦ ਸਿਮਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਗੁਰਚਰਨ ਸਿੰਘ ਗਰੇਵਾਲ, ਜਗਸੀਰ ਸਿੰਘ ਮਾਂਗੇਆਣਾ, ਸੁਰਜੀਤ ਸਿੰਘ ਰਾਏਪੁਰ, ਬੀਬੀ ਜੋਗਿੰਦਰ ਕੌਰ ਚਾਰੇ ਮੈਂਬਰ ਸ਼੍ਰੋਮਣੀ ਕਮੇਟੀ, ਗਿਆਨੀ ਕੌਰ ਸਿੰਘ ਕੋਠਾ ਗੁਰੂ, ,ਵਰਿੰਦਰ ਸਿੰਘ, ਨਿਸ਼ਾਨ ਸਿੰਘ ਆਸਟ੍ਰੇਲੀਆ, ਬਾਬਾ ਤੇਜਾ ਸਿੰਘ ਐਮ.ਏ., ਬਾਬਾ ਕਾਕਾ ਸਿੰਘ ਮੁਖੀ ਬੁੰਗਾ ਮਸਤੂਆਣਾ, ਤਲਵਿੰਦਰ ਸਿੰਘ ਬੁੱਟਰ, ਪ੍ਰਿੰਸੀਪਲ ਰਮ ਸਿੰਘ, ਪ੍ਰਿੰਸੀਪਲ ਪ੍ਰਭਜੋਤ ਕੌਰ, ਗੁਰਮੀਤ ਸਿੰਘ ਆਨਰੇਰੀ ਸਕੱਤਰ, ਸਤਿੰਦਰ ਸਿੰਘ, ਅਮਰਿੰਦਰ ਸਿੰਘ, ਡਾ. ਭਗਵਾਨ ਸਿੰਘ,ਬਾਬਾ ਤੇਜਾ ਸਿੰਘ ਐਮ.ਏ. ਨਿਰਮਲੇ ਸੰਪ੍ਰਦਾਏ, ਪ੍ਰੋ. ਜਸਵੰਤ ਸਿੰਘ, ਸਤਿੰਦਰ ਸਿੰਘ, ਹਰਪ੍ਰੀਤ ਸਿੰਘ, ਕਰਮਜੀਤ ਸਿੰਘ ਜਲੰਧਰ , ਜੋਗੇਸ਼ਵਰ ਸਿੰਘ ਇੰਚਾਰਜ ਸਿੱਖ ਇਤਿਹਾਸ ਰੀਸਰਚ ਬੋਰਡ, ਮੈਨੇਜਰ. ਪਰਮਜੀਤ ਸਿੰਘ ਆਦਿ ਮੌਜੂਦ ਸਨ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੈਨੇਜਰ ਭਾਈ ਪਰਮਜੀਤ ਸਿੰਘ, ਧਰਮ ਪ੍ਰਚਾਰ ਇੰਚਾਰਜ ਭੋਲਾ ਸਿੰਘ, ਪ੍ਰਿੰ. ਰਵਿੰਦਰ ਸਿੰਘ ਖ਼ਾਲਸਾ, ਸਰਬਜੀਤ ਸਿੰਘ ਢੋਟੀਆਂ, ਗੁਰਬੀਰ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ। ਇਸ ਦੇ ਨਾਲ ਹੀ ਪਿਸ਼ੌਰਾ ਸਿੰਘ ਯੂ.ਐਸ.ਏ. ਤੇ ਗੁਰਿੰਦਰ ਸਿੰਘ ਮਾਨ ਇੰਗਲੈਂਡ ਨੇ ਵੀਡੀਓ ਰਾਹੀਂ ਕਾਨਫ਼ਰੰਸ ਨਾਲ ਜੁੜਦਿਆਂ ਆਪਣੇ ਪਰਚੇ ਪੜੇ। ਕਾਨਫ਼ਰੰਸ ਦੌਰਾਨ ਸਟੇਜ ਦੀ ਕਾਰਵਾਈ ਸਰਬਜੀਤ ਸਿੰਘ ਸੋਹਲ ਵਲੋਂ ਸੰਭਾਲੀ ਗਈ।











# ਦਿੱਲੀ ਗੁਰਦੁਆਰਾ ਕਮੇਟੀ ਦੇ ਕਾਰਜਕਾਰੀ ਬੋਰਡ ਦਾ ਗਠਨ ਅਣਮਿੱਥੇ ਸਮੇਂ ਲਈ ਮੁਲਤਵੀ

## 2 ਦਰਜਨ ਚੋਣ ਪਟੀਸ਼ਨਾਂ 'ਤੇ 5 ਪ੍ਰਧਾਨਾਂ ਦੀਆਂ ਪਰਚੀਆਂ ਨੇ ਨਵਾਂ ਇਤਿਹਾਸ ਸਿਰਜਿਆ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਮ ਚੋਣਾਂ ਤੋਂ ਉਪਰੰਤ ਵੱਖ-ਵੱਖ ਧਿਰਾਂ ਵਲੋਂ ਅਦਾਲਤਾਂ ਵਿਚ ਤਕਰੀਬਨ 2 ਦਰਜਨ ਪਟੀਸ਼ਨਾਂ ਦਾਖਿਲ ਕਰਨ ਦੇ ਚਲਦੇ ਦਿੱਲੀ ਕਮੇਟੀ ਦੇ ਕਾਰਜਕਾਰੀ ਬੋਰਡ ਦਾ ਗਠਨ ਅਣਮਿੱਥੇ ਸਮੇਂ ਲਈ ਟੱਲ ਗਿਆ ਹੈ। ਇਸ ਸਬੰਧ 'ਚ ਜਾਣਕਾਰੀ ਦਿੰਦਿਆਂ ਦਿੱਲੀ ਗੁਰਦੁਆਰਾ ਮਾਮਲਿਆਂ ਦੇ ਜਾਣਕਾਰ ਇੰਦਰ ਮੋਹਨ ਸਿੰਘ ਨੇ ਦਸਿਆ ਕਿ ਗੁਰਦੁਆਰਾ ਨਿਯਮਾਂ ਮੁਤਾਬਿਕ ਆਮ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਇਕ ਮਹੀਨੇ ਦੇ ਅੰਦਰ ਕਮੇਟੀ ਦਾ ਗਠਨ ਕਰਨਾ ਲਾਜਮੀ ਹੁੰਦਾ ਹੈ, ਪ੍ਰੰਤੂ ਬੀਤੇ 25 ਅਗਸਤ 2021 ਨੂੰ ਚੋਣ ਨਤੀਜੇ ਐਲਾਨਣ ਤੋਂ ਇਕ ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਵੀ ਹੁੱਣ ਤਕ ਕਮੇਟੀ ਦੇ ਕਾਰਜਕਾਰੀ ਬੋਰਡ ਦੀ ਚੋਣਾਂ ਲਈ



*ਇੰਦਰ ਮੋਹਨ ਸਿੰਘ*

ਤਾਰੀਖ ਨਿਰਧਾਰਤ ਨਹੀ ਕੀਤੀ ਜਾ ਸਕੀ ਹੈ। ਉਨਾਂ ਦਸਿਆ ਕਿ ਚੋਣ ਡਾਇਰੈਕਟਰ ਵਲੋਂ 2 ਮੀਟਿੰਗਾਂ ਸਦੱਣ ਤੋਂ ਬਾਅਦ ਵੀ ਕੋ-ਆਪਸ਼ਨ ਦੀ ਪ੍ਰਕਿਆ ਨੂੰ ਪੂਰਾ ਨਹੀ ਕੀਤਾ ਜਾ ਸਕਿਆ ਹੈ, ਕਿਉਂਕਿ ਇਕ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਾਮਜਦ ਕੀਤੇ ਮੈਂਬਰ ਮਨਜਿੰਦਰ ਸਿੰਘ ਸਿਰਸਾ ਦੀ ਯੋਗਤਾ ਦਾ ਮਾਮਲਾ ਕਾਨੂੰਨੀ ਪੇਚਾਂ 'ਚ ਫਸਿਆ ਹੋਇਆ ਹੈ ਉਥੇ ਹੀ ਦੂਜੇ ਪਾਸੇ ਦਿੱਲੀ ਦੇ ਸਿੰਘ ਸਭਾ ਗੁਰਦੁਆਰਿਆਂ ਦੇ 2 ਪ੍ਰਧਾਨਾਂ ਦੀ ਨਾਮਜਦਗੀ ਦਾ ਵੀ ਚੋਣ ਵਿਭਾਗ ਵਲੋਂ ਹੁਣ ਤਕ ਕੋਈ ਫੈਸਲਾ ਨਹੀਂ ਕੀਤਾ ਗਿਆ ਹੈ, ਜਦਕਿ ਬੀਤੇ 24 ਸਤੰਬਰ 2021 ਨੂੰ ਇਸ ਸਬੰਧ ਵਿਚ 5 ਪ੍ਰਧਾਨਾਂ ਦੀ ਲਾਟਰੀ ਕੱਢੀ ਗਈ ਸੀ। ਉਨਾਂ ਦਸਿਆ ਕਿ ਸਰਕਾਰ ਦੀ ਇਸ ਕਾਰਗੁਜਾਰੀ ਨਾਲ ਗੁਰਦੁਆਰਾ ਚੋਣ ਵਿਭਾਗ ਦੀ ਭੂਮਿਕਾ ਸ਼ੱਕ ਦੇ ਘੇਰੇ 'ਚ ਹੈ।

# ਬਰਗਾੜੀ ਕਾਂਡ ਮਾਮਲੇ ਵਿਚ ਕੈਪਟਨ 10 ਨਵੰਬਰ ਨੂੰ ਅਕਾਲ ਤਖ਼ਤ 'ਤੇ ਮੁੜ ਤਲਬ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਬਰਗਾੜੀ ਮੋਰਚੇ ਸਬੰਧੀ ਵਾਅਦਾਖ਼ਿਲਾਫ਼ੀ ਦੇ ਦੋਸ਼ ਹੇਠ ਸੂਬੇ ਦੀ ਕਾਂਗਰਸ ਸਰਕਾਰ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਪੰਜ ਏਲਚੀਆਂ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 10 ਨਵੰਬਰ ਨੂੰ ਅਕਾਲ ਤਖ਼ਤ ਵਿਖੇ ਸਪੱਸ਼ਟੀਕਰਨ ਦੇਣ ਲਈ ਤਲਬ ਕੀਤਾ ਹੈ। ਬਰਗਾੜੀ ਮਾਮਲੇ ਸਬੰਧੀ ਕੈਪਟਨ ਅਮਰਿੰਦਰ ਸਿੰਘ ਸਪੱਸ਼ਟੀਕਰਨ ਦੇਣ ਲਈ ਹਾਜ਼ਰ ਨਹੀਂ ਹੋਏ।

ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਸਮੇਤ ਪੰਜ ਪਿਆਰਿਆਂ ਬਾਬਾ ਨਛੱਤਰ ਸਿੰਘ, ਬਾਬਾ ਹਿੰਮਤ ਸਿੰਘ, ਬਾਬਾ ਹਰਬੰਸ ਸਿੰਘ, ਭਾਈ ਅਮਰਜੀਤ ਸਿੰਘ ਨੇ ਅਕਾਲ ਤਖ਼ਤ ਵਿਖੇ ਨਤਮਸਤਕ ਹੋਣ ਮਗਰੋਂ ਇਥੇ ਸਕੱਤਰੇਤ ਦੇ ਬਾਹਰ ਇਸ ਕਾਰਵਾਈ ਦਾ ਖੁਲਾਸਾ ਕੀਤਾ। ਉਨਾਂ ਦੱਸਿਆ ਕਿ ਭਾਵੇਂ ਉਹ ਹੁਣ ਮੁੱਖ ਮੰਤਰੀ ਨਹੀਂ ਹਨ ਪਰ ਉਨਾਂ ਦਾ ਇਸ ਮਾਮਲੇ ਵਿੱਚ ਸਪੱਸ਼ਟੀਕਰਨ ਜ਼ਰੂਰੀ ਹੈ। ਵਾਅਦਾਖ਼ਿਲਾਫ਼ੀ ਸਬੰਧੀ ਮਾਮਲਾ ਕੈਪਟਨ ਨਾਲ ਜੁੜਿਆ ਹੋਇਆ ਹੈ।

# ਪਟਿਆਲਾ ਨੇੜੇ ਗੁਰਦੁਆਰੇ ਵਿੱਚ ਬੇਅਦਬੀ ਦੀ ਕੋਸ਼ਿਸ਼, ਕੇਸ ਦਰਜ

**ਪਟਿਆਲਾ/ਏ.ਟੀ.ਨਿਊਜ਼ :** ਪਟਿਆਲਾ ਨੇੜਲੇ ਇੱਕ ਪਿੰਡ ਵਿਚਲੇ ਗੁਰਦੁਆਰੇ 'ਚ ਕਿਸੇ ਸ਼ਰਾਰਤੀ ਅਨਸਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਕਥਿਤ ਰੂਪ ਵਿਚ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਘਟਨਾ ਅੱਜ ਤੜਕਸਾਰ ਦੀ ਹੈ। ਨੰਗੇ ਸਿਰ ਅਤੇ ਪੈਰਾਂ ਵਿਚ ਚੱਪਲਾਂ ਪਾ ਕੇ ਇੱਕ ਸ਼ਖ਼ਸ ਨਾ ਸਿਰਫ਼ ਗੁਰਦੁਆਰਾ ਸਾਹਿਬ ਕੰਪਲੈਕਸ, ਬਲਕਿ ਦਰਬਾਰ ਸਾਹਿਬ ਅੰਦਰ ਹੀ ਦਾਖ਼ਲ ਹੋ ਗਿਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਬੈਠ ਗਿਆ ਤੇ ਗੁਰੂ ਗ੍ਰੰਥ ਸਾਹਿਬ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਵੀ ਕੀਤੀ। ਗ੍ਰੰਥੀ ਸਿੰਘ ਨੇ ਉਸ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਸ੍ਰੀ ਸਾਹਿਬ ਚੁੱਕ ਲਈ ਅਤੇ ਉਸ ਦੇ ਸਹਾਰੇ ਹੀ ਉਥੋਂ ਫਰਾਰ ਵੀ ਹੋ ਗਿਆ। ਇਸ ਸਬੰਧੀ ਥਾਣਾ ਭਾਦਸੋਂ ਦੇ ਐਸਐਚਓ ਇੰਸਪੈਕਟਰ ਸੁਖਦੇਵ ਸਿੰਘ ਨੇ ਕਿਹਾ ਕਿ ਇਸ ਮਾਮਲੇ 'ਚ ਜਗਦੀਪ ਸਿੰਘ ਨਾਂ ਦੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਘਟਨਾਵਾਂ ਸਾਜਿਸ਼ ਤਹਿਤ ਕੀਤੀਆਂ ਜਾ ਰਹੀਆਂ ਹਨ ਜੋ ਸਿੱਖਾਂ ਉਪਰ ਮਨੋਵਿਗਿਆਨਕ ਹਮਲਾ ਹਨ। ਸਰਕਾਰ ਇਨਾਂ ਘਟਨਾਵਾਂ ਪ੍ਰਤੀ ਅਣਗਹਿਲੀ ਵਰਤ ਰਹੀ ਹੈ।

# ਲਖੀਮਪੁਰ ਘਟਨਾ ਦੀ ਜਾਂਚ ਲਈ ਐਸ.ਆਈ.ਟੀ. ਬਣਾਈ

## ਤਿੰਨ ਕਿਸਾਨਾਂ ਦਾ ਸਸਕਾਰ ਗੁਰਵਿੰਦਰ ਸਿੰਘ ਦੇ ਪਰਿਵਾਰ ਨੇ ਕੀਤਾ ਇਨਕਾਰ, ਮੁੜ ਹੋਵੇਗਾ ਪੋਸਟਮਾਰਟਮ

*ਅੰਮ੍ਰਿਤਸਰ ਟਾਈਮਜ ਅਨੁਸਾਰ ਉੱਤਰ ਪ੍ਰਦੇਸ਼ ਦੇ ਜ਼ਿਲੇ ਲਖੀਮਪੁਰ ਖੀਰੀ ਵਿਖੇ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਪੁੱਤਰ ਅਤੇ ਹੋਰਾਂ ਉੱਤੇ ਚਾਰ ਸਿਖ ਕਿਸਾਨਾਂ ਨੂੰ ਦਰੜ ਦਿੱਤੇ ਜਾਣ ਦੇ ਇਲਜ਼ਾਮ ਤਹਿਤ ਮੁਕੱਦਮਾ ਤਾਂ ਦਰਜ ਹੋ ਗਿਆ ਪਰ ਕਈ ਮੁੱਦਿਆਂ ਉੱਤੇ ਅਜੇ ਤੱਕ ਹਾਲਾਤ ਤਣਾਅਪੂਰਨ ਬਣੇ ਹੋਏ ਹਨ। ਇਸ ਘਟਨਾ ਮੌਕੇ ਅੱਠ ਲੋਕਾਂ ਦੀ ਜਾਨ ਚਲੀ ਗਈ ਜਿਨਾਂ ਵਿਚੋਂ ਇਕ ਪੱਤਰਕਾਰ ਅਤੇ ਤਿੰਨ ਭਾਜਪਾ ਨਾਲ ਸਬੰਧਤ ਵਿਅਕਤੀ ਦੱਸੇ ਜਾ ਰਹੇ ਹਨ।*

*ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦਾ ਕਹਿਣਾ ਸੀ ਕਿ ਉਸ ਦਾ ਬੇਟਾ ਆਸ਼ੀਸ਼ ਮਿਸ਼ਰਾ ਘਟਨਾ ਵਾਲੀ ਥਾਂ ਉੱਤੇ ਨਹੀਂ ਸੀ ਪਰ ਹੁਣ ਸਾਹਮਣੇ ਆਈਆਂ ਵੀਡੀਓਜ਼ ਅਤੇ ਚਸ਼ਮਦੀਦਾਂ ਦੇ ਬਿਆਨ ਇਸ ਦਾਅਵੇ ਨੂੰ ਝੁਠਲਾ ਰਹੇ ਹਨ। ਫਿਲਹਾਲ ਪੁਲਿਸ ਨੇ ਮੁਲਜ਼ਮਾਂ ਨੂੰ ਫੜਨ ਲਈ ਇਕ ਹਫ਼ਤੇ ਦਾ ਸਮਾਂ ਮੰਗਿਆ ਹੈ। ਯੋਗੀ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਕਿਸਾਨਾਂ ਦੀਆਂ ਨਜ਼ਰਾਂ ਯੋਗੀ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਟਿਕੀਆਂ ਹਨ। ਉੱਤਰ ਪ੍ਰਦੇਸ਼ ਸਰਕਾਰ ਦੀਆਂ ਕਾਰਵਾਈਆਂ 'ਚੋਂ ਇਸ ਦੁਖਦਾਈ ਘਟਨਾ ਲਈ ਲੋੜੀਂਦੀ ਸੰਵੇਦਨਾ .ਗੈਰਹਾਜ਼ਰ ਦਿਖਾਈ ਦਿੰਦੀ ਹੈ। ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਚੱਲ ਰਹੇ ਕਿਸਾਨ ਅੰਦੋਲਨ ਦਾ ਮਜ਼ਬੂਤ ਪੱਖ ਇਹ ਹੈ ਕਿ ਇੰਨੀ ਵੱਡੀ ਘਟਨਾ ਦੇ ਬਾਵਜੂਦ ਮੋਰਚਾ ਸ਼ਾਂਤਮਈ ਹੈ। ਕਿਸਾਨ ਆਗੂਆਂ ਅਨੁਸਾਰ ਸਰਕਾਰੀ ਧਿਰ ਭੜਕਾਹਟ ਪੈਦਾ ਕਰਨ ਦੀਆਂ ਕਈ ਕੋਸ਼ਿਸ਼ਾਂ ਕਰ ਚੁੱਕੀ ਹੈ। ਸਰਕਾਰ ਨੂੰ ਅਸੰਵੇਦਨਸ਼ੀਲਤਾ ਦਾ ਰਾਹ ਛੱਡ ਕੇ ਤਿੰਨੇ ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਘੱਟੋ-ਘੱਟ ਸਮਰਥਨ ਮੁੱਲ ਉੱਤੇ .ਫਸਲੀ ਖ਼ਰੀਦ ਦੀ ਗਰੰਟੀ ਦੇ ਮੁੱਦਿਆਂ ਉੱਤੇ ਕਿਸਾਨ ਆਗੂਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ।*

**ਲਖੀਮਪੁਰ ਖੀਰੀ/ਏ.ਟੀ.ਨਿਊਜ਼ :** ਲਖੀਮਪੁਰ ਖੀਰੀ ਘਟਨਾ ਦੀ ਜਾਂਚ ਲਈ ਸੂਬਾ ਸਰਕਾਰ ਵਲੋਂ 6 ਮੈਂਬਰੀ ਐਸ.ਆਈ.ਟੀ. ਗਠਿਤ ਕਰ ਦਿੱਤੀ ਗਈ ਹੈ। ਨਾਲ ਹੀ ਇਸ ਮਾਮਲੇ 'ਚ ਇਕ ਸੇਵਾਮੁਕਤ ਜੱਜ ਦੀ ਨਿਗਰਾਨੀ ਵਿਚ ਨਿਆਇਕ ਜਾਂਚ ਵੀ ਹੋਵੇਗੀ। ਲਖੀਮਪੁਰ ਖੀਰੀ ਵਿਚ ਪ੍ਰਦਰਸ਼ਨ ਦੌਰਾਨ ਗੱਡੀ ਹੇਠ ਦਰੜ ਕੇ ਮਾਰੇ ਜਾਣ ਵਾਲੇ ਤਿੰਨ ਕਿਸਾਨਾਂ ਦਾ ਅੰਤਿਮ ਸਸਕਾਰ ਉਨਾਂ ਦੇ ਜੱਦੀ ਪਿੰਡਾਂ 'ਚ ਕਰ ਦਿੱਤਾ ਗਿਆ ਜਦਕਿ ਚੌਥੇ ਕਿਸਾਨ ਦੇ ਪਰਿਵਾਰ ਵਲੋਂ ਅੰਤਿਮ ਸਸਕਾਰ ਕਰਨ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਉੱਤਰ ਪ੍ਰਦੇਸ਼ ਪ੍ਰਸ਼ਾਸਨ ਨੇ ਮੁੜ ਪੋਸਟਮਾਰਟਮ ਕਰਵਾਉਣ ਦੀ ਪਰਿਵਾਰ ਦੀ ਮੰਗ ਨੂੰ ਮੰਨ ਲਿਆ। ਬਹਿਰਾਈਚ ਦੇ ਪਿੰਡ ਮੋਹਰੀਆ ਦੇ 22 ਸਾਲਾ ਗੁਰਵਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਅੰਤਿਮ ਸਸਕਾਰ ਤੋਂ ਇਨਕਾਰ ਕਰਦਿਆਂ ਦੋਸ਼ ਲਗਾਇਆ ਕਿ ਉਸ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੀ ਗਈ ਸੀ। ਇਸ ਮੌਕੇ ਗੁਰਵਿੰਦਰ ਸਿੰਘ ਦੇ ਪਿੰਡ ਪੁੱਜੇ ਕਿਸਾਨ ਆਗੂ ਰਾਕੇਸ਼ ਟਿਕੈਤ ਅਤੇ ਪੰਜਾਬੀ ਗਾਇਕਾ ਸੋਨੀਆ ਮਾਨ ਨੇ ਪਰਿਵਾਰ ਦੀ ਇਸ ਮੰਗ ਦਾ ਸਮਰਥਨ ਕੀਤਾ। ਸੀਨੀਅਰ ਜ਼ਿਲਾ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਗੁਰਵਿੰਦਰ ਦਾ ਦੂਸਰੀ ਵਾਰ ਪੋਸਟਮਾਰਟਮ ਜ਼ਿਲਾ ਹਸਪਤਾਲ ਵਿਚ ਕੀਤਾ ਜਾਵੇਗਾ। ਗੁਰਵਿੰਦਰ ਦੇ ਇਕ ਰਿਸ਼ਤੇਦਾਰ ਨੇ ਕਿਹਾ ਕਿ ਪੋਸਟਮਾਰਟਮ ਦੀ ਗਲਤ ਰਿਪੋਰਟ ਤੋਂ ਬਾਅਦ ਅਸੀਂ ਅੰਤਿਮ ਸਸਕਾਰ ਕਰਨਾ ਨਹੀਂ ਚਾਹੁੰਦੇ। ਹਾਲਾਂਕਿ ਲਵਪ੍ਰੀਤ ਸਿੰਘ (19), ਨਛੱਤਰ ਸਿੰਘ (65) ਅਤੇ ਦਲਜੀਤ ਸਿੰਘ (42) ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ। ਲਵਪ੍ਰੀਤ ਸਿੰਘ ਦੇ ਪਿਤਾ ਸਤਨਾਮ ਸਿੰਘ ਨੇ ਆਪਣੇ ਪੁੱਤਰ ਨੂੰ ਅੰਤਿਮ ਵਿਦਾਇਗੀ ਦਿੱਤੀ। ਲਖੀਮਪੁਰ ਖੀਰੀ ਦੀ ਪਾਲੀਆ ਤਹਿਸੀਲ 'ਚ ਪੈਂਦੀ ਲਵਪ੍ਰੀਤ ਸਿੰਘ ਦੀ ਜ਼ਮੀਨ 'ਚ







ਉਸ ਦਾ ਅੰਤਿਮ ਸਸਕਾਰ ਕੀਤਾ ਗਿਆ। ਇਸ ਮੌਕੇ ਰਾਕੇਸ਼ ਟਿਕੈਤ ਹਾਜ਼ਰ ਸਨ। ਲਖੀਮਪੁਰ ਖੀਰੀ ਦੀ ਧੌਰਹਾਰਾ ਤਹਿਸੀਲ ਦੇ ਮ੍ਰਿਤਕ ਕਿਸਾਨ ਨਛੱਤਰ ਸਿੰਘ ਦੀ ਚਿਖਾ ਨੂੰ ਅਗਨੀ ਉਨਾਂ ਦੇ ਬੇਟੇ ਮਨਦੀਪ ਸਿੰਘ ਨੇ ਵਿਖਾਈ, ਜੋ ਸ਼ਾਸਤਰ ਸੀਮਾ ਬਲ ਵਿਚ ਤਾਇਨਾਤ ਹੈ। ਬਹਿਰਾਈਚ ਵਿਚ ਦਲਜੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਉਸ ਦਾ ਅੰਤਿਮ ਸੰਸਕਾਰ ਕੀਤਾ।

ਕਿਸਾਨ ਮੋਰਚੇ ਵਲੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਨੂੰ ਬਰਖ਼ਾਸਤ ਕਰਨ ਤੇ ਉਸ ਦੇ ਬੇਟੇ ਦੀ ਗ੍ਰਿਫ਼ਤਾਰੀ ਦੀ ਮੰਗ

ਸੰਯੁਕਤ ਕਿਸਾਨ ਮੋਰਚਾ ਨੇ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਨੂੰ ਬਰਖਾਸਤ ਕਰਨ ਅਤੇ ਉਸ ਦੇ ਬੇਟੇ ਅਸ਼ੀਸ਼ ਮਿਸ਼ਰਾ ਨੂੰ ਗ੍ਰਿਫ਼ਤਾਰ ਕਰਨ ਦੀ ਆਪਣੀ ਮੰਗ ਨੂੰ ਦੁਹਰਾਉਂਦਿਆਂ ਕਿਹਾ ਕਿ ਮੰਤਰੀ ਦਾ ਬੇਟਾ ਘਟਨਾ ਦੀਆਂ ਵੀਡੀਓਜ਼ ਵਿਚ ਨਜ਼ਰ ਆ ਰਿਹਾ ਹੈ। ਮੋਰਚੇ ਨੇ ਇਹ ਵੀ ਕਿਹਾ ਕਿ ਉਹ ਆਪਣੇ ਦਾਅਵੇ 'ਤੇ ਪੱਕੇ ਹਨ ਕਿ ਇਕ ਕਿਸਾਨ ਗੁਰਵਿੰਦਰ ਸਿੰਘ ਦੀ ਮੌਤ ਗੋਲੀ ਲੱਗਣ ਨਾਲ ਹੋਈ ਹੈ। ਉਨਾਂ ਕਿਹਾ ਕਿ ਜਦ ਤੱਕ ਇਹ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਅੰਦੋਲਨ ਵਾਪਸ ਨਹੀਂ ਲਿਆ ਜਾਵੇਗਾ ਅਤੇ ਜਲਦ ਹੀ ਨਵੇਂ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ।

**ਨਵੀਂ ਦਿਲ ਕੰਬਾਊ ਵੀਡਿਓ ਆਈ ਸਾਹਮਣੇ**

ਲਖੀਮਪੁਰ ਖੀਰੀ ਵਿਚ ਸ਼ਾਂਤੀ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਜੀਪ ਚੜਾਉਣ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਹੀ ਹੈ, ਜਿਸ ਵਿਚ ਇਕ ਥਾਰ ਜੀਪ ਚਾਲਕ ਸ਼ਾਂਤੀ ਨਾਲ ਮਾਰਚ ਕਰ ਰਹੇ ਕਿਸਾਨਾਂ 'ਤੇ ਗੱਡੀ ਚੜਾ ਦਿੰਦਾ ਹੈ, ਜਿਸ ਦੌਰਾਨ ਇਕ ਬਜ਼ੁਰਗ ਗੱਡੀ ਦੇ ਬੋਨਟ 'ਤੇ ਡਿੱਗਿਆ ਵਿਖਾਈ ਦੇ ਰਿਹਾ ਹੈ ਅਤੇ ਕੁਝ ਲੋਕ ਆਲੇ-ਦੁਆਲੇ ਡਿੱਗੇ ਵਿਖਾਈ ਦੇ ਰਹੇ ਹਨ। ਇਸ ਤੋਂ ਬਾਅਦ ਵਾਇਰਲ ਹੋਈ ਇਕ ਹੋਰ ਵੀਡੀਓ ਵਿਚ ਇਕ ਵਿਅਕਤੀ ਉਸੇ ਥਾਰ ਜੀਪ 'ਚੋਂ ਬਾਹਰ ਨਿਕਲ ਕੇ ਭੱਜਦਾ ਨਜ਼ਰ ਆ ਰਿਹਾ ਹੈ। ਵਿਰੋਧੀ ਧਿਰਾਂ ਇਸ ਵਿਅਕਤੀ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦਾ ਪੁੱਤਰ ਅਸ਼ੀਸ਼ ਦੱਸ ਰਹੀਆਂ ਹਨ ਜਦਕਿ ਅਜੇ ਤੱਕ ਇਨਾਂ ਵੀਡੀਓਜ਼ ਦੀ ਤਸਦੀਕ ਨਹੀਂ ਹੋਈ। ਇਨਾਂ ਵੀਡੀਓਜ਼ ਦੇ ਸਾਹਮਣੇ ਆਉਣ ਤੋਂ ਬਾਅਦ ਮੋਦੀ ਸਰਕਾਰ ਵਿਰੋਧੀਆਂ ਦੇ ਨਿਸ਼ਾਨੇ 'ਤੇ ਆ ਗਈ ਹੈ।

**ਅਸ਼ੀਸ਼ ਮਿਸ਼ਰਾ ਨੇ ਕਿਸਾਨਾਂ 'ਤੇ ਗੱਡੀ ਚੜਾਈ ਤੇ ਗੋਲੀਆਂ ਚਲਾਈਆਂ**

ਉੱਤਰ ਪ੍ਰਦੇਸ਼ ਪੁਲਿਸ ਵਲੋਂ ਦਰਜ ਕੀਤੀ ਐਫ. ਆਈ. ਆਰ. ਮੁਤਾਬਿਕ ਕੇਂਦਰੀ ਮੰਤਰੀ ਅਜੇ ਮਿਸ਼ਰਾ ਦੇ ਪੁੱਤਰ ਅਸ਼ੀਸ਼ ਮਿਸ਼ਰਾ ਉਰਫ਼ ਮੋਨੂ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਉਤੇ ਕਾਰ ਚੜਾਈ ਤੇ ਉਨਾਂ 'ਤੇ ਗੋਲੀਆਂ ਚਲਾਈਆਂ। ਬਹਿਰਾਈਚ ਜ਼ਿਲੇ ਦੇ ਜਗਜੀਤ ਸਿੰਘ ਵਲੋਂ ਦਰਜ ਕਰਵਾਈ ਐਫ. ਆਈ. ਆਰ. ਅਨੁਸਾਰ ਇਹ ਸਾਰੀ ਘਟਨਾ ਪਹਿਲਾਂ ਤੋਂ ਸੋਚੀ ਸਮਝੀ ਸੀ, ਜਿਸ ਸਬੰਧੀ ਮੰਤਰੀ ਤੇ ਉਸ ਦੇ ਬੇਟੇ ਵਲੋਂ ਸਾਜ਼ਿਸ਼ ਰਚੀ ਗਈ ਸੀ ਜਿਸ ਵਿਚ ਸਿੱਖਾਂ ਨੂੰ ਖਾਸ ਨਿਸ਼ਾਨਾ ਬਣਾਇਆ। ਐਫ. ਆਈ. ਆਰ. ਵਿਚ ਅਸ਼ੀਸ਼ ਮਿਸ਼ਰਾ ਅਤੇ 15-20 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕਤਲ, ਅਪਰਾਧਕ ਸਾਜ਼ਿਸ਼, ਹਿੰਸਾ ਅਤੇ ਤੇਜ਼ ਰਫ਼ਤਾਰ 'ਚ ਗੱਡੀ ਚਲਾਉਣ ਦੇ ਮਾਮਲੇ ਦਰਜ ਕੀਤੇ ਗਏ ਹਨ, ਐਫ. ਆਈ. ਆਰ. ਵਿਚ ਉਸ ਦੇ ਪਿਤਾ ਦਾ ਨਾਂ ਸ਼ਾਮਿਲ ਨਹੀਂ ਕੀਤਾ ਗਿਆ ਹੈ।

**ਬੇਟਾ ਦੋਸ਼ੀ ਹੋਇਆ ਤਾਂ ਅਸਤੀਫ਼ਾ ਦੇਵਾਂਗਾ-ਮਿਸ਼ਰਾ**

ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੇਨੀ ਨੇ ਕਿਹਾ ਕਿ ਜੇਕਰ ਕੋਈ ਉਸ ਦੇ ਬੇਟੇ ਅਸ਼ੀਸ਼ ਮਿਸ਼ਰਾ ਦੇ ਮੌਕੇ 'ਤੇ ਮੌਜੂਦ ਹੋਣ ਦਾ ਇਕ ਵੀ ਸਬੂਤ ਪੇਸ਼ ਕਰੇਗਾ ਤਾਂ ਉਹ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਗੇ।

**ਕਿਸਾਨ ਆਗੂਆਂ ਨਾਲ ਹੋਇਆ ਸਮਝੌਤਾ**

ਕਿਸਾਨ ਆਗੂਆਂ ਵੱਲੋਂ ਬਣਾਏ ਦਬਾਅ ਮਗਰੋਂ ਉੱਤਰ ਪ੍ਰਦੇਸ਼ ਸਰਕਾਰ ਨੇ ਐਲਾਨ ਕੀਤਾ ਹੈ ਕਿ ਹਿੰਸਾ ਦੌਰਾਨ ਮਾਰੇ ਗਏ ਚਾਰ ਕਿਸਾਨਾਂ ਦੇ ਪਰਿਵਾਰਾਂ ਨੂੰ 45-45 ਲੱਖ ਰੁਪਏ ਦੇ ਮੁਆਵਜ਼ੇ ਦੇ ਨਾਲ ਘਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਮਿਲੇਗੀ। ਜ਼ਖ਼ਮੀਆਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਮਿਲੇਗਾ। ਸਮਝੌਤੇ ਮਗਰੋਂ ਕਿਸਾਨਾਂ ਨੇ ਆਪਣਾ ਅੰਦੋਲਨ ਵਾਪਸ ਲੈ ਲਿਆ ਤੇ ਪੋਸਟ ਮਾਰਟਮ ਮਗਰੋਂ ਮ੍ਰਿਤਕ ਦੇਹਾਂ ਪੀੜਤ ਪਰਿਵਾਰਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ। ਉਂਜ ਇਹਤਿਆਤ ਵਜੋਂ ਲਖੀਮਪੁਰ ਖੀਰੀ ਵਿੱਚ ਰੈਪਿਡ ਐਕਸ਼ਨ ਫੋਰਸ ਦੀਆਂ ਦੋ ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ। ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਦੀ ਮੌਜੂਦਗੀ ਵਿੱਚ ਕੀਤੀ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਯੂ.ਪੀ. ਦੇ ਵਧੀਕ ਡੀਜੀਪੀ (ਕਾਨੂੰਨ ਤੇ ਵਿਵਸਥਾ) ਪ੍ਰਸ਼ਾਂਤ ਕੁਮਾਰ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਕਿਸਾਨਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਮਗਰੋਂ ਉਨਾਂ ਦੀਆਂ ਮੰਗਾਂ ਮੰਨਣ ਲਈ ਸਹਿਮਤ ਹੋ ਗਈ ਹੈ। ਉਨਾਂ ਕਿਹਾ, 'ਕਿਸਾਨਾਂ ਨਾਲ ਸਮਝੌਤਾ ਸਿਰੇ ਚੜ ਗਿਆ ਹੈ।

ਸਰਕਾਰ ਐਤਵਾਰ ਨੂੰ ਹੋਈ ਹਿੰਸਾ ਦੌਰਾਨ ਮਾਰੇ ਗਏ ਚਾਰ ਕਿਸਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ 45-45 ਲੱਖ ਰੁਪਏ ਦਾ ਮੁਆਵਜ਼ਾ ਦੇਵੇਗੀ। ਇਸ ਤੋਂ ਇਲਾਵਾ ਪਰਿਵਾਰ ਦੇ ਇਕ-ਇਕ ਜੀਅ ਨੂੰ ਸਥਾਨਕ ਪੱਧਰ 'ਤੇ ਸਰਕਾਰੀ ਨੌਕਰੀ ਦਿੱਤੀ ਜਾਵੇਗੀ।' ਉਨਾਂ ਕਿਹਾ, 'ਸਰਕਾਰ ਜ਼ਖ਼ਮੀਆਂ ਨੂੰ 10-10 ਲੱਖ ਰੁਪਏ ਦੇਣ ਤੋਂ ਇਲਾਵਾ ਇਸ ਪੂਰੇ ਮਾਮਲੇ ਦੀ ਹਾਈਕੋਰਟ ਦੇ ਸੇਵਾਮੁਕਤ ਜੱਜ ਤੋਂ ਜਾਂਚ ਕਰਵਾਏਗੀ। ਕਿਸਾਨਾਂ ਦੀ ਮੰਗ ਮੁਤਾਬਕ ਸਬੰਧਤਾਂ ਧਾਰਾਵਾਂ ਤਹਿਤ ਐੱਫਆਈਆਰ ਦਰਜ ਕੀਤੀ ਜਾਵੇਗੀ।' ਕਿਸਾਨਾਂ ਨਾਲ ਸਮਝੌਤਾ ਸਿਰੇ ਚੜਨ ਮਗਰੋਂ ਯੂ.ਪੀ. ਦੀ ਯੋਗੀ ਸਰਕਾਰ ਇਕ ਵੱਡੇ ਸੰਕਟ ਨੂੰ ਟਾਲਣ ਵਿੱਚ ਸਫ਼ਲ ਰਹੀ ਹੈ। ਸੱਤਾਧਾਰੀ ਭਾਜਪਾ ਲਈ ਕਿਸਾਨਾਂ ਨਾਲ ਅਸਥਾਈ ਯੁੱਧਬੰਦੀ ਕਾਫ਼ੀ ਅਹਿਮ ਹੈ ਕਿਉਂਕਿ ਕੇਂਦਰ ਦੀ ਮੋਦੀ ਸਰਕਾਰ ਵੀ ਨਹੀਂ ਚਾਹੁੰਦੀ ਕਿ ਖੇਤੀ ਕਾਨੂੰਨਾਂ ਖਿਲਾਫ਼ ਕਿਸਾਨ ਅੰਦੋਲਨ ਦਾ ਸੇਕ ਪੱਛਮੀ ਯੂ.ਪੀ. ਨੂੰ ਪਾਰ ਕਰਕੇ ਸੂਬੇ 'ਚ ਹੋਰ ਅੱਗੇ ਫੈਲੇ।

# ਖੱਟਰ ਕਿਸਾਨਾਂ ਵਿਰੁੱਧ ਗੁੰਡਾਗਰਦੀ 'ਤੇ ਉਤਰੇ

**✪ ਵਿਵਾਦਿਤ ਬਿਆਨ ਵਿਚ ਕਿਹਾ- 'ਭਾਜਪਾ ਕਿਸਾਨ ਮੋਰਚੇ ਵਾਲੇ 500, 700, 1000 ਲੋਕਾਂ ਦੇ ਸਮੂਹ ਬਣਾਓ ਤੇ ਹਰ ਜਗਾ ਕਿਸਾਨਾਂ ਨੂੰ ਠੋਕੋ' ✪ ਚੜੂਨੀ ਵੱਲੋਂ ਕੇਸ ਦਰਜ ਕਰਨ ਤੇ ਖੱਟਰ ਦੇ ਅਸਤੀਫ਼ੇ ਦੀ ਮੰਗ ✪ ਹਰਿਆਣਾ ਦੇ ਮੁੱਖ ਮੰਤਰੀ ਵਲੋਂ ਕਿਸਾਨਾਂ ਸਬੰਧੀ ਕੀਤੀ ਬਿਆਨਬਾਜ਼ੀ ਨਿੰਦਣਯੋਗ : ਬੀਬੀ ਜਗੀਰ ਕੌਰ**

**ਚੰਡੀਗੜ/ਏ.ਟੀ.ਨਿਊਜ਼ :** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਭਾਜਪਾ ਕਿਸਾਨ ਮੋਰਚੇ ਦੀ ਮੀਟਿੰਗ ਦੌਰਾਨ ਕਿਸਾਨਾਂ ਨੂੰ 'ਜੈਸੇ ਨੂੰ ਤੈਸਾ' ਜਵਾਬ ਦੇਣ ਦੀ ਗੱਲ ਕਹੀ। ਉਨਾਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ 500 ਤੋਂ 1,000 ਦੇ ਸਮੂਹ ਬਣਾਓ ਤੇ ਨਾਲ ਹੀ ਜੇਲ ਜਾਣ ਲਈ ਤਿਆਰ ਰਹੋ। ਸੋਸ਼ਲ ਮੀਡੀਆ 'ਤੇ ਖੱਟਰ ਦੇ ਇਸ ਬਿਆਨ ਵਾਲੀ ਵੀਡੀਓ ਵਾਇਰਲ ਹੋ ਗਈ ਹੈ, ਜਿਸ 'ਚ ਸਪੱਸ਼ਟ ਤੌਰ 'ਤੇ ਚੱਲ ਰਹੇ ਕਿਸਾਨ ਅੰਦੋਲਨ ਦੇ ਪ੍ਰਭਾਵ ਦਾ ਹਵਾਲਾ ਦਿੰਦਿਆਂ ਭਾਜਪਾ ਕਿਸਾਨ ਮੋਰਚੇ ਦੇ ਵਰਕਰਾਂ ਨੂੰ ਕਿਹਾ ਕਿ ਤੁਸੀ 500, 700, 1000 ਲੋਕਾਂ ਦੇ ਸਮੂਹ ਬਣਾਓ ਤੇ ਹਰ ਜਗਾ 'ਜੈਸੇ ਨੂੰ ਤੈਸਾ' ਨਾਲ ਜਵਾਬ ਦਿਓ। ਖੱਟਰ ਨੇ ਕਿਹਾ, ਚਿੰਤਾ ਨਾ ਕਰੋ, ਜਦ ਤੁਸੀਂ ਇਕ ਮਹੀਨਾ ਜੇਲ ਵਿਚ ਰਹੋਗੇ, ਤਿੰਨ ਜਾਂ ਛੇ ਮਹੀਨਿਆਂ 'ਚ ਤੁਸੀਂ ਵੱਡੇ ਨੇਤਾ ਬਣ ਜਾਓਗੇ। ਤੁਹਾਡੇ ਨਾਮ ਇਤਿਹਾਸ 'ਚ ਦਰਜ ਹੋਣਗੇ। ਕਾਂਗਰਸ ਵਲੋਂ ਖੱਟਰ ਦੇ ਬਿਆਨ ਦੀ ਸਖ਼ਤ ਨਿੰਦਾ ਕੀਤੀ ਗਈ ਹੈ।

**ਚੜੂਨੀ ਨੇ ਦਿੱਤਾ ਠੋਕਵਾਂ ਉਤਰ :**

ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਇਸ ਸਬੰਧੀ ਕੇਸ ਦਰਜ ਕਰਨ ਅਤੇ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਉਨਾਂ ਕਿਹਾ ਕਿ ਖੱਟਰ ਨੂੰ ਡੰਡੇ ਚਲਾਉਣ ਦਾ



ਸ਼ੌਂਕ ਹੈ ਮੇਰੇ ਨਾਲ ਲੜ ਲਵੇ। ਲੋਕਾਂ ਦੇ ਪੁਤ ਕਿਉਂ ਮਰਵਾਉਂਦਾ ਹੈ।

ਇਸੇ ਦੌਰਾਨ ਕਾਂਗਰਸ ਦੇ ਸੀਨੀਅਰ ਆਗੂ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਕਿ ਸੂਬੇ ਦਾ ਮੁੱਖ ਮੰਤਰੀ ਅਮਨ ਤੇ ਕਾਨੂੰਨ ਨੂੰ ਖਤਮ ਕਰਨ ਦੀ ਗੱਲ ਕਰ ਰਿਹਾ ਹੈ ਤਾਂ ਸੂਬੇ 'ਚ ਸ਼ਾਂਤਮਈ ਢੰਗ ਨਾਲ ਸ਼ਾਸਨ ਨਹੀਂ ਚਲਾਇਆ ਜਾ ਸਕਦਾ। ਹਰਿਆਣਾ ਕਾਂਗਰਸ ਦੀ ਪ੍ਰਧਾਨ ਕੁਮਾਰੀ ਸ਼ੈਲਜਾ ਨੇ ਮੁੱਖ ਮੰਤਰੀ ਦੇ ਬਿਆਨ ਦੀ ਨਿੰਦਾ ਕੀਤੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਵਲੋਂ ਕਿਸਾਨਾਂ ਖਿਲਾਫ ਕੀਤੀ ਬਿਆਨਬਾਜ਼ੀ ਦੀ ਨਿੰਦਾ ਕਰਦਿਆਂ ਕਿਹਾ ਕਿ ਅਜਿਹੀ ਬਿਆਨਬਾਜੀ ਸੰਵਿਧਾਨਿਕ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਨੂੰ ਸ਼ੋਭਾ ਨਹੀਂ ਦਿੰਦੀ। ਉਨਾਂ ਕਿਹਾ ਕਿ ਜੇਕਰ ਹਰਿਆਣੇ ਦਾ ਮੁੱਖ ਮੰਤਰੀ ਕਿਸਾਨਾਂ ਨਾਲ ਹਮਦਰਦੀ ਨਹੀਂ ਕਰ ਸਕਦਾ ਤਾਂ ਅਜਿਹੀ ਬਿਆਨਬਾਜ਼ੀ ਕਰਕੇ ਦੇਸ਼ ਦੇ ਅਮਨ ਸ਼ਾਂਤੀ ਨੂੰ ਲਾਂਬੂ ਲਗਾਉਣ ਦਾ ਕੰਮ ਵੀ ਨਾ ਕਰੇ। ਉਨਾਂ ਕਿਹਾ ਕਿ ਹਰਿਆਣੇ 'ਚ ਪਹਿਲਾਂ ਵੀ ਸਰਕਾਰੀ ਸ਼ਹਿ 'ਤੇ ਕਿਸਾਨਾਂ ਉੱਪਰ ਕਈ ਵਾਰ ਅੱਤਿਆਚਾਰ ਹੋ ਚੁੱਕਾ ਹੈ। ਅਜਿਹੇ ਵਿਚ ਮੁੱਖ ਮੰਤਰੀ ਦੀ ਅਜਿਹੀ ਬਿਆਨਬਾਜ਼ੀ ਮਾਹੌਲ ਨੂੰ ਹੋਰ ਖਰਾਬ ਕਰੇਗੀ।

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਖੱਟੜ ਵਰਗੇ ਭਾਜਪਾ ਆਗੂ ਗੁੰਡਾਗਰਦੀ ਉਪਰ ਉਤਰ ਆਏ ਹਨ। ਮੁੱਖ ਮੰਤਰੀ ਖੱਟਰ ਦਾ ਬਿਆਨ ਭਾਜਪਾ ਦੀ ਦੰਗਾ ਕਰਾਊ ਨੀਤੀ ਦਾ ਹਿੱਸਾ ਹੈ। ਯੂ.ਪੀ. ਵਿਚ ਕਿਸਾਨਾਂ ਵਿਰੁਧ ਹਿੰਸਾ ਇਸੇ ਨੀਤੀ ਦਾ ਹਿਸਾ ਹੈ। ਪਰ ਜਨਤਾ ਵਿਰੁਧ ਹਿੰਸਾ ਭਾਜਪਾ ਨੂੰ ਮਹਿੰਗੀ ਪਵੇਗੀ।

# ਆਦਿੱਤਿਆਨਾਥ ਦਾ ਬੀਜੇਪੀ ਵਰਕਰਾਂ ਨੂੰ ਸੁਨੇਹਾ, "ਇਹ ਮੇਰੇ ਉੱਤੇ ਛੱਡ ਦਿਓ"

## ਰਾਜਨੀਤਕ ਪਾਰਟੀਆਂ ਦੀ ਦੋਹਰੀ ਚਾਲ, ਅੰਦਰੋਂਗਤੀ ਹੋਣਗੇ ਸਮਝੌਤੇ

**ਨਵੀਂ ਦਿੱਲੀ/ਏ.ਟੀ.ਨਿਊਜ਼** - ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਮਹਾਂਮਾਰੀ ਦੀ ਦੂਜੀ ਲਹਿਰ ਦੇ ਗਲਤ ਪ੍ਰਬੰਧਨ ਦੇ ਬਾਵਜੂਦ ਵੱਡੀ ਜਿੱਤ ਦੀ ਅਗਵਾਈ ਕਰਦੇ ਹੋਏ ਵੇਖਿਆ ਗਿਆ ਜਿਸ ਵਿੱਚ ਗੰਗਾ ਵਿੱਚ ਤੈਰਦੀਆਂ ਲਾਸ਼ਾਂ ਦੀ ਅੰਤਰਰਾਸ਼ਟਰੀ ਕਵਰੇਜ ਸ਼ਾਮਲ ਸੀ। ਇਸਦੇ ਬਾਵਜੂਦ, ਅਤੇ ਚੋਣਾਂ ਤੋਂ ਪਹਿਲਾਂ ਆਪਣੇ ਮੰਤਰੀ ਮੰਡਲ ਨੂੰ ਬਦਲਣ ਦੇ ਬਾਰੇ ਵਿੱਚ ਉਨਾਂ ਦੇ ਕਹਿਣ ਦੇ ਬਾਰੇ ਵਿੱਚ ਕੁਝ ਗੁੱਸੇ ਦੇ ਬਾਵਜੂਦ, ਸੰਘ ਅਤੇ ਮੋਦੀ ਤੋਂ ਕੁਝ ਨਿਰਦੇਸ਼ ਲੈਣ ਦੇ ਨਾਲ ਆਦਿੱਤਿਆਨਾਥ ਲਈ ਚੀਜ਼ਾਂ ਮੁੜ ਲੀਹ ਤੇ ਆਈਆਂ, 49 ਸਾਲਾ ਭਿਕਸ਼ੂ ਨੂੰ ਉਸਦੀ ਜੇਤੂ ਸਵੈਗਰ ਵਾਪਸ ਮਿਲੀ।

ਪਰ ਦੇਸ਼ ਦੇ ਜੂਨੀਅਰ ਗ੍ਰਹਿ ਮੰਤਰੀ ਰਹੇ ਅਜੈ ਮਿਸ਼ਰਾ 'ਤੇਨੀ' ਦੀ ਮਲਕੀਅਤ ਵਾਲੀ ਕਾਰ ਐਤਵਾਰ ਨੂੰ ਲਖੀਮਪੁਰ ਖੇੜੀ ਵਿੱਚ ਕਿਸਾਨਾਂ 'ਤੇ ਚੜਨ ਤੋਂ ਬਾਅਦ ਯੂਪੀ ਵਿੱਚ ਸਾਰੇ ਸੱਟੇ ਬੰਦ ਹੋ ਗਏ ਹਨ। ਹਿੰਸਾ ਵਿੱਚ ਚਾਰ ਕਿਸਾਨਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਮਾਰੇ ਗਏ। ਮਿਸ਼ਰਾ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਸ ਦਾ ਪੁੱਤਰ ਆਸ਼ੀਸ਼, ਜਿਸ ਨੂੰ ਪੁਲਿਸ ਕੇਸ ਵਿੱਚ ਕਤਲ ਦਾ ਨਾਮ ਦਿੱਤਾ ਗਿਆ ਹੈ, ਕਾਰ ਚਲਾ ਰਿਹਾ ਸੀ। ਉਸਨੇ ਆਪਣੇ ਬੌਸ, ਅਮਿਤ ਸ਼ਾਹ ਨਾਲ ਬੁੱਧਵਾਰ ਨੂੰ ਹੋਈ ਮੀਟਿੰਗ ਵਿੱਚ ਆਪਣੇ ਕੇਂਦਰੀ ਮੰਤਰੀ ਦਾ ਅਹੁਦਾ ਛੱਡਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਟੇਨੀ ਨੇ ਕਈ ਮੀਡੀਆ ਨੂੰ ਕਿਹਾ ਹੈ ਕਿ ਉਹ ਛੱਡ ਨਹੀਂ ਦੇਵੇਗਾ, ਸ਼ਾਇਦ, ਇਸੇ ਲਈ ਮੀਡੀਆ ਨੂੰ ਦਿੱਲੀ ਵਿੱਚ ਗ੍ਰਹਿ ਮੰਤਰਾਲੇ ਦੇ ਇੱਕ ਅਧਿਕਾਰਤ ਸਮਾਗਮ ਤੋਂ ਨਿਰਾਸ਼ ਕੀਤਾ ਗਿਆ ਸੀ ਜਿੱਥੇ ਕੱਲ ਟੇਨੀ ਨੇ ਗੱਲ ਕੀਤੀ ਸੀ - ਕਥਿਤ ਤੌਰ 'ਤੇ ਸ਼ਾਹ ਦੁਆਰਾ ਇੱਕ ਹੁਕਮ ਤੋਂ ਪਹਿਲਾਂ। ਸੁਪਰੀਮ ਕੋਰਟ ਨੇ ਅੱਜ ਯੋਗੀ ਸਰਕਾਰ 'ਤੇ ਇਸ਼ਾਰਾ ਕਰਦਿਆਂ ਕਿਹਾ ਕਿ ਉਨਾਂ ਦੋਸ਼ੀਆਂ - ਜਿਨਾਂ ਦੇ ਕੇਂਦਰ ਵਿੱਚ ਮੰਤਰੀ ਦਾ ਬੇਟਾ ਹੈ, ਨਾਲ ਵਿਹਾਰ ਵਿਲੱਖਣ ਹੈ। ਮਿਸ਼ਰਾ ਜੂਨੀਅਰ ਨੇ ਅੱਜ ਪੁੱਛਗਿੱਛ ਲਈ ਸੰਮਨ ਨੂੰ ਨਜ਼ਰ ਅੰਦਾਜ਼ ਕਰ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਜਾਂਚ ਵਿੱਚ ਸ਼ਾਮਲ ਹੋਣ ਲਈ ਸੰਮਨ ਜਾਰੀ ਹੋਣ ਵਿੱਚ ਪੰਜ ਦਿਨ ਲੱਗ ਗਏ






ਯੋਗੀ ਆਦਿੱਤਿਆਨਾਥ ਜਿਨਾਂ ਨੂੰ ਆਪਣਾ ਦੂਸਰਾ ਕਾਰਜਕਾਲ ਸੁਰੱਖਿਅਤ ਕਰਨਾ ਹੈ, ਹੁਣ ਕੇਂਦਰ ਸਰਕਾਰ ਨਾਲ ਜੁੜ ਰਹੇ ਹਨ। ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਯੋਗੀ ਚਾਹੁੰਦੇ ਸਨ ਕਿ ਮਿਸ਼ਰਾ ਨੂੰ ਐਤਵਾਰ ਨੂੰ ਹੀ ਗ੍ਰਿਫਤਾਰ ਕੀਤਾ ਜਾਵੇ। ਯੋਗੀ ਨੇ ਬੜੀ ਲਗਨ ਨਾਲ ਕਾਨੂੰਨ ਅਤੇ ਵਿਵਸਥਾ ਦੇ ਸਖਤ ਆਦਮੀ ਵਜੋਂ ਆਪਣੀ ਛਵੀ ਬਣਾਈ ਹੈ। ਯੋਗੀ ਅਖਿਲੇਸ਼ ਯਾਦਵ ਅਤੇ ਗਾਂਧੀ ਸਮੇਤ ਰਾਜਨੀਤਿਕ ਨੇਤਾਵਾਂ ਨੂੰ ਲਖੀਮਪੁਰ ਖੇੜੀ ਦੀ ਯਾਤਰਾ ਤੋਂ ਰੋਕਣਾ ਚਾਹੁੰਦੇ ਸਨ। ਇਹ ਕਥਿਤ ਤੌਰ 'ਤੇ ਅਮਿਤ ਸ਼ਾਹ ਦੇ ਫ਼ੋਨ ਦਖਲ ਤੋਂ ਬਾਅਦ ਹੋਇਆ ਸੀ ਕਿ ਪ੍ਰਿਅੰਕਾ ਗਾਂਧੀ ਨੂੰ "ਗੈਰਕਨੂੰਨੀ ਨਜ਼ਰਬੰਦੀ" ਤੋਂ ਰਿਹਾਅ ਕਰ ਦਿੱਤਾ ਗਿਆ ਸੀ।

ਮੋਦੀ ਸਰਕਾਰ ਅਤੇ ਯੋਗੀ ਵਿਚਾਲੇ ਵਿਸ਼ਵਾਸ ਦੀ ਘਾਟ ਇੰਨੀ ਜ਼ਿਆਦਾ ਹੈ ਕਿ ਯੋਗੀ ਨੇ ਰਾਕੇਸ਼ ਟਿਕੈਤ ਨਾਲ ਸੰਪਰਕ ਕਰਨ ਲਈ ਆਪਣੇ ਦੋ ਭਰੋਸੇਮੰਦ ਗੋਰਖਨਾਥ ਮੱਠ ਮੰਦਰ ਦੇ ਸਹਿਯੋਗੀ ਪ੍ਰਾਪਤ ਕੀਤੇ ਜੋ ਕਿ ਸ਼ਾਂਤੀ ਨੂੰ ਸ਼ਾਂਤ ਕਰਨ ਲਈ ਹਰਿਆਣਾ ਤੋਂ ਲਖੀਮਪੁਰ ਖੇੜੀ ਪਹੁੰਚਣ ਲਈ ਕਿਸਾਨਾਂ ਦੇ ਅੰਦੋਲਨ ਦੀ ਅਗਵਾਈ ਕਰ ਰਹੇ ਹਨ। ਸੂਤਰ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਯੋਗੀ ਨੇ ਟਿਕੈਤ ਨਾਲ ਗੱਲ ਕੀਤੀ, ਜੋ ਪਹਿਲਾਂ ਵੀ ਭਾਜਪਾ ਨਾਲ ਕੰਮ ਕਰ ਚੁੱਕੇ ਹਨ। ਟਿਕੈਤ ਦਾ ਇੱਕ ਗੁੰਝਲਦਾਰ ਟ੍ਰੈਕ ਹੈ।

ਇਸ ਸਭ ਦਾ ਪਿਛੋਕੜ ਉਹੀ ਮੁੱਦਾ ਹੈ ਜੋ ਅਕਸਰ ਯੂਪੀ ਵਿੱਚ ਮਹੱਤਵਪੂਰਨ ਹੁੰਦਾ ਹੈ - ਜਾਤ. ਟੇਨੀ ਇੱਕ ਬ੍ਰਾਹਮਣ ਹੈ ਜਿਸ ਨੂੰ ਹਾਲ ਹੀ ਵਿੱਚ ਯੂਪੀ ਚੋਣਾਂ ਤੋਂ ਪਹਿਲਾਂ ਕੈਬਨਿਟ ਵਿੱਚ ਫੇਰਬਦਲ ਵਿੱਚ ਮੰਤਰੀ ਬਣਾਇਆ ਗਿਆ ਸੀ। ਬ੍ਰਾਹਮਣ ਉੱਤਰ ਪ੍ਰਦੇਸ਼ ਦੀ ਆਬਾਦੀ ਦਾ 20 ਪ੍ਰਤੀਸ਼ਤ ਹਨ ਪਰ ਏਜੰਡਾ ਅਤੇ ਸਾਰੇ ਮਹੱਤਵਪੂਰਨ " ਮਹੌਲ " (ਮਾਹੌਲ) ਨਿਰਧਾਰਤ ਕਰਨ ਵਿੱਚ ਉਨਾਂ ਦੇ ਭਾਰ ਤੋਂ ਬਹੁਤ ਜ਼ਿਆਦਾ ਪ੍ਰਭਾਵ ਪਾਉਂਦੇ ਹਨ। ਉਨਾਂ ਨੇ ਮੋਦੀ (ਜੋ ਵਾਰਾਣਸੀ ਤੋਂ ਸੰਸਦ ਮੈਂਬਰ ਹਨ) ਨੂੰ ਪੱਕਾ ਵੋਟ ਦਿੱਤਾ ਹੈ ਪਰ ਹੁਣ ਯੋਗੀ ਨੂੰ ਨਾਪਸੰਦ ਕਰਦੇ ਹਨ ਕਿਉਂਕਿ ਯੋਗੀ ਠਾਕੁਰਾਂ, ਉਨਾਂ ਦੀ ਆਪਣੀ ਜਾਤੀ ਦੇ ਪੱਖ ਵਿੱਚ ਹਨ।

ਇਹ ਤੱਥ ਕਿ ਟੇਨੀ ਦਾ ਅਪਰਾਧਕ ਪਿਛੋਕੜ ਹੈ ਅਤੇ ਉਹ ਸਥਾਨਕ ਤਾਕਤਵਰ ਹੈ ਜਿਸਨੇ ਘਟਨਾ ਤੋਂ ਇੱਕ ਹਫ਼ਤਾ ਪਹਿਲਾਂ ਅੰਦੋਲਨਕਾਰੀ ਕਿਸਾਨਾਂ ਨੂੰ ਹਿੰਸਕ ਧਮਕੀਆਂ ਦਿੱਤੀਆਂ ਸਨ, ਚੋਣਾਂ ਦੇ ਆਉਣ ਦੇ ਨਾਲ, ਜੋ ਵੀ ਕਦਮ ਚੁੱਕਿਆ ਜਾਂਦਾ ਹੈ, ਉਸ ਨੂੰ ਇਸ ਗੱਲ 'ਤੇ ਨਿਰਭਰ ਕਰਨਾ ਪੈਂਦਾ ਹੈ ਕਿ ਭਾਜਪਾ ਲਈ ਬ੍ਰਾਹਮਣ ਦੀ ਵੋਟ ਕਿਵੇਂ ਪ੍ਰਭਾਵਤ ਹੋਵੇਗੀ.

ਇਸੇ ਤਰਾਂ ਦਾ ਚੋਣ ਸੰਦੇਸ਼ ਭੇਜਣ ਲਈ, ਮੇਨਕਾ ਗਾਂਧੀ ਅਤੇ ਉਨਾਂ ਦੇ ਬੇਟੇ ਵਰੁਣ ਗਾਂਧੀ, ਜੋ ਯੂਪੀ ਦੇ ਦੋਵੇਂ ਸੰਸਦ ਮੈਂਬਰ ਹਨ, ਨੂੰ ਬੀਤੇ ਕੱਲ ਐਲਾਨ ਕੀਤੀ ਗਈ ਭਾਜਪਾ ਦੀ ਰਾਸ਼ਟਰੀ ਕਾਰਜਕਾਰਨੀ ਵਿੱਚੋਂ ਬਾਹਰ ਕਰ ਦਿੱਤਾ ਗਿਆ ਸੀ। ਇਹ ਉਦੋਂ ਆਇਆ ਜਦੋਂ ਗਾਂਧੀ ਨੇ ਲਖੀਮਪੁਰ ਖੇੜੀ ਦੀ ਘਟਨਾ ਨੂੰ ਜਨਤਕ ਤੌਰ 'ਤੇ ਸੰਭਾਲਣ' ਤੇ ਹਮਲਾ ਕੀਤਾ। ਬੀਰੇਂਦਰ ਸਿੰਘ, ਜੋ ਹੁਣ ਭਾਜਪਾ ਵਿੱਚ ਕਾਂਗਰਸ ਦਾ ਟਰਨਕੋਟ ਹੈ, ਨੂੰ ਵੀ ਕਿਸਾਨਾਂ ਦੇ ਸਮਰਥਨ ਲਈ ਛੱਡ ਦਿੱਤਾ ਗਿਆ ਸੀ।

ਇਸ ਦੌਰਾਨ ਯੋਗੀ ਆਪਣੇ ਨਵੇਂ ਬ੍ਰਾਹਮਣ ਮੰਤਰੀ ਜੀਤਿਨ ਪ੍ਰਸਾਦਾ ਦੇ ਨਾਲ ਲੜੀਵਾਰ ਪ੍ਰੋਗਰਾਮਾਂ ਦੀ ਯੋਜਨਾ ਬਣਾ ਰਹੇ ਹਨ। ਯੋਗੀ ਕੋਲ ਕੇਂਦਰੀ ਦਖਲਅੰਦਾਜ਼ੀ ਦੇ ਨਾਲ ਸੀਮਤ ਧੀਰਜ ਹੈ ਜਿਸ ਨੂੰ ਉਹ ਆਪਣਾ ਮੈਦਾਨ ਸਮਝਦਾ ਹੈ ਅਤੇ ਹੁਣ ਉਹ ਆਪਣੇ ਤਰੀਕੇ ਨਾਲ ਮੁਹਿੰਮ ਚਲਾਉਣ ਲਈ ਤਿਆਰ ਹੈ. "ਮਹਾਰਾਜ" ਹੁਣ ਇਮਾਰਤ ਵਿੱਚ ਹੈ।

# ਸਿੱਖ ਪ੍ਰਚਾਰਕ ਵੀ ਬਣਨਗੇ ਨਿਊਜ਼ੀਲੈਂਡ ਦੇ ਪੱਕੇ ਵਸ਼ਿੰਦੇ

## ਨਵੀਂ ਪਾਲਿਸੀ ਤਹਿਤ 'ਧਾਰਮਿਕ ਵਰਕ ਵੀਜ਼ੇ' ਵਾਲੇ ਵੀ ਯੋਗ

**ਆਕਲੈਂਡ/ਏ.ਟੀ.ਨਿਊਜ:** ਨਿਊਜ਼ੀਲੈਂਡ 'ਚ ਲਾਕਡਾਊਨ ਤੋਂ ਪਹਿਲਾਂ ਪ੍ਰਚਾਰ ਕਰਨ ਲਈ ਆਏ ਦਰਜਨਾਂ ਸਿੱਖ ਪ੍ਰਚਾਰਕ ਵੀ ਨਿਊਜ਼ੀਲੈਂਡ ਦੇ ਪੱਕੇ ਵਸਨੀਕ ਬਣ ਸਕਣਗੇ। ਇਮੀਗ੍ਰੇਸ਼ਨ ਵੱਲੋਂ ਐਲਾਨੀ ਗਈ ਨਵੀਂ ਪਾਲਿਸੀ ਤਹਿਤ 'ਧਾਰਮਿਕ ਵਰਕ ਵੀਜ਼ੇ' ਵੀ ਯੋਗ ਹਨ ਅਤੇ ਇੰਗਲਿਸ਼ ਭਾਸ਼ਾ ਦੇ ਗਿਆਨ ਵਾਲੀ ਸ਼ਰਤ ਵੀ ਨਹੀਂ ਹੈ। ਜਿਸ ਕਰਕੇ ਰਾਗੀ ਤੇ ਗ੍ਰੰਥੀ ਸਿੰਘ ਬਾਗ਼ੋ-ਬਾਗ਼ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਇੱਥੋਂ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨਿਨੀ ਅਤੇ ਗੁਰਦੁਆਰਾ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਉਟਾਹੂਹੂ ਵਿਚ ਕੀਰਤਨ ਦੀ ਸੇਵਾ ਨਿਭਾਅ ਰਹੇ ਜਥਿਆਂ ਦੇ 12 ਮੈਂਬਰਾਂ ਅਤੇ ਇਕ ਲਾਂਗਰੀ ਨੂੰ ਰੈਜੀਡੈਂਟ ਵੀਜ਼ਾ ਦਿਵਾਉਣ ਲਈ ਚਾਰਾਜੋਈ ਸ਼ੁਰੂ ਹੋ ਗਈ ਹੈ।

ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨਿਨੀ ਦੇ ਲਾਇਬ੍ਰੇਰੀ ਹਾਲ ਵਿਚ ਸੁਪਰੀਮ ਸਿੱਖ ਸੁਸਾਇਟੀ ਆਫ ਨਿਊਜ਼ੀਲੈਂਡ ਦੇ ਬੁਲਾਰੇ ਨੇ ਦਲਜੀਤ ਸਿੰਘ ਨੇ ਦੱਸਿਆ ਕਿ ਸਾਰੇ ਪ੍ਰਚਾਰਕਾਂ ਨੂੰ ਪੱਕੇ ਕਰਾਉਣ ਲਈ ਕਾਰਜਕਾਰੀ ਕਮੇਟੀ ਨੇ ਸਰਬਸੰਮਤੀ ਨਾਲ ਫ਼ੈਸਲਾ ਲਿਆ ਹੈ। ਜਿਸ 'ਤੇ ਆਉਣ ਵਾਲਾ ਖ਼ਰਚਾ, ਭਾਵ ਇਮੀਗ੍ਰੇਸ਼ਨ ਫੀਸ ਅਤੇ ਵਕੀਲਾਂ ਦਾ ਖ਼ਰਚਾ ਵੀ ਸੁਸਾਇਟੀ ਵੱਲੋਂ ਹੀ ਕੀਤਾ ਜਾਵੇਗਾ ਅਤੇ ਪੱਕੇ ਕਰਾਉਣ ਬਦਲੇ ਕੋਈ ਵੀ ਸ਼ਰਤ ਨਹੀਂ ਰੱਖੀ ਗਈ।

ਉਨਾਂ ਦੱਸਿਆ ਕਿ ਹੋਰ ਗੁਰੂਘਰਾਂ ਨਾਲ ਵੀ ਗੱਲਬਾਤ ਸ਼ੁਰੂ ਹੋ ਚੁੱਕੀ ਹੈ ਅਤੇ ਹੁਣ ਤੱਕ ਤਿੰਨ ਗੁਰਦੁਆਰਿਆਂ ਨਾਲ ਸੰਪਰਕ ਕੀਤਾ ਜਾ ਚੁੱਕਾ ਹੈ ਤਾਂ ਜੋ ਇਸ ਵੇਲੇ ਨਿਊਜ਼ੀਲੈਂਡ ਵਿਚ ਮੌਜੂਦ ਸਾਰੇ ਪ੍ਰਚਾਰਕ ਪੱਕੇ ਹੋ ਸਕਣ, ਜੋ ਇਮੀਗ੍ਰੇਸ਼ਨ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ।

ਇਸ ਮੌਕੇ ਟਾਕਾਨਿਨੀ ਗੁਰੂਘਰ ਦੇ ਕੀਰਤਨੀ ਜਥੇ ਦੇ ਆਗੂ ਸੁਖਦੇਵ ਸਿੰਘ ਬਾਠ ਅਤੇ ਦੀਪ ਸਿੰਘ ਤੋਂ ਇਲਾਵਾ ਗੁਰਦੁਆਰਾ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਉਟਾਹੂਹੂ ਵਿਚ ਦੋ ਸਾਲ ਤੋਂ ਕੀਰਤਨ ਦੀ ਸੇਵਾ ਨਿਭਾਅ ਰਹੇ ਜਥੇ ਦੇ ਆਗੂ ਭਾਈ ਰਣਜੀਤ



ਸਿੰਘ ਤੇ ਉਸਦੇ ਸਾਥੀਆਂ ਲਖਵਿੰਦਰ ਸਿੰਘ ਅਤੇ ਕੁਲਦੀਪ ਸਿੰਘ ਨੇ ਦੱਸਿਆ ਨੇ ਉਹ ਸਰਕਾਰ ਅਤੇ ਸੁਸਾਇਟੀ ਦੇ ਫ਼ੈਸਲੇ ਤੋਂ ਬਹੁਤ ਪ੍ਰਸੰਨ ਹਨ, ਜਿਸ ਸਦਕੇ ਉਹ ਅਤੇ ਉਨਾਂ ਦੇ ਪਰਿਵਾਰਕ ਮੈਂਬਰ ਨਿਊਜ਼ੀਲੈਂਡ ਦੇ ਪੱਕੇ ਵਸਨੀਕ ਬਣ ਸਕਣਗੇ। ਉਨਾਂ ਇਸ ਗੱਲ 'ਤੇ ਵੀ ਖ਼ੁਸ਼ੀ ਪ੍ਰਗਟਾਈ ਕਿ ਨਵੇਂ ਨਿਯਮਾਂ ਤਹਿਤ ਪੱਕੇ ਹੋਣ ਲਈ ਇੰਗਲਿਸ਼ ਦੀ ਵੀ ਕੋਈ ਸ਼ਰਤ ਨਹੀਂ ਹੈ।

ਟਾਕਾਨਿਨੀ ਗੁਰੂਘਰ 'ਚ ਮੁੱਖ ਗਰੰਥੀ ਦੀਆਂ ਸੇਵਾਵਾਂ ਨਿਭਾ ਰਹੇ ਭਾਈ ਸਤਿੰਦਰ ਸਿੰਘ ਅਤੇ ਲੰਗਰ ਤਿਆਰ ਕਰਨ ਦੀ ਸੇਵਾ ਨਿਭਾਉਣ ਵਾਲੇ ਭਾਈ ਸੁਖਵਿੰਦਰ ਸਿੰਘ ਨੇ ਖ਼ੁਸ਼ੀ ਸਾਂਝੀ ਕਰਦਿਆਂ ਦੱਸਿਆ ਕਿ ਉਹ ਵੀ ਸੁਸਾਇਟੀ ਫ਼ੈਸਲੇ ਤੋਂ ਬਹੁਤ ਖ਼ੁਸ਼ ਹਨ।

ਦੱਸਣਯੋਗ ਹੈ ਕਿ ਇਮੀਗ੍ਰੇਸ਼ਨ ਵੱਲੋਂ 30 ਸਤੰਬਰ ਨੂੰ ਐਲਾਨੀ ਗਈ ਨਵੀਂ ਨੀਤੀ ਅਨੁਸਾਰ 29 ਸਤੰਬਰ 2021 ਨੂੰ ਜਿਹੜਾ ਵੀ ਮਾਈਗਰੈਂਟ ਵਰਕਰ ਨਿਊਜ਼ੀਲੈਂਡ ਵਿਚ ਕਿਸੇ ਨਾ ਕਿਸੇ ਕਿਸਮ ਦੇ ਵਰਕ ਵੀਜ਼ੇ 'ਤੇ ਕੰਮ ਕਰ ਰਿਹਾ ਹੈ ਜਾਂ 27 ਡਾਲਰ ਘੰਟੇ ਦੇ ਹਿਸਾਬ ਨਾਲ ਤਨਖ਼ਾਹ ਲੈ ਰਿਹਾ ਹੈ, ਉਹ ਰੈਜੀਡੈਂਟ ਵੀਜ਼ਾ ਅਪਲਾਈ ਕਰਨ ਦੇ ਯੋਗ ਹੈ।

### ਮਾਮਲਾ ਬਹਿਬਲ ਕਲਾਂ ਗੋਲੀਕਾਂਡ ਦਾ

## ਹਾਈਕੋਰਟ ਵਲੋਂ ਸਾਬਕਾ ਡੀਜੀਪੀ ਸੈਣੀ ਤੇ ਸਾਬਕਾ ਆਈਜੀ ਉਮਰਾਨੰਗਲ ਦੀ ਅਪੀਲ ਰੱਦ

**ਫ਼ਰੀਦਕੋਟ/ਏ.ਟੀ.ਨਿਊਜ਼ :** ਬਹਿਬਲ ਕਲਾਂ ਗੋਲੀਕਾਂਡ ਵਿਚ ਨਾਮਜ਼ਦ ਸਾਬਕਾ ਡੀਜੀਪੀ ਸੁਮੇਧ ਸੈਣੀ ਤੇ ਸਾਬਕਾ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਲਾਈ ਅਪੀਲ ਜਿਸ ਦੀ ਪੈਰਵੀ ਸਪੈਸ਼ਲ ਪ੍ਰਾਸੀਕਿਊਟਰ ਆਰ.ਐੱਸ. ਬੈਂਸ ਨੇ ਕੀਤੀ, ਰੱਦ ਹੋ ਗਈ ਹੈ। ਇਹ ਗੱਲ ਰਾਜ ਸਰਕਾਰ ਦੇ ਪੱਖ ਵਿਚ ਗਈ ਹੈ ਕਿ ਹੁਣ



ਇਸ ਮਾਮਲੇ ਦੀ ਸੁਣਵਾਈ ਹੇਠਲੀ ਅਦਾਲਤ ਵਿਚ ਜਾਰੀ ਰਹੇਗੀ ਅਤੇ ਅਗਲੀ ਸੁਣਵਾਈ ਹਾਈਕੋਰਟ 'ਚ ਤੈਅ ਕੀਤੀ ਗਈ 2 ਦਸੰਬਰ ਨੂੰ ਹੋਵੇਗੀ। ਦੱਸਣਯੋਗ ਹੈ ਕਿ ਨਵੀਂ ਐੱਸਆਈਟੀ ਦੇ ਗਠਨ ਨਾਲ ਜਾਂਚ ਮੁੜ ਤੋਂ ਸ਼ੁਰੂ ਹੋਣ ਨਾਲ ਬੇਸ਼ੱਕ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਪ੍ਰਭਾਵਤ ਹੋਈ ਹੈ। ਇਸ ਮਾਮਲੇ ਵਿਚ ਨਾਮਜ਼ਦ ਪੁਲਿਸ ਅਧਿਕਾਰੀਆਂ ਵੱਲੋਂ ਹੇਠਲੀਆਂ ਅਦਾਲਤਾਂ ਵਿਚ ਚੱਲ ਰਹੀ ਕਾਰਵਾਈ 'ਤੇ ਸਟੇਅ ਲਾਉਣ ਲਈ ਕੀਤੀ ਅਪੀਲ ਦੇ ਖ਼ਾਰਜ ਹੋਣ ਨਾਲ ਸਰਕਾਰ ਨੂੰ ਰਾਹਤ ਮਿਲੀ ਹੈ।

### ਮਾਮਲਾ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਤੇ ਲਾਪਤਾ ਹੋਏ ਪਾਵਨ ਸਰੂਪਾਂ ਦਾ

## ਅਕਾਲੀ ਦਲ (ਸੰਯੁਕਤ) ਦੇ ਵ਼ਫਦ ਵਲੋਂ ਪੰਜਾਬ ਸਰਕਾਰ ਨੂੰ ਸੌਂਪਿਆ ਮੰਗ-ਪੱਤਰ

**ਐੱਸ. ਏ. ਐੱਸ. ਨਗਰ/ਏ.ਟੀ.ਨਿਊਜ਼ :** ਸ਼੍ਰੋਮਣੀ ਕਮੇਟੀ ਚੋਣਾਂ ਦਾ ਅਮਲ ਸੁਚਾਰੂ ਢੰਗ ਨਾਲ ਨਿਰਧਾਰਿਤ ਸਮੇਂ 'ਤੇ ਨੇਪਰੇ ਚਾੜਨ ਤੇ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਹੋਏ 328 ਪਾਵਨ ਸਰੂਪਾਂ ਬਾਰੇ ਮਾਮਲਾ ਦਰਜ ਕਰਕੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਦੇ ਵਫ਼ਦ ਵਲੋਂ ਪੰਜਾਬ ਸਰਕਾਰ ਦੇ ਵਿਸ਼ੇਸ਼ ਸਕੱਤਰ ਵਰੁਣ ਰੂਜ਼ਮ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਐਗਜ਼ੇਕਟਿਵ ਮੈਂਬਰ ਮਿੱਠੂ ਸਿੰਘ ਤੇ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਨੇ ਦੱਸਿਆ ਕਿ ਵਫ਼ਦ ਵਿਚ ਜਥੇ. ਹਰਦੇਵ ਸਿੰਘ ਰੋਗਲਾ, ਜਥੇਦਾਰ ਰਘਬੀਰ ਸਿੰਘ, ਜਥੇਦਾਰ ਕੁਲਵੰਤ ਸਿੰਘ ਤੇ ਜਥੇਦਾਰ ਕੌਰ ਸਿੰਘ ਖਾਰਾ ਆਦਿ ਸ਼ਾਮਿਲ ਸਨ। ਉਪਰੰਤ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸਕੱਤਰ ਜਨਰਲ ਜਥੇਦਾਰ ਰਣਜੀਤ ਸਿੰਘ ਤਲਵੰਡੀ ਦੀ ਅਗਵਾਈ 'ਚ ਵਫ਼ਦ ਨੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜਦੋਂ ਤੋਂ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਬਣੇ ਹਨ ਤਾਂ ਉਮੀਦ ਬੱਝੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਚੋਣਾਂ ਜਲਦ ਕਰਵਾਉਣਗੇ ਤੇ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਹੋਏ ਪਾਵਨ ਸਰੂਪਾਂ ਬਾਰੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਜ਼ਰੂਰ ਚੁਕਣਗੇ।

# ਮਾਮਲਾ ਲਖੀਮਪੁਰੀ ਖੀਰੀ 'ਚ ਮਾਰੇ ਗਏ 4 ਕਿਸਾਨਾਂ ਦੇ ਮਾਮਲੇ ਦੀ ਜਾਂਚ ਦਾ

## ✪ ਯੂ.ਪੀ. ਪੁਲਿਸ, ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਘਰ ਦੇ ਬਾਹਰ ਪੁਲਿਸ ਨੇ ਚਿਪਕਾਇਆ ਨੋਟਿਸ ✪ ਸੰਯੁਕਤ ਕਿਸਾਨ ਮੋਰਚੇ ਨੇ ਇੱਕ ਮੈਂਬਰੀ ਜਾਂਚ ਕਮਿਸ਼ਨ ਉੱਤੇ ਸਵਾਲ ਉਠਾਏ ✪ ਹਿੰਸਾ ਦੇ ਦੋਸ਼ੀਆਂ ਖ਼ਿਲਾਫ਼ ਸਿਆਸੀ ਪਾਰਟੀਆਂ ਇਕਜੁੱਟ ਹੋਣ: ਜਥੇਦਾਰ ਹਰਪ੍ਰੀਤ ਸਿੰਘ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਲਖੀਮਪੁਰੀ ਖੀਰੀ 'ਚ ਮਾਰੇ ਗਏ 4 ਕਿਸਾਨਾਂ ਦੇ ਮਾਮਲੇ ਦੀ ਜਾਂਚ ਲਈ ਬਣਾਏ ਗਏ ਇੱਕ ਮੈਂਬਰੀ ਕਮਿਸ਼ਨ 'ਤੇ ਸੰਯੁਕਤ ਕਿਸਾਨ ਮੋਰਚੇ ਨੇ ਸਵਾਲ ਉਠਾਏ ਹਨ। ਮੋਰਚੇ ਨੇ ਕਿਹਾ ਕਿ ਇਹ ਕਮਿਸ਼ਨ ਕਿਸਾਨਾਂ ਦੀਆਂ ਮੰਗਾਂ ਅਨੁਸਾਰ ਨਹੀਂ ਹੈ ਅਤੇ ਇਸ ਕਮਿਸ਼ਨ ਦੇ ਗਠਨ ਨਾਲ ਦੇਸ਼ ਦੇ ਕਿਸਾਨਾਂ ਵਿੱਚ ਭਰੋਸਾ ਪੈਦਾ ਨਹੀਂ ਹੋ ਰਿਹਾ ਹੈ। ਕਿਸਾਨ ਆਗੂ ਡਾ. ਦਰਸ਼ਨਪਾਲ ਨੇ ਕਿਹਾ ਕਿ ਇੰਜ ਜਾਪਦਾ ਹੈ ਕਿ ਯੂਪੀ ਸਰਕਾਰ ਨੇ ਸੁਪਰੀਮ ਕੋਰਟ ਵੱਲੋਂ ਲਖੀਮਪੁਰ ਕਾਂਡ ਦੀ ਸੁਣਵਾਈ ਸ਼ੁਰੂ ਕੀਤੇ ਜਾਣ ਦੇ ਦਬਾਅ ਕਾਰਨ ਇਹ ਕਮਿਸ਼ਨ ਬਣਾਇਆ ਹੈ। ਉਨਾਂ ਕਿਹਾ ਕਿ ਨੋਟੀਫਿਕੇਸ਼ਨ ਵਿੱਚ ਕਮਿਸ਼ਨ ਕਾਇਮ ਕਰਨ ਦੇ ਮੁੱਖ ਕਾਰਨਾਂ ਜਾਂ ਮਕਸਦ ਬਾਰੇ ਕੁੱਝ ਨਹੀਂ ਦੱਸਿਆ ਗਿਆ ਹੈ, ਜੋ ਸ਼ੰਕੇ ਪੈਦਾ ਕਰਦਾ ਹੈ। ਇਕ ਹੋਰ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਮੁਤਾਬਕ ਜਾਂਚ ਇਸ ਗੱਲ ਦੀ ਹੋਣੀ ਚਾਹੀਦੀ ਹੈ ਕਿ ਲਖੀਮਪੁਰ ਖੀਰੀ ਦੀਆਂ ਘਟਨਾਵਾਂ ਯੋਜਨਾਬੱਧ ਤਰੀਕੇ ਨਾਲ ਕੀਤੀਆਂ ਗਈਆਂ ਜਿਨਾਂ ਦਾ ਉਦੇਸ਼ ਪ੍ਰਦਰਸ਼ਨਕਾਰੀਆਂ ਨੂੰ ਡਰਾਉਣਾ ਅਤੇ ਦਬਾਉਣਾ ਸੀ। ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਨੋਟੀਫਿਕੇਸ਼ਨ ਵਿੱਚ ਕੇਂਦਰੀ ਮੰਤਰੀ ਵੱਲੋਂ ਜਨਤਕ ਮੀਟਿੰਗ ਵਿੱਚ ਦਿੱਤੀ ਖੁੱਲੀ ਧਮਕੀ ਦਾ ਜ਼ਿਕਰ ਨਹੀਂ ਹੈ।ਮੋਰਚੇ ਨੇ ਯੂ.ਪੀ. ਦੇ ਮੰਤਰੀ ਬਲਦੇਵ ਸਿੰਘ ਔਲਖ ਦੇ ਲਖੀਮਪੁਰ ਖੀਰੀ ਕਾਂਡ ਨੂੰ 'ਦੁਰਘਟਨਾ' ਆਖਣ ਦੀ ਸਖ਼ਤ ਨਿੰਦਾ ਕੀਤੀ।

ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਘਰ ਦੇ ਬਾਹਰ ਪੁਲਿਸ ਨੇ ਚਿਪਕਾਇਆ ਨੋਟਿਸ

ਯੂ.ਪੀ. ਦੇ ਲਖੀਮਪੁਰ ਖੀਰੀ ਵਿੱਚ ਕਿਸਾਨਾਂ 'ਤੇ ਕਾਰ ਚੜ੍ਹਾਉਣ ਦੇ ਮਾਮਲੇ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦੇ ਦੋਸ਼ੀ ਬੇਟੇ ਆਸ਼ੀਸ਼ ਮਿਸ਼ਰਾ ਨੂੰ ਪੁਲਿਸ ਨੇ ਪੁੱਛਗਿੱਛ ਲਈ ਸੰਮਨ ਜਾਰੀ ਕੀਤਾ ਹੈ। ਇਹੀ ਨਹੀਂ, ਯੂ.ਪੀ. ਪੁਲਸ ਨੇ ਮੰਤਰੀ ਅਜੇ ਮਿਸ਼ਰਾ ਦੇ ਘਰ ਦੇ ਬਾਹਰ ਉਨਾਂ ਦੇ ਬੇਟੇ ਤੋਂ ਪੁੱਛਗਿੱਛ ਦਾ ਨੋਟਿਸ ਚਿਪਕਾ ਦਿੱਤਾ ਹੈ। '

**ਪੰਜ ਸਿੰਘ ਸਾਹਿਬਾਨ ਵਲੋਂ ਨਿੰਦਾ**

ਯੂ.ਪੀ. ਦੇ ਲਖੀਮਪੁਰ ਖੀਰੀ ਵਿੱਚ ਵਾਪਰੀ ਹਿੰਸਕ ਘਟਨਾ ਵਿੱਚ ਸਿਖ ਕਿਸਾਨਾਂ ਨੂੰ ਬੇਰਹਿਮੀ ਨਾਲ ਕਤਲ ਕੀਤੇ ਜਾਣ ਦੀ ਸਖ਼ਤ ਨਿੰਦਾ ਕਰਦਿਆਂ ਸਮੂਹ ਤਖ਼ਤਾਂ ਦੇ ਜਥੇਦਾਰਾਂ ਨੇ ਸਿਆਸੀ ਪਾਰਟੀਆਂ ਨੂੰ ਇਕਜੁੱਟ ਹੋ ਕੇ ਇਸ ਮਾਮਲੇ ਵਿਚ ਸਰਕਾਰ ਖ਼ਿਲਾਫ਼ ਲੜਨ ਦਾ ਸੱਦਾ ਦਿੱਤਾ ਤਾਂ ਜੋ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲ ਸਕਣ। ਇਸ

*ਅਜੀਬ ਤਰਕ ਹੈ, ਮਾਰਨ ਵਾਲਿਆਂ ਨੇ ਚੁਣ ਕੇ ਸਿੱਖ ਮਾਰੇ ਨੇ। ਸੋਸ਼ਲ ਮੀਡੀਏ ਦੇ ਦੌਰ ਵਿਚ ਦੁਨੀਆਂ ਭਰ ਦੇ ਲੋਕਾਂ ਨੇ ਚਾਰ ਸਿਖ ਮਰੇ ਤੇ ਬਾਕੀ ਫਟੜ ਵੇਖੇ ਨੇ, ਪਰ ਸਾਨੂੰ ਕਿਹਾ ਜਾ ਰਿਹਾ ਹੈ ਕਿ ਤੁਸੀਂ ਇਹ ਨਾ ਕਹੋ ਕਿ ਸਿੱਖ ਮਰੇ ਨੇ, ਤੁਸੀਂ ਕਹੋ ਕਿ ਕਿਸਾਨ ਮਰੇ ਨੇ, ਇਹ ਕਿੰਨਾ ਅਜੀਬ ਤੇ ਪਾਖੰਡੀ ਤਰਕ ਹੈ? ਬਜਾਏ ਇਹ ਕਹਿਣ ਤੇ ਇਸ ਦੀ ਡਟ ਕੇ ਨਿਖੇਧੀ ਕਰਨ ਦੇ ਕਿ ਮੋਦੀਕਿਆਂ ਨੇ ਜਾਣ ਬੁਝ ਕੇ ਤੇ ਚੁਣ ਕੇ ਸਿਖ ਮਾਰੇ ਨੇ ਕਿਉਕਿ ਉਹ ਮੁਢ ਤੋਂ ਬਹੁਗਿਣਤੀ ਵਿਚ ਕਿਸਾਨ ਅੰਦੋਲਨ ਵਿਚ ਸ਼ਾਮਿਲ ਨੇ ਤੇ ਮੋਦੀਕਿਆਂ ਨੇ ਇਸ ਗੁਸਤਾਖੀ ਬਦਲੇ ਉਨਾਂ ਨੂੰ ਆਪਣੇ ਵਹਿਸ਼ੀ ਜਬਰ ਦਾ ਨਿਸ਼ਾਨਾ ਬਣਾਇਆ ਹੈ, ਇਹ ਕਿਹਾ ਜਾ ਰਿਹਾ ਹੈ ਕਿ ਕਿਸਾਨ ਮਰੇ ਨੇ. ਜਦੋਂ ਕਿ ਅਸਲੀਅਤ ਇਹ ਹੈ ਕਿ ਹੁਣ ਜਦੋਂ ਕਿ ਅਫਗਾਨਿਸਤਾਨ ਵਿਚ ਤਾਲਿਬਾਨ ਦੀ ਹੋਈ ਜਿਤ ਨਾਲ ਮੋਦੀਕੇ ਯੂ ਪੀ ਚੋਣਾਂ ਜਿਤਣ ਲਈ ਪਹਿਲਾਂ ਵਾਂਗ ਮੁਸਲਮਾਨਾਂ ਨੂੰ ਆਪਣੇ ਹਮਲੇ ਦਾ ਨਿਸ਼ਾਨਾ ਨਹੀਂ ਬਣਾ ਸਕਦੇ, ਇਸ ਲਈ ਉਨਾਂ ਨੇ ਸਭ ਤੋਂ ਛੋਟੀ ਧਾਰਮਿਕ ਘਟ ਗਿਣਤੀ ਸਿਖਾਂ ਨੂੰ ਆਪਣੇ ਹਮਲੇ ਦਾ ਨਿਸ਼ਾਨਾ ਬਣਾਇਆ ਹੈ. ਇਕ ਛੋਟੀ ਜਿਹੀ ਧਾਰਮਿਕ ਘਟ ਗਿਣਤੀ ਨੂੰ ਚੋਣਾਂ ਜਿਤਣ ਲਈ ਨਿਸ਼ਾਨਾ ਬਣਾਉਣ ਲਈ ਇਸ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਨ ਦੀ ਬਜਾਏ ਸਿਖਾਂ ਨੂੰ ਨਸੀਹਤ ਕੀਤੀ ਜਾ ਰਹੀ ਹੈ ਕਿ ਉਹ ਹੋਏ ਆਪਣੇ ਇਸ ਵਹਿਸ਼ੀ ਕਤਲੇਆਮ ਬਾਰੇ ਦੜ ਵੱਟ ਲੈਣ।*



ਦੌਰਾਨ ਉਨਾਂ ਸਮੁੱਚੇ ਭਾਰਤ ਅਤੇ ਖਾਸ ਕਰਕੇ ਯੂ.ਪੀ. ਵਿੱਚ ਭਾਈਚਾਰਕ ਸਾਂਝ ਬਣਾ ਕੇ ਰੱਖਣ ਦੀ ਅਪੀਲ ਵੀ ਕੀਤੀ। ਇਥੇ ਸ੍ਰੀ ਅਕਾਲ ਤਖ਼ਤ ਦੇ ਸਕਤਰੇਤ ਵਿੱਚ ਪੰਜ ਸਿੰਘ ਸਾਹਿਬਾਨਾਂ ਦੀ ਕੀਤੀ ਇਕੱਤਰਤਾ ਵਿੱਚ ਜਥੇਦਾਰ ਹਰਪ੍ਰੀਤ ਸਿੰਘ, ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ, ਤਖ਼ਤ ਕੇਸਗੜ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ, ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਸ਼ਾਮਲ ਹੋਏ। ਜਦਕਿ ਨਾਂਦੇੜ ਤੋਂ ਤਖ਼ਤ ਹਜ਼ੂਰ ਸਾਹਿਬ ਦੇ ਜਥੇਦਾਰ ਕੁਲਵੰਤ ਸਿੰਘ ਨੇ ਇਸ ਮੀਟਿੰਗ ਵਿੱਚ ਆਨਲਾਈਨ ਸ਼ਮੂਲੀਅਤ ਕੀਤੀ। ਇਸ ਮੌਕੇ ਸਮੂਹ ਸਿੱਖ ਸੰਸਥਾਵਾਂ, ਜਥੇਬੰਦੀਆਂ, ਸੰਪਰਦਾਵਾਂ, ਸਿੰਘ ਸਭਾਵਾਂ ਨੂੰ ਆਦੇਸ਼ ਦਿੱਤਾ ਕਿ ਉਹ ਗੁਰਧਾਮਾਂ ਦੇ ਪ੍ਰਬੰਧ ਵਿੱਚ ਸਰਕਾਰੀ ਦਖਲ-ਅੰਦਾਜ਼ੀ ਖ਼ਿਲਾਫ਼ ਆਵਾਜ਼ ਬੁਲੰਦ ਕਰਨ।

## ਪੰਜਾਬ ਸਰਕਾਰ ਵਲੋਂ ਮਦਦ ਦਾ ਐਲਾਨ

ਲਖੀਮਪੁਰ ਖੀਰੀ ਵਿਚ ਮਾਰੇ ਗਏ ਕਿਸਾਨਾਂ ਅਤੇ ਪੱਤਰਕਾਰਾਂ ਦੇ ਪਰਿਵਾਰਾਂ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ 50-50 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਪੰਜਾਬ ਸਰਕਾਰ ਵੱਲੋਂ ਇਹ ਰਾਸ਼ੀ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦਿੱਤੀ ਜਾਵੇਗੀ। ਦੂਜੇ ਪਾਸੇ ਛੱਤੀਸਗੜ ਸਰਕਾਰ ਵੱਲੋਂ ਵੀ 50 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ।

**ਸੁਪਰੀਮ ਕੋਰਟ ਨੇ ਦਖਲ ਦਿੱਤਾ**

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਐੱਨਵੀ ਰਾਮੰਨਾ ਨੇ ਲਖੀਮਪੁਰ ਖੀਰੀ ਵਿਚ ਹੋਈ ਦੁਖਾਂਤਕ ਘਟਨਾ ਦੀ ਉੱਤਰ ਪ੍ਰਦੇਸ਼ ਸਰਕਾਰ ਅਤੇ ਪੁਲਿਸ ਵੱਲੋਂ ਕੀਤੀ ਜਾ ਰਹੀ ਤਫ਼ਤੀਸ਼ ਦਾ ਜਾਇਜ਼ਾ ਲੈਣ ਦਾ ਫ਼ੈਸਲਾ ਕੀਤਾ ਹੈ। ਬੀਤੇ ਵੀਰਵਾਰ ਹੋਈ ਸੁਣਵਾਈ ਦੌਰਾਨ ਉੱਤਰ ਪ੍ਰਦੇਸ਼ ਸਰਕਾਰ ਨੂੰ ਹੁਣ ਤਕ ਦੀ ਕਾਰਵਾਈ ਬਾਰੇ ਹਲਫ਼ਨਾਮਾ ਦਾਖ਼ਲ ਕਰਨ ਲਈ ਕਿਹਾ ਗਿਆ ਹੈ। ਇਸ ਘਟਨਾ ਨੇ ਦੇਸ਼ ਦੀ ਆਤਮਾ ਨੂੰ ਝੰਜੋੜਿਆ ਹੈ, ਇਹੀ ਕਾਰਨ ਹੈ ਕਿ ਸਰਬਉੱਚ ਅਦਾਲਤ ਨੂੰ ਇਸ ਮਾਮਲੇ ਵਿਚ ਦਖ਼ਲ ਦੇਣਾ ਪੈ ਰਿਹਾ ਹੈ। ਘਟਨਾ ਦੌਰਾਨ ਹੋਈ ਦਰਿੰਦਗੀ ਵਾਇਰਲ ਹੋਈਆਂ ਵੀਡਿਓਜ਼ ਵਿਚੋਂ ਪ੍ਰਤੱਖ ਦਿਖਾਈ ਦਿੰਦੀ ਹੈ ਅਤੇ ਇਹ ਵੀ ਸਪੱਸ਼ਟ ਹੋ ਰਿਹਾ ਹੈ ਕਿ ਦਨਦਨਾਉਂਦੀਆਂ ਹੋਈਆਂ ਗੱਡੀਆਂ ਸੋਚੀ-ਸਮਝੀ ਸਾਜ਼ਿਸ਼ ਤਹਿਤ ਹੀ ਸਿਖ ਕਿਸਾਨਾਂ ਦੇ ਇਕੱਠ 'ਤੇ ਨਿਸ਼ਾਨਾ ਬਣਾਕੇ ਚੜਾਈਆਂ ਗਈਆਂ। ਭਗਵੇਂ ਹਮਲਾਵਰ ਜਾਣਦੇ ਹਨ ਕਿ ਕਿਸਾਨੀ ਸੰਘਰਸ਼ ਦੀ ਤਾਕਤ ਸਿੱਖ ਹਨ। ਲਖੀਮਪੁਰ ਖੀਰੀ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਵਿਚ ਨੁਮਾਇੰਦੇ ਅਜੈ ਮਿਸ਼ਰਾ ਨੇ 25 ਸਤੰਬਰ ਨੂੰ ਧਮਕੀ ਦਿੱਤੀ ਸੀ ਕਿ ਜੇ ਉਹ ਚਾਹੇ ਤਾਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ ਬਲੀਆ ਤੋਂ ਲਖੀਮਪੁਰ ਖੀਰੀ ਤੱਕ ਦੋ ਮਿੰਟਾਂ ਵਿਚ ਖਦੇੜ ਸਕਦਾ ਹੈ; ਦੂਸਰਾ, ਵਾਇਰਲ ਹੋਈਆਂ ਵੀਡਿਓ ਕਲਿੱਪਾਂ 'ਚ ਗੱਡੀਆਂ ਦੀ ਤੇਜ਼ ਰਫ਼ਤਾਰ ਦਰਸਾਉਂਦੀ ਹੈ ਕਿ ਚਲਾਉਣ ਵਾਲਿਆਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਸੀ ਕਿ ਸਾਹਮਣੇ ਵਿਰੋਧ ਕਰ ਰਹੇ ਕਿਸਾਨਾਂ ਦਾ ਇਕੱਠ ਹੈ।

ਚਸ਼ਮਦੀਦ ਗਵਾਹ ਦੱਸ ਰਹੇ ਹਨ ਕਿ ਇਕ ਵਾਹਨ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਦਾ ਪੁੱਤਰ ਮੌਜੂਦ ਸੀ ਪਰ ਮੰਤਰੀ ਨਾ ਸਿਰਫ਼ ਇਸ ਤੱਥ ਨੂੰ ਝੂਠ ਦੱਸਦਾ ਹੈ ਸਗੋਂ ਬਹੁਤ ਬੇਹਯਾਈ ਨਾਲ ਟੈਲੀਵਿਜ਼ਨ ਚੈਨਲ 'ਤੇ ਇਹ ਕਹਿੰਦਾ ਹੈ ਕਿ ਉਸ 'ਤੇ ਕੋਈ ਦਬਾਉ ਨਹੀਂ ਅਤੇ ਉਹ ਅਸਤੀਫ਼ਾ ਨਹੀਂ ਦੇਵੇਗਾ। ਉੱਤਰ ਪ੍ਰਦੇਸ਼ ਸਰਕਾਰ ਦਾ ਇਕ ਮੰਤਰੀ ਇਹ ਬਿਆਨ ਦਿੰਦਾ ਹੈ ਕਿ ਕਿਸਾਨਾਂ ਨਾਲ ਸਮਝੌਤਾ ਹੋ ਗਿਆ ਹੈ ਅਤੇ 'ਉੱਥੇ ਸਭ ਖ਼ੁਸ਼ ਹਨ'। ਅਜੈ ਮਿਸ਼ਰਾ ਦਾ ਅਸਤੀਫ਼ਾ ਨਾ ਦੇਣਾ ਅਤੇ ਉਸ ਦੇ ਪੁੱਤਰ ਦਾ ਹੁਣ ਤਕ ਗ੍ਰਿਫ਼ਤਾਰ ਨਾ ਹੋਣਾ ਸਿਆਸੀ ਅਨੈਤਿਕਤਾ ਦੀ ਸਿਖ਼ਰ ਹੈ। ਸੁਪਰੀਮ ਕੋਰਟ ਦਾ ਦਖ਼ਲ ਇਹ ਸਵਾਲ ਵੀ ਖੜਾ ਕਰਦਾ ਹੈ ਕਿ ਕੀ ਭਾਰਤ ਵਿਚ ਕਾਨੂੰਨੀ ਪ੍ਰਕਿਰਿਆ ਏਨੀ ਕਮਜ਼ੋਰ ਤੇ ਜਰਜਰੀ ਹੋ ਚੁੱਕੀ ਹੈ ਕਿ ਅਜਿਹੇ ਸੰਵੇਦਨਸ਼ੀਲ ਕੇਸ ਵਿਚ ਸੁਪਰੀਮ ਕੋਰਟ ਨੂੰ ਖ਼ੁਦ ਦਖ਼ਲ ਦੇਣਾ ਪੈ ਰਿਹਾ ਹੈ।

## ਕੈਨੇਡਾ ਦੇ ਸਾਂਸਦਾਂ ਨੇ ਪ੍ਰਗਟਾਇਆ ਦੁੱਖ

**ਟਰਾਂਟੋ/ਏ.ਟੀ.ਨਿਊਜ਼:** ਇੰਟਰਨੈਸ਼ਨਲ ਡੈਸਕ (ਬਿਊਰੋ) : ਕੈਨੇਡਾ ਅਤੇ ਯੂਕੇ ਦੇ ਪੰਜਾਬੀ ਮੂਲ ਦੇ ਸੰਸਦ ਮੈਂਬਰਾਂ ਨੇ ਲਖੀਮਪੁਰ ਖੀਰੀ ਵਿਚ ਵਾਪਰੀ ਹਿੰਸਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਇਸ ਦੇ ਨਾਲ ਹੀ ਉਨਾਂ ਨੇ ਕਿਸਾਨਾਂ ਨੂੰ ਆਪਣਾ ਸਮਰਥਨ ਦਿੱਤਾ ਹੈ। ਕੈਨੇਡਾ ਦੇ ਪੰਜਾਬੀ ਮੂਲ ਦੇ ਸੰਸਦ ਮੈਂਬਰਾਂ ਮਨਿੰਦਰ ਸਿੱਧੂ, ਰਚਨਾ ਸਿੰਘ, ਰਣਦੀਪ ਐੱਸ. ਸਹਾਏ, ਸੋਨੀਆ ਸਿੱਧੂ ਅਤੇ ਇਕਵਿੰਦਰ ਸਿੰਘ ਗਹੀਰ ਨੇ ਲਖੀਮਪੁਰ ਘਟਨਾ ਦੀ ਨਿੰਦਾ ਕਰਦਿਆਂ ਪੀੜਤਾਂ ਲਈ ਜਲਦੀ ਨਿਆਂ ਦੀ ਮੰਗ ਕੀਤੀ। ਕੈਨੇਡੀਅਨ ਐੱਮ. ਪੀ. ਮਨਿੰਦਰ ਸਿੱਧੂ ਨੇ ਲਖੀਮਪੁਰ ਖੀਰੀ ਵਿਚ ਹੋਈ ਹਿੰਸਾ 'ਤੇ ਟਵੀਟ ਕਰਦਿਆਂ ਪੀੜਤਾਂ ਅਤੇ ਜ਼ਖਮੀਆਂ ਪ੍ਰਤੀ ਆਪਣੀ ਹਮਦਰਦੀ ਪ੍ਰਗਟ ਕੀਤੀ ਅਤੇ ਨਾਲ ਹੀ ਉਨਾਂ ਲਈ ਨਿਆਂ ਦੀ ਮੰਗ ਕੀਤੀ।

ਇਸ ਘਟਨਾ ਮਗਰੋਂ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਤੋਂ ਐੱਮ.ਐੱਲ.ਏ. ਰਚਨਾ ਸਿੰਘ ਨੇ ਵੀ ਟਵੀਟ ਕਰ ਆਪਣੀ ਨਾਰਾਜ਼ਗੀ ਜਾਹਰ ਕੀਤੀ। ਆਪਣੇ ਟਵੀਟ ਵਿਚ ਉਨਾਂ ਨੇ ਲਿਖਿਆ ਕਿ ਕਿਸਾਨਾਂ ਨੂੰ ਆਪਣੇ ਅਧਿਕਾਰਾਂ ਲਈ ਸ਼ਾਂਤਪੂਰਨ ਵਿਰੋਧ ਪ੍ਰਗਟ ਕਰਨ ਦਾ ਅਧਿਕਾਰ ਹੈ।

ਕੈਨੇਡੀਅਨ ਐੱਮ.ਪੀ. ਰਣਦੀਪ ਐੱਸ. ਸਰਾਏ ਨੇ ਕਿਹਾ ਕਿ ਇਸ ਹਿੰਸਾ ਦੇ ਜ਼ਿੰਮੇਵਾਰ ਲੋਕਾਂ ਨੂੰ ਤੁਰੰਤ ਨਿਆਂ ਦੇ ਘੇਰੇ ਵਿੱਚ ਲਿਆਂਦਾ ਜਾਵੇ।' ਕੈਨੇਡੀਅਨ ਐੱਮ ਪੀ. ਇਕਵਿੰਦਰ ਸਿੰਘ ਗਹੀਰ ਤੇ ਕੈਨੇਡੀਅਨ ਐੱਮ.ਪੀ. ਸੋਨੀਆ ਸਿੱਧੂ ਨੇ ਟਵੀਟ ਕਰ ਕੇ ਲਖੀਮਪੁਰ ਹਿੰਸਾ 'ਤੇ ਟਵੀਟ ਕਰ ਕੇ ਪੀੜਤਾਂ ਪ੍ਰਤੀ ਆਪਣੀ ਹਮਦਰਦੀ ਪ੍ਰਗਟ ਕੀਤੀ।

## ਭਾਰਤੀ ਤੇ ਚੀਨ ਦੀਆਂ ਫ਼ੌਜਾਂ ਦੇ 200 ਫ਼ੌਜੀ ਅਰੁਣਾਚਲ ਬਾਰਡਰ 'ਤੇ ਲਲਕਾਰਨ ਲੱਗੇ

**ਦਿਲੀ/ਏ.ਟੀ.ਨਿਊਜ਼:** ਪਿਛਲੇ ਹਫ਼ਤੇ ਭਾਰਤੀ ਅਤੇ ਚੀਨੀ ਸੈਨਿਕ ਆਹਮੋ-ਸਾਹਮਣੇ ਹੋਏ, ਜਿਸ ਵਿੱਚ ਲਗਪਗ 200 ਪੀਐਲਏ ਸੈਨਿਕਾਂ ਨੂੰ ਅਰੁਣਾਚਲ ਪ੍ਰਦੇਸ਼ ਵਿੱਚ ਅਸਲ ਕੰਟਰੋਲ ਰੇਖਾ (ਐਲਏਸੀ) ਦੇ ਨੇੜੇ ਰੋਕਿਆ ਗਿਆ ।ਪਿਛਲੇ ਹਫ਼ਤੇ ਭਾਰਤ ਅਤੇ ਚੀਨੀ ਸੈਨਿਕਾਂ ਵਿਚਾਲੇ ਚੀਨ ਨਾਲ ਲੱਗਦੀ ਸਰਹੱਦ ਦੇ ਨੇੜੇ ਰੁਟੀਨ ਗਸ਼ਤ ਦੌਰਾਨ ਆਹਮੋ-ਸਾਹਮਣੇ ਹੋਈ ਸੀ। ਸੂਤਰਾਂ ਨੇ ਦੱਸਿਆ ਕਿ ਸਰਹੱਦ ਦੇ ਨੇੜੇ ਭਾਰਤੀ ਫ਼ੌਜਾਂ ਨਤੇ 200 ਚੀਨੀ ਫ਼ੌਜੀਆਂ ਨੇ ਇਕ ਦੂਜੇ ਨੂੰ ਲਲਕਾਰਿਆ ।ਬਾਅਦ ਵਿੱਚ, ਸਥਾਨਕ ਕਮਾਂਡਰਾਂ ਦੁਆਰਾ ਮਸਲਾ ਸੁਲਝਾਉਣ ਤੋਂ ਬਾਅਦ ਦੋਵਾਂ ਧਿਰਾਂ ਦੀਆਂ ਫ਼ੌਜਾਂ ਵੱਖ ਹੋ ਗਈਆਂ।


CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਂਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਲਖੀਮਪੁਰ ਖੀਰੀ ਵਿਚ ਕਿਰਤੀ ਸਿੱਖ ਕਰ ਰਹੇ ਨੇ ਲੰਬਾ ਸੰਘਰਸ਼ ਕਿਰਤ ਕਰਕੇ ਆਰਥਿਕ ਤੌਰ ਉੱਪਰ ਮਜ਼ਬੂਤ ਹੋਏ

## ਭਗਵਿਆਂ ਵੱਲੋਂ ਅੱਤਵਾਦੀ ਹਮਲੇ ਦੇ ਸ਼ਿਕਾਰ ਹੋਏ ਸਿੱਖ

**ਲਖੀਮਪੁਰ ਖੀਰੀ/ਏ.ਟੀ.ਨਿਊਜ਼:** ਲਖੀਮਪੁਰ ਜ਼ਿਲੇ ਨੂੰ ਚੀਨੀ ਦੇ ਲਈ ਇਸ ਕਰਕੇ ਜਾਣਿਆ ਜਾਂਦਾ ਹੈ ਕਿਉਂਕਿ ਇੱਥੇ ਗੰਨੇ ਦੀ ਕਾਸ਼ਤ ਸਭ ਤੋਂ ਜ਼ਿਆਦਾ ਹੁੰਦੀ ਹੈ ਇਸ ਵਿੱਚ ਇੱਥੋਂ ਦੇ ਪੰਜਾਬੀ ਕਿਸਾਨਾਂ ਦਾ ਯੋਗਦਾਨ ਵੀ ਕਾਫ਼ੀ ਹੈ।

ਪਿਛਲੇ ਕੁਝ ਦਿਨਾਂ ਤੋਂ ਲਖੀਮਪੁਰ ਜ਼ਿਲਾ ਚੀਨੀ ਜਾਂ ਗੰਨੇ ਲਈ ਨਹੀਂ ,ਸਗੋਂ 3 ਅਕਤੂਬਰ ਨੂੰ ਭਾਜਪਾ ਆਗੂਆਂ ਖ਼ਿਲਾਫ਼ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਹੋਈ ਹਿੰਸਾ ਵਿੱਚ ਮਾਰੇ ਗਏ ਅੱਠ ਲੋਕਾਂ ਕਰਕੇ ਜ਼ਿਆਦਾ ਹੈ।ਇਹ ਇਕ ਤਰਾਂ ਦਾ ਭਗਵਿਆਂ ਵੱਲੋਂ ਅੱਤਵਾਦੀ ਹਮਲਾ ਹੈ।ਇਨਾਂ ਮ੍ਰਿਤਕਾਂ ਵਿੱਚ ਚਾਰ ਸਿੱਖ ਕਿਸਾਨ ਵੀ ਸ਼ਾਮਲ ਹਨ।

ਸੋਸ਼ਲ ਮੀਡੀਆ ਅਤੇ ਕਿਸਾਨ ਸੰਗਠਨਾਂ ਵੱਲੋਂ ਜੋ ਵੀਡੀਓ ਨਸ਼ਰ ਕੀਤੀਆਂ ਜਾ ਰਹੀਆਂ ਉਨਾਂ ਵਿੱਚ ਦਿਖਾਈ ਦੇ ਰਿਹਾ ਹੈ ਕਿ ਵਿਰੋਧ ਕਰ ਰਹੇ ਸਿੱਖ ਕਿਸਾਨਾਂ ਨੂੰ ਕਿਵੇਂ ਅੱਤਵਾਦੀ ਭਾਜਪਾ ਆਗੂਆਂ ਦੀ ਜੀਪ ਦਰੜ ਰਹੀ ਹੈ।ਲਖੀਮਪੁਰ ਦੇ ਤਿਕੋਣੀਆ ਵਿੱਚ ਹੋਈ ਇਸ ਘਟਨਾ ਦਾ ਪੰਜਾਬੀ ਭਾਈਚਾਰੇ ਤੇ ਕੌਮਾਂਤਰੀ ਪੱਧਰ ਉੱਪਰ ਫੈਲੇ ਖ਼ਾਲਸਾ ਪੰਥ ਵਿੱਚ ਜਿੱਥੇ ਰੋਸ ਹੈ ਉੱਥੇ ਹੀ ਇਸ ਮੁੱਦੇ ਨੂੰ ਲੈ ਕੇ ਕੌਮੀ ਪੱਧਰ 'ਤੇ ਸਿਆਸਤ ਗਰਮ ਹੋਈ ਹੈ।

ਲਖੀਮਪੁਰ ਜ਼ਿਲੇ ਦੇ ਨਿਘਾਸਨ ਇਲਾਕੇ ਵਿੱਚ ਭਾਰਤ ਦੇ ਅੰਤਿਮ ਪਿੰਡ ਦੀਪ ਨਗਰ ਦੇ 86 ਸਾਲਾ ਰਤਨ ਸਿੰਘ ਪਾਕਿਸਤਾਨ ਦੇ ਸ਼ੇਖ਼ੂਪੁਰਾ ਵਿੱਚ ਜੰਮੇ ਹਨ। ਪਾਕਿਸਤਾਨ ਬਣਨ ਤੋਂ ਬਾਅਦ ਪਰਿਵਾਰ ਨੂੰ ਸੰਗਰੂਰ ਜ਼ਿਲੇ 'ਚ ਜ਼ਮੀਨ ਅਲਾਟ ਹੋਈ।

ਕੁਝ ਸਮਾਂ ਉੱਥੇ ਰਹਿਣ ਤੋਂ ਬਾਅਦ ਰਤਨ ਸਿੰਘ ਰਿਸ਼ਤੇਦਾਰਾਂ ਦੇ ਕਹਿਣ ਉੱਤੇ ਯੂਪੀ ਆ ਗਏ ਅਤੇ ਸ਼ੁਰੂ ਵਿੱਚ ਕੁਝ ਨੈਨੀਤਾਲ ਰਹੇ ਤੇ ਫਿਰ 1968 ਵਿੱਚ ਲਖੀਮਪੁਰ ਦੇ ਦੀਪ ਨਗਰ ਵਿੱਚ ਜ਼ਮੀਨ ਖ਼ਰੀਦ ਲਈ ਤੇ ਉਦੋਂ ਤੋਂ ਇੱਥੇ ਰਹਿ ਕੇ ਖੇਤੀ ਕਰ ਰਹੇ ਹਨ।

ਉਹਨਾਂ ਦਾ ਕਹਿਣਾ ਹੈ ਕਿ"ਅੱਜ ਸਾਡੇ ਕੋਲ ਕੋਠੀਆਂ ਅਤੇ ਕਾਰਾਂ ਨੂੰ ਦੇਖ ਕੇ ਲੋਕਾਂ ਨੂੰ ਲੱਗਦਾ ਹੈ ਕਿ ਸਰਦਾਰ ਇੱਥੇ ਐਸ਼ ਕਰ ਰਹੇ ਹਨ ਪਰ ਇਸ ਪਿੱਛੇ ਸਾਡਾ ਲੰਬਾ ਸੰਘਰਸ਼ ਹੈ, ਦੋ ਪੀੜੀਆਂ ਦੀ ਮਿਹਨਤ ਤੋਂ ਬਾਅਦ ਇਹ ਕੋਠੀਆਂ ਪਈਆਂ ਹਨ।"

86 ਸਾਲਾ ਰਤਨ ਸਿੰਘ ਦੱਸਦੇ ਹਨ ਕਿ ਜਿਸ ਸਮੇਂ ਜ਼ਮੀਨ ਖ਼ਰੀਦੀ ਸੀ ਉਸ ਸਮੇਂ ਇੱਥੇ ਜੰਗਲ ਸਨ, ਜਾਨਵਰ ਸ਼ਰੇਆਮ ਇੱਥੇ ਘੁੰਮਦੇ ਸਨ। ਪਹਿਲਾਂ ਤੋਂ ਹੀ ਇੱਥੇ ਰਹਿੰਦੇ ਸਾਡੇ ਕੁਝ ਰਿਸ਼ਤੇਦਾਰਾਂ ਦੇ ਕਹਿਣ ਉੱਤੇ ਮੈਂ ਆਪਣੇ ਭਰਾਵਾਂ ਨਾਲ ਇੱਥੇ 60 ਏਕੜ ਜ਼ਮੀਨ ਖ਼ਰੀਦੀ ਸੀ। ਇਸ ਤੋਂ ਬਾਅਦ ਸਭ ਤੋਂ ਵੱਡੀ ਚਿੰਤਾ ਇਸ ਗੱਲ ਦੀ ਸੀ ਇਸ ਨੂੰ ਆਬਾਦ ਕਿਵੇਂ ਕੀਤਾ ਜਾਵੇ ਕਿਉਂਕਿ ਉਸ ਸਮੇਂ ਮਸ਼ੀਨਰੀ ਤਾਂ ਕੋਈ ਹੁੰਦੀ ਨਹੀਂ ਸੀ।ਰਤਨ ਸਿੰਘ ਦੱਸਦੇ ਹਨ ਕਿ ਪਾਕਿਸਤਾਨ ਵਿੱਚ ਵੀ ਉਹ ਖੇਤੀ ਹੀ ਕਰਦੇ ਸਨ ਇਸ ਕਰਕੇ ਜ਼ਮੀਨ ਦੀ ਪਰਖ ਸੀ, ਇਹ ਜ਼ਮੀਨ ਉਪਜਾਊ ਬਹੁਤ ਸੀ ਅਤੇ ਦੂਜਾ ਇੱਥੇ ਸਸਤੀ ਸੀ।ਇਸ ਕਰਕੇ ਇਸ ਨੂੰ ਖ਼ਰੀਦਿਆ ਗਿਆ। ਰਤਨ ਸਿੰਘ ਮੁਤਾਬਕ ਅਸੀਂ ਇੱਥੇ ਇੱਕ ਝੌਂਪੜੀ ਬਣਾਈ ਅਤੇ ਰਹਿਣਾ ਸ਼ੁਰੂ ਕਰ ਦਿੱਤਾ। ਹੱਥਾਂ ਦੇ ਨਾਲ ਜ਼ਮੀਨੀ ਵਿੱਚੋਂ ਜੰਗਲ ਸਾਫ਼ ਕੀਤਾ ਗਿਆ ਅਤੇ ਬਲਦਾਂ ਨਾਲ ਵਾਹੀ ਕਰਨੀ ਸ਼ੁਰੂ ਕੀਤੀ ਕਿਉਂਕਿ ਉਸ ਸਮੇਂ ਮਸ਼ੀਨਰੀ ਨਹੀਂ ਹੁੰਦੀ ਸੀ ਅਤੇ ਨਾ ਹੀ ਇਸ ਨੂੰ ਖ਼ਰੀਦਣ ਦੀ ਹੈਸੀਅਤ ਸੀ।ਪੈਰ-ਪੈਰ ਉੱਤੇ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਪਰਿਵਾਰ ਤੋਂ ਇਲਾਵਾ ਨੇੜੇ-ਤੇੜੇ ਕੋਈ ਇਨਸਾਨ ਨਜ਼ਰ ਨਹੀਂ ਆਉਂਦਾ ਸੀ, ਹਾਂ ਜੰਗਲੀ ਜਾਨਵਰ ਜ਼ਰੂਰ ਮਿਲ ਜਾਂਦੇ ਸਨ।ਦਿਨ ਵਿੱਚ ਖੇਤਾਂ 'ਚ ਕੰਮ ਕਰਨਾ ਅਤੇ ਰਾਤ ਸਮੇਂ ਜਾਨਵਰਾਂ ਤੋਂ ਫ਼ਸਲਾਂ ਦੀ ਰਾਖੀ ਕਰਨਾ।ਮੱਛਰ ਅਤੇ ਇੱਥੇ ਮੱਖੀਆਂ ਤੋਂ ਵੀ ਮੋਟਾ ਹੁੰਦਾ ਸੀ, ਜੇਕਰ ਲੜ ਜਾਵੇ ਤਾਂ ਮਲੇਰੀਆ ਹੋ ਜਾਂਦਾ ਸੀ। ਡਾਕਟਰ ਨੇੜੇ ਕੋਈ ਹੁੰਦਾ ਨਹੀਂ ਸੀ।ਸਥਿਤੀ ਇਹ ਸੀ ਕਿ ਰੋਟੀ ਲਈ ਜੇਕਰ ਆਟੇ ਦੀ ਲੋੜ ਹੈ ਤਾਂ ਚੱਕੀ ਇੰਨੀ ਦੂਰ ਸੀ ਕਿ ਦੋ ਦਿਨ ਬਾਅਦ ਆਟਾ ਲੈ ਕੇ ਘਰ ਵਾਪਸ ਆਉਣਾ ਪੈਂਦਾ ਸੀ।ਕਣਕ ਨੂੰ ਸਿਰ ਉੱਤੇ ਚੁੱਕ ਕੇ ਕਈ ਕਿੱਲੋ ਮੀਟਰ ਦੂਰ ਜਾਣਾ ਅਤੇ ਫਿਰ ਵਾਪਸ ਘਰ ਆਉਣਾ ਇਸ ਤੋਂ ਇੱਥੋਂ ਦੇ ਹਾਲਤਾਂ ਦਾ ਅੰਦਾਜ਼ਾ ਤੁਸੀਂ ਲਗਾ ਸਕਦੇ ਹੋ।

ਉਨਾਂ ਦੱਸਿਆ ਕਿ ਜਾਨਵਰਾਂ ਤੋਂ ਇਲਾਵਾ ਕੁਦਰਤ ਨਾਲ ਵੀ ਦੋ-ਦੋ ਹੱਥ ਕਰਨੇ ਪਏ।ਬਰਸਾਤਾਂ ਅਤੇ ਹਨੇਰੀਆਂ ਵਿੱਚ ਝੁੱਗੀ ਦੀ ਛੱਤ ਉੱਠ ਜਾਣੀ ਜਾਂ ਟੁੱਟ ਜਾਣੀ ਬਹੁਤ ਦਿੱਕਤਾਂ, ਬਰਸਾਤਾਂ ਵਿੱਚ ਇੱਥੇ ਹੜ ਆ ਜਾਂਦੇ ਸਨ ਫਿਰ ਪਰਿਵਾਰ ਅਤੇ ਸਾਰਾ ਸਮਾਨ ਲੈ ਕੇ ਦੂਰ ਕਿਸੇ ਉੱਚੀ ਥਾਂ ਉੱਤੇ ਟਿਕਾਣਾ ਬਣਾਉਣਾ।ਫ਼ਸਲਾਂ ਵੀ ਹੜ ਵਿੱਚ ਬਰਬਾਦ ਹੋ ਜਾਂਦੀਆਂ ਸਨ ਪਰ ਅਸੀਂ ਹਿੰਮਤ ਨਹੀਂ ਹਾਰੀ।ਰਤਨ ਸਿੰਘ ਥੋੜਾ ਭਾਵੁਕ ਹੋ ਕੇ ਦੱਸਦੇ ਹਨ ਕਿ ਸਾਡੇ ਕੋਲ ਖੋਹਣ ਲਈ ਕੁਝ ਨਹੀਂ ਸੀ ਕਿਉਂਕਿ ਜੋ ਕੁਝ ਸੀ ਉਹ ਪਾਕਿਸਤਾਨ ਵਿੱਚ ਲੁਟਾ ਅਤੇ ਛੱਡ ਆਏ ਸੀ ਸਿਰਫ਼ ਜਾਨ ਬਚਾ ਕੇ ਭਾਰਤ ਆਏ।ਇਸ ਕਰਕੇ ਹੌਲੀ ਹੌਲੀ ਮਿਹਨਤ ਕਰਦੇ ਗਏ ਅਤੇ ਦਿਨ ਬਦਲਦੇ ਗਏ। ਉਨਾਂ ਆਖਿਆ ਕਿ ਅਸੀਂ ਜ਼ਮੀਨ







ਆਬਾਦ ਕਰ ਕੇ ਨਾ ਸਿਰਫ਼ ਆਪਣੀ ਆਰਥਿਕ ਸਥਿਤੀ ਵਿੱਚ ਸੁਧਾਰ ਕੀਤਾ ਸਗੋਂ ਇੱਥੋਂ ਦੇ ਸਥਾਨਕ ਲੋਕਾਂ ਨੂੰ ਰੁਜ਼ਗਾਰ ਵੀ ਦਿੱਤਾ।ਕਿਉਂਕਿ ਇਹ ਇਲਾਕੇ ਬਹੁਤ ਪਛੜੇ ਹੋਏ ਸਨ, ਸੜਕਾਂ, ਹਸਪਤਾਲ ਕੁਝ ਨਹੀਂ ਸੀ ਹੁੰਦਾ।ਇਹ ਤਾਂ ਸਿੱਖ ਇੱਥੇ ਆਉਂਦੇ ਗਏ ਅਤੇ ਹੌਲੀ-ਹੌਲੀ ਜ਼ਮੀਨਾਂ ਨੂੰ ਆਬਾਦ ਕਰਦੇ ਗਏ ਅਤੇ ਇਹ ਪੂਰਾ ਇਲਾਕਾ ਅੱਜ ਖ਼ੁਸ਼ਹਾਲ ਹੋ ਗਿਆ ਹੈ।

ਰਤਨ ਸਿੰਘ ਦੱਸਦੇ ਹਨ ਕਿ ਦੀਪ ਨਗਰ ਵਿੱਚ ਇਸ ਸਮੇਂ 18 ਪੰਜਾਬੀ ਪਰਿਵਾਰ ਰਹਿ ਰਹੇ ਹਨ ਅਤੇ ਜ਼ਿਆਦਾਤਰ ਆਪਸ ਵਿੱਚ ਰਿਸ਼ਤੇਦਾਰ ਹੀ ਹਨ।

ਉਨਾਂ ਦੱਸਿਆ, "ਜਿਵੇਂ ਅਸੀਂ ਇੱਥੇ ਆਏ ਅਤੇ ਹੌਲੀ-ਹੌਲੀ ਆਪਣੇ ਰਿਸ਼ਤੇਦਾਰਾਂ ਨੂੰ ਇੱਥੇ ਬੁਲਾਇਆ ਅਤੇ ਉਨਾਂ ਨੇ ਵੀ ਇੱਥੇ ਜ਼ਮੀਨਾਂ ਖ਼ਰੀਦ ਕੇ ਇਸ ਇਲਾਕੇ ਨੂੰ ਆਬਾਦ ਕੀਤਾ।"

ਰਤਨ ਸਿੰਘ ਦੀ ਪਤਨੀ ਹਰਭਜਨ ਕੌਰ ਦੀ ਕਹਾਣੀ ਤਾਂ ਉਸ ਤੋਂ ਵੀ ਔਖੀ ਹੈ।ਜੰਗਲ ਵਿੱਚ ਰਹਿ ਕੇ ਪਹਿਲਾਂ ਖੇਤਾਂ ਵਿੱਚ ਕੰਮ ਕਰਨਾ ਅਤੇ ਫਿਰ ਰੋਟੀ ਟੁੱਕ ਕਰਨ ਅਤੇ ਬੱਚਿਆਂ ਦੀ ਦੇਖਭਾਲ ਕਰਨੀ ਇਹ ਸਭ ਕਰਦੇ ਹੋਏ ਜਵਾਨੀ ਕਦੋਂ ਬੁਢਾਪੇ ਵਿੱਚ ਪਹੁੰਚ ਗਈ ਪਤਾ ਹੀ ਨਹੀਂ ਲੱਗਿਆ।ਉਨਾਂ ਦੱਸਿਆ ਕਿ ਵੰਡ ਸਮੇਂ ਉਸ ਦੀ ਉਮਰ 9 ਸਾਲ ਦੀ ਸੀ ਅਤੇ ਉਸ ਸਮੇਂ ਉਨਾਂ ਨੇ ਜੋ ਕੁਝ ਦੇਖਿਆ ਹੁਣ ਤੱਕ ਸਾਰਾ ਯਾਦ ਹੈ।

ਹਰਭਜਨ ਕੌਰ ਦੀਪ ਨਗਰ ਦੇ ਪੁਰਾਣੇ ਦਿਨ ਯਾਦ ਕਰਦੀ ਹੋਈ ਭਾਵੁਕ ਹੁੰਦੀ ਹੈ ਅਤੇ ਦੱਸਦੀ ਹੈ ਕਿ ਡਰ ਬਹੁਤ ਲੱਗਦਾ ਸੀ, ਕਿਉਂਕਿ ਜਾਨਵਰ ਦੀਆਂ ਆਵਾਜ਼ਾਂ ਰਾਤ ਸਮੇਂ ਸੁਣਾਈ ਦਿੰਦੀਆਂ ਸਨ।

ਬੱਚਿਆਂ ਨੇ ਬਿਮਾਰ ਹੋ ਜਾਣਾ ਤਾਂ ਕਈ ਕਿੱਲੋ ਮੀਟਰ ਦੂਰ ਘੋੜੀ ਉੱਤੇ ਪੈਂਡਾ ਤੈਅ ਕਰ ਕੇ ਇਕੱਲਿਆਂ ਡਾਕਟਰ ਕੋਲ ਜਾਣਾ। ਬਰਸਾਤਾਂ ਤੋਂ ਪਹਿਲਾਂ ਦੂਰ ਕਸਬੇ ਤੋਂ ਰਾਸ਼ਨ ਸਿਰ ਉੱਤੇ ਚੁੱਕ ਕੇ ਘਰ ਵਿੱਚ ਜਮਾ ਕਰਨਾ ਪੈਂਦਾ ਸੀ, ਕਿਉਂਕਿ ਹੜ ਦੀ ਸਥਿਤੀ ਵਿੱਚ ਇਹ ਇਲਾਕਾ ਬਾਕੀ ਥਾਵਾਂ ਨਾਲੋਂ ਕੱਟ ਜਾਂਦਾ ਸੀ।

ਹਰਭਜਨ ਕੌਰ ਆਖਦੀ ਹੈ, "ਪਹਿਲਾਂ ਪਤੀ ਇੱਥੇ ਸੀ ਅਤੇ ਬਾਅਦ ਵਿੱਚ ਬੱਚਿਆਂ ਨਾਲ ਮੈ ਇੱਥੇ ਆਈ। ਪਹਿਲਾਂ ਪਹਿਲਾਂ ਤਾਂ ਇੰਜ ਲੱਗਿਆ ਕਿ ਕਿੱਥੇ ਜੰਗਲ ਵਿੱਚ ਆ ਗਈ, ਦੂਰ-ਦੂਰ ਤੱਕ ਇਨਸਾਨ ਕੋਈ ਦਿਸਦਾ, ਸੜਕ ਕੋਈ ਹੁੰਦੀ ਨਹੀਂ ਸੀ।"

ਲਖੀਮਪੁਰੀ ਹਿੰਸਾ ਵਿੱਚ ਮਾਰੇ ਗਏ 35 ਸਾਲਾ ਦਲਜੀਤ ਸਿੰਘ ਦੇ ਚਚੇਰੇ ਭਰਾ ਸ਼ੇਰ ਸਿੰਘ ਵਿਰਕ ਆਖਦੇ ਹਨ ਕਿ ਇੱਥੇ ਸਾਰੇ ਰਹਿਣ ਵਾਲੇ ਪੰਜਾਬੀ ਅਮੀਰ ਨਹੀਂ ਹਨ ਕੁਝ ਘੱਟ ਜ਼ਮੀਨਾਂ ਵਾਲੇ ਵੀ ਹਨ।ਮ੍ਰਿਤਕ ਦਲਜੀਤ ਸਿੰਘ ਮਹਿਜ਼ ਦੋ ਏਕੜ ਦਾ ਮਾਲਕ ਸੀ।

3 ਅਕਤੂਬਰ ਨੂੰ ਤਕੂਨੀਆਂ ਵਿਖੇ ਕਿਸਾਨ ਪ੍ਰਦਰਸ਼ਨ ਦੌਰਾਨ ਹੋਈ ਹਿੰਸਾ ਵਿੱਚ ਮਾਰੇ ਗਏ ਚਾਰ ਪੰਜਾਬੀਆਂ ਵਿੱਚੋਂ ਦੋ ਦਲਜੀਤ ਸਿੰਘ ਅਤੇ ਗੁਰਵਿੰਦਰ ਸਿੰਘ ਬਹਰਾਇਚ ਜ਼ਿਲੇ ਦੇ ਸਨ।

ਸ਼ੇਰ ਸਿੰਘ ਦੱਸਦੇ ਹਨ ਕਿ ਪਾਕਿਸਤਾਨ ਤੋਂ ਉੱਜੜਨ ਤੋਂ ਬਾਅਦ ਉਨਾਂ ਨੂੰ ਕਰਨਾਲ ਵਿੱਚ ਜ਼ਮੀਨ ਅਲਾਟ ਕੀਤੀ ਗਈ ਸੀ ਜੋ ਕਿ ਬਹੁਤ ਘੱਟ ਸੀ।

ਇਸ ਕਰਕੇ ਬਜ਼ੁਰਗਾਂ ਨੇ ਵੱਧ ਜ਼ਮੀਨ ਲਈ ਯੂਪੀ ਵਲ ਰੁਖ ਕੀਤਾ ਸੀ। ਤਮਾਮ ਦਿੱਕਤਾਂ ਦੇ ਬਾਅਦ ਉਨਾਂ ਨੇ ਯੂਪੀ ਦੇ ਤਰਾਈ ਦੇ ਇਲਾਕੇ ਨੂੰ ਆਬਾਦ ਕੀਤਾ ਹੈ।

ਉਨਾਂ ਦੱਸਿਆ ਕਿ ਜਿਸ ਜ਼ਮੀਨ ਲਈ ਉਨਾਂ ਦੇ ਬਜ਼ੁਰਗਾਂ ਨੇ ਇੱਥੇ ਪਸੀਨਾ ਡੋਲਿਆ ਉਸ ਦੀ ਹੋਂਦ ਨੂੰ ਬਚਾਉਣ ਲਈ ਉਸ ਦਾ ਭਰਾ ਦਲਜੀਤ ਸਿੰਘ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਇਆ ਸੀ।

ਖੇਤ ਵਿੱਚ ਆਪਣੇ ਭਰਾ ਦੇ ਬਲਦੇ ਸੀਵੇ ਵੱਲ ਇਸ਼ਾਰਾ ਕਰਦੇ ਹੋਏ ਸ਼ੇਰ ਸਿੰਘ ਆਖਦੇ ਹਨ ਕਿ ਜਿਸ ਜ਼ਮੀਨ ਨੂੰ ਬਚਾਉਣ ਲਈ ਉਹ ਲੜਾਈ ਲੜ ਰਿਹਾ ਸੀ ਉਸੀ ਵਿੱਚ ਹੀ ਉਹ ਖ਼ੁਦ ਸਮਾ ਗਿਆ ਹੈ।

ਹਿੰਸਾ ਵਿਚ ਮਾਰੇ ਗਏ ਚਾਰ ਸਿੱਖਾਂ ਵਿਚੋਂ ਦੋ ਦਲਜੀਤ ਸਿੰਘ ਤੇ ਗੁਰਵਿੰਦਰ ਸਿੰਘ ਬਹਰਾਇਚ ਜ਼ਿਲੇ ਦੇ ਸਨ।ਸ਼ੇਰ ਸਿੰਘ ਮੁਤਾਬਕ ਸਰਕਾਰ ਨੌਕਰੀਆਂ ਅਤੇ ਰਾਜਨੀਤੀ ਵਿੱਚ ਬਹੁਤ ਟਾਂਵੇਂ-ਟਾਂਵੇਂ ਸਿੱਖ ਹਨ।

ਗੁਰਬਾਜ਼ ਸਿੰਘ ਦੱਸਦੇ ਹਨ ਕਿ ਯੂਪੀ ਦੀਆਂ ਕਰੀਬ 7 ਵਿਧਾਨ ਸਭਾ ਸੀਟਾਂ ਉੱਤੇ ਪੰਜਾਬੀਆਂ ਦਾ ਪ੍ਰਭਾਵ ਹੈ ਪਰ ਫਿਰ ਵੀ ਰਾਜਨੀਤਿਕ ਪਾਰਟੀਆਂ ਉਨਾਂ ਨੂੰ ਨੁਮਾਇੰਦਗੀ ਨਹੀਂ ਦਿੰਦੀਆਂ।ਉਨਾਂ ਦੱਸਿਆ ਕਿ ਜਦੋਂ ਦਾ ਕਿਸਾਨ ਅੰਦੋਲਨ ਸ਼ੁਰੂ ਹੋਇਆ ਉਦੋਂ ਤੋਂ ਇੱਥੇ ਪੰਜਾਬੀ ਇਕੱਠੇ ਹੋਣ ਸ਼ੁਰੂ ਹੋਏ ਹਨ। ਸਿੱਖਾਂ ਦਾ ਸੰਗਠਨ ਕਿਉਂ ਨਹੀਂ, ਬਾਰੇ ਗੁਰਬਾਜ਼ ਸਿੰਘ ਆਖਦੇ ਹਨ ਕਿ ਪੰਜਾਬੀ ਬਹੁਤ ਦੂਰ-ਦੂਰ ਬੈਠੇ ਹਨ ਤੇ ਸੰਪਰਕ ਸਾਧਨਾਂ ਦੀ ਘਾਟ ਸੀ।ਪਰ ਹੁਣ ਕਿਸਾਨ ਅੰਦੋਲਨ ਨਾਲ ਯੂਪੀ ਦਾ ਸਿੱਖ ਜਾਗਰੂਕ ਜ਼ਰੂਰ ਹੋਇਆ ਹੈ ਅਤੇ ਹੁਣ ਭਾਰਤੀ ਸਿੱਖ ਸੰਗਠਨ ਜਸਵੀਰ ਸਿੰਘ ਵਿਰਕ ਨੇ ਬਣਾਇਆ ਹੈ ਜਿਸ ਦੇ ਬੈਨਰ ਹੇਠ ਸਿੱਖ ਇਕੱਠੇ ਹੋ ਰਹੇ ਹਨ।ਜੁਗਰਾਜ ਸਿੰਘ ਨੇ ਦੱਸਿਆ ਕਿ ਪੰਜਾਬ ਵਾਂਗ ਇੱਥੋਂ ਵੀ ਹੁਣ ਨਵੀਂ ਪੀੜੀ ਵਿਦੇਸ਼ਾਂ ਨੂੰ ਜਾ ਰਹੀ ਹੈ।

ਸਿੱਖ ਭਾਈਚਾਰੇ ਦਾ ਗੜ ਲਖੀਮਪੁਰ ਖੀਰੀ

ਲਖੀਮਪੁਰ ਖੀਰੀ ਯੂਪੀ ਦੇ 75 ਜ਼ਿਲਿਆਂ ਵਿੱਚੋਂ ਸਭ ਤੋਂ ਵੱਡਾ ਜ਼ਿਲਾ ਹੈ ਅਤੇ ਲਖਨਊ ਡਿਵੀਜ਼ਨ ਦੇ ਅਧੀਨ ਆਉਂਦਾ ਹੈ।

ਲਖਨਊ ਤੋਂ ਕਰੀਬ 130 ਕਿੱਲੋ ਮੀਟਰ ਦੂਰੀ ਉੱਤੇ ਸਥਿਤ ਲਖੀਮਪੁਰ ਖੀਰੀ ਨੇਪਾਲ ਨਾਲ ਯੂਪੀ ਦਾ ਉਹ ਇਲਾਕਾ ਹੈ ਜਿਸ ਦੇ ਵੱਖ-ਵੱਖ ਇਲਾਕਿਆਂ ਵਿੱਚ ਪੰਜਾਬੀ ਕਿਸਾਨ ਵਸੇ ਹੋਏ ਹਨ।

ਇਸ ਕਰਕੇ ਤਰਾਈ ਖੇਤਰ ਦੇ ਇਸ ਇਲਾਕੇ ਵਿੱਚ ਪੰਜਾਬੀ ਕਿਸਾਨਾਂ ਦਾ ਕਾਫ਼ੀ ਪ੍ਰਭਾਵ ਹੈ।

ਲਖੀਮਪੁਰ ਖੀਰੀ ਹੁਣ ਦੀ ਤਾਜ਼ਾ ਘਟਨਾ ਤੋਂ ਪਹਿਲਾਂ ਵੀ ਉਸ ਸਮੇਂ ਚਰਚਾ ਵਿੱਚ ਆਇਆ ਸੀ ਜਦੋਂ ਇੱਥੋਂ ਦੇ ਚਾਰ ਜ਼ਿਲਿਆਂ ਵਿੱਚ ਤਕਰੀਬਨ 1,000 ਸਿੱਖ ਕਿਸਾਨਾਂ ਦੇ ਉਜਾੜੇ ਦੀਆਂ ਖ਼ਬਰਾਂ ਆਈਆਂ ਸਨ।

ਮਾਮਲਾ ਮੀਡੀਆ ਵਿੱਚ ਆਉਣ ਤੋਂ ਬਾਅਦ ਕਿਸਾਨਾਂ ਦੀਆਂ ਜ਼ਮੀਨਾਂ ਦਾ ਮਾਮਲਾ ਫ਼ਿਲਹਾਲ ਠੱਪ ਹੈ।

ਸ਼ੁਰੂ ਵਿੱਚ ਪੰਜਾਬ ਅਤੇ ਹਰਿਆਣਾ ਦੇ ਵੱਖ-ਵੱਖ ਇਲਾਕਿਆਂ ਤੋਂ ਆ ਕੇ ਕਿਸਾਨਾਂ ਨੇ ਇੱਥੇ ਖ਼ਾਲੀ ਪਈਆਂ ਜ਼ਮੀਨਾਂ ਨੂੰ ਪਹਿਲਾ ਆਬਾਦ ਕਰ ਕੇ ਵਾਹੀ ਯੋਗ ਬਣਾਇਆ।ਖੇਤੀਬਾੜੀ ਤੋਂ ਬਾਅਦ ਇੱਥੇ ਪੰਜਾਬੀ ਕਿਸਾਨਾਂ ਨੇ ਟਰਾਂਸਪੋਰਟ ਅਤੇ ਹੋਰ ਕਾਰੋਬਾਰ ਵੀ ਸਥਾਪਿਤ ਕਰ ਲਏ ਹਨ।

2011 ਦੀ ਜਨਗਣਨਾ ਮੁਤਾਬਕ ਉੱਤਰ ਪ੍ਰਦੇਸ਼ ਵਿੱਚ ਸਿੱਖਾਂ ਦੀ ਕੁੱਲ ਆਬਾਦੀ 6,43,500 ਸੀ ਜੋ ਉੱਤਰ ਪ੍ਰਦੇਸ਼ ਦੀ ਕੁੱਲ ਆਬਾਦੀ ਦਾ 0.32 ਫ਼ੀਸਦੀ ਬਣਦਾ ਹੈ। ਸਿੱਖਾਂ ਦੀ ਕੁੱਲ ਆਬਾਦੀ ਵਿੱਚੋਂ ਜ਼ਿਆਦਾਤਰ ਆਬਾਦੀ ਲਖੀਮਪੁਰ ਜ਼ਿਲੇ ਵਿੱਚ ਹੀ ਵਸੀ ਹੋਈ ਹੈ।

Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਲਖੀਮਪੁਰ ਖੀਰੀ ਤੋਂ ਧਮਾਕਾਖੇਜ ਰਿਪੋਰਟ

## ਸਿਖਾਂ ਨੂੰ ਨਿਸ਼ਾਨਾ ਬਣਾ ਕੇ ਭਾਜਪਾ ਗੁੰਡਿਆਂ ਨੇ ਕੁਚਲਿਆ

**ਲਖੀਮਪੁਰ ਖੀਰੀ/ਏ.ਟੀ.ਨਿਊਜ਼:** 'ਉਹ ਸਭ ਤੋਂ ਛੋਟਾ ਸੀ, ਮੇਰਾ ਲਾਡਲਾ ਭਰਾ ਸੀ, ਮੇਰਾ ਭਰਾ ਸਾਧੂ ਸੀ। ਸਕੂਲ ਪਾਸ ਕੀਤਾ ਸੀ। ਮੇਰੇ ਭਰਾ ਨੂੰ ਸਿੱਖ ਹੋਣ ਕਰਕੇ ਭਾਜਪਾ ਗੁੰਡਿਆਂ ਨੇ ਮਾਰ ਦਿੱਤਾ।'

ਰੋਂਦਿਆਂ, ਵੈਣ ਪਾਉਂਦਿਆਂ ਇਹ ਸ਼ਬਦ ਮ੍ਰਿਤਕ ਕਿਸਾਨ ਗੁਰਵਿੰਦਰ ਸਿੰਘ ਦੀ ਭੈਣ ਨੇ ਕਹੇ

ਗੁਰਵਿੰਦਰ ਸਿੰਘ ਉਨਾਂ 4 ਕਿਸਾਨਾਂ ਵਿਚ ਸ਼ਾਮਲ ਸੀ, ਜਿਨਾਂ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਵਿਜੇ ਮਿਸ਼ਰਾ ਅਤੇ ਯੂ.ਪੀ. ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਦੇ ਕਾਫ਼ਲੇ ਨੂੰ ਕਾਲੀਆਂ ਝੰਡੀਆਂ ਦਿਖਾਉਣ ਸਮੇਂ ਗੱਡੀਆਂ ਨੇ ਕੁਚਲ ਦਿੱਤਾ ਸੀ।

ਭਾਵੇਂ ਕਿ ਕੇਂਦਰੀ ਮੰਤਰੀ ਅਤੇ ਉੱਪ ਮੁੱਖ ਮੰਤਰੀ ਦਾ ਕਾਫ਼ਲਾ ਰੂਟ ਡਾਇਵਰਟ ਕੀਤੇ ਜਾਣ ਕਾਰਨ ਲੰਘ ਗਿਆ ਸੀ, ਪਰ ਕਿਸਾਨਾਂ ਦਾ ਇਲਜ਼ਾਮ ਹੈ ਕਿ ਮੰਤਰੀ ਦੇ ਬੇਟੇ ਅਤੇ ਸਾਥੀਆਂ ਦੀਆਂ ਗੱਡੀਆਂ ਨੇ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਕੁਚਲਿਆ।

ਦੂਸਰੇ ਪਾਸੇ ਅਜੇ ਮਿਸ਼ਰ ਟੈਨੀ ਅਤੇ ਉਨਾਂ ਦੇ ਪੁੱਤਰ ਘਟਨਾ ਸਥਾਨ ਉੱਤੇ ਨਾ ਹੋਣ ਦਾ ਦਾਅਵਾ ਕਰਦੇ ਹੋਏ ਆਪਣੇ ਖ਼ਿਲਾਫ਼ ਲੱਗੇ ਇਲਜਾਮਾਂ ਨੂੰ ਰੱਦ ਕਰ ਰਹੇ ਹਨ।

ਲਖੀਮਪੁਰ ਖੀਰੀ ਦੀ ਘਟਨਾ ਦੌਰਾਨ 8 ਵਿਅਕਤੀਆਂ ਦੀ ਜਾਨ ਗਈ ਹੈ, ਜਿਨਾਂ ਵਿਚੋਂ 4 ਕਿਸਾਨ ਅਤੇ 4 ਭਾਜਪਾ ਦੇ ਵਰਕਰ ਦੱਸੇ ਜਾ ਰਹੇ ਹਨ। ਸੰਯੁਕਤ ਕਿਸਾਨ ਮੋਰਚਾ (ਐਸਕੇਐਮ) ਨੇ ਮਾਰੇ ਗਏ ਚਾਰ ਕਿਸਾਨਾਂ ਦੀ ਪਛਾਣ ਲਵਪ੍ਰੀਤ ਸਿੰਘ, ਦਲਜੀਤ ਸਿੰਘ, ਨਛੱਤਰ ਸਿੰਘ ਅਤੇ ਗੁਰਵਿੰਦਰ ਸਿੰਘ ਵਜੋਂ ਕੀਤੀ ਹੈ। ਇਹ ਚਾਰੇ ਸਿੱਖ ਹਨ।ਲਖੀਮਪੁਰ ਖੀਰੀ ਦਿੱਲੀ ਤੋਂ ਕਰੀਬ 452 ਕਿਲੋਮੀਟਰ ਅਤੇ ਲਖਨਊ ਤੋਂ 130 ਕਿਲੋਮੀਟਰ ਦੂਰ ਯੂ.ਪੀ. ਦੇ ਤਰਾਈ ਖੇਤਰ ਵਿੱਚ ਪੈਂਦਾ ਹੈ।

ਸਰਕਾਰ ਵਲੋਂ ਪਰਿਵਾਰਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਮੰਤਰੀ ਅਤੇ ਉਸ ਦੇ ਲੜਕੇ ਖਿਲਾਫ਼ ਕੇਸ ਦਰਜ ਕਰਨ,



ਮ੍ਰਿਤਕਾਂ ਦੇ ਵਾਰਿਸਾਂ ਨੂੰ 45-45 ਲੱਖ ਮੁਆਵਜ਼ਾ ਦੇਣ ਅਤੇ ਇੱਕ ਜੀਅ ਨੂੰ ਨੌਕਰੀ ਦੇਣ ਦੇ ਭਰੋਸੇ ਤੋਂ ਬਾਅਦ ਕਿਸਾਨਾਂ ਦਾ ਸਸਕਾਰ ਕਰ ਦਿੱਤਾ ਗਿਆ। ਕਿਸਾਨਾਂ ਦੇ ਪਰਿਵਾਰਕ ਮੈਂਬਰਾਂ ਦੀ ਕਹਿਣਾ ਸੀ ਕਿ ਕੋਈ ਵੀ ਮੁਆਵਜ਼ਾ ਜਾਂ ਨੌਕਰੀ ਉਨਾਂ ਦੇ ਵਿਛੜੇ ਜੀਆਂ ਦੀ ਘਾਟ ਨੂੰ ਪੂਰੀ ਨਹੀਂ ਕਰ ਸਕਦਾ।

ਪਰ ਇਸ ਮੌਕੇ ਮਾਹੌਲ ਬਹੁਤ ਹੀ ਭਾਵੁਕ ਸੀ। ਗੁਰਵਿੰਦਰ ਦੀ ਭੈਣ ਨੂੰ ਕਈ ਲੋਕ ਸੰਭਾਲਣ ਵਿਚ ਲੱਗੇ ਹੋਏ ਸਨ, ਉਹ ਵਾਰ ਵਾਰ ਕਹਿ ਰਹੀ ਸੀ, 'ਮੇਰਾ ਭਰਾ ਮਾਰ ਦਿੱਤਾ, ਮੇਰਾ ਭਰਾ ਭਾਜਪਾ ਨੇ ਮਾਰ ਦਿੱਤਾ।'

ਗੁਰਵਿੰਦਰ ਦੀ ਭੈਣ ਨੇ ਕਿਹਾ, 'ਸਾਨੂੰ ਇਨਸਾਫ਼ ਚਾਹੀਦਾ ਹੈ, ਮੇਰੇ ਭਰਾ ਲਈ ...ਇਨਸਾਫ਼ ਚਾਹੀਦਾ ਹੈ... ਜਿਸ ਨੇ ਮਾਰਿਆ ਹੈ, ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਹੋਰ ਕੁਝ ਨਹੀਂ ਕਰਨਾ ਚਾਹੀਦਾ।'

ਪਰਿਵਾਰਕ ਮੈਂਬਰਾਂ ਨੂੰ ਸਮਝ ਨਹੀਂ ਆ ਰਿਹਾ ਕਿ ਉਹ ਕੀ ਕਰਨ, ਜਿਵੇਂ ਹੀ ਅੰਤਿਮ ਸਸਕਾਰ ਲਈ ਮ੍ਰਿਤਕ ਦੇਹਾਂ ਨੂੰ ਲੈ ਕੇ ਜਾਣ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਲੋਕ ਧਾਹਾਂ ਮਾਰ-ਮਾਰ ਰੋ ਰਹੇ ਸਨ।

ਲਖੀਮਪੁਰ ਦੀ ਹਿੰਸਕ ਘਟਨਾ ਨੇ ਸਮੁੱਚੇ ਕਿਸਾਨ ਭਾਈਚਾਰੇ ਨੂੰ ਇਕਜੁੱਟ ਕਰ ਦਿੱਤਾ ਹੈ। ਭਾਵੇਂਕਿ ਇਹ ਬੇਹੱਦ ਦੁੱਖਦ ਤੇ ਮੰਦਭਾਗੇ ਤਰੀਕੇ ਨਾਲ ਹੋਇਆ ਹੈ।

ਲਖੀਮਪੁਰ ਖੀਰੀ ਹਿੰਸਾ ਨਾਲ ਜੁੜੇ 5 ਅਹਿਮ ਨੁਕਤੇ

ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿੱਚ ਯੂਪੀ ਸਰਕਾਰ ਨੇ ਮ੍ਰਿਤਕ ਕਿਸਾਨਾਂ ਦੇ ਪਰਿਵਾਰਾਂ ਨੂੰ 45-45 ਲੱਖ ਰੁਪਏ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ।

ਯੂ.ਪੀ. ਦੇ ਏਡੀਜੀ ਲਾਅ ਐਂਡ ਆਡਰ ਪ੍ਰਸ਼ਾਂਤ ਕੁਮਾਰ ਅਨੁਸਾਰ ਸਰਕਾਰ ਜ਼ਖ਼ਮੀਆਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਵੇਗੀ।

ਗੋਲੀ ਵੀ ਮਾਰੀ ਗਈ : ਟਿਕੈਤ

ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਲਖੀਮਪੁਰ ਖੀਰੀ ਵਿੱਚ ਬੀਬੀਸੀ ਸਹਿਯੋਗੀ ਅਨੰਤ ਝਣਾਣੇ ਨੂੰ ਇੱਕ ਲਾਸ਼ ਨੂੰ ਦਿਖਾਉਂਦਿਆਂ ਹੋਇਆ ਕਿਹਾ, 'ਇਹ ਦੇਖੋ, ਗੋਲੀ ਲੱਗੀ ਹੈ...ਇਹ ਨਹੀਂ ਹੈ ਕਿ ਸਿਰਫ਼ ਗੱਡੀ ਨਾਲ ਹੀ ਕੁਚਲਿਆ ਹੈ, ਗੋਲੀਆਂ ਵੀ ਚਲਾਈਆਂ ਹਨ।'ਸਰਕਾਰ ਦੇ ਨਾਲ ਕਿਸੇ ਸਮਝੌਤੇ 'ਤੇ ਸਵਾਲ ਦੇ ਜਵਾਬ ਵਿਚ ਉਨਾਂ ਨੇ ਕਿਹਾ, 'ਇਸ 'ਤੇ ਕੀ ਸਮਝੌਤਾ ਹੋਵੇਗਾ ? ਇਸ ਦਾ ਪੋਸਟਮਾਰਟਮ ਹੋਵੇਗਾ ਅਤੇ ਕੇਸ ਦਰਜ ਹੋਵੇਗਾ। ਮੰਤਰੀ ਖ਼ਿਲਾਫ਼ 120ਬੀ ਅਤੇ ਉਨਾਂ ਦੇ ਬੇਟੇ ਖ਼ਿਲਾਫ਼ ਕਤਲ ਦਾ ਕੇਸ ਦਰਜ ਹੋਵੇ। ਪਰ ਜਿਸ ਨੇ ਗੋਲੀ ਚਲਾਈ ਹੈ, ਉਸ ਦੇ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕੀਤਾ ਜਾਵੇ।'

# ਲਖੀਮਪੁਰ ਦੀ ਘਟਨਾ ਤੇ ਫਿਰਕੂ ਸਿਆਸਤ

### ਰਜਿੰਦਰ ਸਿੰਘ ਪੁਰੇਵਾਲ

ਉੱਤਰ ਪ੍ਰਦੇਸ਼ ਦੇ ਲਖੀਮਪੁਰ ਦੀ ਨਿਘਾਸਨ ਤਹਿਸੀਲ ਦੇ ਤਿਕੁਨੀਆ ਕਸਬੇ ਵਿਚ ਬੀਤੇ ਐਤਵਾਰ ਨੂੰ ਮੁਜ਼ਾਹਰਾ ਕਰ ਰਹੇ ਕਿਸਾਨਾਂ 'ਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰ ਟੇਨੀ ਦੇ ਬੇਟੇ ਵੱਲੋਂ ਕਥਿਤ ਤੌਰ 'ਤੇ ਗੱਡੀ ਚੜ੍ਹਾਉਣ ਕਾਰਨ ਪੂਰੇ ਭਾਰਤ ਵਿਚ ਸਿਆਸੀ ਉਬਾਲ ਆ ਗਿਆ ਹੈ। ਤਿਕੋਨੀਆਂ ਪਿੰਡ ਵਿੱਚ ਵਾਪਰੇ ਹੌਲਨਾਕ ਘਟਨਾਕ੍ਰਮ ਨੇ ਤਾਨਾਸ਼ਾਹ ਹਾਕਮਾਂ ਦਾ ਕਰੂਰ ਚਿਹਰਾ ਨੰਗਾ ਕਰ ਦਿੱਤਾ ਹੈ । ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਵਿਗੜੇ ਛੋਕਰੇ ਅਸ਼ੀਸ਼ ਮਿਸ਼ਰਾ ਤੇ ਉਸ ਦੇ ਲੱਠਮਾਰਾਂ ਨੇ ਸ਼ਾਂਤੀਪੂਰਨ ਵਿਰੋਧ ਕਰ ਰਹੇ ਸੜਕ ਕੰਢੇ ਖੜੇ ਕਿਸਾਨਾਂ ਨੂੰ ਗੱਡੀਆਂ ਚੜ੍ਹਾ ਕੇ ਕੁਚਲ ਦਿੱਤਾ । ਇਸ ਘਿਨੌਣੇ ਹੱਤਿਆ ਕਾਂਡ ਵਿੱਚ 4 ਕਿਸਾਨਾਂ, ਇੱਕ ਪੱਤਰਕਾਰ ਤੇ 4 ਹੋਰ ਵਿਅਕਤੀਆਂ ਦੀ ਜਾਨ ਚਲੀ ਗਈ ਤੇ ਦਰਜਨ ਦੇ ਕਰੀਬ ਕਿਸਾਨ ਜ਼ਖ਼ਮੀ ਹੋ ਗਏ। ਸ਼ਹੀਦ ਕਿਸਾਨਾਂ ਵਿੱਚ ਗੁਰਵਿੰਦਰ ਸਿੰਘ (20), ਦਿਲਜੀਤ ਸਿੰਘ (35), ਨਛੱਤਰ ਸਿੰਘ (65) ਤੇ ਦੋ ਭੈਣਾਂ ਦਾ ਇਕਲੌਤਾ ਭਰਾ ਲਵਪ੍ਰੀਤ ਸਿੰਘ (18) ਸ਼ਾਮਲ ਹਨ ।

ਯਾਦ ਰਹੇ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ 26 ਸਤੰਬਰ ਨੂੰ ਜਦੋਂ ਲਖੀਮਪੁਰ ਵਿਚਲੇ ਆਪਣੇ ਪਿੰਡ ਆਏ ਸਨ ਤਾਂ ਕਿਸਾਨਾਂ ਨੇ ਉਸ ਨੂੰ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਕਾਲੇ ਝੰਡੇ ਵਿਖਾਏ ਸਨ। ਇਸ ਤੋਂ ਭੜਕੇ ਕੇਂਦਰੀ ਮੰਤਰੀ ਨੇ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨਾਂ ਨੂੰ ਧਮਕੀ ਦਿੱਤੀ ਸੀ, 'ਜੇਕਰ ਉਹ ਗੱਡੀ 'ਚੋਂ ਉਤਰ ਜਾਂਦੇ ਤਾਂ ਕਿਸਾਨਾਂ ਨੂੰ ਭੱਜਣ ਦਾ ਰਾਹ ਨਹੀਂ ਲੱਭਣਾ ਸੀ, ਸੁਧਰ ਜਾਓ ਨਹੀਂ ਤਾਂ ਅਸੀਂ 2 ਮਿੰਟਾਂ 'ਚ ਸੁਧਾਰ ਦੇਵਾਂਗੇ।' ਉਨਾਂ ਆਪਣੀ ਗੁੰਡਾਗਰਦੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਦੇ ਸਾਂਸਦ ਬਣਨ ਤੋਂ ਪਹਿਲਾਂ ਤੋਂ ਹੀ ਲੋਕ ਉਸ ਬਾਰੇ ਜਾਣਦੇ ਹਨ ਕਿ ਮੈਂ ਕਿਸੇ ਵੀ ਚੁਣੌਤੀ ਤੋਂ ਭੱਜਦਾ ਨਹੀਂ ਹਾਂ ।

ਕੇਂਦਰੀ ਮੰਤਰੀ ਦੇ ਇਨਾਂ ਹਿੰਸਕ ਬੋਲਾਂ ਤੋਂ ਕਿਸਾਨ ਭਾਰੀ ਗੁੱਸੇ ਵਿੱਚ ਸਨ । ਜਦੋਂ ਉਨਾਂ ਨੂੰ ਇਹ ਖ਼ਬਰ ਮਿਲੀ ਕਿ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਆ ਰਹੇ ਹਨ ਤਾਂ ਉਨਾਂ ਨੂੰ ਕਾਲੀਆਂ ਝੰਡੀਆਂ ਦਿਖਾਉਣ ਲਈ ਕਿਸਾਨ ਹਜ਼ਾਰਾਂ ਦੇ ਗਿਣਤੀ ਵਿੱਚ ਸੜਕ ਕਿਨਾਰੇ ਖੜੇ ਹੋ ਗਏ । ਜਦੋਂ ਕੇਂਦਰੀ ਮੰਤਰੀ ਤੇ ਉਪ ਮੁੱਖ ਮੰਤਰੀ ਦਾ ਕਾਫ਼ਲਾ ਤਿਕੋਨੀਆਂ ਚੌਰਾਹੇ ਵਿੱਚੋਂ ਲੰਘਿਆ ਤਾਂ ਕਿਸਾਨ ਉਨਾਂ ਨੂੰ ਕਾਲੇ ਝੰਡੇ ਦਿਖਾਉਂਦੇ ਰਹੇ। ਇੱਕ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਕੇਂਦਰੀ ਮੰਤਰੀ ਆਪਣੀ ਗੱਡੀ ਵਿੱਚੋਂ ਬਾਂਹ ਬਾਹਰ ਕੱਢ ਕੇ ਅਸ਼ਲੀਲ ਇਸ਼ਾਰੇ ਕਰਕੇ ਕਿਸਾਨਾਂ ਨੂੰ ਚਿੜਾ ਰਿਹਾ ਹੈ। ਇਸੇ ਵਿਗੜੇ ਪਿਓ ਦੀ ਫਾਸ਼ੀਵਾਦੀ ਜ਼ਹਿਨੀਅਤ ਦਾ ਨਤੀਜਾ ਹੈ ਕਿ ਉਸ ਦੇ ਵਿਗੜੈਲ ਪੁੱਤ ਨੇ ਉਹ ਕਰਤੂਤ ਕਰ ਦਿੱਤੀ।

ਜਿਉਂ ਹੀ ਇਸ ਘਟਨਾ ਦਾ ਪਤਾ ਲੱਗਾ, ਹਰ ਵਿਰੋਧੀ ਧਿਰ ਦੇ ਆਗੂਆਂ ਨੇ ਲਖੀਮਪੁਰ ਖੇੜੀ ਵੱਲ ਵਹੀਰਾਂ ਘੱਤ ਦਿੱਤੀਆਂ । ਇਹ ਦੇਖ ਕੇ ਯੂ.ਪੀ. ਪ੍ਰਸ਼ਾਸਨ ਦੇ ਹੱਥ-ਪੈਰ ਫੁੱਲ ਗਏ ਹਨ । ਉਸ ਨੇ ਉਤਰੀ-ਪੱਛਮੀ ਯੂ.ਪੀ. ਦੇ 27 ਜ਼ਿਲਿਆਂ ਵਿੱਚ ਹਾਈ ਅਲਰਟ ਜਾਰੀ ਕਰ ਦਿੱਤਾ । ਲਖੀਮਪੁਰ ਵੱਲ ਜਾਂਦੇ ਸਾਰੇ ਰਸਤੇ ਬੈਰੀਕੇਡ ਲਾ ਕੇ ਬੰਦ ਕਰ ਦਿੱਤੇ ਗਏ ਹਨ । ਯੂ.ਪੀ. ਸਰਕਾਰ ਦੇ ਸਕੱਤਰ ਪੱਧਰ ਦੇ ਅਧਿਕਾਰੀ ਤਰੁਣ ਗਾਭਾ ਨੇ ਤਾਜ਼ਾ ਹੁਕਮ ਜਾਰੀ ਕੀਤੇ ਹਨ ਕਿ ਪੰਜਾਬ ਸੂਬੇ ਨਾਲ ਸਬੰਧਤ ਕਿਸੇ ਵੀ ਵਿਅਕਤੀ ਨੂੰ ਲਖੀਮਪੁਰ ਖੀਰੀ ਨਾ ਜਾਣ ਦਿੱਤਾ ਜਾਵੇ। ਇਹ ਹੁਕਮ ਸਿੱਧੇ ਪੁਲਿਸ ਨੂੰ ਜਾਰੀ ਕੀਤੇ ਗਏ ਹਨ। ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਤੇ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਹਵਾਈ ਅੱਡੇ ਤੋਂ ਹੀ ਵਾਪਸ ਮੋੜ ਦਿੱਤਾ ਗਿਆ। ਪ੍ਰਿਅੰਕਾ ਗਾਂਧੀ ਨੂੰ ਹਿਰਾਸਤ ਵਿੱਚ ਲੈ ਕੇ ਸੀਤਾਪੁਰ ਵਿੱਚ ਲਿਜਾਇਆ ਗਿਆ ਹੈ। ਅਖਿਲੇਸ਼ ਯਾਦਵ ਸਮੇਤ ਯੂ.ਪੀ. ਦੇ ਸਭ ਵਿਰੋਧੀ ਆਗੂਆਂ ਨੂੰ ਘਰਾਂ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਹੈ।

ਇਸ ਜਾਲਮਾਨਾ ਘਟਨਾ ਨੇ ਭਾਜਪਾ ਦੇ ਹਿਟਲਰਸ਼ਾਹੀ ਇਰਾਦੇ ਜ਼ਾਹਰ ਕਰ ਦਿੱਤੇ ਹਨ। ਇਹ ਅਚਾਨਕ ਵਾਪਰੀ ਘਟਨਾ ਨਹੀਂ, ਸਗੋਂ ਇੱਕ ਸੋਚੀ-ਸਮਝੀ ਹਿੰਸਕ ਰਣਨੀਤੀ ਦਾ ਹਿੱਸਾ ਹੈ । ਇਸ ਪਿਛੇ ਜੋਗੀ ਸਿਆਸਤ ਕੰਮ ਕਰ ਰਹੀ ਹੈ ਤਾਂ ਜੋ ਕਿਸਾਨ ਲਹਿਰ ਨੂੰ ਦਬਾਇਆ ਜਾ ਸਕੇ। ਭਾਵੇਂ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਬੇਟੇ ਸਣੇ 14 ਲੋਕਾਂ ਖ਼ਿਲਾਫ਼ ਮਾਮਲਾ ਦਰਜ ਵੀ ਕਰ ਲਿਆ ਗਿਆ ਹੈ। ਸਰਕਾਰ ਨੇ ਮ੍ਰਿਤਕ ਪੀੜਤਾਂ ਲਈ ਪ੍ਰਤੀ ਵਿਅਕਤੀ 45 ਲੱਖ ਤੇ ਜ਼ਖ਼ਮੀਆਂ ਲਈ 10-10 ਲੱਖ ਮੁਆਵਜ਼ੇ ਦਾ ਐਲਾਨ ਕੀਤਾ ਹੈ । ਇਸ ਤੋਂ ਇਲਾਵਾ ਹਾਈ ਕੋਰਟ ਦੇ ਜੱਜ ਤੋਂ ਜਾਂਚ ਕਰਾਏ ਜਾਣ ਦਾ ਵੀ ਭਰੋਸਾ ਦਿੱਤਾ ਹੈ। ਪਰ ਇਸ ਦੇ ਬਾਵਜੂਦ ਭਾਰਤ ਭਰ ਵਿਚ ਘਟਨਾ ਦਾ ਵੱਡੇ ਪੱਧਰ 'ਤੇ ਵਿਰੋਧ ਹੋ ਰਿਹਾ ਹੈ। ਦਰਅਸਲ, ਇਸ ਘਟਨਾ ਦੇ ਅਸਲ ਕਾਰਨਾਂ ਨੂੰ ਸਮਝਣ ਦੀ ਜ਼ਰੂਰਤ ਹੈ। ਜਨਵਰੀ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਅਤੇ ਕੇਂਦਰ ਸਰਕਾਰ ਵਿਚਾਲੇ ਗੱਲਬਾਤ ਵੀ ਟੁੱਟੀ ਹੋਈ ਹੈ। ਜੇ ਦੋਵੇਂ ਧਿਰਾਂ ਵਿਚਾਲੇ ਗੱਲਬਾਤ ਨਹੀਂ ਹੁੰਦੀ ਅਤੇ ਛੇਤੀ ਹੀ ਕਿਸੇ ਸੁਲਾਹ-ਸਮਝੌਤੇ 'ਤੇ ਨਹੀਂ ਪਹੁੰਚਿਆ ਜਾਂਦਾ ਤਾਂ ਅਜਿਹੀਆਂ ਭਿਆਨਕ ਘਟਨਾਵਾਂ ਹੋਰ ਵੀ ਵਾਪਰ ਸਕਦੀਆਂ ਹਨ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਕਿਸੇ ਵੀ ਮਸਲੇ ਦਾ ਹੱਲ ਸੰਵਾਦ ਰਾਹੀਂ ਹੀ ਨਿਕਲਦਾ ਹੈ। ਜੇਕਰ ਅਜਿਹੀਆਂ ਘਟਨਾਵਾਂ ਤੋਂ ਬਚਣਾ ਹੈ ਅਤੇ ਯਕੀਨੀ ਬਣਾਉਣਾ ਹੈ ਕਿ ਅੱਗੋਂ ਜਾਨ-ਮਾਲ ਦੀ ਹਾਨੀ ਨਾ ਹੋਵੇ ਤਾਂ ਫਿਰ ਮੋਦੀ ਸਰਕਾਰ ਨੂੰ ਨਰਮ ਰਵੱਈਆ ਅਪਣਾਉਂਦੇ ਹੋਏ ਗੱਲਬਾਤ ਦੀ ਮੇਜ਼ 'ਤੇ ਦੁਬਾਰਾ ਪਰਤਣਾ ਚਾਹੀਦਾ ਹੈ ਤਾਂ ਕਿ ਮਸਲੇ ਦਾ ਕੋਈ ਪੱਕਾ ਹੱਲ ਨਿਕਲ ਸਕੇ।

ਕੇਂਦਰੀ ਹਾਕਮਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਅਜਿਹੀਆਂ ਘਟਨਾਵਾਂ ਨਾਲ ਕਿਸਾਨਾਂ ਦੇ ਹੌਸਲੇ ਨਹੀਂ ਡੇਗ ਸਕਦੇ, ਸਗੋਂ ਇਸ ਨਾਲ ਅੰਦੋਲਨ ਹੋਰ ਤਿੱਖਾ ਹੋਵੇਗਾ। ਕਿਸਾਨ ਅੰਦੋਲਨ ਸ਼ੁਰੂਆਤ ਤੋਂ ਸ਼ਾਂਤਮਈ ਰਿਹਾ ਹੈ ਅਤੇ ਕਿਸਾਨਾਂ ਨੇ ਅਕਹਿ ਜ਼ਬਤ ਤੇ ਸੰਜਮ ਦਾ ਮੁਜ਼ਾਹਰਾ ਕੀਤਾ ਹੈ। ਇਹ ਘਟਨਾ ਵਾਪਰਨ ਵੇਲੇ ਵੀ ਕਿਸਾਨ ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕਰ ਰਹੇ ਸਨ। ਕੁਝ ਰਿਪੋਰਟਾਂ ਮੁਤਾਬਕ ਅਣਪਛਾਤੇ ਵਿਅਕਤੀਆਂ ਨੇ ਕਿਸਾਨਾਂ 'ਤੇ ਗੋਲੀ ਵੀ ਚਲਾਈ। ਇਸ ਤਰਾਂ ਇਕ ਪਾਸੇ ਸੱਤਾਧਾਰੀ ਪਾਰਟੀ ਦਾ ਸੱਤਾ-ਹੰਕਾਰ ਹੈ ਅਤੇ ਦੂਸਰੇ ਪਾਸੇ ਕਿਸਾਨਾਂ ਦਾ ਆਪਣੇ ਹੱਕਾਂ ਲਈ ਲੜਿਆ ਜਾ ਰਿਹਾ ਸ਼ਾਂਤਮਈ ਅੰਦੋਲਨ। ਇਹ ਪ੍ਰਤੱਖ ਅੰਤਰ ਸਪੱਸ਼ਟ ਕਰਦਾ ਹੈ ਕਿ ਕਿਸਾਨ ਇਕ ਨੈਤਿਕ ਯੁੱਧ ਲੜ ਰਹੇ ਹਨ ਜਦਕਿ ਸੱਤਾਧਾਰੀ ਪਾਰਟੀ ਦੀ ਟੇਕ ਅਨੈਤਿਕਤਾ, ਹੰਕਾਰ, ਬਾਹੂਬਲ ਅਤੇ ਹਿੰਸਾ 'ਤੇ ਹੈ। ਕਿਸਾਨ ਜਥੇਬੰਦੀਆਂ 'ਤੇ ਭਾਰੀ ਜ਼ਿੰਮੇਵਾਰੀ ਹੈ ਕਿ ਦੁੱਖ ਦੀ ਇਸ ਘੜੀ ਵਿਚ ਕਿਸਾਨਾਂ ਦੀ ਅਗਵਾਈ ਕਰਦੇ ਹੋਏ ਅੰਦੋਲਨ ਨੂੰ ਪੂਰਨ ਰੂਪ ਵਿਚ ਸ਼ਾਂਤਮਈ ਰੱਖਿਆ ਜਾਵੇ।

# ਲਖੀਮਪੁਰ ਖੀਰੀ ਕਤਲੇਆਮ ਦੇ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਬੀਜੇਪੀ ਦੇ ਸੰਭਾਵੀ ਉਮੀਦਵਾਰ

## ਲਖੀਮਪੁਰ ਖੇੜੀ ਕਤਲੇਆਮ ਤੋਂ ਪਹਿਲਾਂ, ਆਸ਼ੀਸ਼ ਮਿਸ਼ਰਾ ਦੇ ਨਾਮ ਦੇ ਲੱਗੇ ਹੋਰਡਿੰਗ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਆਸ਼ੀਸ਼ ਮਿਸ਼ਰਾ ਨੇ ਯੂ.ਪੀ. ਚੋਣਾਂ ਦੇ ਸੰਭਾਵੀ ਸ਼ੁਰੂ ਕਰ ਦਿੱਤਾ ਸੀ। ਮੰਨਿਆ ਜਾਂਦਾ ਹੈ ਕਿ ਕੇਂਦਰੀ ਮੰਤਰੀ ਦੇ ਬੇਟੇ ਨੂੰ ਖੇਤਰ ਜਾਂਦਾ ਸੀ, ਪਰ ਇਸ ਕਤਲੇਆਮ ਤੋਂ ਬਾਅਦ ਉਸਦਾ ਰਾਜਨੀਤਿਕ ਭਵਿੱਖ ਪ੍ਰਦੇਸ਼ ਦੀਆਂ ਅਗਾਮੀ ਵਿਧਾਨ ਸਭਾ ਚੋਣਾਂ ਲਈ ਆਸ਼ੀਸ਼ ਮਿਸ਼ਰਾ ਉਰਫ 'ਮੋਨੂੰ ਮੁਹਿੰਮ ਲਖੀਮਪੁਰ ਖੇੜੀ ਦੇ ਨਿਗਾਸਨ ਵਿੱਚ ਦਾਖਲ ਹੁੰਦੇ ਸਮੇਂ ਹੋਰਡਿੰਗਸ ਯੁਵਾਵਾਂ ਕੀ ਪੁਕਾਰ, ਮੋਨੂੰ ਭਈਆ ਅਬਕੀ ਬਾਰ (ਨੌਜਵਾਨਾਂ ਨੇ ਐਲਾਨ ਭਈਆ ਚੁਣੇ ਜਾਣਗੇ), 'ਇੱਕ ਪੜਦਾ ਹੈ, ਨਰਿੰਦਰ ਮੋਦੀ ਦੀ ਮੁਹਿੰਮ ਦੇ ਗੂੰਜਦਾ ਹੈ, ਅਬਕੀ ਬਾਰ ਮੋਦੀ ਸਰਕਾਰ (ਇਸ ਵਾਰ, ਮੋਦੀ ਦੀ ਸਰਕਾਰ)।'

ਵਿਰੋਧ ਕਰ ਰਹੇ ਕਿਸਾਨਾਂ ਨੇ ਐਤਵਾਰ ਨੂੰ ਹੋਈ ਹਿੰਸਾ ਲਈ ਸੱਤਾਧਾਰੀ ਭਾਰਤੀ ਜ਼ਿੰਮੇਵਾਰ ਠਹਿਰਾਇਆ ਜਿਸ ਕਾਰਨ ਚਾਰ ਕਿਸਾਨਾਂ, ਤਿੰਨ ਭਾਜਪਾ ਵਰਕਰਾਂ ਅਤੇ ਦੀ ਮੌਤ ਹੋ ਗਈ। ਇਨਾਂ ਮੌਤਾਂ ਨੇ ਰਾਜ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ

ਉਮੀਦਵਾਰ ਵਜੋਂ ਪ੍ਰਚਾਰ ਕਰਨਾ ਵਿੱਚ 'ਪ੍ਰਸਿੱਧ ਪਸੰਦ' ਮੰਨਿਆ ਖ਼ਤਮ ਹੋਣਾ ਸੰਭਵ ਹੈ। ਉੱਤਰ ਭਈਆ' (ਭਰਾ ਮੋਨੂੰ) ਦੀ ਚੋਣ 'ਤੇ ਵੇਖੀ ਜਾ ਸਕਦੀ।

ਕੀਤਾ ਹੈ, ਇਸ ਵਾਰ ਮੋਨੂੰ ਮਸ਼ਹੂਰ ਵਨ ਲਾਈਨਰ ਨੂੰ

ਜਨਤਾ ਪਾਰਟੀ ਨੂੰ ਸਿੱਧੇ ਤੌਰ 'ਤੇ ਇੱਕ ਪੱਤਰਕਾਰ ਸਮੇਤ ਅੱਠ ਲੋਕਾਂ ਲਈ ਤਣਾਅ ਪੈਦਾ ਕਰ ਦਿੱਤਾ ਹੈ।

ਲਖੀਮਪੁਰ ਖੇੜੀ ਵਿੱਚ ਬ੍ਰਾਹਮਣਾਂ ਦਾ ਦਬਦਬਾ ਹੈ, ਇਸ ਤੋਂ ਬਾਅਦ ਗੈਰ-ਯਾਦਵ ਓਬੀਸੀ ਵਿੱਚ ਮੁਸਲਮਾਨ ਅਤੇ ਕੁਰਮੀ ਹਨ। ਇਲਾਕੇ ਦੇ ਬਹੁਤੇ ਲੋਕ ਗੰਨੇ ਦੀ ਖੇਤੀ ਨਾਲ ਜੁੜੇ ਹੋਏ ਹਨ। ਇਹ ਰਾਜ ਦੀ ਸਭ ਤੋਂ ਵੱਡੀ ਸਿੱਖ ਅਬਾਦੀ ਦਾ ਘਰ ਵੀ ਹੈ ਅਤੇ ਯੂਪੀ ਦੇ ਖੇਤੀਬਾੜੀ ਕੁੱਲ ਘਰੇਲੂ ਉਤਪਾਦ (ਜੀਡੀਪੀ) ਵਿੱਚ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ। ਜਿੱਥੇ ਇੱਕ ਪਾਸੇ ਲੋਕ ਲਖੀਮਪੁਰ ਖੇੜੀ ਦੇ ਸੰਸਦ ਮੈਂਬਰ ਅਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੂੰ ਬਰਖਾਸਤ ਕਰਨ ਦੀ ਮੰਗ ਕਰ ਰਹੇ ਹਨ, ਉੱਥੇ ਉਹ ਇਹ ਵੀ ਕਹਿ ਰਹੇ ਹਨ ਕਿ ਇਸ ਖੇਤਰ ਵਿੱਚ 'ਮੋਨੂੰ ਭਈਆ' ਦੇ ਨਾਂ ਨਾਲ ਮਸ਼ਹੂਰ ਉਸਦੇ ਬੇਟੇ ਨੂੰ ਕਤਲ, ਅਪਰਾਧੀ ਲਈ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ। ਸਾਜ਼ਿਸ਼ ਅਤੇ ਕਈ ਹੋਰ ਅਪਰਾਧਾਂ ਵਿਚ ਇਸ ਦਾ ਨਾਂ ਪਹਿਲਾਂ ਵੀ ਸ਼ਾਮਲ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

08 ਅਕਤੂਬਰ 2021 ਤੋਂ 14 ਅਕਤੂਬਰ 2021

# ਆਖਿਰ ਹਉਮੈ ਦੇ ਬੁੱਤ ਟੁੱਟੇ ਸਨ, ਉਨਾਂ ਦਾ ਇਹ ਅਮਲ ਸੁਭਾਵਿਕ ਹੀ ਸੀ

ਬੀਤੇ ਦਿਨੀਂ ਯੂ.ਪੀ. ਦੇ ਲਖੀਮਪੁਰ ਖੀਰੀ ਵਿਖੇ ਜੋ ਖ਼ੂਨੀ ਘਟਨਾ ਵਾਪਰੀ ਉਸ ਵਿੱਚ ਕਈ ਜਾਨਾਂ ਗਈਆਂ ਅਤੇ ਕਈ ਵਿਅਕਤੀ ਜ਼ਖ਼ਮੀ ਵੀ ਹੋਏ। ਇਸ ਘਟਨਾ ਤੋਂ ਕੁਝ ਦਿਨ ਪਹਿਲਾਂ ਭਾਜਪਾ ਦੇ ਐਮ.ਪੀ ਅਜੈ ਮਿਸ਼ਰਾ ਨੇ ਕਿਸਾਨਾਂ ਨੂੰ ਚਿੱਟੇ ਨੰਗੇ ਸ਼ਬਦਾਂ ਵਿੱਚ ਧਮਕੀ ਵੀ ਦਿੱਤੀ ਸੀ ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਸਭ ਅਚਨਚੇਤ ਨਹੀਂ ਹੋਇਆ। ਵੱਖ-ਵੱਖ ਵਿਸ਼ਲੇਸ਼ਣਾਂ ਅਤੇ ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ ਵਾਇਰਲ ਹੋਏ ਵੀਡੀਓ ਤੋਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਇਹ ਸੋਚ ਸਮਝ ਕੇ ਕੀਤਾ ਗਿਆ ਕਾਰਾ ਹੈ। ਇਸ ਘਟਨਾ ਪਿੱਛੋਂ ਕਿਸਾਨ ਆਗੂਆਂ ਦਾ ਸਮੂਹਿਕ ਰੂਪ ਵਿੱਚ ਕੋਈ ਠੋਸ ਅਮਲ ਨਾ ਦਿਖਾਉਣ ਕਰਕੇ ਅਤੇ ਬਹੁਤੇ ਆਗੂਆਂ ਦੇ ਉੱਥੇ ਨਾ ਪਹੁੰਚਣ ਕਰਕੇ ਲੋਕਾਂ ਵੱਲੋਂ ਆਗੂਆਂ ਉੱਤੇ ਮੁੜ ਸਵਾਲ ਕੀਤੇ ਜਾ ਰਹੇ ਹਨ। ਰਿਕੇਸ਼ ਟਿਕੈਤ ਵੱਲੋਂ ਕੀਤੇ ਗਏ ਸਮਝੌਤੇ ਉੱਤੇ ਵੀ ਸੰਤੁਸ਼ਟੀ ਨਹੀਂ ਦਿਖਾਈ ਜਾ ਰਹੀ ਜਿਸ ਵਿੱਚ ਮ੍ਰਿਤਕਾਂ ਨੂੰ 45-45 ਲੱਖ ਰੁਪਏ ਅਤੇ ਪਰਿਵਾਰ ਦੇ ਇਕ ਇਕ ਜੀਅ ਨੂੰ ਨੌਕਰੀ, ਇਸ ਤੋਂ ਇਲਾਵਾ ਜ਼ਖ਼ਮੀਆਂ ਨੂੰ 10-10 ਲੱਖ ਰੁਪਏ ਅਤੇ ਦੋਸ਼ੀਆਂ 'ਤੇ ਪਰਚੇ ਦਰਜ ਕਰਨ ਦੀ ਗੱਲ ਸ਼ਾਮਿਲ ਹੈ। ਇਹ ਘਟਨਾ ਯੂ.ਪੀ. ਦੀ ਹੋਣ ਕਰਕੇ ਇਸ ਨੂੰ ਇਸ ਦੇ ਇਤਿਹਾਸਕ ਪ੍ਰਸੰਗ ਵਿੱਚ ਵੀ ਵੇਖਿਆ ਜਾ ਰਿਹਾ ਹੈ ਜੋ ਕਿ ਬਹੁਤ ਅਹਿਮ ਹੈ ਅਤੇ ਵੇਖਣਾ ਚਾਹੀਦਾ ਵੀ ਹੈ। ਇਸ ਦੇ ਨਾਲ ਨਾਲ ਇੱਕ ਅਹਿਮ ਪੱਖ ਹੋਰ ਵੀ ਹੈ ਜੋ ਚੱਲ ਰਹੇ ਕਿਸਾਨੀ ਸੰਘਰਸ਼ ਨਾਲ ਜੁੜਿਆ ਹੈ ਜਿਸ ਦੀ ਗੱਲ ਅਸੀਂ ਪਿਛਲੇ ਸਾਲ 9 ਦਸੰਬਰ ਵਾਲੀ ਸੰਪਾਦਕੀ ਵਿੱਚ ਕੀਤੀ ਸੀ ਕਿ ਇੱਕ ਵਾਰ ਫਿਰ ਇਹ ਹਉਮੈ ਦੇ ਬੱਟ ਟੁੱਟੇ ਨੇ ਅਤੇ ਜਦੋਂ ਇਹ ਟੁੱਟਦੇ ਨੇ ਤਾਂ ਇਹ ਚੁੱਪ ਨਹੀਂ ਬੈਠਦੇ, ਹਰਕਤ 'ਚ ਆਉਂਦੇ ਹਨ ਅਤੇ ਜਿੰਨਾ ਹੰਕਾਰ ਟੁੱਟਦਾ ਹੈ ਓਨਾ ਹੀ ਕ੍ਰੋਧ ਆਉਂਦਾ ਹੈ। ਇਹ ਦੋਵੇਂ ਨੁਕਤਿਆਂ ਤੋਂ ਹੀ ਇਹ ਸਾਰੇ ਮਸਲੇ ਨੂੰ ਵੇਖਣਾ ਚਾਹੀਦਾ ਹੈ।

ਅਸੀਂ ਜਾਣਦੇ ਹਾਂ ਕਿ ਯੂ.ਪੀ. ਵਿੱਚ ਸਿੱਖ ਕਿਰਸਾਨੀ ਨੂੰ ਮੈਲੀ ਅੱਖ ਨਾਲ ਵੇਖਿਆ ਜਾਂਦਾ ਹੈ ਅਤੇ ਵੱਖ-ਵੱਖ ਮਸਲਿਆਂ 'ਚ ਉਲਝਾ ਕੇ ਰੱਖਣ ਦੇ ਯਤਨ ਵੀ ਲਗਾਤਾਰ ਜਾਰੀ ਰਹਿੰਦੇ ਹਨ। ਅੰਗ੍ਰੇਜ਼ਾਂ ਦੇ ਜਾਣ ਤੋਂ ਫੌਰੀ ਬਾਅਦ ਯੂ.ਪੀ. ਦੇ ਇਸ ਤਰਾਈ ਇਲਾਕੇ ਨੂੰ ਵਾਹੀ ਯੋਗ ਬਣਾਉਣ ਦਾ ਅਮਲ ਸ਼ੁਰੂ ਹੋ ਗਿਆ ਸੀ ਪਰ ਕਿਸੇ ਕਿਸਮ ਦਾ ਕੋਈ ਯੋਗ ਪ੍ਰਬੰਧ ਨਾ ਹੋਣ ਕਰਕੇ ਅਤੇ ਖਤਰੇ ਬਹੁਤ ਜਿਆਦਾ ਹੋਣ ਕਰਕੇ ਪੰਜਾਬੀ ਕਿਸਾਨਾਂ (ਤਕਰੀਬਨ ਸਿੱਖ ਕਿਸਾਨ) ਤੋਂ ਬਿਨਾਂ ਹੋਰ ਕਿਸੇ ਨੇ ਇਹ ਹਿੰਮਤ ਨਾ ਦਿਖਾਈ ਕਿ ਉਹ ਇਨਾਂ ਜਮੀਨਾਂ ਨੂੰ ਆਪਣੇ ਮੁੜਕਿਆਂ ਦੀ ਮਹਿਕ ਨਾਲ ਆਬਾਦ ਕਰ ਸਕੇ। ਸਿਰਫ ਸਿੱਖ ਕਿਸਾਨਾਂ ਨੇ ਹੀ ਇਨਾਂ ਜਮੀਨਾਂ ਉੱਤੇ ਅਨੇਕਾਂ ਪ੍ਰਕਾਰ ਦੀਆਂ ਤੰਗੀਆਂ-ਤੁਰਛੀਆਂ ਝੱਲ ਕੇ ਆਪਣੀ ਅਣਥੱਕ ਮਿਹਨਤ ਸਦਕਾ ਯੂ.ਪੀ. ਦੇ ਇਸ ਤਰਾਈ ਇਲਾਕੇ ਨੂੰ ਆਬਾਦ ਕੀਤਾ। ਹੁਣ ਉੱਥੇ ਕਿਸਾਨ ਚੰਗੀ ਮਿਹਨਤ ਨਾਲ ਵਧੀਆ ਕਮਾਈ ਕਰ ਰਹੇ ਹਨ ਪਰ ਉਨਾਂ ਨਾਲ ਵਿਤਕਰਿਆਂ ਦਾ ਦੌਰ ਲਗਾਤਾਰ ਜਾਰੀ ਹੈ। ਜਮੀਨਾਂ ਦੀ ਲਿਖਤ ਪੜਤ ਨਾ ਹੋਣ ਕਰਕੇ ਜਾਂ ਕੋਈ ਨਾ ਕੋਈ ਹੋਰ ਕਾਨੂੰਨੀ ਅੜਿੱਕੇ ਡਾਹ ਕੇ ਹਕੂਮਤ ਵੱਲੋਂ ਕਿਸਾਨਾਂ ਤੋਂ ਜਮੀਨ ਖੋਹਣ ਦਾ ਲਗਾਤਾਰ ਸਿਲਸਲਾ ਜਾਰੀ ਹੈ। ਕਦੀ ਉਪਜਾਊ ਜਮੀਨਾਂ ਨੂੰ ਬੰਜਰ ਲਿਖ ਕੇ ਪਹਾੜੀਆਂ ਦੇ ਨਾਮ ਚਾੜ ਦਿੱਤਾ ਜਾਂਦਾ ਹੈ, ਕਦੀ ਸੱਤਾ ਦੇ ਨਸ਼ੇ ਵਿੱਚ ਗੋਲੀਆਂ ਨਾਲ ਮਾਰ ਦੇਣ ਦਾ ਅਮਲ ਹੁੰਦਾ ਹੈ, ਕਦੀ ਕਿਸਾਨਾਂ ਨੂੰ ਦੂਰ-ਦੂਰ ਦੀਆਂ ਕੋਰਟ ਕਚਿਹਰੀਆਂ ਵਿਚ ਉਲਝਾ ਕੇ ਰੱਖਣ ਦਾ ਯਤਨ ਕੀਤਾ ਜਾਂਦਾ ਹੈ। ਇਸ ਤਰਾਂ ਲਗਾਤਾਰ ਇੱਥੋਂ ਦੀ ਸਿੱਖ ਕਿਸਾਨੀ ਹਕੂਮਤ ਦੇ ਵਿਤਕਰੇ ਦਾ ਸ਼ਿਕਾਰ ਹੁੰਦੀ ਆ ਰਹੀ ਹੈ। ਹਾਲ ਹੀ ਵਿੱਚ ਵਾਪਰੀ ਘਟਨਾ ਵੀ ਇਸੇ ਲੜੀ ਦਾ ਹੀ ਹਿੱਸਾ ਹੈ। ਪਰ ਇਹ ਘਟਨਾ ਨਾਲ ਦੀ ਨਾਲ ਇੱਕ ਹੋਰ ਲੜੀ ਦਾ ਵੀ ਹਿੱਸਾ ਹੈ। ਅਸੀਂ ਜਾਣਦੇ ਹਾਂ ਕਿ ਤਕਰੀਬਨ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਜਦੋਂ ਨਵੇਂ ਬਣੇ ਖੇਤੀ ਕਾਨੂੰਨ ਆਰਡੀਨੈਂਸ ਦੇ ਰੂਪ ਵਿੱਚ ਆਏ ਸਨ, ਉਦੋਂ ਤੋਂ ਹੀ ਵੱਖ-ਵੱਖ ਤਰੀਕਿਆਂ ਨਾਲ ਇਹਨਾਂ ਦਾ ਵਿਰੋਧ ਹੁੰਦਾ ਆ ਰਿਹਾ ਹੈ। ਹੁਣ ਪਿਛਲੇ 11 ਮਹੀਨਿਆਂ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਦਿੱਲੀ ਨੂੰ ਘੇਰ ਕੇ ਬੈਠੇ ਹੋਏ ਹਨ ਪਰ ਦਿੱਲੀ ਤਖ਼ਤ ਆਪਣੇ ਸੁਭਾਅ ਤੋਂ ਮਜ਼ਬੂਰ ਹੈ, ਉਹ ਸਾਮਰਾਜੀ ਹੈ ਜੋ ਕਿਸੇ ਵੀ ਮਸਲੇ ਵਿੱਚ ਸ਼ਹਿਰੀਆਂ ਦੀ ਕੋਈ ਸਹਿਮਤੀ ਨਹੀਂ ਲੈਂਦਾ, ਕੋਈ ਦਲੀਲ ਜਾਂ ਅਪੀਲ ਨਹੀਂ ਸੁਣਦਾ/ਮੰਨਦਾ ਸਗੋਂ ਆਪਣੀ ਜਿੱਦ ਸਿਰਫ ਤਾਕਤ ਨਾਲ ਹੀ ਹਾਸਲ ਕਰਨ ਦਾ ਹਾਮੀ ਹੈ। ਇਸੇ ਜਿੱਦ ਕਰਕੇ ਉਹ ਹੁਣ ਤੱਕ ਆਪਣੀ ਗੱਲ ਤੋਂ ਪਿੱਛੇ ਨਹੀਂ ਹਟ ਸਕਿਆ ਪਰ ਇਸ ਸਾਰੇ ਸੰਘਰਸ਼ ਦੌਰਾਨ ਓਹਦੀ ਹਉਮੈ ਨੂੰ ਬਹੁਤ ਸੱਟ ਵੱਜੀ ਹੈ, ਓਹਦੇ ਬਹੁਤ ਸਾਰੇ ਤੀਰ ਨਕਾਰਾ ਹੋਏ ਜਿਸ ਦਾ ਉਸ ਨੂੰ ਕਿਆਸ ਵੀ ਨਹੀਂ ਸੀ। ਇਸ ਲਈ ਸੁਭਾਵਿਕ ਸੀ ਕਿ ਉਸ ਨੇ ਚੁੱਪ ਨਹੀਂ ਬੈਠਣਾ ਕਿਉਂਕਿ ਓਹਦਾ ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਕੁਝ ਦਹਾਕੇ ਪਹਿਲਾਂ ਸੰਤ ਜਰਨੈਲ ਸਿੰਘ ਵੱਲੋਂ ਵਿੱਢੇ ਸੰਘਰਸ਼ ਵਕਤ ਦਿੱਲੀ ਤਖ਼ਤ 'ਤੇ ਕਾਬਜ ਬਿਪਰ ਦੀ ਹਉਮੈ ਟੁੱਟੀ ਤਾਂ ਦਰਬਾਰ ਸਾਹਿਬ ਦੇ ਹਮਲੇ ਦੇ ਰੂਪ ਵਿੱਚ ਉਸਦਾ ਅਮਲ ਸਾਹਮਣੇ ਆਇਆ। ਫਿਰ ਇੰਦਰਾ ਗਾਂਧੀ ਦੇ ਸੋਧੇ ਨੇ ਇਸ ਦੀ ਹਉਮੈਂ 'ਤੇ ਸੱਟ ਮਾਰੀ ਤਾਂ ਵੱਡੇ ਰੂਪ ਵਿਚ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ। ਫਿਰ ਖਾੜਕੂ ਸਿੰਘਾਂ ਨੇ ਆਪਣੇ ਜੌਹਰ ਵਿਖਾ ਕੇ ਇਸਦਾ ਹੰਕਾਰ ਤੋੜਿਆ ਤਾਂ ਵੱਡੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਏ ਗਏ। ਸੋ ਉਹ ਹੁਣ ਵੀ ਆਪਣੇ ਸੁਭਾਅ ਅਨੁਸਾਰ ਹਰਕਤ ਵਿੱਚ ਆਇਆ ਹੈ। ਯੂ.ਪੀ. ਦੀ ਘਟਨਾ ਪਹਿਲੀ ਘਟਨਾ ਨਹੀਂ ਹੈ, ਇਸ ਤੋਂ ਪਹਿਲਾਂ ਵਾਪਰੀਆਂ ਘਟਨਾਵਾਂ ਨੂੰ ਵੀ ਇੱਕ ਲੜੀ ਵਿੱਚ ਹੀ ਵੇਖਣਾ ਚਾਹੀਦਾ ਹੈ। 26 ਜਨਵਰੀ ਤੋਂ ਬਾਅਦ ਗੁੰਡੇ-ਬਦਮਾਸ਼ਾਂ ਦੇ ਟੋਲਿਆਂ ਨੂੰ ਥਾਪੜਾ ਦੇ ਕੇ ਕਿਸਾਨਾਂ ਦੇ ਤੰਬੂਆਂ ਵੱਲ ਭੇਜਣਾ ਜਿੱਥੇ ਉਨਾਂ ਦੇ ਪਰਿਵਾਰ ਬੈਠੇ ਸਨ ਅਤੇ ਫਿਰ ਉਨਾਂ ਨੂੰ ਰੋਕਣ ਵਾਲਿਆਂ ਨਾਲ ਪੁਲਿਸ ਦਾ ਵਤੀਰਾ ਸਹਿਜੇ ਹੀ ਕਿੰਨਾ ਕੁਝ ਸਾਫ ਕਰ ਦਿੰਦਾ ਹੈ। ਕੁਝ ਸਮਾਂ ਪਹਿਲਾਂ ਕਰਨਾਲ ਵਿਖੇ ਵਾਪਰੀ ਘਟਨਾ ਵੀ ਇਸੇ ਲੜੀ ਦਾ ਹੀ ਹਿੱਸਾ ਸੀ ਅਤੇ ਇਹ ਲੜੀ ਹੁਣ ਯੂ.ਪੀ. ਦੇ ਲਖੀਮਪੁਰ ਖੀਰੀ ਵਾਲੀ ਘਟਨਾ ਤੱਕ ਆਣ ਪਹੁੰਚੀ ਹੈ। ਹਉਮੈ ਦੇ ਬੁੱਤਾਂ ਦਾ ਰੂਪ ਲਗਾਤਾਰ ਹੋਰ ਭਿਆਨਕ ਹੁੰਦਾ ਜਾ ਰਿਹਾ ਹੈ। ਗੁਰੂ ਭਲੀ ਕਰੇ, ਸਾਨੂੰ ਏਕਤਾ-ਇਤਫ਼ਾਕ ਬਖਸ਼ਿਸ਼ ਕਰੇ।

# ਪੰਜਾਬ ਦਾ ਨਵਾਂ ਮੁੱਖ ਮੰਤਰੀ ਅਤੇ ਜਾਤੀ ਸਮੀਕਰਨ



**ਰਣਜੀਤ ਸਿੰਘ ਕੁਕੀ**

ਜਿਵੇਂ ਜਿਵੇਂ ਪੰਜਾਬ ਵਿਧਾਨ ਸਭਾ ਦੀਆਂ ਫਰਵਰੀ 2022 ਵਿਚ ਹੋਣ ਵਾਲੀਆਂ ਚੋਣਾਂ ਨੇੜੇ ਆ ਰਹੀਆਂ ਹਨ, ਜਾਤੀ, ਧਰਮ ਅਤੇ ਪਛਾਣ ਅਧਾਰਿਤ ਰਾਜਨੀਤੀ ਓਵੇਂ-ਓਵੇਂ ਹੋਰ ਤੇਜ਼ ਹੋ ਰਹੀ ਹੈ।ਧਰਮ ਅਤੇ ਜਾਤ ਸ਼ੁਰੂ ਤੋਂ ਹੀ ਭਾਰਤੀ ਰਾਜਨੀਤੀ ਵਿਚ ਸ਼ਰਾਪ ਹਨ।ਧਰਮ ਅਤੇ ਜਾਤੀ ਪਛਾਣ ਉਸ ਕੰਢਿਆਲੀ ਤਾਰ ਦੀ ਤਰਾਂ ਹਨ ਜੋ ਕਿ ਭਾਈਚਾਰਿਆਂ ਨੂੰ ਅਲੱਗ-ਅਲੱਗ ਕਰਦੀ ਹੈ। ਭਾਰਤ ਦੀ ਅਜ਼ਾਦੀ ਦੇ ਪਝੱਤਰ ਵਰਿਆਂ ਬਾਅਦ ਇਸ ਕੰਢਿਆਲੀ ਤਾਰ ਨੂੰ ਹਟਾਉਣ ਦੀ ਜ਼ਰੂਰਤ ਹੈ ਜੋ ਕਿ ਭਾਰਤੀ ਰਾਜਨੀਤੀ ਲਈ ਸਰਾਪ ਬਣ ਚੁੱਕੀ ਹੈ।

ਸਮਾਜ ਦੇ ਹੇਠਲੇ ਤਬਕੇ ਨਾਲ ਸਬੰਧਤ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿਚ ਧਰਮ ਅਤੇ ਜਾਤ ਦਾ ਮੁੱਦਾ ਫਿਰ ਤੋਂ ਭਖ ਗਿਆ ਹੈ।ਪਛਾਣ ਆਧਾਰਿਤ ਰਾਜਨੀਤੀ ਦੇ ਬੀਜ ਬਸਤੀਵਾਦੀ ਹਕੂਮਤ ਦੁਆਰਾ ਬੀਜੇ ਗਏ ਸਨ ਜਿਸ ਨੇ ਵੱਖਰੇ ਚੋਣ ਖੇਤਰਾਂ ਅਤੇ ਵਰਗਾਂ ਦੀ ਸ਼ੁਰੂਆਤ ਕਰਕੇ ਸਮਾਜ ਵਿਚ ਧਰਮ ਅਤੇ ਜਾਤ ਅਧਾਰਿਤ ਵੱਖਰੀਆਂ ਕੌਮਾਂ ਬਣਾ ਦਿੱਤੀਆਂ। ਧਰਮ ਅਤੇ ਜਾਤੀ ਦੇ ਅਧਾਰ 'ਤੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣਾ ਅਸਲ ਵਿਚ ਕਾਂਗਰਸ ਦੁਆਰਾ ਕੀਤੀ ਅਜਿਹੀ ਕੋਸ਼ਿਸ਼ ਹੈ ਜਿਸ ਰਾਹੀਂ ਉਹ ਬਰਾਬਰਤਾ ਉੱਪਰ ਆਧਾਰਿਤ ਰਾਜਨੀਤੀ ਅਤੇ ਸਾਰਿਆਂ ਨੂੰ ਬਰਾਬਰ ਪ੍ਰਤੀਨਿਧਤਾ ਦੇਣ ਦਾ ਸੰਦੇਸ਼ ਲੋਕਾਂ ਵਿਚ ਦੇਣਾ ਚਾਹੁੰਦੀ ਹੈ। ਹਾਲਾਂਕਿ ਇਸ ਨੂੰ ਚੋਣਾਂ ਆਧਾਰਿਤ ਰਾਜਨੀਤੀ ਅਤੇ ਪ੍ਰਤੀਕਵਾਦ ਤੋਂ ਵੱਧ ਨਹੀਂ ਦੇਖਿਆ ਜਾਣਾ ਚਾਹੀਦਾ। ਇਹ ਗਾਂਧੀਵਾਦੀ ਆਦਰਸ਼ਵਾਦ ਦਾ ਭੁਲੇਖਾ ਪਾਉਣ ਦੀ ਕੋਸ਼ਿਸ਼ ਹੈ ਅਤੇ ਅਗਰ ਇਹ ਗਾਂਧੀਵਾਦੀ ਆਦਰਸ਼ਵਾਦ ਕਾਂਗਰਸ ਨੂੰ ਚੋਣਾਂ ਵਿਚ ਕੋਈ ਫਾਇਦਾ ਨਹੀਂ ਪਹੁੰਚਾ ਪਾਇਆ ਤਾਂ ਇਹ ਰਾਜਨੀਤਿਕ ਪ੍ਰਯੋਗਵਾਦ ਤੋਂ ਜਿਆਦਾ ਕੁਝ ਨਹੀਂ ਹੋਵੇਗਾ। ਅਗਰ ਕਾਂਗਰਸ ਦਾ ਇਹ ਤਜਰਬਾ ਸਫਲ ਹੋ ਜਾਂਦਾ ਹੈ ਤਾਂ ਧਰਮ ਅਤੇ ਜਾਤ ਅਧਾਰਿਤ ਸਮੀਕਰਨਾਂ ਨੂੰ ਤੋੜਨ ਵਿਚ ਸਹਾਈ ਹੋਵੇਗਾ।

ਕਾਂਗਰਸ ਪਾਰਟੀ ਦੁਆਰਾ ਪਹਿਲੀ ਵਾਰ ਸਮਾਜ ਦੇ ਹੇਠਲੇ ਤਬਕੇ ਵਿਚੋਂ ਮੁੱਖ ਮੰਤਰੀ ਦੀ ਚੋਣ ਅਸਲ ਵਿਚ ਆਉਣ ਵਾਲੀਆਂ ਅਸੈਂਬਲੀ ਚੋਣਾਂ ਲਈ ਹੀ ਰਾਜਨੀਤਿਕ ਬਿਰਤਾਂਤ ਦੀ ਉਸਾਰੀ ਕਰਦੀ ਨਜ਼ਰ ਆਉਂਦੀ ਹੈ। ਇਹ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਭਾਰਤ ਦੀ ਰਾਜਨੀਤੀ ਜਾਤ ਅਤੇ ਧਰਮ ਦੇ ਸਮੀਕਰਨਾਂ ਉੱਪਰ ਕਿੰਨੀ ਜਿਆਦਾ ਅਧਾਰਿਤ ਹੈ।ਹੁਣ ਪੰਜਾਬ ਦੀਆਂ ਦੂਜੀਆਂ ਰਾਜਨੀਤਿਕ ਪਾਰਟੀਆਂ ਨੂੰ ਵੀ ਸੱਤਾ ਵਿਚ ਆਉਣ ਦੀ ਸੂਰਤ ਵਿਚ ਸਮਾਜ ਦੇ ਹੇਠਲੇ ਤਬਕੇ ਤੋਂ ਮੁੱਖ ਮੰਤਰੀ ਦਾ ਚਿਹਰਾ ਚੁਣਨ ਦੀ ਮਨਸ਼ਾ ਜ਼ਾਹਿਰ ਕਰਨੀ ਪਵੇਗੀ। ਸਮਾਜ ਦਾ ਹੇਠਲਾ ਤਬਕਾ ਪਹਿਲਾਂ ਦੀ ਤਰਾਂ ਹੀ ਮਹਿਜ ਰਾਜਨੀਤਿਕ ਮੋਹਰਾ ਬਣ ਕੇ ਰਹਿ ਗਿਆ ਹੈ। ਭਾਰਤ ਦੀ ਅਜ਼ਾਦੀ ਦੇ 75 ਵਰੇ ਵਿਚ ਕਾਂਗਰਸ ਦੁਆਰਾ ਵਾਰ-ਵਾਰ ਇਹੀ ਰਾਗ ਅਲਾਪਿਆ ਜਾ ਰਿਹਾ ਹੈ ਕਿ ਕਾਂਗਰਸ ਨੇ ਪੰਜਾਬ ਵਿਚ ਪਹਿਲੀ ਵਾਰ ਹੇਠਲੇ ਤਬਕੇ ਵਿਚੋਂ ਮੁੱਖ ਮੰਤਰੀ ਬਣਾਇਆ ਹੈ। ਇਹ ਭਾਰਤੀ ਲੋਕਤੰਤਰ ਦੀ ਵਿਕਾਸ ਕਿਰਿਆ ਉੱਪਰ ਗਹਿਰੇ ਸੁਆਲ ਖੜੇ ਕਰਦਾ ਹੈ ਜੋ ਕਿ ਪ੍ਰਮੁੱਖ ਰੂਪ ਵਿਚ ਜਾਤ ਅਤੇ ਧਰਮ ਅਧਾਰਿਤ ਵੰਡਾਂ ਉੱਪਰ ਅਧਾਰਿਤ ਹੈ।ਨਵੇਂ ਬਣੇ ਮੁੱਖ ਮੰਤਰੀ ਦੀ ਯੋਗਤਾ ਅਤੇ ਹੋਰ ਗੁਣਾਂ ਨੂੰ ਅੱਖੋਂ-ਪਰੋਖੇ ਕਰਦੇ ਹੋਏ ਉਸ ਦੀ ਜਾਤੀ ਅਤੇ ਸਿੱਖ ਚਿਹਰਾ ਹੋਣ ਉੱਪਰ ਹੀ ਜਿਆਦਾ ਜ਼ੋਰ ਦਿੱਤਾ ਜਾ ਰਿਹਾ ਹੈ।

ਇਸ ਤਰਾਂ ਜਾਤ ਅਤੇ ਖਾਸ ਧਰਮ ਨਾਲ ਸਬੰਧਤ ਸਮੀਕਰਨਾਂ ਉੱਪਰ ਜ਼ੋਰ ਦੇਣਾ ਮਹਿਜ ਪ੍ਰਤੀਕਵਾਦ ਹੈ ਜੋ ਕਿ ਹੇਠਲੇ ਤਬਕੇ ਦੇ ਲੋਕਾਂ ਨੂੰ ਰਾਜਨੀਤੀ ਵਿਚ ਹਾਸ਼ੀਆਗ੍ਰਸਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਭਾਰਤੀ ਰਾਜਨੀਤੀ ਵਿਚ ਕਿਸੇ ਨੂੰ ਜਾਤੀ ਨੂੰ ਅਧਾਰ ਬਣਾ ਕੇ ਉੱਚਾ ਅਹੁਦਾ ਦੇਣਾ ਇਹ ਸੁਆਲ ਖੜੇ ਕਰਦਾ ਹੈ ਕਿ ਕੀ ਮਹਿਜ਼ ਪ੍ਰਤੀਕਵਾਦ ਹੀ ਹਾਸ਼ੀਆਗਤ ਲੋਕਾਂ ਲਈ ਇੱਛਿਤ ਸਮਾਜਿਕ ਬਦਲਾਅ ਲਿਆ ਸਕਦਾ ਹੈ; ਹਾਲਾਂਕਿ ਇਸ ਦੇ ਥੋੜ-ਚਿਰੇ ਨਤੀਜੇ ਜ਼ਰੂਰ ਨਿਕਲ ਸਕਦੇ ਹਨ। ਭਾਰਤ ਦੇ ਹੇਠਲੇ ਤਬਕੇ ਨਾਲ ਸਬੰਧਤ ਸਭ ਤੋਂ ਪ੍ਰਭਾਵਸ਼ਾਲੀ ਵਿਚਾਰਕ ਅਤੇ ਅਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਡਾ. ਅੰਬੇਦਕਰ ਨੂੰ ਸਮਾਜ ਨੂੰ ਪ੍ਰਭਾਵਿਤ ਕਰਨ ਲਈ ਅਤੇ ਸੁਧਾਰ ਲਿਆਉਣ ਲਈ ਕੋਈ ਚਿੰਨਾਂ ਦੀ ਜ਼ਰੂਰਤ ਨਹੀਂ ਸੀ। ਤਤਕਾਲੀਨ ਸਮਾਜ ਉੱਪਰ ਅੰਬੇਦਕਰ ਦਾ ਪ੍ਰਭਾਵ ਚੁਣਾਵੀ ਮੁੱਦਿਆਂ ਤੋਂ ਉੱਪਰ ਹੈ ਅਤੇ ਅੱਜ ਵੀ ਭਾਰਤੀ ਬਰੇ-ਸਗੀਰ ਵਿਚ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਅੰਦੋਲਨਾਂ ਨੂੰ ਪ੍ਰੇਰਨਾ ਦੇਣ ਵਿਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਉਸ ਦੇ ਬੇਮਿਸਾਲ ਸੰਘਰਸ਼ ਅਤੇ ਅਕਾਦਮਿਕ ਯੋਗਤਾ ਕਰਕੇ ਸਾਰੇ ਹੀ ਤਬਕਿਆਂ ਵਿਚ ਉਸ ਨੂੰ ਮਹੱਤਵਪੂਰਨ ਵਿਚਾਰਕ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਜਿਸ ਨੇ ਸ਼ਕਤੀਸ਼ਾਲੀ ਬਿਰਤਾਂਤ ਦੀ ਸ਼ੁਰੂਆਤ ਕੀਤੀ।

ਪੰਜਾਬ ਦੀ ਅੱਜ ਦੀ ਰਾਜਨੀਤੀ ਨੂੰ ਸਮਾਜਿਕ ਬਦਲਾਅ ਲੈ ਕੇ ਆਉਣ ਲਈ ਨਵੇਂ ਸਿਰਿਓਂ ਸੋਚਣ ਦੀ ਜ਼ਰੂਰਤ ਹੈ। ਕਿਸੇ ਵੀ ਰਾਜਨੀਤਿਕ ਭਰਤੀ ਨੂੰ ਮਹਿਜ਼ ਪ੍ਰਤੀਕਵਾਦ ਦੇ ਤੌਰ ਤੇ ਇਸਤੇਮਾਲ ਕਰਨਾ ਸਦੀਆਂ ਤੋਂ ਚੱਲੇ ਆ ਰਹੇ ਧਰਮ ਅਤੇ ਜਾਤ ਦੇ ਸਮੀਕਰਨਾਂ ਨੂੰ ਹੀ ਪੱਕਿਆਂ ਕਰਨ ਵਿਚ ਸਹਾਈ ਹੋਵੇਗਾ। ਇਸ ਤਰਾਂ ਦੇ ਸੌੜੇ ਦ੍ਰਿਸ਼ਟੀਕੋਣ ਤੋਂ ਸਪੱਸ਼ਟ ਦੂਰੀ ਬਣਾਉਣੀ ਜ਼ਰੂਰੀ ਹੈ ਤਾਂ ਕਿ ਜਾਤ ਅਤੇ ਧਰਮ ਦੀ ਬਜਾਇ ਵਿਅਕਤੀ ਦੀਆਂ ਵਿਅਕਤੀਗਤ ਯੋਗਤਾਵਾਂ, ਸਮਾਜਿਕ ਸਮਝ ਅਤੇ ਰਾਜਨੀਤਿਕ ਕੁਸ਼ਲਤਾ ਨੂੰ ਮਹੱਤਤਾ ਦਿੱਤੀ ਜਾ ਸਕੇ।ਜਾਤ ਅਤੇ ਧਰਮ ਦਾ ਸੰਬੰਧ ਮਨੋਵਿਗਿਆਨਿਕ ਹੈ ਜੋ ਕਿ ਇਕ ਵਿਅਕਤੀ ਵਿਚ ਨਾ-ਬਰਾਬਰਤਾ ਅਤੇ ਅਯੋਗ ਹੋਣ ਦੀ ਭਾਵਨਾ ਪੈਦਾ ਕਰਦਾ ਹੈ। ਕਾਂਗਰਸ ਦੁਆਰਾ ਹੇਠਲੇ ਤਬਕੇ ਨਾਲ ਸਬੰਧਤ ਵਿਅਕਤੀ ਨੂੰ ਮੁੱਖ ਮੰਤਰੀ ਬਣਾਉਣ ਦਾ ਪ੍ਰਭਾਵ ਇੰਨਾ ਸਿੱਧਾ ਵੀ ਨਹੀਂ ਹੋਵੇਗਾ ਕਿਉਂਕਿ ਪੰਜਾਬ ਵਿਚ ਦਲਿਤ ਭਾਈਚਾਰਾ ਸਮਰੂਪ ਨਹੀਂ ਹੈ।ਭਾਵੇਂ ਪੰਜਾਬ ਵਿਚ ਦਲਿਤ ਅਬਾਦੀ ਕੁਲ ਅਬਾਦੀ ਦਾ 38 ਪ੍ਰਤੀਸ਼ਤ ਹੈ, ਪਰ ਇਹ ਭਾਈਚਾਰਾ ਅੱਗੋਂ ਰਾਜਨੀਤੀ ਆਧਾਰਿਤ 39 ਹੋਰ ਸਮੂਹਾਂ ਵਿਚ ਵੰਡਿਆ ਹੋਇਆ ਹੈ। ਬਹੁਜਨ ਸਾਜ ਪਾਰਟੀ ਦੇ ਬਾਨੀ ਕਾਂਸ਼ੀ ਰਾਮ ਨੇ ਹੇਠਲੇ ਤਬਕੇ ਦੇ ਲੋਕਾਂ ਨੂੰ ਇਕ ਛੱਤਰੀ ਹੇਠਾਂ ਇਕੱਠਿਆਂ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਇਸ ਵਿਚ ਜਿਆਦਾ ਸਫਲ ਨਹੀਂ ਹੋ ਪਾਇਆ। ਨਵੇਂ ਮੁੱਖ ਮੰਤਰੀ ਨੂੰ ਵਿਅਕਤੀਗਤ ਯੋਗਤਾਵਾਂ ਵਾਲਾ ਜ਼ਮੀਨੀ ਹਕੀਕਤ ਨਾਲ ਜੁੜਿਆ ਰਾਜਨੇਤਾ ਮੰਨਿਆ ਜਾਂਦਾ ਹੈ ਜੋ ਕਿ ਸਮਾਜ ਦੇ ਹਾਸ਼ੀਆਗਤ ਸਮੂਹਾਂ ਨੂੰ ਉੱਪਰ ਚੁੱਕਣ ਦੀ ਦ੍ਰਿਸ਼ਟੀ ਰੱਖਦਾ ਹੈ। ਪਰ ਧਰਮ ਅਤੇ ਰਾਜਨੀਤੀ ਉੱਪਰ ਅਧਾਰਿਤ ਰਾਜਨੀਤੀ ਦੇ ਸਮੇਂ ਵਿਚ ਰਾਜਨੀਤਿਕ ਪ੍ਰਤੀਕਵਾਦ ਆਪਣੇ ਆਪ ਵਿਚ ਮਹੱਤਵਪੂਰਨ ਹੈ। ਇਸ ਲਈ ਸਾਰੀਆਂ ਪਾਰਟੀਆਂ ਹੀ ਵਿਚਾਰਧਾਰਕ ਮੁਖੌਟਾ ਧਾਰਨ ਕਰਦੀਆਂ ਹਨ। ਪੰਜਾਬ ਵਿਚ ਸਿੱਖ ਧਰਮ ਦੇ ਪ੍ਰਬਲ ਹੋਣ ਦੇ ਬਾਵਜੂਦ ਵੀ ਧਰਮ ਅਤੇ ਜਾਤੀ ਅਧਾਰਿਤ ਵਿਤਕਰਾ ਮੌਜੂਦ ਹੈ, ਭਾਵੇਂ ਕਿ ਸਿੱਖ ਧਰਮ ਬਰਾਬਰਤਾ ਦਾ ਸੰਦੇਸ਼ ਦਿੰਦਾ ਹੈ।

ਭਾਰਤੀ ਰਾਜਨੀਤੀ ਦੀ ਤਰਾਂ ਹੀ ਪੰਜਾਬ ਦੀ ਰਾਜਨੀਤੀ ਵਿਚ ਵੀ ਵੋਟਰਾਂ ਨੂੰ ਵਿਅਕਤੀਆਂ ਦੇ ਰੂਪ ਵਿਚ ਨਹੀਂ ਦੇਖਿਆ ਜਾਂਦਾ, ਬਲਕਿ ਉਨਾਂ ਨੂੰ ਧਾਰਮਿਕ ਅਤੇ ਜਾਤੀ ਸਮੂਹਾਂ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਇਸ ਤਰਾਂ ਦੀ ਚੁਣਾਵੀ ਮੌਕਾਪ੍ਰਸਤੀ ਦਾ ਮੁਜ਼ਾਹਰਾ ਕਰਦੇ ਹੋਏ ਕਾਂਗਰਸ ਨੇ ਅਸਲ ਵਿਚ ਆਪਣਾ ਹੀ ਸਭ ਤੋਂ ਹੇਠਲੇ ਪੱਧਰ ਦਾ ਪੱਤਾ ਖੇਡਿਆ ਹੈ। ਕਾਂਗਰਸ ਪਾਰਟੀ ਬਹੁ-ਜਾਤਾਂ ਅਤੇ ਬਹੁ-ਧਰਮਾਂ ਦੀ ਪਾਰਟੀ ਹੈ ਜਿਸ ਨੇ ਅਚਾਨਕ ਹੀ ਉਸ ਰਾਜ ਵਿਚ ਸਮਾਜ ਦੇ ਹੇਠਲੇ ਤਬਕੇ ਨਾਲ ਸਬੰਧਤ ਵਿਅਕਤੀ ਨੂੰ ਉੱਚਾ ਅਹੁਦਾ ਦੇਣ ਦਾ ਫੈਸਲਾ ਕੀਤਾ ਜਿੱਥੇ ਜੱਟ ਸਿੱਖ ਭਾਈਚਾਰੇ ਦੀ ਪ੍ਰਧਾਨਤਾ ਹੈ। ਅਜਿਹਾ ਉਸ ਨੇ ਪਛਾਣ ਅਤੇ ਧਰਮ ਦੀ ਰਾਜਨੀਤੀ ਤੋਂ ਉੱਪਰ ਸਮਾਵੇਸ਼ੀ ਰਾਜਨੀਤੀ ਨੂੰ ਪ੍ਰਚਾਰਨ ਲਈ ਕੀਤਾ ਹੈ। ਅਜਿਹੀ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਅਜਿਹੀ ਸਮਾਵੇਸ਼ੀ ਰਾਜਨੀਤੀ ਹੇਠਲੇ ਤਬਕੇ ਨੂੰ ਮਜ਼ਬੂਤ ਬਣਾਉਣ ਅਤੇ ਉਸ ਦੀ ਮੁਕਤੀ ਵਿਚ ਸਹਾਈ ਹੋਵੇਗੀ। ਚੰਨੀ ਨੂੰ ਮੁੱਖ ਮੰਤਰੀ ਬਣਾਉਣ ਨੂੰ ਕਾਂਗਰਸ ਦੇ ਲਈ ਗੇਮ ਨੂੰ ਬਦਲਣ ਵਾਲਾ ਦਾਅ ਮੰਨਿਆ ਜਾ ਰਿਹਾ ਹੈ ਜੋ ਸਮਾਜਿਕ ਸੰਤੁਲਨ ਰਾਹੀ ਹੇਠਲੇ ਤਬਕੇ ਦੀਆਂ ਵੋਟਾਂ ਹਾਸਿਲ ਕਰਕੇ ਉਨਾਂ ਨੂੰ ਚੋਣਾਂ ਵਿਚ ਫਾਇਦਾ ਪਹੁੰਚਾ ਸਕਦਾ ਹੈ।ਵੱਖ-ਵੱਖ ਸਰਵੇ ਇਹ ਦਿਖਾਉਂਦੇ ਹਨ ਕਿ ਪੰਜਾਬ ਦੇ ਹੇਠਲੇ ਤਬਕੇ ਵਿਚ ਵੀ ਧਾਰਮਿਕ, ਭਾਸ਼ਾਈ ਅਤੇ ਜਾਤੀ ਆਧਾਰਿਤ ਵੰਡ ਮੌਜੂਦ ਹੈ ਜਿਸ ਨੇ ਇਕੱਤਰ ਹੋ ਕੇ ਕਦੇ ਵੀ ਇਕ ਪਾਰਟੀ ਨੂੰ ਵੋਟ ਨਹੀਂ ਪਾਈ ਹੈ।

ਚਰਨਜੀਤ ਸਿੰਘ ਚੰਨੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਸ਼ਕਤੀਸ਼ਾਲੀ ਰਾਜਨੇਤਾਵਾਂ ਜਾਂ ਨੌਕਰਸ਼ਾਹਾਂ ਦਾ ਪ੍ਰਤੀਨਿਧੀ ਨਹੀਂ ਹੈ।ਹੇਠਲੇ ਤਬਕਿਆਂ ਨੂੰ ਉੱਪਰ ਚੁੱਕਣ ਲਈ ਸਮਾਜਿਕ ਅੰਦੋਲਨ ਵਿਚ ਹਿੱਸਾ ਲੈਣ ਦਾ ਵੀ ਉਸ ਦਾ ਕੋਈ ਇਤਿਹਾਸ ਨਹੀਂ ਹੈ। ਉਸ ਨੂੰ ਮੁੱਖ ਮੰਤਰੀ ਬਣਾਉਣ ਨੂੰ ਪ੍ਰਤੀਕਵਾਦ ਤੋਂ ਉੱਪਰ ਉੱਠ ਕੇ ਦੇਖਿਆ ਜਾਣਾ ਚਾਹੀਦਾ ਹੈ। ਇਕ ਪਲ ਲਈ ਇਹ ਮਹਿਜ ਪ੍ਰਤੀਕਵਾਦ ਲੱਗ ਸਕਦਾ ਹੈ, ਪਰ ਰਾਜਨੀਤੀ ਵਿਚ ਪ੍ਰਤੀਕਵਾਦ ਵੀ ਮਹੱਤਵਪੂਰਨ ਹੈ। ਪ੍ਰਤੀਕਵਾਦ ਦੀਆਂ ਆਪਣੀਆਂ ਸੀਮਾਵਾਂ ਹਨ, ਪਰ ਮਹਿਜ ਰਾਜਨੀਤੀ ਨਾਲ ਸਬੰਧਤ ਨਾ ਹੋ ਕੇ ਇਹ ਜ਼ਮੀਨੀ ਹਕੀਕਤ ਨਾਲ ਜੁੜਿਆ ਹੋਣਾ ਚਾਹੀਦਾ ਹੈ। ਇਸ ਤਰਾਂ ਦੀ ਨਵੀਂ ਭਰਤੀ ਨਾਲ ਪੰਜਾਬ ਦੀ ਰਾਜਨੀਤੀ ਵਿਚ ਖੇਤੀ ਪ੍ਰਭਾਵ ਘੱਟ ਹੋਵੇਗਾ ਅਤੇ ਮੁੱਖ ਮੰਤਰੀ ਦੀ ਚੋਣ ਲਈ ਧਰਮ, ਜਾਤੀ ਅਤੇ ਪਛਾਣ ਦੀ ਰਾਜਨੀਤੀ ਹੋਰ ਜਿਆਦਾ ਤਿੱਖੀ ਹੋਵੇਗੀ। ਧਰਮ ਅਤੇ ਜਾਤੀ ਦੀ ਆਪਸੀ ਸਬੰਧ ਨੂੰ ਨਿਆਂਹੀਣ ਅਤੇ ਪਿਛਾਂਹਖਿਚੂ ਮੰਨ ਕੇ ਹਮੇਸ਼ਾ ਹੀ ਇਸ ਦੀ ਆਲੋਚਨਾ ਹੁੰਦੀ ਆਈ ਹੈ, ਪਰ ਫਿਰ ਵੀ ਸਦੀਆਂ ਤੋਂ ਇਸ ਨੇ ਸਮਾਜਿਕ ਵਿਵਸਥਾ ਉੱਪਰ ਅਜਿਹਾ ਗਲਬਾ ਪਾਇਆ ਹੋਇਆ ਹੈ ਕਿ ਇਸ ਵਿਚ ਕੋਈ ਤਬਦੀਲੀ ਨਹੀਂ ਆਈ ਹੈ ਅਤੇ ਇਸ ਦੇ ਪ੍ਰਭਾਵ ਤੋਂ ਬਚਣਾ ਨਾ-ਮੁਮਕਿਨ ਹੈ।ਇਸ ਤਰਾਂ ਦੇ ਸਮੀਕਰਨ ਨੇ ਲੰਮਾ ਸਮਾਂ ਪਹਿਲਾਂ ਹੀ ਬਦਲ ਜਾਣਾ ਸੀ, ਅਗਰ ਰਾਜਨੇਤਾਵਾਂ ਨੇ ਇਸ ਅੱਗ ਨੂੰ ਆਪਣੇ ਹਿੱਤਾਂ ਲਈ ਨਾ ਹਵਾ ਦਿੱਤੀ ਹੁੰਦੀ। ਇਹ ਉਨਾਂ ਲਈ ਮਹਿਜ ਚੋਣਾਵੀ ਲਾਭ ਪ੍ਰਾਪਤ ਕਰਨ ਦਾ ਜ਼ਰੀਆ ਹੀ ਬਣ ਗਈ ਹੈ।

ਧਰਮ ਅਤੇ ਜਾਤ ਦੀ ਸਮਾਜਿਕ ਵੰਡ ਸਮਾਜਿਕ ਸਮੂਹਾਂ ਰਾਹੀ ਅੱਗੇ ਵਧਦੀ ਹੈ ਜਿਸ ਵਿਚ ਰਹਿਣ-ਸਹਿਣ, ਕਿੱਤੇ ਅਤੇ ਸਮਾਜਿਕ ਰੁਤਬੇ ਨੂੰ ਹੀ ਅੱਗੇ ਵਧਾਇਆ ਜਾਂਦਾ ਹੈ। ਪੰਜਾਬ ਵਿਚ ਪਹਿਲੀ ਵਾਰੀ ਰਾਜਨੀਤੀ ਧਰਮ ਅਤੇ ਜਾਤ ਦੇ ਆਪਸੀ ਸੰਬੰਧਾਂ ਉੱਪਰ ਪੂਰੀ ਤਰਾਂ ਕੇਂਦਰਿਤ ਹੋ ਗਈ ਹੈ ਕਿਉਂਕਿ ਮੁੱਖ ਮੰਤਰੀ ਚੰਨੀ ਜਰੂਰ ਹੀ ਹੇਠਲੇ ਤਬਕੇ ਦੇ ਲੋਕਾਂ ਵਿਚ ਇਹ ਸੰਦੇਸ਼ ਪਹੁੰਚਾਵੇਗਾ ਕਿ ਉਹ ਪੰਜਾਬ ਦੀ ਰਾਜਨੀਤਿਕ ਅਤੇ ਸੱਤਾ ਸਮੀਕਰਨਾਂ ਵਿਚ ਮਹੱਤਵਪੂਰਨ ਰੋਲ ਅਦਾ ਕਰ ਸਕਦੇ ਹਨ। ਹੁਣ ਤੱਕ ਸੱਤਾ ਢਾਂਚਾ ਇਸ ਤਰਾਂ ਦਾ ਰਿਹਾ ਹੈ ਕਿ ਉਨਾਂ ਨੂੰ ਮਹਿਜ ਵੋਟ ਬੈਂਕ ਦੇ ਤੌਰ 'ਤੇ ਵਰਤਿਆ ਗਿਆ ਹੈ ਜਿਸ ਵਿਚ ਉਨਾਂ ਦੇ ਸਮਾਜਿਕ ਅਤੇ ਆਰਥਿਕ ਸਸ਼ਕਤੀਕਰਨ ਨੂੰ ਅੱਖੋਂ-ਪਰੋਖੇ ਕੀਤਾ ਗਿਆ ਹੈ। ਅੰਬੇਦਕਰ ਨੇ ਇਸ ਗੱਲ ਉੱਪਰ ਜ਼ੋਰ ਦਿੱਤਾ ਸੀ ਕਿ ਸਮਾਜ ਦੇ ਹੇਠਲੇ ਤਬਕੇ ਨੂੰ ਸਹੀ ਰਾਜਨੀਤਿਕ ਪ੍ਰਤੀਨਿਧਤਾ ਦੁਆਉਣ ਲਈ ਉਨਾਂ ਨੂੰ ਸਿੱਖਿਅਤ, ਜਾਗਰੂਕ ਅਤੇ ਇਕੱਠੇ ਕਰਨ ਦੀ ਲੋੜ ਹੈ ਤਾਂ ਕਿ ਉਹ ਧਰਮ ਅਤੇ ਜਾਤ ਆਧਾਰਿਤ ਸ਼ੋਸ਼ਣ ਖਿਲਾਫ ਲੜ ਸਕਣ।

# ਕੀ ਪੰਜਾਬ ਵਿਚਲਾ ਸਿਆਸੀ ਖਿਲਾਅ ਦੂਰ ਹੋਏਗਾ ?



**ਗੁਰਮੀਤ ਸਿੰਘ ਪਲਾਹੀ**
9815802070

ਪੰਜਾਬ ਵਿੱਚ ਨਵੀਂ ਸਰਕਾਰ ਬਣੀ ਨੂੰ ਇੱਕ ਹਫ਼ਤਾ ਬੀਤ ਚੁੱਕਾ ਹੈ। ਨਵੀਂ ਕਾਂਗਰਸੀ ਸਰਕਾਰ ਦਾ ਮੁਖੀ ਚਰਨਜੀਤ ਸਿੰਘ ਚੰਨੀ ਆਪਣੇ ਵਜ਼ਾਰਤੀ ਗਠਨ ਨੂੰ ਲੈ ਕੇ ਅਤੇ ਹੋਰ ਪ੍ਰਬੰਧਕੀ ਫੇਰ ਬਦਲ ਦੀਆਂ ਮਨਜ਼ੂਰੀਆਂ ਕਾਂਗਰਸੀ ਹਾਈ ਕਮਾਂਡ ਉਰਫ਼ ਗਾਂਧੀ ਪਰਿਵਾਰ ਤੋਂ ਲੈਣ ਲਈ ਦਿੱਲੀ ਦਰਬਾਰ ਦੇ ਪੰਜ ਗੇੜੇ ਉੱਪਰੋਥਲੀ ਲਾ ਚੁੱਕਾ ਹੈ। ਇਸਦੇ ਕੀ ਅਰਥ ਕੱਢੇ ਜਾਣ ?

ਪੰਜਾਬ ਕਾਂਗਰਸ ਦੇ ਆਪਸੀ ਕਾਟੋ-ਕਲੇਸ਼ ਨੇ ਪੰਜਾਬ ਦੀ ਕਾਂਗਰਸ ਖੱਖੜੀਆਂ-ਖੱਖੜੀਆਂ ਕਰ ਦਿੱਤੀ ਹੈ। ਇਸਦਾ ਲਾਹਾ ਹੁਣ ਕਾਂਗਰਸੀ ਹਾਈਕਮਾਂਡ ਲੈ ਰਹੀ ਹੈ (ਅੱਗੋਂ ਵਿਰੋਧੀ ਧਿਰ ਲਵੇਗੀ)। ਕਾਂਗਰਸ ਹਾਈ ਕਮਾਂਡ ਨੂੰ ਲੰਮਾ ਸਮਾਂ ਪੰਜਾਬ ਦੇ ਕੈਪਟਨ ਨੇ ਪੰਜਾਬ ਵਿੱਚ ਉੱਚਾ ਸਾਹ ਨਹੀਂ ਲੈਣ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਮਨ ਆਈਆਂ ਕਰਦਿਆਂ ਪੰਜਾਬ ਸਰਕਾਰ ਦੇ ਨੌਕਰਸ਼ਾਹਾਂ, ਆਪਣੇ ਸਲਾਹਕਾਰਾਂ ਬਲਬੂਤੇ ਪੰਜਾਬ ਦੀ ਚੰਗੀ ਜਾਂ ਮਾੜੀ ਸਰਕਾਰ ਸਾਢੇ ਚਾਰ ਸਾਲ ਚਲਾਈ। ਆਪਣੇ ਵੱਲੋਂ ਚੋਣ ਮੈਨੀਫੈਸਟੋ ਵਿੱਚ ਦਿੱਤੇ 90 ਫ਼ੀਸਦੀ ਵਾਇਦੇ ਪੂਰੇ ਕਰਨ ਦੇ ਕਸੀਦੇ ਪੜੇ। ਅਖ਼ਬਾਰੀ ਇਸ਼ਤਿਹਾਰ ਛਾਪਵਾਏ। ਪ੍ਰਾਪਤੀਆਂ ਦੇ ਬਿਆਨ ਜਾਰੀ ਕੀਤੇ। ਪਰ ਤਖ਼ਤ-ਪਲਟਣ ਉਪਰੰਤ ਚਰਨਜੀਤ ਸਿੰਘ ਚੰਨੀ ਨੇ (ਜੋ ਉਸਦੀ ਵਜ਼ਾਰਤ ਦਾ ਹੀ ਇੱਕ ਵਜ਼ੀਰ ਸੀ), ਸਾਰੇ ਇਸ਼ਤਿਹਾਰੀ ਬੋਰਡ, ਜੋ ਸ਼ਹਿਰਾਂ ਕਸਬਿਆਂ ਵਿੱਚ ਥਾਂ-ਥਾਂ ਲੱਗੇ ਹੋਏ ਸਨ, ਲੁਹਾ ਦਿੱਤੇ। ਕੈਪਟਨ ਅਮਰਿੰਦਰ ਸਿੰਘ ਦਾ ਸਰਕਾਰੇ-ਦਰਬਾਰੇ ਖੁਰਾ-ਖੋਜ ਮਿਟਾਉਣ ਲਈ ਉਸਦੀਆਂ ਤਸਵੀਰਾਂ ਦਫਤਰਾਂ ਵਿੱਚੋਂ ਲਾਹ ਮਾਰੀਆਂ। ਉਸਦੇ ਖ਼ਾਸ ਸਾਥੀਆਂ ਨੂੰ ਵਜ਼ਾਰਤੋਂ ਬਾਹਰ ਦਾ ਰਸਤਾ ਦਿੱਖਾ ਦਿੱਤਾ।

ਆਪ ਮੁੱਖ ਮੰਤਰੀ ਬਣਨ ਦੇ ਚਾਅ ਵਿੱਚ ਮੁੱਖ ਮੰਤਰੀ ਸੱਚੀਂ-ਮੁੱਚੀਂ ਦਾ ਭੰਗੜਾ ਪਾਉਂਦਾ ਨਜ਼ਰ ਆਇਆ। ਇਹ ਭੰਗੜੇ, ਇਹ ਚਾਅ, ਧੜਿਆਂ ਵਿੱਚ ਵੰਡੀ ਕਾਂਗਰਸ ਪਾਰਟੀ, ਮੁੱਖ ਮੰਤਰੀ ਚੰਨੀ ਨੂੰ ਕਿੰਨੇ ਦਿਨ ਪੂਰੇ ਕਰਨ ਦੇਵੇਗੀ ? ਗਰੀਬ ਲੋਕ, "ਇਸ ਗਰੀਬ ਲੋਕ ਮੁੱਖ ਮੰਤਰੀ" ਨੂੰ ਕੀ ਇਸ ਤਰਾਂ ਦੇ ਸਵਾਲ ਨਹੀਂ ਪੁੱਛਣ ਲੱਗਣਗੇ ਕਿ 'ਕਦੋਂ ਹੱਲ ਕਰੋਗੇ ਸਾਡੇ ਮਸਲੇ ? ਕਦੋਂ ਹੱਲ ਕਰੋਗੇ ਸਾਡੀਆਂ ਸਮੱਸਿਆਵਾਂ ?' ਕਿਉਂਕਿ ਪੰਜਾਬ ਦੀ ਤਾਣੀ ਉਲਝੀ ਹੋਈ ਹੈ, ਕੋਈ ਵੀ ਅਸਥਿਰ ਕਿਸਮ ਦੀ ਸਰਕਾਰ ਜਾਂ ਅਸਥਿਰ ਕਿਸਮ ਦਾ ਮੁੱਖ ਮੰਤਰੀ ਬਾਕੀ ਰਹਿੰਦੇ ਲਗਭਗ 100 ਦਿਨਾਂ ਵਿੱਚ ਕੁਝ ਵੀ ਕਰਨ ਯੋਗ ਨਹੀਂ ਹੋਏਗਾ। ਖ਼ਾਸ ਤੌਰ 'ਤੇ ਉਦੋਂ ਜਦੋਂ ਹਰ ਗੱਲ ਲਈ ਉਸ ਨੂੰ ਆਪਣੇ ਦਿੱਲੀ ਰਹਿੰਦੇ 'ਬੌਸ' ਤੋਂ ਹਰ ਗੱਲ ਲਈ ਆਗਿਆ ਲੈਣੀ ਪਵੇ, ਉਹ ਬੌਸ ਜਿਹੜਾ ਆਲ ਇੰਡੀਆ ਕਾਂਗਰਸ ਪਾਰਟੀ ਦਾ ਪ੍ਰਧਾਨ ਵੀ ਨਹੀਂ ਹੈ, ਪਰ ਸਾਰੇ ਫ਼ੈਸਲੇ ਕਾਂਗਰਸ ਵਿੱਚ ਉਸ ਤੋਂ ਬਿਨਾਂ ਨਹੀਂ ਕੀਤੇ ਜਾਂਦੇ।

ਮੁੱਖ ਮੰਤਰੀ ਦੀ ਰੱਦੋ ਬਦਲ ਤਾਂ ਚਲੋ ਇੱਕ ਉਦਾਹਰਣ ਹੈ, ਜਿਸ ਵਿੱਚ ਦਿਨੇ ਕੋਈ ਹੋਰ, ਰਾਤੀਂ ਕੋਈ ਹੋਰ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਆ ਬਣਿਆ, ਪਰ ਜਿਹੋ ਜਿਹਾ ਨਜ਼ਾਰਾ ਵਜ਼ਾਰਤ ਵਿੱਚ ਵਾਧੇ-ਘਾਟੇ ਦਾ ਵੇਖਣ ਨੂੰ ਮਿਲਿਆ, ਉਸਨੇ ਤਾਂ ਕਮਾਲ ਹੀ ਕਰ ਦਿੱਤੀ। ਆਖ਼ਰੀ ਵੇਲੇ ਤਕ ਵੀ ਉਵੇਂ ਹੀ ਰੱਦੋ ਬਦਲ ਹੋਈ, ਜਿਵੇਂ ਦੀ ਰੱਦੋ ਬਦਲ ਸੂਬਾ ਸਰਕਾਰ ਦੇ ਐਡਵੋਕੇਟ ਜਨਰਲ ਦੀ ਨਿਯੁਕਤੀ ਕਰਨ ਵੇਲੇ ਵੇਖਣ ਨੂੰ ਮਿਲੀ, ਜਿੱਥੇ ਪਹਿਲਾਂ ਨਾਮ ਐਡਵੋਕੇਟ ਡੀ.ਐੱਸ. ਪਟਵਾਲੀਆ ਦਾ ਆਇਆ, ਫਿਰ ਦੂਜੇ ਦਿਨ ਸੀਨੀਅਰ ਐਡਵੋਕੇਟ ਅਨਮੋਲ ਰਤਨ ਸਿੰਘ ਸਿੱਧੂ ਦਾ, ਤੇ ਅਖ਼ੀਰ ਵਿੱਚ ਮੋਹਰ ਸੀਨੀਅਰ ਐਡਵੋਕਟ ਅਮਰਪ੍ਰੀਤ ਸਿੰਘ ਦੇ ਨਾਮ ਉੱਤੇ ਲੱਗੀ। ਇਹ ਐਡਵੋਕੇਟ ਸੂਬਾ ਸਰਕਾਰ ਵਿਰੁੱਧ ਬੇਅਦਬੀ ਮਾਮਲੇ ਵਿੱਚ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਤੇ ਪੁਲਿਸ ਅਫਸਰ ਪਰਮਰਾਜ ਸਿੰਘ ਉਮਰਾਨੰਗਲ ਦਾ ਕੇਸ ਵੀ ਲੜਦਾ ਰਿਹਾ ਹੈ ਅਤੇ ਉਨਾਂ ਦੇ ਆਮਦਨ ਤੋਂ ਜ਼ਿਆਦਾ ਜ਼ਾਇਦਾਦ ਦੇ ਮਾਮਲਿਆਂ ਬਾਰੇ ਕੇਸ ਵੀ ਲੜਦਾ ਰਿਹਾ ਹੈ। ਇਹੋ ਜਿਹੇ ਹਾਲਾਤ ਵਿੱਚ ਉਹ ਸਰਕਾਰ ਦੇ ਪੱਖ ਦੇ ਕੇਸ ਕਿਵੇਂ ਲੜੇਗਾ ?

ਸਵਾਲ ਸਿਰਫ਼ ਇਹ ਨਹੀਂ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਗੱਦੀ ਤੋਂ ਕਿਉਂ ਲਾਹਿਆ ਗਿਆ, ਸਗੋਂ ਵੇਖਣ ਵਾਲੀ ਗੱਲ ਇਹ ਹੈ ਕਿ ਪੰਜਾਬ ਦੇ ਮੌਜੂਦਾ ਤਖ਼ਤ-ਪਲਟ ਦੇ ਬਿਰਤਾਂਤ ਦੀ ਮੂਲ ਭਾਵਨਾ ਕੀ ਹੈ ? ਕੀ ਮਾਇਨੇ ਹਨ ਪੰਜਾਬ ਵਿੱਚ ਸੱਤਾ ਬਦਲੀ ਦੇ ? ਬਿਨਾਂ ਸ਼ੱਕ ਇੱਕ ਇਹੋ ਜਿਹੇ ਵਿਅਕਤੀ ਨੂੰ ਕਾਂਗਰਸ ਹਾਈ ਕਮਾਂਡ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਹੈ, ਜੋ ਐੱਸ ਸੀ ਵਰਗ ਨਾਲ ਸਬੰਧਤ ਹੈ, ਜਿਸ ਰਾਹੀਂ ਕਾਂਗਰਸ ਹਾਈ ਕਮਾਂਡ ਵੱਲੋਂ ਐੱਸ ਸੀ ਵਰਗ ਦੇ ਲੋਕਾਂ ਨੂੰ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਗਿਆ ਹੈ ਕਿ ਕਾਂਗਰਸ ਦੱਬੇ-ਕੁਚਲੇ ਲੋਕਾਂ ਲਈ ਕੰਮ ਕਰਦੀ ਰਹੀ ਹੈ ਅਤੇ ਭਵਿੱਖ ਵਿੱਚ ਵੀ ਕਰੇਗੀ। ਪਰ ਸਾਫ਼ ਤੌਰ 'ਤੇ ਕਾਂਗਰਸ ਦਾ ਅਸਲ ਮਕਸਦ ਐੱਸ ਸੀ ਵਰਗ ਦੀਆਂ ਵੋਟਾਂ ਹਥਿਆਉਣਾ ਹੈ।

ਇਹ ਇਸ ਸਮੇਂ ਕਾਂਗਰਸ ਦੀ ਮਜਬੂਰੀ ਵੀ ਹੈ ਕਿਉਂਕਿ ਪੰਜਾਬ ਵਿੱਚ 2022 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿੱਚ ਸਿਆਸੀ ਸੱਤਾ ਦੀਆਂ ਅਗਲੀਆਂ ਸਫ਼ਾਂ ਵਿੱਚ ਐੱਸ ਸੀ ਭਾਈਚਾਰੇ ਦੀ ਭਾਗੀਦਾਰੀ ਕਾਫ਼ੀ ਜ਼ੋਰ-ਸ਼ੋਰ ਨਾਲ ਚਲਦੀ ਰਹੀ ਹੈ। ਅਕਾਲੀ ਦਲ ਨੇ ਬਸਪਾ ਨਾਲ ਸਮਝੌਤਾ ਕਰਕੇ ਉਪ ਮੁੱਖ ਮੰਤਰੀ ਦਾ ਅਹੁਦਾ ਦੇਣ ਦਾ ਵਚਨ ਦਿੱਤਾ ਸੀ। ਭਾਜਪਾ ਆਪਣਾ ਮੁੱਖ ਮੰਤਰੀ ਦਾ ਚਿਹਰਾ ਪੰਜਾਬ ਦੀ ਕੁਲ ਜਨਸੰਖਿਆ ਦੇ ਲਗਭਗ ਇੱਕ ਤਿਹਾਈ ਹਿੱਸੇ ਦੇ ਬਰਾਬਰ ਅਨੁਸੂਚਿਤ ਜਾਤੀ ਨੂੰ ਦੇਣ ਦਾ ਐਲਾਨ ਕਰ ਚੁੱਕੀ ਹੈ, ਭਾਵੇਂ ਕਿ ਹਾਲੀ ਤਕ ਉਸਦੇ ਹੱਥ-ਪੱਲੇ ਕੁਝ ਵੀ ਨਹੀਂ ਹੈ। ਪਰ ਕਾਂਗਰਸ ਹਾਈ ਕਮਾਂਡ ਦੀ ਤਖ਼ਤ-ਪਲਟ ਦੀ ਮੂਲ ਭਾਵਨਾ ਉਸ ਵਿਅਕਤੀ ਦਾ ਰਾਜ ਭਾਗ ਖ਼ਤਮ ਕਰਨਾ ਸੀ, ਜੋ ਹਾਈ ਕਮਾਂਡ ਦੀ ਪ੍ਰਵਾਹ ਨਹੀਂ ਸੀ ਕਰਦਾ ਅਤੇ ਸੂਬੇ ਸਬੰਧੀ ਫ਼ੈਸਲੇ ਆਪ ਲੈਣ ਦੇ ਰਾਹ ਪਿਆ ਹੋਇਆ ਸੀ।

ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਕੇ ਰਾਹੁਲ ਗਾਂਧੀ ਨੇ ਉਸੇ ਤਰਾਂ ਪੰਜਾਬ ਉੱਤੇ ਰਾਜ ਕਰਨ ਦਾ ਨਿਸ਼ਾਨਾ ਮਿਥਿਆ ਜਾਪਦਾ ਹੈ, ਜਿਵੇਂ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਉੱਤੇ ਕਾਂਗਰਸ ਰਾਜ ਵੇਲੇ ਮਨਮੋਹਨ ਸਿੰਘ ਬਿਰਾਜਮਾਨ ਸਨ ਪਰ ਸਾਰੇ ਫ਼ੈਸਲੇ ਸੋਨੀਆ ਗਾਂਧੀ ਜਾਂ ਰਾਹੁਲ ਗਾਂਧੀ ਜਾਂ ਦੂਜੇ ਅਰਥਾਂ ਵਿੱਚ ਗਾਂਧੀ ਪਰਿਵਾਰ ਹੀ ਲਿਆ ਕਰਦਾ ਸੀ। ਅਸਲ ਵਿੱਚ ਤਾਂ ਕੇਂਦਰ ਉੱਤੇ ਰਾਜ ਕਰਨ ਵਾਲੇ ਹਾਕਮ ਸੂਬਿਆਂ ਦੇ ਨੇਤਾਵਾਂ ਨੂੰ ਆਪਣੇ ਹੱਥਠੋਕੇ ਬਣਾ ਕੇ ਰੱਖਣਾ ਚਾਹੁੰਦੇ ਹਨ ਅਤੇ ਉਹਨਾਂ ਨੂੰ ਸੂਬਿਆਂ ਦੀ ਲੋੜਾਂ ਅਨੁਸਾਰ ਕੰਮ ਕਰਨ ਦੀ ਖੁੱਲ ਨਹੀਂ ਦਿੰਦੇ।

ਦੇਸ਼ 'ਤੇ ਰਾਜ ਕਰਨ ਵਾਲੀ ਹਾਕਮ ਧਿਰ ਭਾਜਪਾ, ਜਦੋਂ ਮਹਿਸੂਸ ਕਰਦੀ ਹੈ ਕਿ ਸੂਬੇ ਦੇ ਕਿਸੇ ਮੁੱਖ ਮੰਤਰੀ ਜਾਂ ਨੇਤਾ



ਦਾ ਕੱਦ-ਬੁੱਤ ਵੱਡਾ ਹੋ ਰਿਹਾ ਹੈ ਤਾਂ ਕਿਸੇ ਨਾ ਕਿਸੇ ਬਹਾਨੇ ਕਿਸੇ ਹੋਰ ਨੇਤਾ ਨੂੰ ਅੱਗੇ ਲਿਆ ਕੇ ਸੱਤਾ ਬਦਲੀ ਕਰ ਦਿੱਤੀ ਜਾਂਦੀ ਹੈ। ਪਿਛਲੇ ਦਿਨਾਂ ਵਿੱਚ ਭਾਜਪਾ ਵੱਲੋਂ ਮੁੱਖ ਮੰਤਰੀ ਦਾ ਵੱਖੋ-ਵੱਖਰੇ ਸੂਬਿਆਂ ਵਿੱਚ ਬਦਲਾਅ ਇਸਦੀ ਉਦਾਹਰਣ ਹੈ।

ਆਮ ਆਦਮੀ ਪਾਰਟੀ ਵੱਲੋਂ ਵੀ ਪੰਜਾਬ ਵਿੱਚ ਸੂਬਾਈ ਨੇਤਾਵਾਂ ਨੂੰ ਥਾਂ ਸਿਰ ਰੱਖਣ ਲਈ ਕੌਮੀ ਕਨਵੀਨਰ ਕੇਜਰੀਵਾਲ ਨੇ ਨੀਤੀ ਅਪਣਾਈ ਰੱਖੀ ਹੈ ਅਤੇ ਯਤਨ ਕੀਤਾ ਹੈ ਕਿ ਕੋਈ ਵੀ ਸੂਬਾਈ ਨੇਤਾ ਇਸ ਕਦਰ ਵੱਡਾ ਨਾ ਹੋ ਜਾਵੇ, ਜਾਂ ਇਸ ਕਦਰ ਵੱਡੇ ਨਾ ਹੋ ਜਾਣ ਕੇ ਆਲਾ ਹਾਈਕਮਾਂਡ ਨੂੰ ਅੱਖਾਂ ਵਿਖਾਉਣ ਲੱਗ ਪੈਣ। ਪੰਜਾਬ ਦੇ ਅਸਲ ਹਾਲਾਤ ਬਾਰੇ ਤਸਵੀਰ ਜਦੋਂ ਪੰਜਾਬ ਦੇ ਕੁਝ ਚੋਟੀ ਦੇ ਨੇਤਾਵਾਂ ਸੁੱਚਾ ਸਿੰਘ ਛੋਟੇਪੁਰ, ਕੰਵਰ ਸੰਧੂ ਆਦਿ ਵੱਲੋਂ ਵਿਖਾਉਣ ਦਾ ਯਤਨ ਕੀਤਾ ਤਾਂ ਉਨਾਂ ਨੂੰ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਇਹੋ ਜਿਹੀਆਂ ਨੀਤੀਆਂ ਕਾਰਨ ਹੀ ਸੁਖਪਾਲ ਸਿੰਘ ਖਹਿਰਾ ਵਰਗੇ ਨੇਤਾ ਨੂੰ ਪਾਰਟੀ ਛੱਡਣੀ ਪਈ।

ਪੰਜਾਬ ਵਿੱਚ ਇਸ ਵੇਲੇ ਵੱਡਾ ਰਾਜਨੀਤਕ ਖਲਾਅ ਦਿਖਾਈ ਦੇ ਰਿਹਾ ਹੈ। ਲੋਕਾਂ ਵਿੱਚ ਪਾਰਟੀਆਂ ਪ੍ਰਤੀ ਨਿਰਾਸ਼ਾ ਹੈ। ਕਿਸੇ ਵੀ ਸਿਆਸੀ ਧਿਰ ਨੇ ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਸੁਹਿਰਦਤਾ ਨਹੀਂ ਦਿਖਾਈ। ਦਹਾਕਿਆਂ ਤੋਂ ਪੰਜਾਬ ਆਪਣੀ ਸਭਿਆਚਾਰਕ ਪਛਾਣ ਲੱਭ ਰਿਹਾ ਹੈ। ਆਰਥਿਕ ਤੌਰ 'ਤੇ ਕਮਜ਼ੋਰ ਹੋ ਰਿਹਾ ਹੈ। ਖੇਤੀ ਦਾ ਸੰਕਟ ਪੰਜਾਬ ਉੱਤੇ ਮੰਡਰਾਇਆ ਹੋਇਆ ਹੈ। ਤਿੰਨ ਕਾਲੇ ਕਾਨੂੰਨਾਂ ਨੇ ਪੰਜਾਬ ਦੀ ਕਿਸਾਨੀ ਖ਼ਾਸ ਕਰਕੇ ਛੋਟੀ ਕਿਸਾਨੀ ਦੀ ਸੰਘੀ ਘੁੱਟ ਦਿੱਤੀ ਹੈ। ਬੇਰੁਜ਼ਗਾਰੀ, ਨਸ਼ਿਆਂ ਅਤੇ ਮਾਫੀਆ ਨੇ ਪੰਜਾਬ ਦਾ ਨਾਸ ਮਾਰ ਦਿੱਤਾ ਹੈ। ਲੋਕ ਬੇਵਸੀ ਵਿੱਚ ਆਪਣੀ ਔਲਾਦ ਨੂੰ ਬਾਹਰਲੇ ਦੇਸ਼ਾਂ ਵਿੱਚ ਭੇਜਣ ਲਈ ਮਜਬੂਰ ਹੋ ਰਹੇ ਹਨ। ਪੰਜਾਬੀਆਂ ਦਾ ਪੰਜਾਬ ਵਿੱਚ ਜੀਅ ਲੱਗਣੋਂ ਹਟ ਗਿਆ ਹੈ।

ਇਹੋ ਜਿਹੇ ਹਾਲਾਤ ਵਿੱਚ ਕਿਸੇ ਵੀ ਸਿਆਸੀ ਧਿਰ ਵੱਲੋਂ ਪੰਜਾਬੀਆਂ ਦਾ ਮਨੋਂ ਸਾਥ ਨਾ ਦੇ ਕੇ ਸਿਰਫ਼ ਆਪਣੀ ਕੁਰਸੀ ਪ੍ਰਾਪਤੀ ਲਈ ਸਾਜ਼ਿਸ਼ਾਂ ਰਚਣਾ ਅਤੇ ਵੋਟਾਂ ਬਟੋਰਨ ਦੀ ਸਿਆਸਤ ਕਰਨਾ ਪੰਜਾਬ ਪੱਲੇ ਨਿਰਾਸ਼ਤਾ ਪਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਕਦੇ ਇੱਕ ਇਲਾਕਾਈ ਪਾਰਟੀ ਹੁੰਦਿਆਂ ਪੰਜਾਬੀਆਂ ਦੇ ਨਾਲ ਖੜਨ ਦਾ ਯਤਨ ਕੀਤਾ ਪਰ ਰਾਜ ਸੱਤਾ ਦੀ ਲਾਲਸਾ ਨੇ ਉਹਨਾਂ ਨੂੰ ਵੀ ਪੰਜਾਬੀਆਂ ਨਾਲੋਂ ਤੋੜ ਦਿੱਤਾ। ਇਹ ਬਿਲਕੁਲ ਸਚਾਈ ਹੈ ਕਿ ਪੰਜਾਬ ਦੇ ਲੋਕਾਂ ਦਾ ਸ਼੍ਰੋਮਣੀ ਅਕਾਲੀ ਦਲ ਤੋਂ ਚੰਗੀ ਸਰਕਾਰ ਬਣਾਉਣ ਸਬੰਧੀ ਉੱਠਿਆ ਭਰੋਸਾ ਹਾਲੀ ਤਕ ਬਹਾਲ ਨਹੀਂ ਹੋਇਆ। ਸੂਬੇ ਦੀਆਂ ਖੱਬੀਆਂ ਧਿਰਾਂ, ਜਿਹੜੀਆਂ ਕਦੇ ਪੰਜਾਬ ਵਿੱਚ ਕਿਸੇ ਵੀ ਸਰਕਾਰ ਦੇ ਗਠਨ ਲਈ ਅਹਿਮ ਭੂਮਿਕਾ ਅਦਾ ਕਰਦੀਆਂ ਸਨ ਅਤੇ ਬਣੀ ਹੋਈ ਸਰਕਾਰ ਉੱਤੇ ਲੋਕ ਪੱਖੀ ਸਵਾਲ ਖੜੇ ਕਰਦੀਆਂ ਸਨ, ਉਹ ਵੀ ਪੰਜਾਬ ਦੇ ਸਿਆਸੀ ਦ੍ਰਿਸ਼ ਵਿੱਚ ਕੋਈ ਵਰਨਣਯੋਗ ਥਾਂ ਨਹੀਂ ਬਣਾ ਸਕੀਆਂ, ਬਾਵਜੂਦ ਇਸ ਗੱਲ ਦੇ ਕਿ ਉਨਾਂ ਵੱਲੋਂ ਸਮੇਂ ਸਮੇਂ ਇਕੱਠੇ ਹੋ ਕੇ ਰੈਲੀਆਂ ਕਰਨ ਜਾਂ ਮੀਟਿੰਗਾਂ ਕਰਨ ਦੇ ਯਤਨ ਹੋਏ ਹਨ ਅਤੇ ਮੁੱਦਿਆਂ ਦੀ ਸਿਆਸਤ ਕੀਤੀ ਜਾਂਦੀ ਹੈ।

ਇਸ ਵੇਲੇ ਵੱਖੋ-ਵੱਖਰੇ ਸਿਆਸੀ ਦਲਾਂ ਦੀਆਂ ਹਾਈ ਕਮਾਂਡਾਂ ਦੀ ਪੰਜਾਬ ਦੀ ਸੱਤਾ ਹਥਿਆਉਣ ਦੀ ਤੀਬਰ ਇੱਛਾ ਤਾਂ ਵਿਖਾਈ ਦਿੰਦੀ ਹੈ, ਪਰ ਪੰਜਾਬ ਦੇ ਲੋਕ ਕੀ ਚਾਹੁੰਦੇ ਹਨ, ਉਨਾਂ ਦੀਆਂ ਇੱਛਾਵਾਂ, ਉਮੰਗਾਂ ਕੀ ਹਨ, ਉਸ ਵੱਲ ਉਨਾਂ ਦਾ ਧਿਆਨ ਨਹੀਂ। ਬਹੁਤੀਆਂ ਸਿਆਸੀ ਧਿਰਾਂ ਪੰਜਾਬ ਵਿੱਚ ਦੇਸ਼ ਦੇ ਦੂਜੇ ਰਾਜਾਂ ਵਿੱਚ ਵਰਤੀ ਨੀਤੀ ਅਪਣਾਉਂਦਿਆਂ ਰਿਆਇਤਾਂ ਦੀ ਰਾਜਨੀਤੀ ਨੂੰ ਸੱਤਾ ਪ੍ਰਾਪਤੀ ਦਾ ਹਥਿਆਰ ਬਣਾ ਰਹੀਆਂ ਹਨ ਪਰ ਮੁੱਦਿਆਂ ਦੀ ਰਾਜਨੀਤੀ ਤੋਂ ਕੰਨੀ ਕਤਰਾ ਰਹੀਆਂ ਹਨ, ਜਦਕਿ ਪੰਜਾਬ ਨੂੰ ਵੱਖਰੀ, ਬਦਲਵੀਂ ਅਤੇ ਮੁੱਦਿਆਂ ਦੀ ਸਿਆਸਤ ਦੀ ਲੋੜ ਹੈ। ਇਸ ਤੋਂ ਵੀ ਅਗਲੀ ਗੱਲ ਇਹ ਕਿ ਇਨਾਂ ਪਾਰਟੀਆਂ ਦੇ ਸੂਬਾਈ ਨੇਤਾਵਾਂ ਦੇ ਹੱਥ ਬੱਝੇ ਹੋਏ ਹਨ ਅਤੇ ਪੰਜਾਬ ਦੇ ਸਿਆਸੀ ਖਿਲਾਅ ਨੂੰ ਭਰਨ ਦੇ ਉਨਾਂ ਦੇ ਮਾੜੇ-ਮੋਟੇ ਯਤਨ ਕੋਈ ਸਿੱਟਾ ਨਹੀਂ ਕੱਢ ਰਹੇ।

ਫਿਰ ਵੀ ਮੌਜੂਦਾ ਸਥਿਤੀ ਵਿੱਚ ਜੇਕਰ ਕਾਂਗਰਸ ਹਾਈਕਮਾਂਡ ਜਾਂ ਅੱਗੋਂ ਆਉਣ ਵਾਲੀ ਲੋਕ-ਪੱਖੀ ਸਰਕਾਰ ਵਾਸਤਵਿਕਤਾ ਵਿੱਚ ਕੰਮ ਕਰਦੀ ਨਜ਼ਰ ਆਏਗੀ ਅਤੇ ਲੋਕਾਂ ਦੇ ਗੰਭੀਰ ਹੁੰਦੇ ਮਸਲਿਆਂ ਦਾ ਕੁਝ ਹੱਦ ਤਕ ਹੱਲ ਕਰਦੀ ਨਜ਼ਰ ਆਏਗੀ ਤਾਂ ਪੰਜਾਬ ਵਿਚਲਾ ਸਿਆਸੀ ਖਿਲਾਅ ਦੂਰ ਹੋਏਗਾ। ਇਹ ਤਦੇ ਸੰਭਵ ਹੈ ਜੇਕਰ ਸੂਬੇ ਦੇ ਨੇਤਾਵਾਂ ਨੂੰ ਲੋਕਤੰਤਰਿਕ ਕਦਰਾਂ ਕੀਮਤਾਂ ਕਾਇਮ ਰੱਖਦਿਆਂ ਕੰਮ ਕਰਨ ਦੀ ਖੁੱਲ ਹੋਵੇ ਤੇ ਉਨਾਂ ਦੇ ਹੱਥ ਬੱਝੇ ਹੋਏ ਨਾ ਹੋਣ।

# ਖਤਰੇ ਵਿੱਚ ਪੰਜਾਬੀ ਬੋਲੀ ਨਹੀਂ ਬਲਕਿ ਗੁਰਮਖੀ ਲਿਪੀ ਹੈ



**ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**

ਆਮ ਸੁਣਿਆ ਜਾ ਰਿਹਾ ਹੈ ਕਿ ਛੇਤੀ ਹੀ ਪੰਜਾਬੀ ਬੋਲੀ ਲੁਪਤ ਹੋ ਜਾਵੇਗੀ, ਪਰ ਪਤਾ ਨਹੀਂ ਕਿਉਂ ਇਹ ਵਿਚਾਰ ਗਲੇ ਤੋਂ ਥੱਲੇ ਨਹੀਂ ਉੱਤਰਦਾ ਤੇ ਇਸਦੀ ਬਜਾਏ ਮਨ ਵਿੱਚ ਇਹ ਤੌਖਲਾ ਪੈਦਾ ਹੁੰਦਾ ਕਿ ਮਾਂ ਬੋਲੀ ਪੰਜਾਬੀ ਦੀ ਹੋਂਦ ਨੂੰ ਇੰਨਾ ਖਤਰਾ ਨਹੀਂ ਜਿੰਨਾ ਗੁਰਮੁਖੀ ਲਿਪੀ ਦੇ ਲੁਪਤ ਹੋ ਜਾਣ ਦਾ। ਪੰਜਾਬੀ ਪਿਆਰੇ ਇਸ ਵੇਲੇ ਪੂਰੀ ਦੁਨੀਆ ਵਿੱਚ ਵਸ ਰਹੇ ਹਨ ਤੇ ਬੋਲੀ ਦਾ ਪਰਚਾਰ ਵੀ ਵਧੀਆ ਕਰ ਰਹੇ ਹਨ। ਕੈਨੇਡਾ ਦੇ ਕਈ ਸੂਬਿਆਂ ਵਿੱਚ ਪੰਜਾਬੀ ਦੂਜੀ ਵੱਡੀ ਭਾਸ਼ਾ ਬਣ ਚੁੱਕੀ ਹੈ। ਇੰਗਲੈਂਡ ਵਿੱਚ ਤੀਜੀ ਵੱਡੀ ਭਾਸ਼ਾ ਦਾ ਦਰਜਾ ਰੱਖਦੀ ਹੈ। ਇਸੇ ਤਰਾਂ ਇਟਲੀ, ਜਰਮਨ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਹਾਲੈਂਡ ਵਰਗੇ ਵਿਕਸਤ ਮੁਲਕਾਂ ਵਿੱਚ ਵੀ ਇਸਦੀ ਝੰਡੀ ਹੈ। ਪਾਕਿਸਤਾਨ ਅਤੇ ਭਾਰਤ ਵਿੱਚ ਤਾਂ ਇਸਦੇ ਬੁਲਾਰਿਆਂ ਦੀ ਪੂਰੀ ਦੁਨੀਆ ਵਿੱਚੋਂ ਹੀ ਸਭ ਤੋਂ ਵੱਧ ਸੰਖਿਆ ਵਸਦੀ ਹੈ।

ਦੁਨੀਆ ਦੇ ਹਰ ਕੋਨੇ ਵਿੱਚ ਪੰਜਾਬੀ ਸਾਹਿਤ ਸਭਾਵਾਂ ਸਰਗਰਮ ਹਨ। ਇਹ ਵੱਖਰੀ ਗੱਲ ਹੈ ਕਿ ਬਹੁਤੀਆਂ ਸਾਹਿਤ ਸਭਾਵਾਂ ਦੇ ਮੈਂਬਰ, ਸਾਹਿਤ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦੀ ਬਜਾਏ, ਆਪਣਾ ਨਿੱਜੀ ਪ੍ਰਚਾਰ ਕਰਨ ਵਾਸਤੇ ਅਹੁਦੇਦਾਰੀਆਂ ਹਥਿਆਉਣ ਵਾਸਤੇ ਆਪਸੀ ਕੁੱਕੜ ਕਲੇਸ਼ ਵਿੱਚ ਹੀ ਉਲਝੇ ਹੋਏ ਹਨ, ਪਰ ਫੇਰ ਵੀ ਇਹ ਮੰਨਕੇ ਚੱਲਦੇ ਹਾਂ ਕਿ ਸਾਹਿਤ ਰਚਨਾ ਹੋ ਰਹੀ ਹੈ। ਕਵੀ ਦਰਬਾਰਾਂ, ਸੈਮੀਨਾਰਾਂ ਅਤੇ ਕਾਨਫਰੰਸਾਂ ਦਾ ਆਯੋਜਨ ਵੀ ਹੋ ਰਿਹਾ ਹੈ, ਖ਼ਾਸ ਕਰਕੇ ਨੈੱਟ ਮੀਟਿੰਗਾਂ ਦੁਆਰਾ ਕੀਤੀ ਜਾ ਰਹੀ ਚਰਚਾ ਕਾਫ਼ੀ ਸਾਰਥਿਕ ਸਾਬਤ ਹੋ ਰਹੀ ਹੈ। ਪੰਜਾਬੀ ਗੀਤ-ਸੰਗੀਤ ਬਾਲੀਵੁਡ ਤੋਂ ਚੱਲ ਕੇ ਪੂਰੇ ਵਿਸ਼ਵ ਵਿੱਚ ਧੁੰਮ ਮਚਾ ਰਿਹਾ ਹੈ। ਸੋਸ਼ਲ ਮੀਡੀਏ ਉੱਤੇ ਵੀ ਪੰਜਾਬੀ ਦੀ ਬੱਲੇ ਬੱਲੇ ਹੈ। ਦੂਸਰੇ ਪਾਸੇ ਗੁਰਮੁਖੀ ਲਿਪੀ ਜੋ ਕਿ ਪਹਿਲਾਂ ਦੋ ਕੁ ਕਰੋੜ ਲੋਕਾਂ ਵੱਲੋਂ ਲਿਖੀ ਜਾਂਦੀ ਸੀ, ਦੇ ਲਿਖਣ ਵਾਲਿਆਂ ਦੀ ਨਫਰੀ ਹੁਣ ਦਿਨੋ ਦਿਨ ਘਟਦੀ ਜਾ ਰਹੀ ਹੈ। ਨਵੀਂ ਪਨੀਰੀ ਇਸਦੀ ਬਜਾਏ ਰੋਮਨ ਅਤੇ ਦੇਵ ਨਾਗਰੀ ਦੀ ਵਰਤੋਂ ਵੱਲ ਮੁੜਦੀ ਜਾ ਰਹੀ ਹੈ, ਜਿਸਦੇ ਕਾਰਨ ਪੰਜਾਬੀ ਬੋਲੀ ਵਿੱਚ ਹਿੰਦੀ ਅਤੇ ਅੰਗਰੇਜ਼ੀ ਦਾ ਪ੍ਰਭਾਵ ਵਧਦਾ ਜਾਣ ਕਰਕੇ ਪਿੰਗਲਸ਼ ਨਾਮ ਦੀ ਇੱਕ ਨਵੀਂ ਬੋਲੀ ਦਾ ਉਭਾਰ ਹੋ ਰਿਹਾ ਹੈ। ਇਸਦੀਆਂ ਉਦਾਹਰਣਾਂ ਸ਼ਹਿਰੀਂ ਵਸ ਰਹੇ ਅਜੋਕੇ ਪੜੇ ਲਿਖੇ ਨੌਜਵਾਨਾਂ ਦੀ ਬੋਲੀ ਅਤੇ ਉਹਨਾਂ ਵੱਲੋਂ ਸੋਸ਼ਲ ਮੀਡੀਏ ਵਿੱਚ ਵਰਤੀ ਜਾ ਰਹੀ ਲਿਪੀ ਅਤੇ ਬੋਲੀ ਤੋਂ ਆਮ ਹੀ ਮਿਲ ਜਾਂਦੀਆਂ ਹਨ। ਜੇਕਰ ਇਸ ਵਰਤਾਰੇ ਦਾ ਕੋਈ ਢੁਕਵਾਂ ਹੱਲ ਨਾ ਕੱਢਿਆ ਗਿਆ ਤਾਂ ਨਿਸ਼ਚੇ ਹੀ ਗੁਰਮੁਖੀ ਲਿਪੀ ਦੇ ਭਾਰੀ ਨੁਕਸਾਨ ਦੇ ਨਾਲ ਨਾਲ ਪੰਜਾਬੀ ਬੋਲੀ ਉੱਤੇ ਵੀ ਬੜਾ ਮਾਰੂ ਅਸਰ ਪਵੇਗਾ।

ਹੈਰਾਨੀ ਇਸ ਗੱਲੋਂ ਵੀ ਹੁੰਦੀ ਹੈ ਕਿ ਬਹੁਤੇ ਪੰਜਾਬੀ ਵਕਤੇ ਗੁਰਮੁਖੀ ਲਿਪੀ ਨੂੰ ਹੀ ਪੰਜਾਬੀ ਬੋਲੀ ਸਮਝੀ ਜਾ ਰਹੇ ਹਨ ਜਦ ਕਿ ਲਿਪੀ ਅਤੇ ਬੋਲੀ ਦੋ ਅਲੱਗ ਅਲੱਗ ਵਿਸ਼ੇ ਹਨ। ਬੋਲੀ, ਬੋਲ ਚਾਲ ਵਾਸਤੇ ਜਾਂ ਵਿਚਾਰਾਂ ਦੇ ਆਪਸੀ ਸੰਚਾਰ ਪ੍ਰਗਟਾਵੇ ਵਾਸਤੇ ਹੁੰਦੀ ਹੈ ਤੇ ਲਿਪੀ, ਕਿਸੇ ਬੋਲੀ ਨੂੰ ਸਮਝਣ, ਸੰਭਾਲਣ ਤੇ ਤਾਰੀਖ਼ੀ ਰੂਪ ਦੇਖ ਕੇ ਵਰਤੀ ਜਾਂਦੀ ਹੈ।

ਬੋਲੀ ਅਤੇ ਲਿਪੀ ਦੀ ਪੜਾਈ ਦੋ ਅਲੱਗ ਅਲੱਗ ਵਿਸ਼ੇ ਹਨ, ਪਰ ਤਾਜੁਬ ਦੀ ਗੱਲ ਹੈ ਕਿ ਪੰਜਾਬੀ ਵਿੱਚ ਗੁਰਮੁਖੀ ਲਿਪੀ ਦੀ ਪੜਾਈ ਕਰਾਉਣ ਵੇਲੇ, ਲਿਪੀ ਦੀ ਸਹੀ ਸਿੱਖਿਆ ਦੇਣ ਦੀ ਬਜਾਏ 'ਊੜਾ-ਊਠ' ਪੜਾ ਕੇ ਸਿਰਫ ਸਾਹਿਤ ਹੀ ਪੜਾ ਦਿੱਤਾ ਜਾਂਦਾ ਤੇ ਲਿਪੀ ਨੂੰ ਪੜਾਉਣਾ ਪਿੱਛੇ ਛੱਡ ਦਿੱਤਾ ਜਾਂਦਾ ਹੈ, ਜਿਸ ਕਰਕੇ ਬੱਚੇ ਗੁਰਮੁਖੀ ਲਿਪੀ ਚੰਗੀ ਤਰਾਂ ਸਿੱਖਣ ਤੋਂ ਵਾਂਝੇ ਰਹਿ ਜਾਂਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਉਹਨਾਂ ਦਾ ਸ਼ਬਦ ਉਚਾਰਣ ਦੋਸ਼ਯੁਕਤ ਰਹਿ ਜਾਂਦਾ ਹੈ।

ਇਸ ਮਸਲੇ ਬਾਰੇ ਬਿਨਾਂ ਕਿਸੇ ਹੋਰ ਦੇਰੀ ਦੇ ਯੂਨੀਵਰਸਿਟੀਆਂ ਵਿੱਚ ਬੈਠੇ ਬੁੱਧੀਜੀਵੀ ਵਰਗ ਨੂੰ ਡੂੰਘੀ ਖੋਜ ਉਪਰੰਤ ਕੋਈ ਢੁਕਵੀਂ ਨੀਤੀ ਤਿਆਰ ਕਰਨੀ ਚਾਹੀਦੀ ਹੈ ਤੇ ਸਰਕਾਰ ਨੂੰ ਉਹ ਨੀਤੀ ਸਕੂਲਾਂ ਵਿੱਚ ਤੁਰੰਤ ਲਾਗੂ ਕਰਨੀ ਚਾਹੀਦੀ ਹੈ ਤਾਂ ਕਿ ਸਮੇਂ ਸਿਰ ਇਸ ਮਸਲੇ ਦਾ ਬਾਨਣੂ ਬੰਨਿਆ ਜਾ ਸਕੇ।

# ਡੇਰਾਵਾਦ ਬਣਿਆ ਪੰਜਾਬ ਲਈ ਕੋਹੜ

**ਬੁੱਧ ਸਿੰਘ ਨੀਲੋਂ**

ਪੰਜਾਬ ਵਿੱਚ ਦਿਨੋਂ-ਦਿਨ ਵਧ ਰਹੇ ਡੇਰਾਵਾਦ ਨੇ ਜਿਹੜੀ ਤਸਵੀਰ ਸਮਾਜ ਦੀ ਬਣਾਈ ਹੈ, ਉਸ ਤੋਂ ਇੰਝ ਲੱਗਦਾ ਹੈ ਜਿਵੇਂ ਸਮਾਜ 21ਵੀਂ ਸਦੀ ਵਿੱਚ ਮਾਨਸਿਕ ਤੌਰ 'ਤੇ ਇੰਨਾ ਬਿਮਾਰ ਹੋ ਗਿਆ ਹੈ ਕਿ ਉਸ ਦਾ ਆਪਣੇ ਆਪ ਤੋਂ ਭਰੋਸਾ ਚੱਕਿਆ ਗਿਆ ਹੈ। ਇਸੇ ਕਰਕੇ ਉਹ ਇਨਾਂ ਡੇਰਿਆਂ ਦੀ ਸ਼ਰਨ ਵਿੱਚ ਪੁੱਜ ਗਿਆ ਹੈ। ਪੰਜਾਬ ਵਿੱਚ ਇਸ ਸਮੇਂ 12368 ਪਿੰਡ ਹਨ ਤੇ ਅਬਾਦੀ 3 ਕਰੋੜ। 117 ਵਿਧਾਨ ਸਭਾ ਤੇ 13 ਲੋਕ ਸਭਾ ਦੀਆਂ ਸੀਟਾਂ ਲਈ 1 ਕਰੋੜ 76 ਲੱਖ, 83 ਹਜ਼ਾਰ 22 ਵੋਟਰ ਹਨ। ਸਾਖ਼ਰਤਾ ਦਰ 15ਵੇਂ ਤੋਂ 22ਵੇਂ ਥਾਂ ਤੱਕ ਪੁੱਜ ਗਈ ਹੈ। ਅਨਪੜਤਾ ਦੇ ਕਾਰਨ ਇਸ ਸਮੇਂ ਪੰਜਾਬ 20ਵੇਂ ਸਥਾਨ 'ਤੇ ਹੈ ਤੇ ਪੰਜਾਬ ਵਿੱਚ 2200 ਦੇ ਕਰੀਬ ਡੇਰੇ ਮੌਜੂਦ ਹਨ। ਇਨਾਂ ਵਿੱਚੋਂ ਦਰਜਨ ਦੇ ਕਰੀਬ ਅਜਿਹੇ ਡੇਰੇ ਹਨ, ਜਿਨਾਂ ਦੇ ਲੱਖਾਂ ਸ਼ਰਧਾਲੂ ਹਨ। ਡੇਰਿਆਂ ਦੇ ਸੰਚਾਲਕ ਜਦੋਂ ਵੀ ਚੋਣਾਂ ਆਉਂਦੀਆਂ ਹਨ ਤਾਂ ਉਹ ਕਿਸੇ ਨਾ ਕਿਸੇ ਰਾਜਸੀ ਪਾਰਟੀ ਦੀ ਹਿਮਾਇਤ ਕਰਦੇ ਹਨ ਤੇ ਉਨਾਂ ਦੇ ਸ਼ਰਧਾਲੂ ਅੱਖਾਂ ਮੀਚ ਕੇ ਆਪਣੇ ਸੰਚਾਲਕ ਦਾ ਹੁਕਮ ਵਜਾਉਂਦੇ ਹਨ।

ਪਿਛਲੇ ਸਮਿਆਂ ਵਿੱਚ ਪੰਜਾਬ ਵਿੱਚ ਸੌਦਾ ਸਾਧ ਦਾ ਡੇਰਾ ਚਰਚਾ ਵਿੱਚ ਰਿਹਾ ਹੈ। ਉਸ ਨੇ ਜਿਸ ਤਰਾਂ ਸਿੱਖ ਧਰਮ ਦੀਆਂ ਮਾਣਮੱਤੀਆਂ ਰਿਵਾਇਤਾਂ ਦੀਆਂ ਧੱਜੀਆਂ ਉਡਾਈਆਂ ਹਨ, ਇਹ ਤਾਂ ਜੱਗ ਦੇ ਸਾਹਮਣੇ ਹਨ ਪਰ ਜਿਸ ਤਰਾਂ ਸਿੱਖਾਂ ਦੇ ਸਰਵ ਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਜਿਸ ਤਰਾਂ ਦੀ 'ਸਿਆਸੀ' ਨੀਤੀ ਅਪਣਾਈ ਹੈ, ਇਸ ਨੇ ਸਿੱਖਾਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚਾਈ ਹੈ। ਤਖ਼ਤ ਦੀ 'ਮਰ ਜਾਓ ਚਿੜੀਓ, ਜਿਓ ਪਓ ਚਿੜੀਓ' ਵਾਲੀ ਵਿਚਾਰਧਾਰਾ ਨੇ ਸਿੱਖਾਂ ਨੂੰ ਖੇਮਿਆਂ ਵਿੱਚ ਵੰਡ ਦਿੱਤਾ ਹੈ, ਕਿਉਂਕਿ ਪੰਜਾਬ ਦੇ ਸਿੱਖ ਤਖ਼ਤਾਂ ਉੱਤੇ ਬਾਦਲਕਿਆਂ ਦਾ ਕਬਜ਼ਾ ਹੈ। ਉਹ ਤਖ਼ਤਾਂ ਨੂੰ ਆਪਣੇ ਸਿਆਸੀ ਮਨਸੂਬਿਆਂ ਅਨੁਸਾਰ ਵਰਤਦੇ ਰਹਿੰਦੇ ਹਨ। ਪਿਛਲੀ ਵਾਰ ਚੋਣਾਂ ਵਿੱਚ ਸਰਸੇ ਵਾਲੇ ਸੌਦਾ ਸਾਧ ਅਤੇ ਪੰਜਾਬ ਦੇ ਸੰਤ ਸਮਾਜ ਨੇ ਬਾਦਲਕਿਆਂ ਦਾ ਪੱਖ ਪੂਰਿਆ। ਉਸ ਤੋਂ ਵੀ ਇਹ ਪਤਾ ਲੱਗ ਗਿਆ ਹੈ ਕਿ ਜਿਹੜੇ ਸੰਤ ਸੰਗਤਾਂ ਨੂੰ ਧੁਰ ਦਰਗਾਹ ਦਾ ਰਸਤਾ ਦੱਸਦੇ ਹਨ, ਉਹ ਬਾਦਲਾਂ ਦੇ ਖੁਦ ਪਿਛਲੱਗ ਹਨ।

ਆ ਰਹੀਆਂ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨੇ ਜਿਸ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਰਮਾਂ ਦੀ ਬੇਅਦਬੀ ਨੂੰ ਲੈ ਕੇ ਜਿਸ ਤਰਾਂ ਦਾ ਪੰਜਾਬ ਦੇ ਵਿੱਚ ਮਾਹੌਲ ਸਿਰਜਿਆ ਹੈ ਉਸ ਤੋਂ ਇੰਝ ਲੱਗਦਾ ਹੈ ਕਿ ਪੰਜਾਬ ਦੇ ਲੋਕ ਹੁਣ ਡੇਰਿਆਂ ਦੇ ਮੁਖੀਆਂ ਅਤੇ ਸਿਆਸੀ ਆਗੂਆਂ ਦੇ 'ਗੋਲੇ' ਨਹੀਂ ਪਰ ਪੰਜਾਬ ਦੇ ਚਿੰਤਨਸ਼ੀਲ ਲੋਕਾਂ ਲਈ ਇਹ ਜ਼ਰੂਰ ਖੋਜ ਦਾ ਵਿਸ਼ਾ ਹੈ ਕਿ ਡੇਰਾਵਾਦ ਦਿਨੋਂ ਦਿਨ ਕਿਉਂ ਪ੍ਰਫੁਲਿਤ ਹੋ ਰਿਹਾ ਹੈ। ਦੂਜੇ ਪਾਸੇ ਇਨਾਂ ਸਾਧਾਂ ਦੇ ਡੇਰਿਆਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਖ਼ਾਮੋਸ਼ੀ ਨੇ ਚਿੰਤਨਸ਼ੀਲ ਵਿਅਕਤੀ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਪ੍ਰੰਤੂ ਅਜਿਹੇ 'ਸੱਜਣ ਪੁਰਸ਼ਾਂ' ਨੂੰ ਦੁਖੀ ਹੋਣਾ ਚਾਹੀਦਾ ਹੈ, ਉਹ ਹਰ ਮੁਸੀਬਤ ਵੇਲੇ 'ਪੰਥ' ਖ਼ਤਰੇ ਵਿੱਚ ਹੈ' ਦਾ ਨਾਅਰਾ ਲਾ ਕੇ ਪੰਜਾਬ ਦੀ ਭੋਲੀ-ਭਾਲੀ ਜਨਤਾ ਨੂੰ ਮੌਤ ਦੇ ਮੂੰਹ ਵੱਲ ਧੱਕਦੇ ਹਨ।

ਜੇਕਰ ਦੇਖਿਆ ਜਾਵੇ ਤਾਂ ਅੱਤਵਾਦ ਦੇ ਪਤਨ ਤੋਂ ਬਾਅਦ ਡੇਰਿਆਂ ਵਿੱਚ ਵਿਆਪਕ ਪੱਧਰ ਉੱਪਰ ਵਾਧਾ ਹੋਇਆ ਹੈ। ਇਹ ਵਾਧਾ ਕਿਉਂ ਹੋਇਆ? ਇਸਦੇ ਦੋ ਹੀ ਕਾਰਨ ਉੱਭਰਵੇਂ ਰੂਪ ਵਿੱਚ ਸਾਹਮਣੇ ਆਏ ਹਨ। ਪਹਿਲਾ ਇਸ ਭੋਗਵਾਦੀ ਤੇ ਖਪਤਵਾਦੀ ਦੌਰ ਵਿੱਚ ਵੱਧ ਤੋਂ ਵੱਧ ਪੂੰਜੀ ਪ੍ਰਾਪਤ ਕਰਨ ਦੀ ਹਵਸ ਅਤੇ ਦੂਜਾ ਕਾਰਨ ਧਰਮ ਵਿੱਚ ਆਈ ਖੜੋਤ, ਜਿਸ ਨੇ ਨਾਨਕ ਨਾਮ ਲੇਵਾ ਲੋਕਾਂ ਨੂੰ ਸਿੱਖ ਧਰਮ ਤੋਂ ਦੂਰ ਕੀਤਾ ਹੈ। ਵਿਸ਼ਵੀਕਰਨ ਨੇ ਜਿੱਥੇ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਸੂਚਨਾ ਕ੍ਰਾਂਤੀ ਦੇ ਕਾਰਨ ਇੱਕ-ਦੂਜੇ ਦੇ ਨੇੜੇ ਕੀਤਾ ਹੈ, ਉੱਥੇ ਵੱਡੇ ਦੇਸ਼ਾਂ ਲਈ ਭਾਰਤ ਵਰਗਾ ਦੇਸ਼ ਵਧੀਆ ਮੰਡੀ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ ਕਿ ਇੱਥੋਂ ਦਾ ਵਾਸੀ ਉਸ ਤੰਦੂਏ ਜਾਲ ਵਿੱਚ ਮੱਛੀ ਵਾਂਗ ਫਸ ਕੇ ਰਹਿ ਗਿਆ ਹੈ। ਮਨੁੱਖ ਨੇ ਆਪਣੀਆਂ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ ਇੱਕ ਅਜਿਹੀ ਦੁਨੀਆਂ ਵਿੱਚ ਪ੍ਰਵੇਸ਼ ਕਰ ਲਿਆ ਹੈ, ਜਿੱਥੇ ਰਿਸ਼ਤੇ ਵੀ ਉਸ ਦੇ ਅਸਲ ਮਕਸਦ ਤੋਂ ਪਿੱਛੇ ਰਹਿ ਗਏ ਹਨ। ਵੱਧ ਤੋਂ ਵੱਧ ਪੂੰਜੀ ਇਕੱਠੀ ਕਰਨ ਲਈ ਮਨੁੱਖ ਨੇ ਇਸ ਤਰਾਂ ਦੇ ਹੱਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ ਹਨ ਜਿਸ ਨਾਲ ਉਸ ਨੂੰ ਨਾ ਤਾਂ ਧਨ ਪ੍ਰਾਪਤ ਹੋਇਆ ਤੇ ਨਾ ਹੀ ਰਿਸ਼ਤੇ ਬਚੇ ਹਨ। ਉਹ ਮਨੁੱਖ ਮਾਨਸਿਕ ਤੌਰ 'ਤੇ ਬਿਮਾਰ ਰਹਿਣ ਲੱਗਾ। ਰੋਜ਼ਾਨਾ ਦੀਆਂ ਨਵੀਆਂ ਮੁਸੀਬਤਾਂ ਅਤੇ ਆਰਥਿਕ ਟੁੱਟ-ਭੱਜ ਨੇ ਮਨੁੱਖ ਦਾ ਤਵਾਜ਼ਨ ਹਿਲਾ ਕੇ ਰੱਖ ਦਿੱਤਾ। ਆਪਣੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਉਸ ਨੇ ਸਾਧਾਂ ਦੇ ਡੇਰਿਆਂ ਵਿੱਚ ਜਾ ਕੇ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਹੈ। ਇਨਾਂ ਡੇਰਿਆਂ ਵਿੱਚ ਪੁੱਜੇ ਮਾਨਸਿਕ ਰੋਗੀਆਂ ਦਾ ਡੇਰਿਆਂ ਨੇ ਆਰਥਿਕ ਅਤੇ ਜਿਸਮਾਨੀ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ।

ਅੱਜ ਪੰਜਾਬ ਦੇ ਹਰ ਪਿੰਡ, ਹਰ ਸ਼ਹਿਰ ਵਿੱਚ ਅਜਿਹੇ ਅਖੌਤੀ ਬਾਬਿਆਂ ਦੇ ਡੇਰੇ ਖੁੰਬਾਂ ਵਾਂਗ ਉੱਗੇ ਹੋਏ ਹਨ। ਇਨਾਂ ਦੇ ਨਾਂ ਵੀ ਅਜੀਬ ਕਿਸਮ ਦੇ ਹਨ, ਸੋਟੀ ਵਾਲਾ ਬਾਬਾ, ਪਤਾਸਿਆਂ ਵਾਲਾ, ਧੂਣੀ ਵਾਲਾ, ਭਨਿਆਰੇ ਵਾਲਾ, ਟੂਸਿਆਂ ਵਾਲੇ, ਪਹੋਏ ਵਾਲੇ, ਸੰਗਲਾਂ ਵਾਲੇ, ਤੀਰ ਵਾਲੇ, ਕੁੱਤਿਆਂ ਵਾਲੇ ਆਦਿ ਪਤਾ ਨਹੀਂ ਇਨਾਂ ਦੇ ਕਿੰਨੇ ਨਾਂ ਹਨ। ਇਨਾਂ ਡੇਰਿਆਂ ਵਿਚਲੇ ਸਾਧਾਂ ਦੀ ਪ੍ਰਸ਼ਾਸਨ ਵਿੱਚ ਪਹੁੰਚ ਹੋਣ ਕਰਕੇ ਆਪਣੇ ਸੇਵਕਾਂ ਨੂੰ ਤਰਾਂ-ਤਰਾਂ ਦੇ ਲੱਕੜ ਦੇ ਮੁੰਡੇ ਬਖ਼ਸ਼ਦੇ ਹਨ। ਇਨਾਂ ਦੇ ਚੁੰਗਲ ਵਿੱਚ ਫਸਿਆ ਕੋਈ ਵੀ ਵਿਅਕਤੀ ਨਾ ਘਰ ਦਾ ਰਹਿੰਦਾ ਹੈ,ਨਾ ਘਾਟ ਦਾ। ਕੋਈ ਬਾਬਾ ਇਲੈਚੀਆਂ ਦਾ ਪ੍ਰਸ਼ਾਦ ਵੰਡਦਾ ਹੈ, ਕੋਈ ਸਿਗਰਟਾਂ ਦਾ, ਕੋਈ ਪਤਾਸਿਆਂ ਦਾ ਤੇ ਭਨਿਆਰੇ ਵਾਲਾ ਤਾਂ ਲੋਕਾਂ ਨੂੰ ਮਿੱਟੀ ਹੀ ਵੰਡੀ ਗਿਆ। ਸਾਡੇ ਅੰਧ-ਵਿਸ਼ਵਾਸੀ ਲੋਕਾਂ ਨੇ ਵਿਗਿਆਨਕ ਨਜ਼ਰੀਏ ਤੋਂ ਕਦੀ ਵੀ ਇਨਾਂ ਸਾਧਾਂ ਦੀ ਪੁਣਛਾਣ ਨਹੀਂ ਕੀਤੀ। ਉਹ ਸ਼ਰਧਾ ਵੱਸ ਇਨਾਂ ਸਾਧਾਂ ਦੇ ਚੁੰਗਲ ਵਿੱਚ ਫਸੀ ਜਾ ਰਹੇ ਹਨ। ਇਨਾਂ ਸਾਧਾਂ ਕੋਲ ਗਿਆ ਕੋਈ ਵੀ ਵਿਅਕਤੀ ਸੁੱਕਾ ਵਾਪਸ ਨਹੀਂ ਪਰਤਦਾ।



**ਵਿਸ਼ੇਸ਼ ਮੁੱਦਾ**

ਪੰਜਾਬ ਵਿੱਚ ਇਨਾਂ ਸਾਧਾਂ ਨੇ ਸਿੱਖ ਧਰਮ ਦਾ ਜਿਹੜਾ ਨਾਸ਼ ਕੀਤਾ ਹੈ, ਉਸ ਪਾਸੇ ਵੱਲ ਨਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਿਆਨ ਦਿੱਤਾ ਅਤੇ ਨਾ ਹੀ ਹੋਰ ਸਿੱਖ ਜਥੇਬੰਦੀਆਂ ਨੇ। ਇਨਾਂ ਸਾਧਾਂ ਨੇ ਸਿੱਖ ਧਰਮ ਪ੍ਰਚਾਰ ਦੇ ਨਾਂ ਹੇਠ ਆਪਣੇ ਮਹਿਲਨੁਮਾ ਆਲੀਸ਼ਾਨ ਮਹਿਲ ਹੀ ਉਸਾਰੇ ਹਨ। ਇਨਾਂ ਕੋਲ ਏ ਸੀ ਗੱਡੀਆਂ ਤੇ ਕੋਠੀਆਂ ਹਨ। ਲੋਕਾਂ ਉੱਪਰ ਰੋਅਬ ਪਾਉਣ ਲਈ ਬੰਦੂਕਾਂ, ਰਾਈਫਲਾਂ, ਜਿਪਸੀਆਂ ਆਦਿ ਹਨ। ਕਈ ਬਾਬਿਆਂ ਨੇ ਤਾਂ ਆਪਣੀਆਂ ਮੋਟਰ ਗੱਡੀਆਂ ਉੱਪਰ ਲਾਲ ਬੱਤੀ ਤਕ ਵੀ ਲਗਾਈ ਹੋਈ ਹੈ। ਇਨਾਂ ਦੇ ਜਾਂਦੇ ਕਾਫ਼ਲੇ ਕਈ ਵਾਰ ਸੜਕਾਂ ਉੱਪਰ ਹਾਦਸਿਆਂ ਦਾ ਕਾਰਨ ਵੀ ਬਣਦੇ ਹਨ। ਇਨਾਂ ਨੂੰ ਕੋਈ ਵੀ ਪੁੱਛਣ ਵਾਲਾ ਨਹੀਂ ਕਿ ਇਨਾਂ ਨੇ ਆਪਣੀ ਗੱਡੀ ਉੱਪਰ ਲਾਲ ਬੱਤੀ ਕਿਉਂ ਲਗਾਈ ਹੈ? ਕਿਉਂਕਿ ਇਨਾਂ ਬਾਬਿਆਂ ਦੀ ਸੱਤਾਧਾਰੀ ਆਗੂਆਂ ਤਕ ਪਹੁੰਚ ਹੁੰਦੀ ਹੈ। ਸੱਤਾਧਾਰੀ ਆਗੂ ਇਨਾਂ ਡੇਰਿਆਂ ਉੱਤੇ ਅਕਸਰ ਹੀ ਗੇੜੇ ਮਾਰਦੇ ਰਹਿੰਦੇ ਹਨ। ਜਿਹੜੇ ਆਮ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਇਨਾਂ ਅਖੌਤੀ ਬਾਬਿਆਂ ਕੋਲ ਬਹੁਤੀ ਭੀੜ ਔਰਤਾਂ ਦੀ ਹੁੰਦੀ ਹੈ। ਇਹ ਔਰਤਾਂ ਬਾਬਿਆਂ ਨੂੰ ਮਾਨਤਾ ਬਖ਼ਸ਼ਦੀਆਂ ਹਨ ਤੇ ਉਨਾਂ ਦੀ ਇਸ਼ਤਿਹਾਰਬਾਜ਼ੀ ਦਾ ਕੰਮ ਵੀ ਇਹੋ ਔਰਤਾਂ ਕਰਦੀਆਂ ਹਨ। ਘਰ ਭਾਵੇਂ ਇਹ ਘਰਵਾਲੇ ਨੂੰ ਚਾਹ ਦਾ ਕੱਪ ਨਾ ਦਿੰਦੀਆਂ ਹੋਣ, ਪਰ ਬਾਬਿਆਂ ਕੋਲ ਦੁੱਧ ਦੇ ਡੋਲੂ ਭਰੀ ਹੱਥਾਂ ਵਿੱਚ ਫੜੀ ਜਾਂਦੀਆਂ ਇਨਾਂ ਔਰਤਾਂ ਦੀ ਤਸਵੀਰ ਤੁਸੀਂ ਹਰੇਕ ਡੇਰੇ ਬਾਹਰ ਵੇਖ ਸਕਦੇ ਹੋ।

ਇਹ ਬਾਬੇ ਜਦੋਂ ਕੀਰਤਨ ਕਰਦੇ ਹਨ ਉਦੋਂ ਸਭ ਨੂੰ ਮਾਇਆ ਤੋਂ ਬਚਣ ਦੀ ਸਿੱਖਿਆ ਦਿੰਦੇ ਹਨ। ਉਸ ਸਮੇਂ ਸਿੱਖ ਧਰਮ, ਸਿੱਖ ਇਤਿਹਾਸ ਵਿੱਚੋਂ ਹੀ ਨਹੀਂ ਸਗੋਂ ਅਜਿਹੀਆਂ ਮਨਘੜਤ ਕਹਾਣੀਆਂ ਸੁਣਾਉਂਦੇ ਹਨ ਅਤੇ ਗੁਰਬਾਣੀ ਦੀ ਅਜਿਹੀ ਵਿਆਖਿਆ ਕਰਦੇ ਹਨ ਕਿ ਸੁਣਨ ਵਾਲਾ ਵਿਅਕਤੀ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਪਰ ਜਿਹੜੀ ਸਾਧ ਸੰਗਤ ਅੱਗੇ ਬੈਠੀ ਸਿਰ ਸੁੱਟੀ ਇਨਾਂ ਬਾਬਿਆਂ ਦੇ ਪ੍ਰਵਚਨ ਸੁਣਦੀ ਹੈ, ਉਹ ਧੰਨ-ਧੰਨ ਕਰਦੀ ਹੈ ਕਿਉਂਕਿ ਉਹ ਲੋਕ ਪਹਿਲਾਂ ਹੀ ਅੰਧ ਵਿਸ਼ਵਾਸੀ ਹੁੰਦੇ ਹਨ। ਉਨਾਂ ਨੂੰ ਬਾਬੇ ਵਿੱਚ ਕੋਈ ਖੋਟ ਹੀ ਨਜ਼ਰ ਨਹੀਂ ਆਉਂਦਾ, ਇਸ ਕਰਕੇ ਉਹ ਮੰਤਰ-ਮੁਗਧ ਹੋ ਕੇ ਬਾਬਾ ਜੀ ਦੀ ਕੱਚੀ ਬਾਣੀ ਦਾ ਆਨੰਦ ਮਾਣਦੇ ਹਨ।

ਕਈ ਬਾਬੇ ਤਾਂ ਛੋਟੀਆਂ ਜਾਤਾਂ ਦਾ ਪ੍ਰਸ਼ਾਦ ਜਾਂ ਕੋਈ ਹੋਰ ਵਸਤੂ ਵੀ ਨਹੀਂ ਲੈਂਦੇ ਜਦ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਤਾਂ ਜਾਤ-ਪਾਤ ਦਾ ਕੋਈ ਭੇਦਭਾਵ ਨਹੀਂ ਦੱਸਿਆ ਹੈ। ਇਨਾਂ ਬਾਬਿਆਂ ਨੇ ਆਪਣਾ ਹੀ ਇੱਕ ਵੱਖਰੀ ਤਰਾਂ ਦਾ ਨੈੱਟਵਰਕ ਤਿਆਰ ਕੀਤਾ ਹੋਇਆ ਹੈ। ਇਨਾਂ ਬਾਬਿਆਂ ਦੇ ਮੁੱਖ ਸੇਵਾਦਾਰ ਆਈ ਸੰਗਤ ਵਿੱਚੋਂ ਅਜਿਹੇ ਵਿਅਕਤੀ ਦੀ ਤਲਾਸ਼ ਵਿੱਚ ਰਹਿੰਦੇ ਹਨ, ਜਿਸਦੀ ਔਲਾਦ ਕਹਿਣੇ ਵਿੱਚ ਨਾ ਹੋਵੇ। ਉਹ ਉਸ ਬੀਬੀ ਜਾਂ ਬੀਬੇ ਨੂੰ ਸੰਤਾਂ ਦੀਆਂ ਅਜਿਹੀਆਂ ਚੋਪੜੀਆਂ ਗੱਲਾਂ ਸੁਣਾਉਂਦੇ ਹਨ ਕਿ ਸੁਣਨ ਵਾਲਾ ਬੰਦਾ ਕੀਲਿਆ ਜਾਂਦਾ ਹੈ। ਅਸਲ ਵਿੱਚ ਉਨਾਂ ਦੀ ਅੱਖ ਉਸ ਵਿਅਕਤੀ ਦੀ 'ਜ਼ਮੀਨ ਜਾਇਦਾਦ' ਉੱਪਰ ਹੁੰਦੀ ਹੈ। ਉਹ ਫਿਰ ਉਸ ਵਿਅਕਤੀ ਦੀ ਅਜਿਹੀ ਸੇਵਾ ਕਰਨੀ ਸ਼ੁਰੂ ਕਰ ਦਿੰਦੇ ਹਨ ਕਿ ਬੰਦਾ ਉਨਾਂ ਦੇ ਚੁੰਗਲ ਵਿੱਚ ਫਸਦਾ ਹੀ ਚਲਿਆ ਜਾਂਦਾ ਹੈ। ਜਦੋਂ ਉਸ ਵਿਅਕਤੀ ਦੀ ਜ਼ਮੀਨ-ਜਾਇਦਾਦ ਇਨਾਂ ਬਾਬਿਆਂ ਦੇ ਹੱਥ ਲੱਗ ਜਾਂਦੀ ਹੈ, ਫਿਰ ਉਸ ਵਿਅਕਤੀ ਨੂੰ ਕੋਈ ਪਾਣੀ ਪੁੱਛਣ ਵਾਲਾ ਨਹੀਂ ਹੁੰਦਾ। ਇਸ ਜ਼ਮੀਨ ਹਥਿਆਉਣ ਦੇ ਧੰਦੇ ਵਿੱਚ ਸਭ ਡੇਰਿਆਂ ਦੀ ਪੂਰੀ ਚੜਾਈ ਹੈ।

ਇਨਾਂ ਡੇਰਿਆਂ ਵਾਲਿਆਂ ਦੀ ਉੱਪਰ ਤਕ ਪਹੁੰਚ ਹੈ। ਇਨਾਂ ਕੋਲ ਅਸਲਾ ਹੈ। ਅਫਸਰਾਂ ਅਤੇ ਪੁਲਿਸ ਨੂੰ ਕਾਣਾ ਕਰਨ ਲਈ ਮਾਇਆ ਬਹੁਤ ਹੈ। ਇਨਾਂ ਦਾ ਮੁੱਖ ਧੰਦਾ ਬੇਸਹਾਰਾ ਵਿਅਕਤੀਆਂ ਦੀਆਂ ਜ਼ਮੀਨਾਂ ਉੱਪਰ ਕਬਜ਼ੇ ਕਰਨਾ ਹੈ। ਇਨਾਂ ਵੱਲੋਂ ਪੰਚਾਇਤੀ ਜ਼ਮੀਨਾਂ ਉੱਪਰ ਕਬਜ਼ੇ ਕਰਨ ਦੀਆਂ ਖ਼ਬਰਾਂ ਪਿਛਲੇ ਵਰੇ ਅਖ਼ਬਾਰਾਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ। ਇਨਾਂ ਡੇਰਿਆਂ ਦੇ ਬਹੁਤ ਸਾਰੇ ਪ੍ਰਬੰਧਕਾਂ ਕੋਲ ਇਸ ਤਰਾਂ ਕਬਜ਼ੇ ਵਿੱਚ ਲਈਆਂ ਜ਼ਮੀਨਾਂ ਹੀ ਨਹੀਂ, ਕੋਠੀਆਂ ਅਤੇ ਔਰਤਾਂ ਵੀ ਹਨ। ਪਰ ਇਨਾਂ ਡੇਰਿਆਂ ਵਾਲਿਆਂ ਨੂੰ ਕੋਈ ਚੈਲਿੰਜ ਕਰਨ ਵਾਲਾ ਨਹੀਂ ਕਿਉਂਕਿ ਬਹੁਤੀ ਦੁਨੀਆਂ ਆਪਣੀ ਔਲਾਦ ਹੱਥੋਂ ਦੁਖੀ ਹੈ ਤੇ ਇਹ ਡੇਰੇ ਵਾਲੇ ਉਸ ਦਾ ਨਜਾਇਜ਼ ਤੌਰ 'ਤੇ ਫਾਇਦਾ ਉਠਾਉਂਦੇ ਹਨ।

ਇਨਾਂ ਡੇਰਿਆਂ ਦੇ ਅਸਲ ਕਿਰਦਾਰ ਦੀ ਗਾਥਾ ਪਾਉਂਦੀ ਕਹਾਣੀਕਾਰ ਸੁਖਜੀਤ ਦੀ ਕਹਾਣੀ 'ਪਾਤਸ਼ਾਹ', 'ਮੈਂ ਇੰਜੁਆਈ ਕਰਦੀ ਹਾਂ' ਤੇ 'ਆਦਮਖੋਰ' ਪੜਨ ਵਾਲੀ ਹੈ। ਇਨਾਂ ਕਹਾਣੀਆਂ ਵਿੱਚ ਡੇਰਿਆਂ ਦੇ ਕਿਰਦਾਰ ਨੂੰ ਬੜੇ ਸਪਸ਼ਟ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਜੇ ਕਦੇ ਮੌਕਾ ਮਿਲੇ ਤਾਂ ਇਹ ਕਹਾਣੀਆਂ ਪੜ ਲਿਓ। ਸੁਖਜੀਤ ਦੀ ਸਵੈ ਜੀਵਨੀ ਵੀ ਇੱਕ ਡੇਰੇ ਦੇ ਪਰਦੇ ਚਾਕ ਕਰਦੀ ਹੈ। ਤੁਹਾਨੂੰ ਇਨਾਂ ਡੇਰਿਆਂ ਦੀ ਅੰਦਰਲੀ ਉਹ ਤਸਵੀਰ ਨਜ਼ਰ ਪੈ ਜਾਵੇਗੀ, ਜਿਹੜੀ ਸਾਨੂੰ ਬਾਹਰੀ ਰੂਪ ਵਿੱਚ ਦਿਖਾਈ ਨਹੀਂ ਦਿੰਦੀ। ਇਨਾਂ ਡੇਰਿਆਂ ਵਿੱਚ ਜਿੱਥੇ ਜ਼ਮੀਨ ਜਾਇਦਾਦ ਦਾ ਸ਼ੋਸ਼ਣ ਹੁੰਦਾ ਹੈ, ਸਾਡੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਹੜੀ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦੇ ਨਾਂ ਹੇਠ ਹਰ ਵਰੇ ਕਰੋੜਾਂ ਰੁਪਏ ਇਕੱਠੇ ਕਰਦੀ ਹੈ। ਉਨਾਂ ਦੀ ਖਾਮੋਸ਼ੀ ਇਸ ਗੱਲ ਦੀ ਝਲਕ ਦਿੰਦੀ ਹੈ ਜਿਵੇਂ ਉਹ ਵੀ ਇਨਾਂ ਸਾਧਾਂ ਦੇ ਨਾਲ ਰਲੀ ਹੋਵੇ, ਜਿਹੜੇ ਸਿੱਖ ਧਰਮ ਦੇ ਨਾਂ ਹੇਠ ਜਿੱਥੇ ਧਰਮ ਦਾ ਨੁਕਸਾਨ ਕਰ ਰਹੇ ਹਨ ਅਤੇ ਨਾਲ ਹੀ ਲੋਕਾਂ ਦਾ ਆਰਥਿਕ, ਸਰੀਰਕ ਸ਼ੋਸ਼ਣ ਕਰ ਰਹੇ ਹਨ।

ਜੇਕਰ ਦੇਖਿਆ ਜਾਵੇ ਤਾਂ ਸਾਡਾ ਪੰਜਾਬ ਅੱਜ ਇਨਾਂ ਅਖੌਤੀ ਬਾਬਿਆਂ ਦੇ ਵੱਸ ਪਿਆ ਹੋਇਆ ਹੈ। ਜਿਹੜਾ ਪੰਜਾਬ ਕਦੇ ਅਣਖ ਦਾ ਪ੍ਰਤੀਕ ਹੁੰਦਾ ਸੀ, ਅੱਜ ਆਪਣੀਆਂ ਬਹੂ-ਬੇਟੀਆਂ ਨੂੰ ਇਨਾਂ ਸਾਧਾਂ ਦੇ ਡੇਰਿਆਂ ਵਿੱਚ ਕਿਉਂ ਭੇਜਣ ਲਈ ਮਜਬੂਰ ਹੋ ਰਿਹਾ ਹੈ? ਇਹ ਭਾਵੇਂ ਸਮਾਜਿਕ, ਮਨੋਵਿਗਿਆਨਕ ਅਤੇ ਆਰਥਿਕਤਾ ਦੇ ਨਾਲ ਜੁੜਿਆ ਵਿਸ਼ਾ ਹੈ ਪ੍ਰੰਤੂ ਇਸ ਸਮੇਂ ਸਾਨੂੰ ਇਸ ਵਰਤਾਰੇ ਨੂੰ ਦੇਖ ਕੇ ਜ਼ਰੂਰ ਸੋਚਣਾ ਪਵੇਗਾ ਕਿ ਪੰਜਾਬ ਦੇ ਲੋਕਾਂ ਨੂੰ ਇਨਾਂ ਸਾਧਾਂ ਦੇ ਕਬਜ਼ੇ ਵਿੱਚੋਂ ਕਿਵੇਂ ਛੁਡਵਾਇਆ ਜਾਵੇ? ਤਰਕਸ਼ੀਲ ਸੁਸਾਇਟੀ ਵਾਲਿਆਂ ਨੇ ਇਨਾਂ ਅਖੌਤੀ ਸਾਧਾਂ ਦੇ ਖ਼ਿਲਾਫ਼ ਬੀੜਾ ਚੁੱਕਿਆ ਹੈ। ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੋਕਾਂ ਨੂੰ ਸਾਧਾਂ ਦੇ ਚੁੰਗਲ ਤੋਂ ਬਚਾਉਣ।



# ਰਾਹੁਲ ਤੇ ਪ੍ਰਿਅੰਕਾ ਕਾਰਨ ਸਿੱਧੂ ਦਾ ਸਿਤਾਰਾ ਚਮਕਿਆ

**ਅਭੈ ਕੁਮਾਰ**

ਕਾਂਗਰਸ ਅਤੇ ਉਸ ਦੇ ਸਮਰਥਕਾਂ ਦੀ ਅਕਸਰ ਸ਼ਿਕਾਇਤ ਰਹਿੰਦੀ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਉਸ ਦਾ ਪ੍ਰਚਾਰ ਤੰਤਰ ਗਾਂਧੀ ਪਰਿਵਾਰ ਖ਼ਾਸ ਤੌਰ ’ਤੇ ਰਾਹੁਲ ਗਾਂਧੀ ਦਾ ਅਕਸ ਖ਼ਰਾਬ ਕਰਨ ਦੀ ਮੁਹਿੰਮ ਚਲਾਉਂਦੇ ਰਹਿੰਦੇ ਹਨ। ਰਾਹੁਲ ਗਾਂਧੀ ਨੂੰ ਗ਼ੈਰ-ਗੰਭੀਰ ਹੀ ਨਹੀਂ ਕੁਝ ਘੱਟ ਬੁੱਧੀਮਾਨ ਅਤੇ ‘ਪਾਰਟ-ਟਾਈਮ’ ਰਾਜਨੇਤਾ ਸਾਬਤ ਕਰਨ ਲਈ ਭਾਜਪਾ ਕਈ ਤਰਾਂ ਦੀਆਂ ਤਰਕੀਬਾਂ ਬਣਾਉਂਦੀ ਰਹਿੰਦੀ ਹੈ। ਉਨਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਉਨਾਂ ਦੇ ਕੱਦ ਨੂੰ ਘਟਾ ਕੇ ਉਸ ਦੇ ਮੁਕਾਬਲੇ ਨਰਿੰਦਰ ਮੋਦੀ ਦੇ ਕੱਦ ਨੂੰ ਵੱਡਾ ਦਿਖਾਏ ਜਾਣ ਲਈ ਹਰ ਤਰੀਕਾ ਅਪਣਾਇਆ ਜਾਂਦਾ ਹੈ। ਮੋਟੇ ਤੌਰ ’ਤੇ ਕਾਂਗਰਸ ਦੀ ਇਹ ਸ਼ਿਕਾਇਤ ਸਹੀ ਹੈ ਪਰ ਪੰਜਾਬ ਦਾ ਰਾਜਨੀਤਕ ਘਟਨਾਕ੍ਰਮ ਦੱਸਦਾ ਹੈ ਕਿ ਖ਼ੁਦ ਗਾਂਧੀ ਪਰਿਵਾਰ (ਰਾਹੁਲ ਗਾਂਧੀ ਅਤੇ ਉਨਾਂ ਦੀ ਭੈਣ ਪ੍ਰਿਅੰਕਾ ਗਾਂਧੀ ਅਤੇ ਉਨਾਂ ਦੀ ਮਾਂ ਸੋਨੀਆ ਗਾਂਧੀ) ਭਾਜਪਾ ਵਲੋਂ ਉਨਾਂ ਖ਼ਿਲਾਫ਼ ਕਹੀ ਗਈ ਇਕ-ਇਕ ਗੱਲ ਨੂੰ ਸਹੀ ਸਾਬਤ ਕਰਨ ਵਿਚ ਲੱਗਾ ਹੋਇਆ ਹੈ। ਪੰਜਾਬ ਦੀਆਂ ਘਟਨਾਵਾਂ ਬਿਨਾਂ ਕਿਸੇ ਸ਼ੱਕ ਦੇ ਕਹਿ ਰਹੀਆਂ ਹਨ ਕਿ ਰਾਹੁਲ ਅਤੇ ਪ੍ਰਿਅੰਕਾ ਨੂੰ ਰਾਜਨੀਤੀ ਵਿਚ ਸਹੀ ਮੋਹਰੇ ਚੁਣਨ, ਸਹੀ ਦਾਅ ਚੱਲਣ ਅਤੇ ਆਪਣੇ ਟੀਚਿਆਂ ਦੀ ਪ੍ਰਾਪਤੀ ਕਰਨ ਲਈ ਰਣਨੀਤੀ ਬਣਾਉਣ ਦਾ ਨਾ ਤਾਂ ਤਜਰਬਾ ਹੈ ਅਤੇ ਨਾ ਹੀ ਉਨਾਂ ਕੋਲ ਅਜਿਹੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸਹੀ ਸਲਾਹਕਾਰ ਹਨ। ਜਿੱਥੋਂ ਤੱਕ ਉਨਾਂ ਦੀ ਮਾਂ ਸੋਨੀਆ ਗਾਂਧੀ ਦਾ ਸਵਾਲ ਹੈ, ਉਹ ਤਜਰਬੇਕਾਰ ਹਨ ਅਤੇ ਇਸ ਸਦੀ ਦੇ ਪਹਿਲੇ ਦਹਾਕੇ ਵਿਚ ਉਹ ਆਪਣੀ ਰਾਜਨੀਤਕ ਕੁਸ਼ਲਤਾ ਬਾਰੇ ਜਾਣੂੰ ਕਰਵਾ ਚੁੱਕੇ ਹਨ। ਪਰ ਅਜਿਹਾ ਲਗਦਾ ਹੈ ਕਿ ਜਾਂ ਤਾਂ ਰਾਹੁਲ-ਪ੍ਰਿਅੰਕਾ ਉਨਾਂ ਦੀ ਗੱਲ ਮੰਨ ਨਹੀਂ ਰਹੇ ਜਾਂ ਫਿਰ ਖ਼ਰਾਬ ਸਿਹਤ ਅਤੇ ਵਧਦੀ ਉਮਰ ਦੇ ਕਾਰਨ ਉਨਾਂ ਨੇ ਆਪਣੀ ਸੰਤਾਨ ਦੇ ਜ਼ਿੱਦੀ ਰਵੱਈਏ ਸਾਹਮਣੇ ਗੋਡੇ ਟੇਕ ਦਿੱਤੇ ਹਨ।

ਭਾਰਤੀ ਲੋਕਤੰਤਰ ਦੇ ਇਤਿਹਾਸ ਅਤੇ ਖ਼ਾਸ ਤੌਰ ’ਤੇ ਕਾਂਗਰਸ ਦੇ ਇਤਿਹਾਸ ਵਿਚ ਪੰਜਾਬ ਦੇ ਘਟਨਾਕ੍ਰਮ ਨੂੰ ਸਦਾ ਚੇਤੇ ਰੱਖਿਆ ਜਾਏਗਾ। ਨਵਜੋਤ ਸਿੰਘ ਸਿੱਧੂ ਦੀ ਕਾਂਗਰਸ ਵਿਚ ਆਉਣ ਨਾਲ ਪਹਿਲਾਂ ਭੂਮਿਕਾ ਅਤੇ ਹੈਸੀਅਤ ਕੀ ਸੀ ? ਭਾਜਪਾ ਵਿਚ ਉਹ ਅੰਮ੍ਰਿਤਸਰ ਤੋਂ ਜਿੱਤਣ ਵਾਲੇ ਇਕ ਅਜਿਹੇ ਸੰਸਦ ਮੈਂਬਰ ਸਨ, ਜਿਨਾਂ ਦੀ ਪਿੱਠ ’ਤੇ ਅਰੁਣ ਜੇਤਲੀ ਦਾ ਹੱਥ ਸੀ। ਜਿਉਂ ਹੀ ਜੇਤਲੀ ਨੂੰ 2014 ਦੀਆਂ ਚੋਣਾਂ ਸਮੇਂ ਅੰਮ੍ਰਿਤਸਰ ਤੋਂ ਟਿਕਟ ਮਿਲੀ, ਉਦੋਂ ਹੀ ਸਿੱਧੂ ਉਸ ਇਨਸਾਨ ਦੇ ਖ਼ਿਲਾਫ਼ ਹੋ ਗਏ, ਜਿਸ ਨੂੰ ਉਹ ਆਪਣਾ ਰਾਜਨੀਤਕ ਗੁਰੂ ਕਹਿੰਦੇ ਸਨ। ਉਨਾਂ ਨੇ ਭਾਜਪਾ ਛੱਡੀ ਤੇ ਆਪ ਪਾਰਟੀ ਨਾਲ ਸੌਦੇਬਾਜ਼ੀ ਕਰਨ ਲੱਗੇ। ਉਨਾਂ ਦੀਆਂ ਵਧੀਆਂ ਮੰਗਾਂ ਨਾਲ ਅਰਵਿੰਦ ਕੇਜਰੀਵਾਲ ਨੂੰ ਵੀ ਕੋਈ ਸ਼ੱਕ ਹੋਵੇਗਾ, ਇਸ ਲਈ ਸਿੱਧੂ ਦੀ ਦਾਲ ਉੱਥੇ ਨਹੀਂ ਗਲੀ। ਇਸ ਲਈ ਉਹ ਕਾਂਗਰਸ ’ਚ ਆ ਗਏ ਅਤੇ ਦੇਖਦੇ-ਦੇਖਦੇ ਕੁਝ ਹੀ ਸਮੇਂ ਵਿਚ ਪ੍ਰਿਅੰਕਾ-ਰਾਹੁਲ ਦੀ ਜੋੜੀ ਨੇ ਉਨਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਹੈਸੀਅਤ ਘੱਟ ਕਰਨ ਲਈ ਮੋਹਰੇ ਦੇ ਤੌਰ ’ਤੇ ਚੁਣ ਲਿਆ। ਸਿੱਧੂ ਪਹਿਲਾਂ ਤੋਂ ਹੀ ਉਤਸ਼ਾਹੀ ਸਨ। ਭੈਣ-ਭਰਾ ਦੀ ਆਪਣੇ ’ਤੇ ਨਿਰਭਰਤਾ ਨੂੰ ਦੇਖਦਿਆਂ ਉਨਾਂ ਨੇ ਇਨਾਂ ਦੋਵਾਂ ਦੀ ਜੰਮ ਕੇ ਵਰਤੋਂ ਕੀਤੀ।

ਇੱਥੇ ਪੁੱਛਿਆ ਜਾ ਸਕਦਾ ਹੈ ਕਿ ਪ੍ਰਿਅੰਕਾ-ਰਾਹੁਲ ਸਿੱਧੂ



’ਤੇ ਨਿਰਭਰ ਕਿਉਂ ਸਨ ? ਇਸ ਲਈ ਕਿ ਉਹ ਅਮਰਿੰਦਰ ਸਿੰਘ ਦਾ ਪੰਜਾਬ ਕਾਂਗਰਸ ਵਿਚ ਦਬਦਬਾ ਖ਼ਤਮ ਕਰਨਾ ਚਾਹੁੰਦੇ ਸਨ। ਪਹਿਲਾਂ ਉਨਾਂ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਪਾਰਟੀ ਪ੍ਰਧਾਨ ਦੇ ਰੂਪ ’ਚ ਅਜ਼ਮਾ ਕੇ ਇਹੀ ਕੰਮ ਕਰਵਾਉਣਾ ਚਾਹਿਆ ਸੀ, ਪਰ ਅਮਰਿੰਦਰ ਦੇ ਸਾਹਮਣੇ ਬਾਜਵਾ ਦੀ ਇਕ ਨਾ ਚੱਲੀ। ਆਖ਼ਿਰ ਉਨਾਂ ਨੂੰ ਸਿੱਧੂ ਦੀ ਨਾਟਕੀ ਸ਼ਖ਼ਸੀਅਤ ਅਤੇ ਜ਼ਿੱਦੀ ਰਵੱਈਏ ਵਿਚ ਅਜਿਹਾ ਵਿਅਕਤੀ ਮਿਲ ਗਿਆ ਜੋ ਅਮਰਿੰਦਰ ਸਿੰਘ ਦਾ ਸਿਆਸੀ ਜੀਵਨ ਖ਼ਤਮ ਕਰ ਸਕਦਾ ਸੀ। ਇੱਥੇ ਦੂਜਾ ਸਵਾਲ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਇਹ ਦੋਵੇਂ ਅਮਰਿੰਦਰ ਸਿੰਘ ਨੂੰ ਪਾਸੇ ਕਿਉਂ ਕਰਨਾ ਚਾਹੁੰਦੇ ਸਨ ? ਆਖ਼ਿਰਕਾਰ ਅਮਰਿੰਦਰ ਸਿੰਘ ਹਮੇਸ਼ਾ ਸੋਨੀਆ ਗਾਂਧੀ ਦੀ ਗੱਲ ਮੰਨਦੇ ਰਹੇ ਸਨ। 2014 ਵਿਚ ਉਹ ਲੋਕ ਸਭਾ ਦੀ ਚੋਣ ਨਹੀਂ ਸਨ ਲੜਨਾ ਚਾਹੁੰਦੇ, ਪਰ ਜਿਵੇਂ ਹੀ ਸੋਨੀਆ ਨੇ ਉਨਾਂ ਨੂੰ ਕਿਹਾ ਤਾਂ ਉਹ ਜੇਤਲੀ ਖ਼ਿਲਾਫ਼ ਟਿਕਟ ਲੈਣ ਲਈ ਤਿਆਰ ਹੋ ਗਏ। ਪਰ ਅਮਰਿੰਦਰ ਨੂੰ ਨਹੀਂ ਸੀ ਪਤਾ ਕਿ ਪ੍ਰਿਅੰਕਾ-ਰਾਹੁਲ ਨੂੰ ਉਨਾਂ ਦੀ ਵਫ਼ਾਦਾਰੀ ਦੀ ਇਹ ਡਿਗਰੀ ਨਾਕਾਫ਼ੀ ਲੱਗ ਰਹੀ ਹੈ। ਪ੍ਰਿਅੰਕਾ-ਰਾਹੁਲ ਇਸ ਗੱਲ ਤੋਂ ਵੀ ਨਾਰਾਜ਼ ਸਨ ਕਿ ਵਿਧਾਨ ਸਭਾ ਚੋਣ ਦੀ ਕਮਾਨ ਆਪਣੇ ਹੱਥ ਵਿਚ ਲੈਣ ਅਤੇ ਮੁੱਖ ਮੰਤਰੀ ਦੇ ਚਿਹਰੇ ਦੇ ਰੂਪ ’ਚ ਆਪਣੇ ਨਾਂ ਦੇ ਐਲਾਨ ਵਿਚ ਦੇਰੀ ਹੋਣ ਨਾਲ ਨਾਰਾਜ਼ ਹੋ ਕੇ ਅਮਰਿੰਦਰ ਨੇ ਅਲੱਗ ਪਾਰਟੀ ਬਣਾ ਲੈਣ ਦੀ ਧਮਕੀ ਦਿੱਤੀ ਸੀ। ਇਸੇ ਸੰਬੰਧ ‘ਚ ਪਿਛਲੇ ਹਫ਼ਤੇ ਮੈਂ ਲਿਖਿਆ ਸੀ ਕਿ ਅਮਰਿੰਦਰ ਖ਼ੁਦ ਨੂੰ ਕਾਂਗਰਸ ਦੇ ਉਨਾਂ ਖੇਤਰੀ ਲੀਡਰਾਂ ਦੀ ਤਰਾਂ ਦੇਖਦੇ ਸਨ, ਜਿਨਾਂ ਦੀ ਹੈਸੀਅਤ ਨਹਿਰੂ ਦੇ ਜ਼ਮਾਨੇ ਵਿਚ ਹਾਈਕਮਾਨ ਤੋਂ ਸੁਤੰਤਰ ਅਤੇ ਵੱਖਰੀ ਸੀ। ਇਸ ਲਈ ਅਮਰਿੰਦਰ ਹਾਈਕਮਾਨ ਦੁਆਰਾ ਦਿੱਲੀ ਤਲਬ ਕੀਤੇ ਜਾਣ ’ਤੇ ਜਾਣ ਤੋਂ ਇਨਕਾਰ ਕਰਨ ਦੀ ਹਿੰਮਤ ਵੀ ਰੱਖਦੇ ਸਨ। ਲਗਦਾ ਹੈ ਕਿ ਉਨਾਂ ਦੇ ਇਸ ਰਵੱਈਏ ਨੂੰ ਵੀ ਪ੍ਰਿਅੰਕਾ-ਰਾਹੁਲ ਦੇ ਰਾਜਨੀਤਕ ਸ਼ਬਦ-ਕੋਸ਼ ਵਿਚ ‘ਨਾਫ਼ਰਮਾਨੀ’ ਮੰਨਿਆ ਗਿਆ।

ਫ਼ਿਲਹਾਲ ਤੱਥ ਇਹ ਹੈ ਕਿ ਭੈਣ-ਭਰਾ ਦੀ ਜੋੜੀ ਨੇ ਸਿੱਧੂ ਨੂੰ ਚੁਣਿਆ। ਉਨਾਂ ਰਾਹੀਂ ਅਮਰਿੰਦਰ ਸਿੰਘ ਖ਼ਿਲਾਫ਼ ਕਾਂਗਰਸ ਵਿਧਾਇਕ ਦਲ ਵਿਚ ਇਕ ‘ਬਾਗ਼ੀ ਧੜਾ’ ਖੜਾ ਕੀਤਾ ਗਿਆ। ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਇਸ ਵਿਚ ਸ਼ਾਮਿਲ ਸਨ। ਫਿਰ ਅਮਰਿੰਦਰ ਸਿੰਘ ਦੀਆਂ ਭਾਵਨਾਵਾਂ, ਰਾਜਨੀਤਕ ਮਾਣ ਅਤੇ ਸੇਵਾਵਾਂ ਦੀ ਕਦਰ ਨਾ ਕਰਦੇ ਹੋਏ ਹਾਈਕਮਾਨ ਵਲੋਂ ਦੋ ਅਜਿਹੇ ਕਦਮ ਚੁੱਕੇ ਗਏ, ਜਿਸ ਨਾਲ ਸਾਫ਼ ਹੋ ਗਿਆ ਕਿ ਮੁੱਖ ਮੰਤਰੀ ਦੇ ਦਿਨ ਹੁਣ ਗਿਣਤੀ ਦੇ ਰਹਿ ਗਏ ਹਨ। ਪਹਿਲਾਂ ਸਿੱਧੂ ਨੂੰ ਜ਼ਬਰਦਸਤੀ ਪੰਜਾਬ ਦੇ ਪ੍ਰਧਾਨ ਦੇ ਅਹੁਦੇ ’ਤੇ ਬਿਠਾਇਆ ਗਿਆ, ਫਿਰ ਵਿਧਾਇਕ ਦਲ ਦੀ ਬੈਠਕ ਬੁਲਾ ਕੇ ਨਿਰਦੇਸ਼ ਦਿੱਤੇ ਗਏ ਕਿ ਵਿਧਾਇਕ ਸਿੱਧੇ ਕਾਂਗਰਸ ਭਵਨ ਹੀ ਪੁੱਜਣ ਅਤੇ ਅਮਰਿੰਦਰ ਸਿੰਘ ਵਲੋਂ ਆਪਣੇ ਫਾਰਮ ਹਾਊਸ ’ਤੇ ਬੁਲਾਈ ਗਈ ਬੈਠਕ ਵਿਚ ਨਾ ਜਾਣ। ਸੁਨੇਹਾ ਸਾਫ਼ ਸੀ। ਹਾਈਕਮਾਨ ਅਮਰਿੰਦਰ ਸਿੰਘ ਨੂੰ ਆਪਣੇ ਸਮਰਥਨ ਵਿਚ ਵਿਧਾਇਕ ਲਾਮਬੰਦ ਕਰਨ ਦਾ ਕੋਈ ਵੀ ਮੌਕਾ ਨਹੀਂ ਸੀ ਦੇਣਾ ਚਾਹੁੰਦੀ। ਨਤੀਜਾ ਇਹ ਹੋਇਆ ਕਿ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ।

ਜਦੋਂ ਸਾਰੇ ਲੋਕ ਇਸ ਅਸਤੀਫ਼ੇ ਨੂੰ ਅਮਰਿੰਦਰ ਸਿੰਘ ਦੀ ਹਾਰ ਦੇ ਰੂਪ ਵਿਚ ਦੇਖ ਰਹੇ ਸਨ, ਉਦੋਂ ਕੁਝ ਘਟਨਾਵਾਂ ਅਜਿਹੀਆਂ ਵਾਪਰੀਆਂ ਜਿਸ ਨੇ ਬਾਜ਼ੀ ਪਲਟ ਦਿੱਤੀ। ਪ੍ਰਿਅੰਕਾ-ਰਾਹੁਲ ਨੇ ਗ਼ਲਤੀਆਂ ਦਾ ਇਕ ਸਿਲਸਿਲਾ ਸ਼ੁਰੂ ਕਰ ਦਿੱਤਾ। ਸਿੱਧੂ ਮੁੱਖ ਮੰਤਰੀ ਬਣਨਾ ਚਾਹੁੰਦੇ ਸਨ। ਇਹ ਦੇਖ ਕੇ ਅਮਰਿੰਦਰ ਸਿੰਘ ਨੇ ਸਾਫ਼ ਕਰ ਦਿੱਤਾ ਕਿ ਜੇਕਰ ਉਨਾਂ ਦੇ ਧੜੇ ਦਾ ਕੋਈ ਵਿਅਕਤੀ ਮੁੱਖ ਮੰਤਰੀ ਨਹੀਂ ਬਣਿਆ ਤਾਂ ਉਹ ਖੁੱਲਾ ਵਿਰੋਧ ਕਰਨ ਦੀ ਹੱਦ ਤੱਕ ਚੱਲੇ ਜਾਣਗੇ। ਇਸ ਨਾਲ ਭੈਣ-ਭਰਾ ਦੀ ਹਾਈਕਮਾਨ ਦਬਾਅ ਵਿਚ ਆ ਗਈ। ਉਨਾਂ ਘਬਰਾ ਕੇ ਅੰਬਿਕਾ ਸੋਨੀ ਨੂੰ ਦਿੱਲੀ ਤੋਂ ਭੇਜ ਕੇ ਸਾਂਝਾ ਮੁੱਖ ਮੰਤਰੀ ਬਣਾਉਣਾ ਚਾਹਿਆ। ਪਰ ਅੰਬਿਕਾ ਸੋਨੀ ਕੰਡਿਆਂ ਦਾ ਇਹ ਤਾਜ ਪਹਿਨਣ ਲਈ ਤਿਆਰ ਨਾ ਹੋਈ। ਉਹ ਦੂਜੀ ਸੁਸ਼ਮਾ ਸਵਰਾਜ ਨਹੀਂ ਸੀ ਬਣਨਾ ਚਾਹੁੰਦੀ। ਦਿੱਲੀ ਵਿਚ ਭਾਜਪਾ ਨੇ ਸਾਹਿਬ ਸਿੰਘ ਵਰਮਾ ਨੂੰ ਹਟਾਉਣ ਤੋਂ ਬਾਅਦ ਛੇ ਮਹੀਨੇ ਪਹਿਲਾਂ ਸੁਸ਼ਮਾ ਸਵਰਾਜ ਨੂੰ ਮੁੱਖ ਮੰਤਰੀ ਬਣਾਇਆ ਸੀ। ਚੇਤੇ ਰਹੇ ਕਿ ਉਸ ਤੋਂ ਬਾਅਦ ਭਾਜਪਾ ਦਿੱਲੀ ਵਿਚ ਲਗਾਤਾਰ ਛੇ ਚੋਣਾਂ ਹਾਰ ਚੁੱਕੀ ਹੈ। ਫਿਰ ਕਿਸੇ ਹਿੰਦੂ (ਸੁਨੀਲ ਜਾਖੜ) ਨੂੰ ਬਣਾਉਣ ਦੀ ਗੱਲ ਚੱਲੀ। ਉਨਾਂ ਦਾ ਸਿੱਖ ਨੇਤਾਵਾਂ ਵਲੋਂ ਵਿਰੋਧ ਕੀਤਾ ਗਿਆ। ਫਿਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਮੁੱਖ ਮੰਤਰੀ ਬਣਾਉਣ ਦੀ ਕੋਸ਼ਿਸ਼ ਹੋਈ। ਉਨਾਂ ਨੂੰ ਸਿੱਧੂ ਨੇ ਨਹੀਂ ਬਣਨ ਦਿੱਤਾ। ਅੰਤ ਵਿਚ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ। ਦਲਿਤ ਹੋਣ ਦੇ ਨਾਂ ’ਤੇ ਸ਼ੁਰੂ ਵਿਚ ਕਿਸੇ ਨੇ ਉਨਾਂ ਦਾ ਖੁੱਲ ਕੇ ਵਿਰੋਧ ਨਹੀਂ ਕੀਤਾ। ਇਹ ਵੀ ਕਿਹਾ ਜਾਣ ਲੱਗਾ ਕਿ ‘ਮਾਸਟਰ ਸਟ੍ਰੋਕ’ ਹੈ। ਹੁਣ ਕਾਂਗਰਸ ਨੂੰ ਅੰਦਰੂਨੀ ਕਲੇਸ਼ ਦੇ ਕਾਰਨ ਆਪਣੀ ਗੁਆਚੀ ਜ਼ਮੀਨ ਸਿੱਖ-ਹਿੰਦੂ-ਦਲਿਤ ਵੋਟਾਂ ਦੇ ਸਮੀਕਰਨ ਦੇ ਰੂਪ ’ਚ ਫਿਰ ਤੋਂ ਮਿਲ ਜਾਵੇਗੀ।ਪਰ ਕਿਸੇ ਨੂੰ ਨਹੀਂ ਸੀ ਅੰਦਾਜ਼ਾ ਕਿ ਸਿੱਧੂ ਫਿਰ ਹਮਲਾ ਕਰਨ ਦੀ ਫ਼ਿਰਾਕ ਵਿਚ ਹੈ। ਜਿਸ ਹਾਈਕਮਾਨ ਨੇ ਉਨਾਂ ਨੂੰ ਪ੍ਰਧਾਨ ਦੀ ਹੈਸੀਅਤ ਦਿੱਤੀ ਸੀ, ਸਿੱਧੂ ਨੇ ਉਸੇ ਹੈਸੀਅਤ ਨੂੰ ਘਟਾਉਂਦਿਆਂ ਆਰ-ਪਾਰ ਦੀ ਰਾਜਨੀਤੀ ਕਰਨੀ ਸ਼ੁਰੂ ਕਰ ਦਿੱਤੀ। ਪਰ ਪ੍ਰਿਅੰਕਾ-ਰਾਹੁਲ ਕੋਲ ਉਨਾਂ ਨੂੰ ਕਾਬੂ ਕਰਨ ਜਾਂ ਆਪਣੀ ਗਤੀ ’ਤੇ ਪਹੁੰਚਾਉਣ ਦੀ ਸਮਰੱਥਾ ਉਨਾਂ ’ਚ ਨਹੀਂ ਹੈ। ਇਸ ਲਈ ਹੁਣ ਕਾਂਗਰਸ ਹਾਈਕਮਾਨ ਨੂੰ ਸਿੱਧੂ ਦੇ ਸਾਹਮਣੇ ਝੁਕਣਾ ਪੈ ਰਿਹਾ ਹੈ। ਸਪੱਸ਼ਟ ਹੈ ਕਿ ਪ੍ਰਿਅੰਕਾ-ਰਾਹੁਲ ਦੀ ਮੈਂਬਰੀ ਵਾਲੀ ਹਾਈਕਮਾਨ ਦੀ ਹੁਣ ਕੋਈ ਸਾਖ਼ ਨਹੀਂ ਰਹਿ ਗਈ। ਕਾਂਗਰਸ ਨੇ ਇਸ ਘਟਨਾਕ੍ਰਮ ’ਚ ਜੋ ਗੁਆਇਆ ਹੈ, ਉਸ ਦਾ ਬਹੁਤ ਵੱਡਾ ਘਾਟਾ ਉਸ ਨੂੰ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਝੱਲਣਾ ਪਵੇਗਾ। ਇਹ ਵਿਧਾਨ ਸਭਾ ਚੋਣਾਂ ਜਿਸ ਨੂੰ ਉਹ ਬਿਨਾਂ ਕਿਸੇ ਮੁਸ਼ਕਿਲ ਦੇ ਜਿੱਤ ਸਕਦੀ ਸੀ। ਪਰ ਹਾਈਕਮਾਨ ਦੀਆਂ ਗ਼ਲਤੀਆਂ ਕਾਰਨ ਉਹੀ ਕਾਂਗਰਸ ਅੱਜ ਪੰਜਾਬ ਵਿਚ ਵੰਡੀ ਹੋਈ ਦਿਖਾਈ ਦੇ ਰਹੀ ਹੈ।

# ਕਿਸਾਨ ਦੇ ਪ੍ਰਦਰਸ਼ਨ ਖ਼ਿਲਾਫ਼ ਸੁਪਰੀਮ ਕੋਰਟ

## ✪ ਰਾਜ ਮਾਰਗ ਬੰਦ ਕਰਨ ਖ਼ਿਲਾਫ਼ ਪਟੀਸ਼ਨ ’ਤੇ 43 ਕਿਸਾਨ ਜਥੇਬੰਦੀਆਂ ਨੂੰ ਨੋਟਿਸ ✪ ਅਗਲੀ ਸੁਣਵਾਈ 20 ਅਕਤੂਬਰ ਨੂੰ ਹੋਏਗੀ

## ✪ ਲਖੀਮਪੁਰ ਖੀਰੀ ਹਿੰਸਾ ਬਾਰੇ ਸੁਪਰੀਮ ਕੋਰਟ ਦਾ ਗਲਤ ਰਵਈਆ ✪ ਕਿਸਾਨਾਂ ਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਗਲਤ ਠਹਿਰਾਇਆ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਦੇ ਵਿਰੋਧ ਦੇ ਚਲਦਿਆਂ ਰਾਜ ਮਾਰਗ ’ਤੇ ਆਵਾਜਾਈ ਠੱਪ ਕਰਨ ਦੇ ਖ਼ਿਲਾਫ਼ ਦਾਇਰ ਪਟੀਸ਼ਨ ’ਤੇ ਸੁਪਰੀਮ ਕੋਰਟ ਨੇ ਸੰਯੁਕਤ ਕਿਸਾਨ ਮੋਰਚੇ ਦੀਆਂ 43 ਕਿਸਾਨ ਜਥੇਬੰਦੀਆਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਇਸ ਮਾਮਲੇ ਦੀ ਸੁਣਵਾਈ 20 ਅਕਤੂਬਰ ਨੂੰ ਹੋਏਗੀ। ਦਿੱਲੀ-ਨੋਇਡਾ ਮਾਰਗ ’ਤੇ ਰਸਤਾ ਜਾਮ ਕੀਤੇ ਜਾਣ ਨੂੰ ਲੈ ਕੇ ਦਾਇਰ ਜਨਹਿਤ ਪਟੀਸ਼ਨ ’ਤੇ ਸਰਬਉੱਚ ਅਦਾਲਤ ਨੇ ਕਿਹਾ ਕਿ ਜਦੋਂ ਅਸੀਂ ਤਿੰਨੇ ਖੇਤੀ ਕਾਨੂੰਨਾਂ ’ਤੇ ਫਿਲਹਾਲ ਰੋਕ ਲਗਾ ਰੱਖੀ ਹੈ ਤਾਂ ਫਿਰ ਸੜਕਾਂ ’ਤੇ ਪ੍ਰਦਰਸ਼ਨ ਕਿਉਂ ਹੋ ਰਹੇ ਹਨ ? ਜਸਟਿਸ ਏ.ਐੈਮ. ਖਾਨਵਿਲਕਰ ਅਤੇ ਸੀ.ਟੀ. ਰਵੀਕੁਮਾਰ ਦੀ ਬੈਂਚ ਨੇ ਕਿਹਾ ਕਿ ਜਦ ਇਕ ਧਿਰ ਪਹਿਲਾਂ ਹੀ ਕਾਨੂੰਨਾਂ ਦੀ ਮਿਆਦ ਨੂੰ ਚੁਣੌਤੀ ਦੇਣ ਲਈ ਅਦਾਲਤ ਦਾ ਦਰਵਾਜ਼ਾ ਖੜਕਾ ਚੁੱਕੀ ਹੈ ਤਾਂ ਵਿਰੋਧ ’ਤੇ ਜਾਣ ਦਾ ਸਵਾਲ ਹੀ ਕਿੱਥੇ ਹੈ। ਨੋਇਡਾ ਨਿਵਾਸੀ ਮੋਨਿਕਾ ਅਗਰਵਾਲ ਨੇ ਪਟੀਸ਼ਨ ਦਾਇਰ ਕਰਕੇ ਕਿਸਾਨ ਅੰਦੋਲਨ ਕਾਰਨ ਬੰਦ ਪਈਆਂ ਸੜਕਾਂ ਨੂੰ ਖੋਲਣ ਦਾ ਮਸਲਾ ਅਦਾਲਤ ’ਚ ਚੁੱਕਿਆ ਸੀ। ਜਿਸ ’ਤੇ ਕੋਰਟ ਨੇ 43 ਕਿਸਾਨ ਜਥੇਬੰਦੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਇਸੇ ਮਸਲੇ ਨੂੰ ਲੈ ਕੇ ਹਰਿਆਣਾ ਸਰਕਾਰ ਵਲੋਂ ਸੁਪਰੀਮ ਕੋਰਟ ਵਿਚ 43 ਕਿਸਾਨ ਜਥੇਬੰਦੀਆਂ ਨੂੰ ਧਿਰ ਬਣਾਉਣ ਦੀ ਅਰਜ਼ੀ ਦਾਖਲ ਕੀਤੀ ਹੈ।

ਸੁਪਰੀਮ ਕੋਰਟ ਨੇ ਲਖੀਮਪੁਰ ਖੀਰੀ ਹਿੰਸਾ ਦੇ ਹਵਾਲੇ ਨਾਲ ਸਖਤ ਨੋਟਿਸ ਲੈਣ ਦੀ ਥਾਂ ਕਿਸਾਨ ਵਿਰੋਧੀ ਰਵੱਈਆ ਅਪਣਾਇਆ ਹੈ ਤੇ ਕਿਹਾ ਕਿ ਜਦੋਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਕੋਈ ਵੀ ਇਸ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਿਖਰਲੀ ਅਦਾਲਤ ਨੇ ਇਹ ਟਿੱਪਣੀ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੀ ਇਕ ਕਿਸਾਨ ਜਥੇਬੰਦੀ ਵੱਲੋਂ ਜੰਤਰ ਮੰਤਰ ’ਤੇ ਸੱਤਿਆਗ੍ਰਹਿ ਦੀ ਇਜਾਜ਼ਤ ਮੰਗਦੀ ਇਕ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਕੀਤੀ। ਸੁਣਵਾਈ ਦੌਰਾਨ ਅਟਾਰਨੀ ਜਨਰਲ ਕੇ.ਕੇ.ਵੇਣੂਗੋਪਾਲ ਨੇ ਜਸਟਿਸ ਏ.ਐੈਮ. ਖਾਨਵਿਲਕਰ ਤੇ ਸੀਟੀ.ਰਵੀਕੁਮਾਰ ਦੇ ਬੈਂਚ ਨੂੰ ਦੱਸਿਆ ਕਿ ਜਦੋਂ ਤਿੰਨ ਖੇਤੀ ਕਾਨੂੰਨਾਂ ਦੀ ਵੈਧਤਾ ਨੂੰ ਕੋਰਟ ਵਿੱਚ ਚੁਣੌਤੀ ਦਿੱਤੀ ਜਾ ਚੁੱਕੀ ਹੈ ਤਾਂ ਇਨਾਂ ਧਰਨੇ ਪ੍ਰਦਰਸ਼ਨਾਂ ਨੂੰ ਰੋਕਣਾ ਬਣਦਾ ਹੈ।

ਕਿਸਾਨਾਂ ਵੱਲੋਂ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਮੁੱਢੋਂ ਰੱਦ ਸੰਯੁਕਤ ਕਿਸਾਨ ਮੋਰਚੇ ਦੇ ਲੀਗਲ ਪੈਨਲ ਨੇ ਸੁਪਰੀਮ



*ਮੋਰਚੇ ਦੇ ਲੀਗਲ ਪੈਨਲ ਨੇ ਚੀਫ਼ ਜਸਟਿਸ ਤੋਂ ਮੰਗ ਕੀਤੀ ਹੈ ਕਿ ਸੁਪਰੀਮ ਕੋਰਟ ਦੇ ਉਸ ਜੱਜ ਦੀ ਜਵਾਬ-ਤਲਬੀ ਕੀਤੀ ਜਾਵੇ, ਜਿਸ ਨੇ ਸੰਘਰਸ਼ ਕਰ ਰਹੇ ਕਿਸਾਨਾਂ ਬਾਰੇ ਉਨਾਂ ਦਾ ਪੱਖ ਸੁਣੇ ਬਗੈਰ ਅਪਮਾਨਜਨਕ ਟਿੱਪਣੀਆਂ ਕੀਤੀਆਂ ਹਨ।*

ਕੋਰਟ ਵੱਲੋਂ ਕਿਸਾਨਾਂ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਨੂੰ ਮੁੱਢੋਂ ਰੱਦ ਕਰ ਦਿੱਤਾ ਹੈ। ਉਨਾਂ ਕਿਹਾ ਕਿ ਸੁਪਰੀਮ ਕੋਰਟ ਨੇ ਪਟੀਸ਼ਨਾਂ ਦੇ ਦਾਇਰੇ ਨੂੰ ਬਿਨਾਂ ਵਜਾ ਵੱਡਾ ਕਰਦਿਆਂ ਚਲਾਕੀ ਭਰੇ ਤਰੀਕੇ ਨਾਲ ਮੋਰਚੇ ਨੂੰ ਖਾਹਮ-ਖਾਹ ਦੇ ਵਿਵਾਦ ਵਿੱਚ ਖਿੱਚਣ ਦੀ ਕੋਸ਼ਿਸ਼ ਕੀਤੀ ਹੈ। ਲੀਗਲ ਪੈਨਲ ਦੇ ਆਗੂਆਂ ਪ੍ਰੇਮ ਸਿੰਘ ਭੰਗੂ ਅਤੇ ਰਮਿੰਦਰ ਪਟਿਆਲਾ ਨੇ ਕਿਹਾ ਕਿ ਹਰ ਤਬਕੇ ਦੀ ਮੋਰਚੇ ਨੂੰ ਜ਼ੋਰਦਾਰ ਹਮਾਇਤ ਨੇ ਮੋਦੀ ਹਕੂਮਤ ਨੂੰ ਹਿਲਾ ਕੇ ਰੱਖ ਦਿੱਤਾ ਹੈ। ਉਨਾਂ ਕਿਹਾ, ‘ਮੋਦੀ ਸਰਕਾਰ ਆਪਣੀ ਖੁੱਸੀ ਹੋਈ ਸਿਆਸੀ ਜ਼ਮੀਨ ਹਾਸਲ ਕਰਨ ਲਈ ਅਜਿਹੀਆਂ ਬੇਬੁਨਿਆਦ ਅਤੇ ਝੂਠੀਆਂ ਪਟੀਸ਼ਨਾਂ ਰਾਹੀਂ ਸੁਪਰੀਮ ਕੋਰਟ ਤੋਂ ਮਦਦ ਲੈਣ ਸਮੇਤ ਢਾਰਸ ਬੰਨਾਉਣਾ ਚਾਹੁੰਦੀ ਹੈ।’ ਉਨਾਂ ਸਪੱਸ਼ਟ ਕੀਤਾ ਕਿ ਸੰਯੁਕਤ ਕਿਸਾਨ ਮੋਰਚੇ ਨੇ ਸੁਪਰੀਮ ਕੋਰਟ ਵਿੱਚ ਕੋਈ ਵੀ ਪਟੀਸ਼ਨ ਨਹੀਂ ਪਾਈ ਹੈ ਅਤੇ ਨਾ ਹੀ ਮੋਰਚਾ ਕਿਸੇ ਪਟੀਸ਼ਨ ਵਿੱਚ ਧਿਰ ਬਣਿਆ ਹੈ। ਆਗੂਆਂਨੇ ਕਿਹਾ ਕਿ ਸੁਪਰੀਮ ਕੋਰਟ ਨੂੰ ਗੈਰ ਸੰਵਿਧਾਨਕ ਖੇਤੀ ਕਾਨੂੰਨਾਂ ਦਾ ਖੁਦ ਹੀ ਨੋਟਿਸ ਲੈ ਕੇ ਸੰਘਰਸ਼ਸ਼ੀਲ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਹੈ।

ਬੀਕੇਯੂ ਡਕੌਂਦਾ ਦੇ ਆਗੂ ਜਗਮੋਹਨ ਸਿੰਘ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਅਤੇ ਘੱਟੋ ਘੱਟ ਸਮਰਥਨ ਮੁੱਲ ਦਾ ਕਾਨੂੰਨੀ ਹੱਕ ਲੈਣ ਤੱਕ ਸੰਘਰਸ਼ ਜਾਰੀ ਰੱਖਣ ਲਈ ਦ੍ਰਿੜ ਹੈ। ਉਨਾਂ ਕਿਹਾ ਕਿ ਮੋਰਚਾ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਹੈ।




# ਮਾਂ ਦੇ ਨਾਲ ਬਚਪਨ ਦੀਆਂ ਖੇਡਾਂ

**ਸੋਹਣ ਸਿੰਘ**

ਮੈਨੂੰ ਯਾਦ ਹੈ ਜਦੋਂ ਮੈਂ ਸਕੂਲ ਜਾਣਾਂ ਹੁੰਦਾ ਸੀ ਤਾਂ ਮੇਰੀ ਮਾਂ ਜਿਸਨੂੰ ਅਸੀਂ ਸਾਰੇ ਭੈਣਾਂ ਭਰਾ ਭਾਬੀ ਕਹਿਕੇ ਪੁਕਾਰਦੇ ਸੀ, ਮੇਰੇ ਸਿਰ ਦਾ ਜੂੜਾ ਕਰਨ ਤੋਂ ਪਿਛੋਂ ਨਿੱਕੀ ਜਿਹੀ ਪਗੜੀ ਮੇਰੇ ਸਿਰ ਉਪਰ ਬੰਨਦੀ। ਮੈਂ ਮੰਜੇ ਉਪਰ ਜਾਂ ਕਦੇ ਕਦੇ ਪੀੜੀ ਉਪਰ ਚੁਪ ਚਾਪ ਬੈਠਾ ਪਗੜੀ ਬਨਾਉਂਦਾ। ਮੈਨੂੰ ਅੱਜ ਵੀ ਉਹ ਵਕਤ ਯਾਦ ਆਉਂਦਾ ਹੈ ਕਿ ਕਿੰਨੇ ਚੰਗੇ ਸਨ ਉਹ ਦਿਨ, ਕੋਈ ਫਿਕਰ ਨਹੀਂ ਸੀ ਹੁੰਦਾ, ਕੋਈ ਜਿੰਮੇਵਾਰੀ ਨਹੀਂ ਹੁੰਦੀ ਸੀ ਤੇ ਕੋਈ ਘਰ ਦੇ ਬਿਲਾਂ ਦਾ ਬੋਝ ਵੀ ਨਹੀਂ ਸੀ ਹੁੰਦਾ। ਮੈਂ ਸ਼ਰਾਰਤੀ ਬਹੁਤ ਹੁੰਦਾ ਸੀ, ਮਾਂ ਨੇ ਕਦੀ ਕਦਾਈਂ ਗੁੱਸੇ ਵਿਚ ਆ ਕੇ ਮੇਰੇ ਚਪੇੜ ਵੀ ਮਾਰਨ ਦੀ ਕੋਸ਼ਿਸ਼ ਕਰਨੀ ਲੇਕਿਨ ਉਸ ਨੇ ਚਪੇੜ ਕਦੇ ਵੀ ਨਹੀਂ ਸੀ ਮਾਰੀ ਸਗੋਂ ਆਪਣੇ ਆਪ ਵਿਚ ਸਾਰੇ ਦਾ ਸਾਰਾ ਗੁਸਾ ਸਮੇਟ ਜਾਂਦੀ। ਮੈਨੂੰ ਹੁਣ ਯਾਦ ਆਉਂਦਾ ਹੈ ਕਿ ਮਾਂ ਸਿਰਫ ਮੈਨੂੰ ਡਰਾਉਣ ਲਈ ਦਿਖਾਵਾ ਕਰਦੀ ਸੀ। ਸ਼ਾਇਦ ਚਪੇੜ ਮਾਰਨ ਲੱਗਿਆਂ ਮਾਂ ਦੀ ਮਮਤਾ ਮੂਹਰੇ ਆ ਜਾਂਦੀ ਹੋਵੇਗੀ। ਮਾਂ ਤਾਂ ਵੈਸੇ ਸਾਰਿਆਂ ਬੱਚਿਆਂ ਲਈ ਇਕੋ ਜਹੀ ਹੀ ਹੁੰਦੀ ਹੈ ਲੇਕਿਨ ਮੇਰੀ ਮਾਂ ਦਾ ਦਿਲ ਬਹੁਤ ਨਰਮ ਸੀ। ਉਹਨਾਂ ਵੇਲਿਆਂ ਨੂੰ ਜਦੋਂ ਮੈਂ ਯਾਦ ਕਰਦਾ ਹਾਂ ਤਾਂ ਮੇਰੇ ਸਾਹਮਣੇ ਇਕ ਫਿਲਮ ਦੀ ਤਰਾਂ ਹਰ ਯਾਦ ਮੇਰੇ ਮੂਹਰਿਉਂ ਦੀ ਲੰਘ ਜਾਂਦੀ ਹੈ ਜਿਸ ਦਾ ਹਿਸਾਬ ਮੈਂ ਆਪਣੇ ਖਿਆਲਾਂ ਵਿਚ ਹੀ ਲਗਾ ਸਕਦਾ ਹਾਂ। ਬਾਕੀ ਦੇ ਮੇਰੇ ਭੈਣ ਭਰਾ ਉਮਰ ਵਿਚ ਮੈਥੋਂ ਵੱਡੇ ਸਨ ਤੇ ਛੋਟੇ ਹੋਣ ਦਾ ਅਹਿਸਾਸ ਹਮੇਸ਼ਾ ਹੀ ਮੇਰੇ ਮਨ ਵਿਚ ਰਹਿੰਦਾ। ਸਾਰੇ ਹੀ ਭੈਣਾ-ਭਰਾ ਆਪਣਾ ਆਪਣਾ ਪਿਆਰ ਮੈਨੂੰ ਅਕਸਰ ਜਤਾਉਂਦੇ ਰਹਿੰਦੇ ਲੇਕਿਨ ਦਿਲ ਵਿਚ ਅਹਿਸਾਸ ਰਹਿੰਦਾ ਕਿ ਉਹ ਹਮੇਸ਼ਾ ਹੀ ਮੈਨੂੰ ਪਿਆਰ ਜਤਾਉਂਦੇ ਰਹਿਣ। ਸਵੇਰੇ ਸਵੇਰੇ ਛੁੱਟੀ ਵਾਲੇ ਦਿਨ ਮਾਂ ਨੇ ਕਣਕ ਦੇ ਦਾਣੇ ਚੱਕੀ ਕੋਲ ਰੱਖ ਲੈਣੇ ਤੇ ਚੱਕੀ ਨਾਲ ਆਟਾ ਪੀਹਕੇ ਸਾਰੇ ਪਰਿਵਾਰ ਦੀ ਰੋਟੀ ਬਣਾਉਣੀ ਹੁੰਦੀ ਸੀ। ਮਾਂ ਨੇ ਜਿਉਂ ਹੀ ਚੱਕੀ ਚਲਾਉਣੀ ਤਿਉਂ ਹੀ ਚੱਕੀ ਦੀ ਮਿਠੀ ਮਿਠੀ ਤੇ ਮੱਧਮ ਆਵਾਜ਼ ਵਿਚ ਮੈਨੂੰ ਬਹੁਤ ਹੀ ਗੂੜੀ ਨੀਂਦ ਆ ਜਾਂਦੀ ਸੀ। ਦਿਲ ਕਰਦਾ ਹੁੰਦਾ ਸੀ ਕਿ ਚੱਕੀ ਚਲਦੀ ਰਹਵੇ ਤੇ ਮੈਂ ਗੂਹੜੀ ਨੀਂਦ ਸੁਤਾ ਰਹਵਾਂ। ਕਦੀ ਕਦਾਈ ਮਾਂ ਨੂੰ ਚੱਕੀ ਪੀਂਹਦਿਆਂ ਦੇਖਕੇ ਦਿਲ ਕਰਦਾ ਸੀ ਕਿ ਮੈਂ ਵੀ ਕੁਝ ਮਾਂ ਦੀ ਮਦਦ ਕਰਾਂ, ਵਿਚਾਰੀ ਇਕੱਲੀ ਹੀ ਆਟਾ ਪੀਹਣ ਲੱਗੀ ਹੋਈ ਹੈ। ਉਦੋਂ ਇਹ ਬਿਲਕੁਲ ਪਤਾ ਨਹੀਂ ਸੀ ਹੁੰਦਾ ਕਿ ਦਾਣੇ ਪੀਹਣ ਵਾਲੀ ਚੱਕੀ ਤੇ ਜ਼ੋਰ ਵੀ ਲਗਦਾ ਹੈ। ਜਦੋਂ ਕਿਸੇ ਦਿਨ ਮੈਂ ਮਦਦ ਕਰਵਾਉਂਦਾ ਮੈਂ ਚੱਕੀ ਜ਼ੋਰ ਨਾਲ ਘੁਮਾ ਦੇਂਦਾ ਤੇ ਫਿਰ ਹੌਲੀ ਕਰ ਦੇਂਦਾ। ਮਾਂ ਨੇ ਬਥੇਰੀ ਦੁਹਾਈ ਪਾਉਣੀ ‘ਕਾਕਾ ਚੱਕੀ ਹੌਲੀ ਚਲਾ’ ਪਰ ਮੈਨੂੰ ਇਤਨੀ ਸਮਝ ਨਹੀਂ ਸੀ ਕਿ ਮਾਂ ਕਿਉਂ ਕਹਿੰਦੀ ਹੈ ਤੇ ਮੈਂ ਏਸੇ ਤਰਾਂ ਹੀ ਸ਼ਰਾਰਤਾਂ ਕਰਦਾ ਰਹਿੰਦਾ। ਕਦੀ ਕਦਾਈ ਮੈਂ ਥੱਕਕੇ ਮਾਂ ਵੱਲ ਤੱਕਦਾ ਰਹਿੰਦਾ। ਫਿਰ ਛੇਤੀ ਹੀ ਮੈਨੂੰ ਨੀਂਦ ਆ ਜਾਂਦੀ ਤੇ ਮੈਂ ਸੌਂ ਜਾਂਦਾ। ਮਾਂ ਤੜਕੇ ਉਠਕੇ ਹਵੇਲੀ ਨੂੰ ਮੱਝਾਂ ਦਾ ਦੁਧ ਚੋਣ ਜਾਂਦੀ, ਹੱਥ ਵਿਚ ਲਾਲਟੇਨ ਹੁੰਦੀ ਸੀ ਜਿਸ ਦੀ ਲੋਅ ਨਾਲ ਸਿਰਫ ਚਾਰ ਜਾਂ ਪੰਜ ਫੁਟ ਤੱਕ ਹੀ ਦਿਖਾਈ ਦੇਂਦਾ ਸੀ। ਹਵੇਲੀ ਨੂੰ ਜਾਂਦਿਆਂ ਅਗਰ ਕੋਈ ਰਸਤੇ ’ਚ, ਮਿਲ ਪੈਂਦਾ ਤਾਂ ਪਛਾਨਣਾਂ ਮੁਸਕਲ ਹੋ ਜਾਂਦਾ ਸੀ। ਮਾਂ ਦੇ ਮਨਾਂ ਕਰਨ ਦੇ ਬਾਵਜੂਦ ਵੀ ਮੈਂ ਕਦੀ ਕਦਾਈਂ ਜ਼ਿੱਦ ਪੈ ਜਾਂਦਾ ਤੇ ਹਵੇਲੀ ਨੂੰ ਨਾਲ ਚਲਿਆ ਜਾਂਦਾ। ਉਸ ਸਮੇਂ ਬਿਸਤਰੇ ਤੋਂ ਉਠਣਾਂ ਬਹੁਤ ਮੁਸ਼ਕਲ ਲਗਦਾ ਸੀ ਬੇਸ਼ੱਕ ਮੈਂ ਛੋਟਾ ਸੀ ਲੇਕਿਨ ਮੈਨੂੰ ਮਾਂ ਦਾ ਇਕੱਲਿਆਂ ਹਵੇਲੀ ਨੂੰ ਜਾਣ ਤੋਂ ਡਰ ਲਗਦਾ ਹੁੰਦਾ ਸੀ ਕਿ ਮਾਂ ਨੂੰ ਰਸਤੇ ਵਿਚ ਕੋਈ ਮੁਸੀਬਤ ਨਾਂ ਆ ਪਵੇ। ਹਾਲਾਂ ਕਿ ਹਵੇਲੀ ਘਰ ਤੋਂ ਬਹੁਤੀ ਦੂਰੀ ਤੇ ਨਹੀਂ ਸੀ, ਜਾਣ ਨੂੰ ਕੋਈ ਦੋ ਜ਼ਾਂ ਤਿੰਨ ਮਿੰਟ ਹੀ ਲਗਦੇ ਹੋਣਗੇ। ਵੈਸੇ ਤਾਂ ਪਿੰਡਾਂ ਵਿਚ ਸਾਰੇ ਹੀ ਇਕ ਦੂਜੇ ਨੂੰ ਬੜੀ ਚੰਗੀ ਤਰਾਂ ਜਾਣਦੇ ਸਨ ਤੇ ਡਰ ਘਟ ਹੀ ਹੁੰਦਾ ਸੀ। ਮੈਂ ਘਰੋਂ ਉਠਕੇ ਮਾਂ ਦੇ ਨਾਲ ਹਵੇਲੀ ਚਲਿਆ ਜਾਂਦਾ ਤੇ ਹਵੇਲੀ ਜਾ ਕੇ ਸੌਂ ਜਾਂਦਾ। ਮਾਂ ਨੇ ਕਿਹੜੇ ਵੇਲੇ ਗੋਹਾ ਕੂੜਾ ਕੀਤਾ, ਕੀ ਕੀ ਕੰਮ ਕੀਤਾ, ਕਿਹੜੇ ਵੇਲੇ ਧਾਰ ਕੱਢੀ ਮੈਨੂੰ ਕੁਛ ਯਾਦ ਨਹੀਂ ਸੀ ਹੁੰਦਾ। ਕਈ ਵਾਰੀ ਘਰ ਨੂੰ ਵਾਪਸ ਆਉਂਦਿਆ ਮਾਂ ਨੇ ਇਕ ਹੱਥ ਵਿਚ ਦੁਧ ਦੀ ਬਾਲਟੀ ਫੜੀ ਹੋਈ ਹੁੰਦੀ ਸੀ ਤੇ ਦੂਸਰੇ ਪਾਸੇ ਮੈਨੂੰ ਕੁਛੜ ਚੁਕਿਆ ਹੋਇਆ ਹੁੰਦਾ ਸੀ। ਮੈਂ ਘਰ ਆ ਕੇ ਫਿਰ ਘੰਟਿਆਂਬੱਧੀ ਸੁਤਾ ਰਹਿੰਦਾ ਤੇ ਉਸੇ ਦੌਰਾਨ ਮਾਂ ਆਪਣਾ ਕੰਮਕਾਰ ਕਰਦੀ ਰਹਿੰਦੀ। ਕਿਸੇ ਕਿਸੇ ਦਿਨ ਮਾਂ ਨੇ ਜਦੋਂ ਦੁਧ ਰਿੜਕਣ ਦੀ ਤਿਆਰੀ ਕਰਨੀ ਮੈਂ ਵੀ ਉਠ ਕੇ ਕੋਲ ਬਹਿ ਜਾਂਦਾ ਤੇ ਉਸ ਮੌਕੇ ਦੀ ਉਡੀਕ ਕਰਦਾ ਕਿ ਮਾਂ ਕਦੋਂ ਦੁਧ ਰਿੜਕਣ ਲੱਗੇ, ਚਾਟੀ ਵਿਚ ਮਧਾਣੀ ਫਿਰੇ ਤੇ ਮਾਂ ਤਾਜ਼ਾ ਤਾਜ਼ਾ ਮੱਖਣ ਮੈਨੂੰ ਜੁਆਰ ਦੀ ਰੋਟੀ ਤੇ ਧਰਕੇ ਦੇਵੇ ਤੇ ਮੈਂ ਖਾਵਾਂ। ਹਮੇਸਾਂ ਇਹੀ ਦਿਲ ਕਰਦਾ



ਹੁੰਦਾ ਸੀ ਕਿ ਮਾਂ ਬੈਠੀ ਦੁਧ ਰਿੜਕੀ ਜਾਵੇ ਤੇ ਮੈਂ ਕੋਲ ਬੈਠਾ, ਬੇਹੀ ਰੋਟੀ ਤੇ ਮੱਖਣ ਧਰ ਕੇ ਖਾਂਦਾ ਜਾਵਾਂ। ਸਵੇਰ ਦੀ ਲੋਅ ਲਗਦਿਆਂ ਸਾਰ ਹੀ ਮਾਂ ਨੇ ਮੇਰੇ ਬਾਕੀ ਦੇ ਭੈਣਾਂ ਭਰਾਵਾਂ ਨੂੰ ਉਚੀ ਉਚੀ ਆਵਾਜ਼ਾਂ ਮਾਰਕੇ ਜਗਾਉਣ ਦੀ ਕੋਸ਼ਿਸ਼ ਕਰਨੀ ਤਾਂ ਜੁ ਉਹ ਸਾਰੇ ਸਮੇ ਸਿਰ ਉਠਕੇ ਸਕੂਲ ਚਲੇ ਜਾਣ। ਬੇਸ਼ੱਕ ਮਾਂ ਪੜੀ ਲਿਖੀ ਨਹੀਂ ਸੀ ਤਾਂ ਵੀ ਉਹ ਸਾਡੀ ਸਾਰਿਆਂ ਦੀ ਬੜੀ ਦੇਖ-ਰੇਖ ਕਰਦੀ। ਕਈ ਵਾਰੀ ਮਾਂ ਸਾਨੂੰ ਸਾਰਿਆਂ ਨੂੰ ਇਸ ਗੱਲ ’ਤੇ ਜ਼ੋਰ ਪਾਉਂਦੀ ਕਿ ਸਵੇਰੇ ਸਵੇਰੇ ਉਠਕੇ ਪੜਾਈ ਕਰਿਆ ਕਰੋ ਦਿਮਾਗ ਬਿਲਕੁਲ ਤਾਜ਼ਾ ਹੁੰਦਾ ਹੈ। ਅਸੀਂ ਸਾਰਿਆਂ ਨੇ ਬੜੀ ਕੋਸ਼ਿਸ਼ ਕਰਨੀ ਉਠ ਕੇ ਪੜਨ ਦੀ ਪਰ ਵੀਹਾਂ ਕੁ ਮਿੰਟਾਂ ਬਾਅਦ ਨੀਂਦ ਆ ਜਾਣੀ ਤੇ ਫਿਰ ਸੌਂ ਜਾਣਾ। ਮਾਂ ਦਾ ਸੁਭਾਅ ਬਹੁਤ ਹੀ ਨਰਮ ਸੀ। ਮਾਂ ਦੇ ਨਰਮ ਸੁਭਾਅ ਦਾ ਨਜਾਇਜ਼ ਫਾਇਦਾ ਹਰ ਬੱਚਾ ਉਠਾਉਂਦਾ ਹੈ ਜਿਸ ਵਿਚ ਮੈਂ ਵੀ ਸ਼ਾਮਲ ਸਾਂ। ਕਦੀ ਕਦਾਈ ਛੁੱਟੀ ਵਾਲੇ ਦਿਨ ਮੇਰੀ ਤੇ ਮੇਰੇ ਵੱਡੇ ਭਰਾ ਦੀ ਡਿਊਟੀ ਹੁੰਦੀ ਸੀ ਕਿ ਦੁਪਹਿਰ ਵੇਲੇ ਮੱਝ ਨੂੰ ਖੂਹੀ ਤੋਂ ਪਾਣੀ ਪਿਲਾਕੇ ਦਰੱਖਤ ਦੇ ਥੱਲੇ ਜਾਂ ਬਰਾਂਡੇ ਵਿਚ ਜਰੂਰ ਕੀਤਾ ਜਾਵੇ ਤਾਂ ਕਿ ਮੱਝ ਧੁਪ ਤੋਂ ਬਚੀ ਰਵੇ। ਕਈ ਵਾਰੀ ਰਸਤੇ ਵਿਚ ਯਾਰਾਂ ਮਿਤਰਾਂ ਨਾਲ ਬੰਟੇ ਖੇਡਦਿਆਂ ਖੇਡਦਿਆਂ ਯਾਦ ਹੀ ਭੁਲ ਜਾਂਦਾ ਸੀ ਕਿ ਮਾਂ ਨੇ ਸਾਨੂੰ ਕਿਹੜੇ ਕੰਮ ਭੇਜਿਆ ਸੀ। ਬਹੁਤ ਵਾਰੀ ਮਾਂ ਸਾਡੇ ਉਪਰ ਗੁੱਸੇ ਹੁੰਦੀ ਤੇ ਉਸ ਦਾ ਗੁੱਸਾ ਵਾਜਿਬ ਵੀ ਹੁੰਦਾ ਸੀ ਤੇ ਅਸੀ ਦੋਵੇਂ ਸ਼ਰਮ ਦੇ ਮਾਰੇ ਸਿਰ ਝੁਕਾਈ ਖੜੇ ਮਾਂ ਦੀਆਂ ਝਿੜਕਾਂ ਸੁਣਦੇ ਰਹਿੰਦੇ ਤੇ ਮਾਂ ਦੇ ਨਾਲ ਘਰ ਨੂੰ ਪਰਤ ਆਉਂਦੇ। ਸ਼ਾਮ ਦੇ ਵੇਲੇ ਮੈਂ ਅਕਸਰ ਪਿੰਡ ਦੀ ਇਕ ਛੋਟੀ ਜਿਹੀ ਗਰਾਉਂਡ ਵਿਚ ਫੁਟਬਾਲ ਖੇਡਣ ਚਲੇ ਜਾਂਦਾ ਸੀ ਜਿਥੇ ਸਾਰੇ ਹੀ ਪਿੰਡ ਦੇ ਮੁੰਡੇ ਇਕੱਠੇ ਹੋ ਕੇ ਘੰਟਿਆਂਬੱਧੀ ਖੇਡਦੇ ਰਹਿੰਦੇ। ਮਾਂ ਹਮੇਸ਼ਾ ਹੀ ਮੇਰਾ ਇੰਤਜ਼ਾਰ ਕਰਦੀ ਰਹਿੰਦੀ ਕਿ ਮੈਂ ਕਦ ਘਰ ਆਵਾਂ ਤੇ ਰੋਟੀ ਖਾਵਾਂ ਲੇਕਿਨ ਮੈਨੂੰ ਕੋਈ ਯਾਦ ਨਹੀਂ ਸੀ ਹੁੰਦਾ ਕਿ ਮਾਂ ਨੇ ਸਵੇਰੇ ਉਠਕੇ ਹੋਰ ਵੀ ਕਈ ਕੰਮ ਕਰਨੇ ਹਨ। ਮੈਂ ਗਰਾਉਂਡ ਵਿਚੋਂ ਆਪਣੀ ਮਰਜ਼ੀ ਨਾਲ ਹੀ ਆਉਂਦਾ ਸੀ ਕਿਉਂਕਿ ਉਸ ਵੇਲੇ ਮੈਨੂੰ ਆਪਣੀ ਜ਼ਿੰਮੇਵਾਰੀ ਦਾ ਕੋਈ ਅਹਿਸਾਸ ਨਹੀਂ ਸੀ ਹੁੰਦਾ । ਕਈ ਵਾਰੀ ਮਾਂ ਨੇ ਮੈਨੂੰ ਪਿੰਡ ਦੀ ਹੱਟੀ ਤੋਂ ਕੁਝ ਖਰੀਦਣ ਲਈ ਭੇਜਣਾ ਮੈਂ ਘੰਟਿਆਬੱਧੀ ਘਰ ਵਾਪਿਸ ਨਹੀਂ ਸੀ ਆਉਂਦਾ। ਜੇ ਰਸਤੇ ਵਿਚ ਕੁਝ ਦੋਸਤ ਮਿਲ ਪਏ, ਬੰਟੇ ਖੇਲਣੇ ਸ਼ੁਰੂ ਕਰ ਦਿਤੇ। ਕੁਝ ਇਕ ਬੰਟੇ ਹਮੇਸ਼ਾ ਹੀ ਮੇਰੀ ਜੇਬ ਵਿਚ ਹੁੰਦੇ ਸਨ, ਯਾਦ ਹੀ ਨਹੀਂ ਰਹਿੰਦਾ ਸੀ ਕਿ ਘਰ ਵਿਚ ਮਾਂ ਤਾਂ ਮੇਰਾ ਇੰਤਜ਼ਾਰ ਕਰ ਰਹੀ ਹੈ। ਕਦੇ ਕਦੇ ਮਾਂ ਦਾ ਹੱਥ ਇਕ ਚਪੇੜ ਦੀ ਸ਼ਕਲ ਵਿਚ ਉਠਦਾ ਜ਼ਰੂਰ ਲੇਕਿਨ ਮੈਂ ਹਮੇਸ਼ਾ ਹੀ ਬਚ ਜਾਂਦਾ ਸੀ। ਮੇਰਾ ਵੱਡਾ ਭਰਾ ਮੈਨੂੰ ਹਮੇਸ਼ਾ ਹੀ ਪੜਨ ਲਈ ਜ਼ੋਰ ਪਾਉਂਦਾ ਲੇਕਿਨ ਪੜਨ ਵਿਚ ਮੈਂ ਬਹੁਤ ਹੁਸ਼ਿਆਰ ਤਾਂ ਨਹੀਂ ਸੀ ਲੇਕਿਨ ਆਲੇ ਦੁਆਲੇ ਦੇ ਚੌਗਿਰਦੇ ਦਾ ਮੇਰੇ ਤੇ ਬਹੁਤ ਅਸਰ ਹੋਇਆ ਤੇ ਮੇਰਾ ਰੁਝਾਨ ਪੜਾਈ ਵਲ ਲੱਗ ਗਿਆ, ਮੇਰੇ ਸਾਰੇ ਭੈਣਾਂ ਭਰਾ ਪੜੇ-ਲਿਖੇ ਸਨ। ਮੇਰੀ ਇਕ ਭੈਣ ਜੋ ਉਮਰ ਵਿਚ ਮੈਥੋਂ ਵੱਡੀ ਸੀ ਮੇਰਾ ਉਸ ਨਾਲ ਬਹੁਤ ਪਿਆਰ ਹੁੰਦਾ ਸੀ। ਇਸ ਦੇ ਨਾਲ ਨਾਲ ਮੈਂ ਸ਼ਰਾਰਤੀ ਬਹੁਤ ਹੁੰਦਾ ਸੀ। ਜਦੋਂ ਮੇਰੀ ਕੋਈ ਸ਼ਰਾਰਤ ਉਸ ਨੂੰ ਨਾਂ ਪਸੰਦ ਆਉਦੀ ਤੇ ਉਹ ਮੈਨੂੰ ਕੁਟਦੀ ਵੀ ਹੁੰਦੀ ਸੀ। ਅੱਜ ਭੈਣ ਦੇ ਗੁੱਸੇ ਤੇ ਪਿਆਰ ਦੀਆਂ ਚਪੇੜਾਂ ਦੀ ਯਾਦ ਆਉਂਦੀ ਹੈ ਹਮੇਸ਼ਾ ਦਿਲ ਹੀ ਦਿਲ ਵਿਚ ਕਹਿੰਦਾ ਹਾਂ ਕਿ ਕਾਸ਼ ! ਅਸੀਂ ਕਦੀ ਵੱਡੇ ਨਾ ਹੁੰਦੇ, ਭੈਣ ਕੁਟਦੀ ਰਹਿੰਦੀ ਤੇ ਮੈਂ ਕੁੱਟ ਮਾਰ ਸਹਿੰਦਾ ਰਹਿੰਦਾ। ਉਸ ਕੁੱਟ ਮਾਰ, ਚਪੇੜਾਂ ਵਿਚ ਵੀ ਇਕ ਅਥਾਹ ਦਿਲੀ ਪਿਆਰ ਸੀ ਜੋ ਅੱਜ ਮੈਨੂੰ ਕਿਤੋਂ ਵੀ ਮਿਲ ਨਹੀਂ ਸਕਦਾ ਤੇ ਮੈ ਹਮੇਸ਼ਾ ਹੀ ਉਸ ਵੇਲੇ ਨੂੰ ਯਾਦ ਕਰ ਕਰ ਕੇ ਅੱਖਾਂ ਚੋਂ ਦੋ ਹੰਝੂ ਕੇਰ ਲੈਂਦਾ ਹਾਂ। ਜਦੋਂ ਮਾਂ ਵਿਹੜੇ ਵਿਚ ਚਰਖਾ ਡਾਹ ਕੇ ਕੱਤਣ ਲਗਦੀ ਤਾਂ ਮੈਂ ਉਸ ਦੇ ਆਲੇ ਦੁਆਲੇ ਆਪਣੇ ਖੇਡਣ ਦਾ ਪ੍ਰਬੰਧ ਕਰਨ ਲਗ ਪੈਂਦਾ। ਮਾਂ ਮੈਨੂੰ ਹਮੇਸ਼ਾ ਕਹਿੰਦੀ ਰਹਿੰਦੀ ਕਿ ਚਰਖੇ ਤੋਂ ਦੂਰ ਰਿਹਾ ਕਰ। ਮੈਂ ਕਈ ਵਾਰੀ ਮਾਂ ਦੇ ਕੋਲ ਬੈਠ ਕੇ ਚਰਖਾ ਗੇੜਨ ਲੱਗ ਪੈਂਦਾ ਤੇ ਜ਼ੋਰ ਜ਼ੋਰ ਦੀ ਖਾਲੀ ਘੁਮਾਈ ਜਾਂਦਾ। ਮਾਂ ਦੇ ਚਰਖਾ ਕੱਤਣ ਦੇ ਕੰਮ ਵਿਚ ਰੁਕਾਵਟ ਜ਼ਰੂਰ ਪੈਂਦੀ ਲੇਕਿਨ ਮਾਂ ਗੁੱਸੇ ਕਦੇ ਨਹੀਂ ਸੀ ਹੁੰਦੀ ਸਗੋਂ ਪਿਆਰ ਨਾਲ ਪੁਤ ਬੱਚਾ ਕਹਿਕੇ ਪਰੇ ਕਰ ਦਿੰਦੀ ਸੀ ਤੇ ਮੈਨੂੰ ਪਤਾ ਵੀ ਨਹੀਂ ਸੀ ਲਗਦਾ ਹੁੰਦਾ। ਕਿੱਡਾ ਵੱਡਾ ਮਾਂ ਦਾ ਜੇਰਾ ਸੀ। ਮਾਂ ਕਦੇ ਕਦੇ ਸਾਗ ਜਾਂ ਸਬਜ਼ੀ ਵਿਚ ਕੜਛੀ ਫੇਰਨ ਦੇ ਬਹਾਨੇ ਉਠ ਕੇ ਜਾਂਦੀ ਤੇ ਮੈਂ ਝੱਟ ਦੇਣੀ ਉਸ ਦੀ ਪੀਹੜੀ ਤੇ ਬੈਠਦਾ ਤੇ ਚਰਖਾ ਜ਼ੋਰ ਜ਼ੋਰ ਦੀ ਘੁਮਾਉਣ ਲਗ ਪੈਂਦਾ ਜਿਸਦੀ ਘੂਕਰ ਦੂਰ ਦੂਰ ਤਕ ਸੁਣਦੀ ਸੀ। ਜਦੋਂ ਮਾਂ ਮੁੜ ਕੇ ਆਉਂਦੀ ਤਾਂ ਉਸ ਦੇ ਚਿਹਰੇ ਦਾ ਗੁੱਸਾ ਦੇਖ ਮੈਂ ਦੌੜ ਕੇ ਦੂਰ ਜਾ ਕੇ ਖੜਾ ਹੋ ਜਾਂਦਾ। ਫਿਰ ਮਾਂ ਨੇ ਸੁਭਾਅ ਸ਼ਾਂਤ ਕਰਕੇ ਹੌਲੀ ਜਿਹਾ ਕਹਿਣਾ ਆਜਾ ਹੁਣ ਬਹਿ ਜਾ ਕੋਲ ਆ ਕੇ। ਅੱਗੋਂ ਤੋਂ ਚਰਖੇ ਨੂੰ ਹੱਥ ਨਾ ਲਾਈਂ, ਮੈਂ ਹੂੰ ਕਹਿ ਦੇਂਦਾ ਸੀ। ਦੁਪਹਿਰ ਢੱਲਣ ਤੋਂ ਬਾਅਦ ਮਾਂ ਖੇਤਾਂ ਵੱਲ ਮੱਝ ਲਈ ਪੱਠੇ ਲੈਣ ਜਾਂਦੀ ਤੇ ਮੈਂ ਵੀ ਉਸ ਨਾਲ ਚਲਾ ਜਾਂਦਾ। ਖੇਤਾਂ ਵਿਚ ਜਾ ਕੇ ਵੀ ਮੈਂ ਅਕਸਰ ਖੇਡਦਾ ਹੀ ਰਹਿੰਦਾ ਸੀ ਤੇ ਮਾਂ ਹਮੇਸ਼ਾ ਉਚੀ ਉਚੀ ਆਵਾਜ਼ ਮਾਰ ਕੇ ਮੈਨੂੰ ਬੁਲਾਉਂਦੀ ਤੇ ਅਸੀਂ ਦੋਵੇਂ ਖੁਸ਼ੀ ਖੁਸ਼ੀ ਹਵੇਲੀ ਵਾਪਸ ਆ ਜਾਂਦੇ। ਦਿਨ ਬੀਤਦੇ ਜਾਂਦੇ ਨੇ ਲੇਕਿਨ ਮਾਂ ਦੇ ਨਾਲ ਬਚਪਨ ਦੀਆਂ ਅਭੁਲ ਯਾਦਾਂ ਅਜੇ ਵੀ ਮੇਰਾ ਖਹਿੜਾ ਨਹੀਂ ਛੱਡਦੀਆਂ ਜਿਨਾਂ ਨੂੰ ਮੈਂ ਆਪਣੇ ਉਪਰ ਹੰਡਾਇਆ ਸੀ। ਬਹੁਤ ਵਾਰੀ ਉਹ ਯਾਦਾਂ ਅਜੇ ਵੀ ਦਿਲ ਨੂੰ ਆ ਟੁੰਬਦੀਆਂ ਨੇ ਤੇ ਮੈਂ ਅਕਸਰ ਉਨਾਂ ਯਾਦਾਂ ਵਿਚ ਗੁਆਚ ਜਾਂਦਾ ਹਾਂ। ਕਾਸ਼ ! ਕਦੇ ਉਹ ਦਿਨ ਫਿਰ ਮੁੜ ਆਵਣ। ਕਾਸ਼ !! ਕਦੇ ਉਹ ਦਿਨ ਫਿਰ ਮੁੜ ਆਵਣ।

# ਸਮੇਂ ਦੀ ਲੋੜ ਬੱਚਿਆਂ ਨਾਲ ਦੋਸਤੀ ਰਖਣਾ

**ਕੁਲਵਿੰਦਰ ਕੌਰ**

ਯੁੱਗਾਂ ਵੱਲ ਝਾਤੀ ਮਾਰੀਏ ਤਾਂ ਇਹ ਪ੍ਰਤੀਤ ਹੁੰਦਾ ਹੈ ਕਿ ਵਰਤਮਾਨ ਯੁੱਗ ਸਭ ਤੋਂ ਕਠਿਨ ਅਤੇ ਗੁੰਝਲਦਾਰ ਹੈ। ਇਹ ਸੰਤਾਪ ਹਰ ਇਕ ਵਰਕ ਨੂੰ ਹੰਢਾਉਣਾ ਪੈ ਰਿਹਾ ਹੈ। ਵੱਡਿਆਂ ਦੇ ਨਾਲ-ਨਾਲ ਬੱਚੇ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਅਜੋਕੇ ਦੌਰ ਵਿਚ ਨਸ਼ਿਆਂ ਦਾ ਵਧ ਰਿਹਾ ਰੁਝਾਨ, ਨਿਰਾਸ਼ਾ, ਆਤਮ ਹੱਤਿਆਵਾਂ ਇਸੇ ਹੀ ਔਖੀ ਘੜੀ ਦਾ ਨਿਚੋੜ ਹਨ। ਜੇਕਰ ਅਸੀਂ ਇਕੱਲੇ ਭਾਰਤ ਦੇ ਅੰਕੜਿਆਂ ਵੱਲ ਵੀ ਝਾਤੀ ਮਾਰੀਏ ਤਾਂ ਨਸ਼ਿਆਂ ਵੱਲ ਵਧਦੇ ਬੱਚਿਆਂ ਦੀ ਗਿਣਤੀ ਡੇਢ ਕਰੋੜ ਤੋਂ ਵੀ ਵਧ ਢੁੱਕੀ ਹੈ। ਪਰ ਇਨਾਂ ਸਮੱਸਿਆਵਾਂ ਦਾ ਸਿਹਰਾ ਸਿਰਫ਼ ਇਕ ਦੋ ਤੱਤਾਂ ਨੂੰ ਦੇ ਕੇ ਅਸੀਂ ਫਾਰਗ ਨਹੀਂ ਹੋ ਸਕਦੇ। ਬੱਚਿਆਂ ਦਾ ਅਜਿਹੀਆਂ ਬੁਰੀਆਂ ਆਦਤਾਂ ਵੱਲ ਵਧਣ ਦਾ ਸਭ ਤੋਂ ਵੱਡਾ ਕਾਰਨ ਮਾਨਸਿਕਤਾ ਨਾਲ ਜੁੜਿਆ ਹੈ। ਅਜਿਹੀਆਂ ਭਵਿੱਖ ਉਜਾੜੂ ਲਾਹਨਤਾਂ ਵੱਲ ਉਹ ਉਦੋਂ ਹੀ ਰੁਖ ਕਰਦੇ ਹਨ ਜਦੋਂ ਉਨਾਂ ਨੂੰ ਛੋਟੀਆਂ ਨਿਰਾਸ਼ਾਵਾਂ ਨੂੰ ਮੋੜਾ ਦੇਣ ਲਈ ਕਿਤੋਂ ਭਾਵਨਾਤਮਿਕ ਸਹਾਇਤਾ ਦੀ ਕਮੀ ਮਹਿਸੂਸ



ਹੁੰਦੀ ਹੈ। ਇਸ ਭਾਵਨਾਤਮਿਕ ਸਹਾਇਤਾ ਵਿਚ ਮਾਪਿਆਂ ਦਾ ਕਿਰਦਾਰ ਸਭ ਤੋਂ ਅਹਿਮ ਹੈ ਕਿਉਂਕਿ ਉਹ ਸਭ ਤੋਂ ਪਹਿਲਾਂ ਬੱਚੇ ਦੇ ਸੰਪਰਕ ਵਿਚ ਆਉਂਦੇ ਹਨ। ਬੈਬ ਕਿਸਾਨ ਨੇ ਸਹੀ ਹੀ ਕਿਹਾ ਹੈ ਮਾਪਿਆਂ ਤੋਂ ਵੱਧ ਕੋਈ ਵੀ ਬਾਹਰੀ ਵਿਅਕਤੀ ਜਾਂ ਬਾਹਰੀ ਸ਼ਕਤੀ ਬੱਚਿਆਂ ’ਤੇ ਵਧੇਰੇ ਅਸਰ ਨਹੀਂ ਕਰ ਸਕਦੀ। ਇਸ ਲਈ ਬੱਚਿਆਂ ਦੀ ਸ਼ੁਰੂ ਤੋਂ ਹੀ ਅਜਿਹੇ ਮਾਹੌਲ ਵਿਚ ਪਰਵਰਿਸ਼ ਕਰਨੀ ਚਾਹੀਦੀ ਹੈ ਕਿ ਉਨਾਂ ਨੂੰ ਕੋਈ ਵੀ ਗੱਲ ਜਾਂ ਪ੍ਰੇਸ਼ਾਨੀਆਂ ਮਾਪਿਆਂ ਨਾਲ ਸਾਂਝੀ ਕਰਨ ਤੋਂ ਹਿਚਕਿਚਾਹਟ ਨਾ ਹੋਵੇ।

ਹੁਣ ਸਵਾਲ ਇਹ ਉੱਠਦਾ ਹੈ ਕਿ ਇਹ ਆਦਤ ਪਵੇਗੀ ਕਿਸ ਤਰਾਂ। ਇਸ ਦਾ ਜਵਾਬ ਵੀ ਅਸੀਂ ਆਪ ਹੀ ਲੱਭਣਾ ਹੈ ਅਤੇ ਪਰ ਅੱਜ ਦੀ ਰੁੱਝੀ ਸਮਾਂ ਸੂਚੀ ਵਿਚੋਂ ਇਹ ਕਰਨਾ ਆਸਾਨ ਨਹੀਂ ਹੈ। ਪਰ ਫਿਰ ਵੀ ਜੇ ਅਸੀਂ ਕੋਸ਼ਿਸ਼ ਕਰੀਏ ਤਾਂ ਇਸ ਵਾਸਤੇ ਸਮਾਂ ਸਾਨੂੰ ਸ਼ਾਮ ਦੀ ਚਾਹ ਦੇ ਮੇਜ਼ ਜਾਂ ਰਾਤ ਦੇ ਖਾਣੇ ਦੇ ਮੇਜ਼ ’ਤੇ ਲੱਭ ਸਕਦਾ ਹੈ। ਅਸੀਂ ਨੇਮ ਨਾਲ ਇਕੱਠੇ ਬੈਠ ਕੇ ਦਿਨ ਦੀਆਂ ਸਾਰੀਆਂ ਗਤੀਵਿਧੀਆਂ ਸਾਂਝੀਆਂ ਕਰ ਸਕਦੇ ਹਾਂ ਅਤੇ ਬੱਚਿਆਂ ਨੂੰ ਵੀ ਪੁੱਛ ਸਕਦੇ ਹਾਂ। ਅਜਿਹਾ ਕਰਨ ਨਾਲ ਉਨਾਂ ਦੀ ਵੀ ਛੋਟੀਆਂ-ਛੋਟੀਆਂ ਸਮੱਸਿਆਵਾਂ ਦੱਸਣ ਦੀ ਆਦਤ ਬਣ ਜਾਵੇਗੀ ਅਤੇ ਉਨਾਂ ਸਮੱਸਿਆਵਾਂ ਦਾ ਹੱਲ ਵੀ ਪਰਿਵਾਰ ਵਿਚੋਂ ਹੀ ਲੱਭ ਜਾਵੇਗਾ। ਇਹੀ ਆਦਤ ਉਨਾਂ ਦੀ ਜ਼ਿੰਦਗੀ ਭਰ ਚੱਲਦੀ ਰਹੇਗੀ ਅਤੇ ਗ਼ਲਤ ਰਾਹੇ ਜਾਣ ਦੇ ਮੌਕੇ ਬਹੁਤ ਘੱਟ ਰਹਿ ਜਾਣਗੇ।

ਸੋ, ਸਮੇਂ ਦੀ ਲੋੜ ਹੈ ਘਰ ਵਿਚ ਅਜਿਹਾ ਦੋਸਤਾਨਾ ਮਾਹੌਲ ਕਾਇਮ ਕਰਨਾ ਕਿਉਂਕਿ ਅਜਿਹੇ ਮਾਹੌਲ ਦੀ ਘਰ ਵਿਚ ਘਾਟ ਹੋਣ ਕਰਕੇ ਬੱਚੇ ਇਹ ਕਮੀ ਕਿਤੋਂ ਹੋਰ ਪੂਰੀ ਕਰਨ ਲਗਦੇ ਹਨ। ਇਸ ਦਾ ਸਮਾਜ ਦੇ ਸ਼ਰਾਰਤੀ ਅਨਸਰ ਗ਼ਲਤ ਫ਼ਾਇਦਾ ਚੁੱਕਦੇ ਹਨ ਅਤੇ ਬੱਚੇ ਅੱਗੇ ਜਾ ਕੇ ਨਸ਼ੇ ਵਰਗੀਆਂ ਲਾਹਨਤਾਂ ਵਿਚ ਪੈ ਜਾਂਦੇ ਹਨ। ਬਸ ਧਿਆਨ ਇਸ ਗੱਲ ਦਾ ਰੱਖਣਾ ਹੈ ਕਿ ਇਸ ਦੋਸਤਾਨਾ ਮਾਹੌਲ ਵਿਚ ਬੱਚਿਆਂ ਦਾ ਵੱਡਿਆਂ ਪ੍ਰਤੀ ਆਦਰ ਬਿਲਕੁਲ ਵੀ ਸੂਲੀ ’ਤੇ ਨਾ ਚੜੇ ਅਤੇ ਉਨਾਂ ਦੇ ਮਾਪਿਆਂ ਪ੍ਰਤੀ ਸਤਿਕਾਰ ਵਿਚ ਕੋਈ ਵੀ ਕਮੀ ਨਾ ਆਵੇ।

# ਸਾਡਾ ਅਮੀਰ ਬਚਪਨ

**ਰਾਜਵਿੰਦਰ ਕੌਰ ਵੜਿੰਗ**

ਕਦੇ ਮੁੱਠ ਮੁੱਠ ਆਟੇ ਪਿੱਛੇ ਪਿੰਡਾਂ ਵਿੱਚ ਘਰ ਘਰ ਰੰਗ-ਬਿਰੰਗੀਆਂ ਭੰਬੀਰੀਆਂ ਵੇਚਣ ਵਾਲੀਆਂ ਆਇਆ ਕਰਦੀਆਂ ਸਨ । ਜਦੋਂ ਘਰ ਦੇ ਬੂਹੇ ਮੂਹਰੇ ਆ ਕੇ ਰੰਗ ਬਿਰੰਗੇ ਗੱਤੇ ਨਾਲ ਬਣਾਏ ਡਮਰੂ ਵਜਾਉਣੇ ਤਾਂ ਟਕ ਟਕ ਦੀ ਆਵਾਜ਼ ਸੁਣ ਜੁਆਕਾਂ ਨੇ ਗਲੀ ਵੱਲ ਨੂੰ ਭੰਬੀਰੀਆਂ ਤੇ ਡਮਰੂ ਲੈਣ ਭੱਜ ਤੁਰਨਾ ।

ਕਿਸੇ ਨੇ ਮੁੱਠ ਆਟਾ ਪਾਉਣਾ ਤੇ ਕਿਸੇ ਨੇ ਕੌਲੀ .. ।

ਪਰ ਭੰਬੀਰੀਆਂ ਸਾਰੇ ਜੁਆਕਾਂ ਨੇ ਲੈ ਲੈਣੀਆਂ । ਸਾਰਾ ਦਿਨ ਟਕ ਟਕ ਦੀ ਆਵਾਜ ਦਿੰਦਾ ਡਮਰੂ ਤੇ ਵਿਹੜੇ ਵਿੱਚ ਹੀ ਭੱਜ ਭੱਜ ਕੇ ਭੰਬੀਰੀਆਂ ਨੂੰ ਚਲਾਉਣਾ ...ਅੰਤਾਂ ਦੀ ਖ਼ੁਸ਼ੀ ਦਿੰਦਾ ਸੀ ।

ਜੇ ਨਾਨੀਆਂ ਦਾਦੀਆਂ ਮਾਵਾਂ ਨੇ ਵਿਹੜਿਆਂ ਵਿੱਚ ਚੁੱਲੇ ਚੌਂਤੇ ਲਿੱਪਣੇ ਤਾਂ ਬੱਚਿਆਂ ਨੇ ਢੇਰ ਸਾਰੇ ਨਿੱਕੇ ਨਿੱਕੇ ਮਿੱਟੀ ਦੇ ਭਾਂਡੇ ਬਣਾ ਲੈਣੇ ।

ਕਦੇ ਜੁਆਕਾਂ ਨੂੰ ਨਾਨੀਆਂ ਦਾਦੀਆਂ ਝਿੜਕਾਂ ਨਹੀਂ ਸਨ ਦਿੰਦੀਆਂ ਤੇ ਜੁਆਕ ਮਿੱਟੀ ਵਿੱਚ ਖ਼ੂਬ ਮਸਤੀ ਕਰਦੇ ਸਨ । ਮਿੱਟੀ ਦੇ ਬਣਾਏ ਢੇਰ ਸਾਰੇ ਭਾਂਡਿਆਂ ਨਾਲ ਜੁਆਕ ਰਲ ਕੇ ਘਰ-ਘਰ ਖੇਡਦੇ । ਇੰਝ ਹੀ ਬੱਚਿਆਂ ਨੂੰ ਰਸੋਈ ਨਾਲ ਪਿਆਰ ਬਣ ਜਾਂਦਾ ਸੀ ਤੇ ਸੁਚੱਜਤਾ ਆ ਜਾਂਦੀ ਸੀ ।

ਜਿਹੜਾ ਵੀ ਕੰਮ ਘਰਦੀਆਂ ਔਰਤਾਂ ਛੋਹਦੀਆਂ, ਘਰ ਦੇ ਜੁਆਕ ਪੂਰੇ ਧਿਆਨ ਨਾਲ ਉਸ ਵਿੱਚ ਹੱਥ ਮਾਰਦੇ ਆਪਣੇ ਵਿੱਤ ਮੁਤਾਬਿਕ ਹਿੱਸਾ ਪਾਉਂਦੇ...। ਨਾਨੀਆਂ ਦਾਦੀਆਂ ਕਦੇ ਕਾਹਲੀਆਂ ਨਹੀਂ ਸਨ ਪੈਂਦੀਆਂ...।

ਜੇ ਘਰ ਸੇਵੀਆਂ ਵੱਟਣੀਆਂ ਤਾਂ ਜੁਆਕਾਂ ਨੇ ਭੱਜ ਭੱਜ ਕੇ ਸੇਵੀਆਂ ਸੁੱਕਣੀਆਂ ਪਾਉਣੀਆਂ..। ਕਦੇ ਮਸ਼ੀਨ ਵਿੱਚ ਪੇੜਾ ਧੱਕਣਾ ਤੇ ਕਦੇ ਘੋੜੀ ਗੇੜਨ ਲੱਗ ਜਾਣਾ।

ਵਿਹੜੇ ਵਿੱਚ ਮੰਜਿਆਂ ਨੂੰ ਮੂਧੇ ਮਾਰ ਕੇ ਰੱਸੀਆਂ ਤੇ ਸੁੱਕਣੀਆਂ ਪਾਈਆਂ ਸੇਵੀਆਂ ਬਹੁਤ ਆਨੰਦ ਦਿੰਦੀਆਂ..। ਜੇ ਕਿਤੇ ਇੱਲਤਾਂ ਕਰਦੇ ਜੁਆਕ ਸੇਵੀਆਂ ਤੋੜ ਦਿੰਦੇ ਤਾਂ ਦਾਦੀਆਂ ਮੋਹ ਭਿੱਜੀਆਂ ਗਾਲਾਂ ਕੱਢਦੀਆਂ ਕਹਿੰਦੀਆਂ..।

'ਖਸਮਾਂ ਨੂੰ ਖਾਣਿਓ, ਕਿਉਂ ਮਾਵਾਂ ਨੂੰ ਤੋੜੀ ਜਾਨੇ ਆਂ'

ਤਾਂ ਜੁਆਕਾਂ ਨੇ ਹਿੜ ਹਿੜ ਕਰਦਿਆਂ ਮੂਹਰੇ ਭੱਜ ਪੈਣਾ ਤੇ ਫਿਰ ਕੋਲ ਆ ਬਹਿਣਾ...ਸੱਚ ਵਿੱਚ ਹੀ ਨਵੇਂ ਕੰਮਾਂ ਨੂੰ ਵੇਖ ਚਾਅ ਚੜ ਜਾਂਦਾ ਤੇ ਪਤਾ ਨਾ ਲੱਗਦਾ...ਕਦੋਂ ਕੰਮ ਨੇਪਰੇ ਚੜ ਜਾਂਦੇ।

ਕਦੇ ਮਾਮੀਆਂ ਮਾਸੀਆਂ ਨੇ ਦਰੀਆਂ ਲਈ ਸੂਤ ਰੰਗਣਾ, ਕਦੇ ਚਰਖੇ ਤੇ ਨੜੇ ਵੱਟਣੇ ਤੇ ਫਿਰ ਖੇਸਾਂ ਲਈ ਤਾਣਾ ਤਣਨਾ...। ਸਾਰਾ ਦਿਨ ਸਲਾਈਆਂ ਤੇ ਘੁੰਮਦੇ ਨੜੇ ਤੇ ਤਾਣਾ ਤਣਦੀਆਂ ਮਾਸੀਆਂ ਨਾਲ ਭੱਜੇ ਫਿਰਨਾ। ਕਦੇ ਤਾਣਾ ਟੱਪ ਟੱਪ ਧਾਗੇ ਤੋੜ ਦੇਣੇ ਤੇ ਕਦੇ ਕਾਨੇ ਪੱਟ ਸੁੱਟਣੇ...।

ਕਦੇ ਥਕਾਵਟ ਨਹੀਂ ਸੀ, ਹੁੰਦੀ ਸਗੋਂ ਚਾਅ ਚਾਅ ਨਾਲ ਕੰਮ ਵੀ ਸਿੱਖ ਲੈਂਦੇ। ਘਰਾਂ ਵਿੱਚ ਨਾਲੇ ਬੁਣਨੇ, ਚਰਖਾ ਕੱਤਣਾ, ਦਰੀਆਂ ਖੇਸ ਬਣਾਉਣੇ, ਚਾਦਰਾਂ ਕੱਢਣੀਆਂ, ਟੋਕਰੀਆਂ, ਛਿੱਕੂ, ਪੱਖੀਆਂ ਬਣਾਉਣੇ ਹਰ ਘਰ ਵਿੱਚ ਆਮ ਜਿਹੀ



ਗੱਲ ਸੀ..। ਪਰ ਕਦੇ ਇਹ ਨਹੀਂ ਸੋਚਿਆ ਸੀ ਕਿ ਇਹ ਕੰਮ ਬਹੁਤ ਜਲਦੀ ਸਾਡੇ ਘਰਾਂ ਵਿੱਚੋਂ ਅਲੋਪ ਹੋ ਜਾਣਗੇ ।

ਕਦੇ ਕਦੇ ਨਾਨੀ ਦਾਦੀ ਨੇ ਮਾੜਚੂ ਜਿਹੇ ਜੁਆਕ ਨੂੰ ਚਰਮਖ ਕਹਿ ਕੇ ਬੁਲ਼ਾਉਣਾ ਤੇ ਕਿਤੇ ਗੁੰਦਵੇਂ ਜਿਹੇ ਬੱਚੇ ਨੂੰ ਦਮਕੜਾ ਕਹਿ ਕੇ ਸੰਬੋਧਨ ਕਰਨਾ.. ਕਦੇ ਇੱਲਤੀ ਜੁਆਕ ਨੂੰ 'ਤੱਕਲੇ ਵਾਂਗ ਸਿੱਧਾ ਕਰਦੂ' ਕਹਿ ਕੇ ਝਿੜਕਣਾ ਤੇ ਕਦੇ ਲਾਡ ਨਾਲ 'ਕੀ ਕਰਦਾ ਮੁੰਨਾ ਜਿਹਾ' ਕਹਿਣਾ..। (ਮੁੰਨਾ ਚਰਖੇ ਦਾ ਅੰਗ)

ਘਰਾਂ ਦੀਆਂ ਰੌਣਕਾਂ ਤੇ ਵਿਆਹ ਵਾਂਗ ਬੀਤਦੇ ਦਿਨ ਹਰ ਵਕਤ ਖਿੜੇ ਰਹਿਣ ਦੀ ਬਾਤ ਪਾਉਂਦੇ ਸਨ। ਕਦੇ ਵੀ ਘਰਾਂ ਵਿੱਚ ਟੈਨਸ਼ਨ, ਲਾਲਚ, ਲੜਾਈ ਜਾਂ ਮਤਲਬੀ ਰਿਸ਼ਤਿਆਂ ਦੇ ਨਾਮੋ ਨਿਸ਼ਾਨ ਨਹੀਂ ਸਨ ਹੁੰਦੇ।

ਜੁਆਕਾਂ ਨੂੰ ਮਾਂ ਤਾਈ ਚਾਚੀ ਮਾਸੀ ਮਾਮੀ ਵਿੱਚ ਤੇਰ ਮੇਰ ਦਾ ਭੋਰਾ ਫਰਕ ਨਹੀਂ ਪਤਾ ਹੁੰਦਾ ਸੀ । ਇੱਕ ਕੌਲੀ ਵਿੱਚ ਘਰ ਦੇ ਸਾਰੇ ਜੁਆਕ ਬਹਿ ਰੋਟੀ ਖਾ ਲੈਂਦੇ ਸਨ।

ਜਿਉਂ ਜਿਉਂ ਪੜਾਈ ਦਾ ਪੱਲਾ ਫੜਦੇ ਗਏ, ਘਰਾਂ ਵਿੱਚ ਕੈਦ ਹੁੰਦੇ ਗਏ। ਸਹਿਣਸ਼ੀਲਤਾ ਤੇ ਸਬਰ ਸਿਦਕ ਗੁਆਚਦੇ ਗਏ, ਪਰਿਵਾਰ ਟੁੱਟਦੇ ਹੋਏ ਛੋਟੇ ਹੁੰਦੇ ਗਏ ਤੇ ਸਦਾ ਲਈ ਸਕੂਨ ਗੁਆ ਕੇ ਲਾਲਚਾਂ, ਵਿਖਾਵਿਆਂ ਦੀ ਦਲ ਦਲ ਵਿੱਚ ਬੁਰੀ ਤਰਾਂ ਫਸਦੇ ਸਦਾ ਲਈ ਚੈਨ ਖੋਹ ਬੈਠੇ।

ਜਦੋਂ ਕਦੇ ਮਨ ਬੀਤੇ ਜਮਾਨੇ ਦੇ ਹੰਢਾਏ ਸਵਰਗੀ ਪਲਾਂ ਦੀ ਉਡਾਰੀ ਭਰਦਾ ਹੈ ਤਾਂ ਉਹ ਅਣਮੁੱਲੇ ਰਿਸ਼ਤੇ ਤੇ ਘਰਾਂ ਦੀਆਂ ਰੌਣਕਾਂ ਯਾਦ ਕਰ ਪਛਤਾਵੇ ਦੇ ਹੰਝੂ ਵਹਾਉਂਦਾ ਅਰਦਾਸ ਕਰਦਾ ਹੈ ਕਿ ਕਾਸ਼ ਕਾਸ਼! ਉਹ ਵਕਤ ਵਾਪਿਸ ਆ ਜਾਵੇ।

ਸੋਚਣਾ ਆਧੁਨਿਕ ਹੋ ਕੇ ਅਸੀਂ ਕੀ ਖੱਟਿਆ ਤੇ ਕੀ ਗਵਾਇਆ ?

ਕਿੱਡਾ ਅਮੀਰ ਵਿਰਸਾ ਕੁਝ ਕੁ ਸਾਲਾਂ ਵਿੱਚ ਆਪਣੇ ਹੱਥੀਂ ਵਿਸਾਰ ਕੇ ਪਛਤਾਵੇ ਦੀ ਬਾਤ ਪਾਉਂਦਾ ਸਵਾਲ ਬਣਿਆ ਸਾਡੇ ਤੋਂ ਸਦਾ ਜਵਾਬ ਮੰਗਦਾ ਰਹੇਗਾ।

---

# ਮਹਾਂ-ਮੂਰਖ

## ਰੂਸੀ ਬਾਲ ਕਹਾਣੀ

**ਅਨੁਵਾਦਕ : ਸ. ਸ. ਰਮਲਾ, ਸੰਗਰੂਰ**

ਪਿਆਰੇ ਬੱਚਿਓ! ਬਹੁਤ ਪੁਰਾਣੇ ਸਮੇਂ ਦੀ ਗੱਲ ਹੈ, ਕਿਸੇ ਰਾਜ ਦੇ ਇੱਕ ਪਿੰਡ ਵਿੱਚ ਇੱਕ ਗ਼ਰੀਬ ਪਰਿਵਾਰ ਰਹਿੰਦਾ ਸੀ। ਪਰਿਵਾਰ ਦਾ ਮੁਖੀਆ ਮਿਹਨਤ-ਮਜ਼ਦੂਰੀ ਕਰਕੇ ਗੁਜ਼ਾਰਾ ਕਰਦਾ ਸੀ । ਔਲਾਦ ਦੇ ਨਾਂ 'ਤੇ ਉਸਦੇ ਘਰ ਇੱਕ ਪੁੱਤਰ ਅਤੇ ਧੀ ਸੀ ਤੇ ਦੋਵੇਂ ਹੀ ਵਿਆਹੇ ਹੋਏ ਸਨ। ਘਰ ਦਾ ਮੁਖੀਆ ਜਿੱਥੇ ਦਿਨ-ਰਾਤ ਮਿਹਨਤ ਕਰਦਾ ਸੀ, ਉੱਥੇ ਉਸਦਾ ਪੁੱਤਰ ਸਿਰੇ ਦਾ ਨਿਕੰਮਾ ਅਤੇ ਆਲਸੀ ਸੀ । ਜਦੋਂ ਦੀ ਉਸਦੀ ਸੁਰਤ ਸੰਭਲੀ ਸੀ, ਉਸਨੇ ਕਦੇ ਡੱਕਾ ਦੂਹਰਾ ਕਰਕੇ ਨਹੀਂ ਸੀ ਵੇਖਿਆ । ਉਹ ਬਿਨਾਂ ਨਾਤੇ-ਧੋਤੇ ਜੰਗਲ ਵੱਲ ਨਿਕਲ ਜਾਂਦਾ ਤੇ ਸਾਰੀ ਦਿਹਾੜੀ ਬੇਰੀਆਂ ਦੇ ਬੇਰ ਆਦਿ ਖਾਂਦਾ ਰਹਿੰਦਾ ਤੇ ਮੂੰਹ-ਹਨੇਰੇ ਹੀ ਘਰ ਵੜਦਾ । ਜਦੋਂ ਵੀ ਕਦੇ ਉਸਦਾ ਪਿਤਾ ਉਸਨੂੰ ਕੋਈ ਕੰਮ-ਧੰਦਾ ਕਰਨ ਲਈ ਕਹਿੰਦਾ ਤਾਂ ਉਹ ਘੜਿਆ-ਘੜਾਇਆ ਬੱਸ ਇੱਕੋ ਜਵਾਬ ਹੀ ਦਿੰਦਾ ਕਿ ਮੈਂ ਤਾਂ ਬਿਨਾਂ ਹੱਥ ਹਿਲਾਇਆਂ ਹੀ ਅਮੀਰ ਬਣਨਾ ਹੈ ।

ਇੰਜ ਦਿਨ ਬਤੀਤ ਹੁੰਦੇ ਗਏ, ਪਰਿਵਾਰ ਦਾ ਮੁਖੀਆ ਇੱਕ ਦਿਨ ਅਚਾਨਕ ਅਕਾਲ ਚਲਾਣਾ ਕਰ ਗਿਆ। ਬਜ਼ੁਰਗ ਪਿਤਾ ਦੀਆਂ ਅੰਤਿਮ ਰਸਮਾਂ ਕਰਨ ਤੋਂ ਬਾਅਦ ਹੁਣ ਉਸਦੀ ਘਰ ਵਾਲੀ ਉਸਨੂੰ ਕੋਈ ਕੰਮ-ਕਾਰ ਕਰਕੇ ਪੈਸਾ ਕਮਾ ਕੇ ਲਿਆਉਣ ਲਈ ਕਹਿੰਦੀ, ਪ੍ਰੰਤੂ ਉਹ ਆਪਣੀ ਅੜੀ ਤੋਂ ਟੱਸ ਤੋਂ ਮੱਸ ਨਾ ਹੁੰਦਾ। ਉਸਦੀ ਘਰਵਾਲੀ ਉਸ ਨੂੰ ਕੰਮ ਕਰਨ ਲਈ ਕਹਿੰਦੀ ਤਾਂ ਘਰ ਵਿੱਚ ਕਲੇਸ਼ ਰਹਿਣ ਲੱਗ ਪਿਆ। ਅਖੀਰ ਇੱਕ ਦਿਨ ਅਜਿਹਾ ਵੀ ਆਇਆ ਜਦੋਂ ਉਹ ਇਹ ਸੋਚ ਕੇ ਘਰੋਂ ਨਿੱਕਲ ਗਿਆ ਕਿ ਉਹ ਘਰ ਉਦੋਂ ਹੀ ਪਰਤੇਗਾ ਜਦੋਂ ਅਮੀਰ ਹੋ ਜਾਵੇਗਾ।

ਪਿਆਰੇ ਬੱਚਿਓ! ਮੰਜ਼ਿਲ ਤਾਂ ਉਸਦੀ ਕੋਈ ਹੈ ਹੀ ਨਹੀਂ ਸੀ, ਉਹ ਨੱਕ ਦੀ ਸੇਧ ਘਰੋਂ ਤੁਰ ਪਿਆ। ਤੁਰਦਿਆਂ-ਤੁਰਦਿਆਂ ਉਹ ਇੱਕ ਜੰਗਲ ਵਿੱਚੋਂ ਲੰਘ ਰਿਹਾ ਸੀ ਕਿ ਉਸਨੂੰ ਇੱਕ ਬਘਿਆੜ ਮਿਲ ਗਿਆ। ਬਘਿਆੜ ਨੇ ਉਸਨੂੰ ਪੁੱਛਿਆ- ਦੋਸਤ ਕਿੱਥੇ ਜਾ ਰਿਹੈਂ? ਉਸਨੇ ਬਘਿਆੜ ਨੂੰ ਆਪਣੇ ਸਫ਼ਰ 'ਤੇ ਜਾਣ ਦਾ ਮਨੋਰਥ ਦੱਸਦਿਆਂ ਕਿਹਾ ਕਿ ਉਹ ਕਿਸੇ ਅਜਿਹੇ ਮਨੁੱਖ ਦੀ ਭਾਲ ਵਿੱਚ ਹੈ ਜੋ ਉਸਨੂੰ ਇਹ ਗੁਰ ਦੱਸ ਸਕੇ ਕਿ ਬਿਨਾ ਹੱਥ ਹਿਲਾਇਆ ਅਮੀਰ ਕਿਵੇਂ ਬਣਿਆ ਜਾ ਸਕਦਾ ਹੈ। ਬਘਿਆੜ ਨੇ ਉਸਨੂੰ ਕਿਹਾ ਕਿ ਜੇ ਤੈਨੂੰ ਕੋਈ ਅਜਿਹਾ ਮਨੁੱਖ ਮਿਲ ਜਾਵੇ ਤਾਂ ਤੂੰ ਮੇਰੇ ਬਾਰੇ ਵੀ ਜ਼ਰੂਰ ਪੁੱਛ ਕੇ ਆਵੀਂ ਕਿ ਮੇਰੇ ਢਿੱਡ ਵਿੱਚ ਹਮੇਸ਼ਾ ਹੀ ਮਿੰਨਾ-ਮਿੰਨਾ ਦਰਦ ਕਿਉਂ ਹੁੰਦਾ ਰਹਿੰਦਾ ਹੈ? ਇਹ ਕਿਵੇਂ ਠੀਕ ਹੋਵੇਗਾ? ਅੱਛਾ! ਕਹਿਕੇ ਉਹ ਅੱਗੇ ਤੁਰ ਪਿਆ ।

ਜੰਗਲ ਲੰਘਕੇ ਅੱਗੇ ਉਹ ਇੱਕ ਤਲਾਬ ਕੋਲ ਦੀ ਲੰਘ ਰਿਹਾ ਸੀ ਤਾਂ ਤਲਾਬ ਦੀ ਇੱਕ ਮੱਛੀ ਨੇ ਪਾਣੀ ਵਿੱਚੋਂ ਉੱਚੀ ਛਲਾਂਗ ਲਾਉਂਦਿਆਂ ਉਸਨੂੰ ਪੁੱਛਿਆ ਕਿ ਰਾਹੀਆ ਤੂੰ ਕਿੱਧਰ ਜਾ ਰਿਹੈਂ? ਤਾਂ ਉਸਨੇ ਮੱਛੀ ਨੂੰ ਆਪਣੇ ਸਫ਼ਰ ਦੇ ਮਕਸਦ ਬਾਰੇ ਦੱਸਿਆ ਤਾਂ ਮੱਛੀ ਨੇ ਝੱਟਪੱਟ ਉਸਨੂੰ ਕਿਹਾ ਕਿ ਜੇਕਰ ਤੈਨੂੰ ਕੋਈ ਅਜਿਹਾ ਕਰਾਮਾਤੀ ਇਨਸਾਨ ਮਿਲ ਜਾਵੇ ਤਾਂ ਫਿਰ ਮੇਰੇ ਬਾਰੇ ਵੀ ਪੁੱਛਕੇ ਆਵੀਂ- ਮੇਰੇ ਗਲੇ ਵਿੱਚ ਹਮੇਸ਼ਾ ਦਰਦ ਕਿਉਂ ਰਹਿੰਦਾ ਹੈ? ਅੱਛਾ! ਕਹਿਕੇ ਉਹ ਨੌਜਵਾਨ ਫਿਰ ਅੱਗੇ ਤੁਰ ਪਿਆ । ਤੁਰਦਿਆਂ-ਤੁਰਦਿਆਂ ਉਸ ਨੂੰ ਰਾਤ ਪੈ ਗਈ। ਰਾਤ ਦੇ ਹਨੇਰੇ ਵਿੱਚ ਉਹ ਇੱਕ ਵੱਡੇ ਸਾਰੇ ਜਾਮਣ ਦੇ ਦਰੱਖਤ ਦੇ ਟਾਹਣੇ 'ਤੇ ਚੜਕੇ ਬੈਠ ਗਿਆ ਤਾਂ ਕਿ ਕੋਈ ਮਾਸਾਹਾਰੀ ਜਾਨਵਰ ਹੀ ਨਾ ਮਾਰ ਕੇ ਖਾ ਜਾਵੇ । ਜਦੋਂ ਸਵੇਰ ਹੋਣ 'ਤੇ ਉਹ ਉੱਥੋਂ ਤੁਰਨ ਲੱਗਾ ਤਾਂ ਉਸ ਜਾਮਣ ਦੇ ਦਰੱਖਤ ਨੇ ਉਸਨੂੰ ਪੁੱਛਿਆ ਕਿ ਹੇ ਰਾਹੀਆ ਤੂੰ ਕਿੱਧਰ ਜਾ ਰਿਹੈਂ? ਤਾਂ ਉਸਨੇ ਦਰੱਖਤ ਨੂੰ ਵੀ ਆਪਣੇ ਸਫਰ 'ਤੇ ਜਾਣ ਦਾ ਮਕਸਦ ਦਸ ਦਿੱਤਾ। ਉਸਦੀ ਗੱਲ ਸੁਣਕੇ ਜਾਮਣ ਦਾ ਦਰੱਖਤ ਵੀ ਉਸਨੂੰ ਕਹਿਣ ਲੱਗਾ- ਹੇ ਭਲੇ, ਮਨੁੱਖ ਜੇ ਤੈਨੂੰ ਕੋਈ ਅਜਿਹਾ ਦਰਵੇਸ਼ ਮਨੁੱਖ ਸੱਚਮੁੱਚ ਹੀ ਮਿਲ ਜਾਵੇ ਤਾਂ ਮੇਰੇ ਬਾਰੇ ਜਰੂਰ ਪੁੱਛਕੇ ਆਵੀਂ ਕਿ ਮੈਨੂੰ ਕਦੇ ਫੁੱਲ, ਫਲ ਕਿਉਂ ਨਹੀਂ ਲੱਗਦੇ? ਅੱਛਾ! ਕਹਿਕੇ ਉਹ ਫਿਰ ਅੱਗੇ ਤੁਰ ਪਿਆ।

ਉਹ ਤੁਰੀ ਜਾ ਰਿਹਾ ਸੀ ਤੇ ਅਗਲੀ ਰਾਤ ਪੈਣ 'ਤੇ ਅਚਾਨਕ ਉਸਨੂੰ ਕੁਝ ਦੂਰੀ 'ਤੇ ਇੱਕ ਝੁੱਗੀ ਦਿਸੀ । ਜਿਸ 'ਚੋਂ ਦੀਵੇ ਦੀ ਰੌਸ਼ਨੀ ਵੀ ਦਿਖਾਈ ਦੇ ਰਹੀ ਸੀ । ਉਹ ਉਸ ਝੁੱਗੀ ਦੇ ਨੇੜੇ ਗਿਆ ਤਾਂ ਕੀ ਦੇਖਦਾ ਹੈ ਕਿ ਝੁੱਗੀ ਅੰਦਰ ਇੱਕ ਸਾਧੂ ਸਮਾਧੀ ਲਾਈ ਬੈਠਾ ਭਗਤੀ ਕਰ ਰਿਹਾ ਹੈ । ਉਹ ਝੁੱਗੀ ਦੇ ਅੰਦਰ ਗਿਆ ਤੇ ਸਾਧੂ ਨੂੰ ਮੱਥਾ ਟੇਕ ਕੇ ਝੁੱਗੀ ਦੇ ਇੱਕ ਕੋਨੇ ਵਿੱਚ ਬੈਠ ਗਿਆ । ਕੁਝ ਦੇਰ ਬਾਅਦ ਜਦੋਂ ਸਾਧੂ ਸਮਾਧੀ 'ਚੋਂ ਉੱਠਿਆ ਤਾਂ ਉਸਨੇ ਉਸ ਨੌਜਵਾਨ ਨੂੰ ਆਉਣ ਦਾ ਕਾਰਨ ਪੁੱਛਿਆ ਤਾਂ ਉਸਨੇ ਸਾਧੂ ਨੂੰ ਬੜੀ ਨਿਮਰਤਾ ਨਾਲ ਆਪਣੀ ਸਾਰੀ ਕਹਾਣੀ ਸੁਣਾਈ ਕਿ ਉਹ ਕਿਸੇ ਅਜਿਹੇ ਮਹਾਤਮਾ ਦੀ ਭਾਲ ਵਿੱਚ ਹੈ ਜੋ ਉਸਨੂੰ ਇਹ ਗੁਰ ਦੱਸ ਦੇਵੇ ਕਿ ਬਿਨਾਂ ਹੱਥ ਹਿਲਾਇਆ ਅਮੀਰ ਕਿਵੇਂ ਬਣਿਆ ਜਾ ਸਕਦਾ ਹੈ? ਇਸਦੇ ਨਾਲ ਹੀ ਉਸਨੇ ਆਪਣੇ ਸਫਰ ਦੌਰਾਨ ਬਘਿਆੜ, ਮੱਛੀ ਅਤੇ ਜਾਮਣ ਦੇ ਦਰੱਖਤ ਵਾਲੀ ਗੱਲ ਵੀ ਦੱਸੀ । ਸਾਧੂ ਫਿਰ ਸਮਾਧੀ ਵਿਚ ਲੀਨ ਹੋ ਗਿਆ ਕੁਝ ਦੇਰ ਬਾਅਦ ਉਸਨੇ ਸਮਾਧੀ ਖੋਲਦਿਆਂ ਕਿਹਾ ਕਿ ਜਿਹੜੇ ਜਾਮਣ ਦੇ ਦਰੱਖਤ ਨੂੰ ਫੁੱਲ, ਫਲ ਨਾ ਲੱਗਣ ਦੀ ਗੱਲ ਹੈ : ਉਸਦਾ ਦਾ ਉਪਾਅ ਤਾਂ ਇਹ ਹੈ ਕਿ ਉਸ ਦੀਆਂ ਜੜਾਂ ਹੇਠ ਹੀਰੇ ਜਵਾਹਰਾਤ ਦਾ ਖਜ਼ਾਨਾ ਦੱਬਿਆ ਹੋਇਆ ਹੈ, ਜੇਕਰ ਉਸਨੂੰ ਕੱਢ ਦਿੱਤਾ ਜਾਵੇ ਤਾਂ ਉਸਨੂੰ ਫਲ ਲੱਗਣ ਲੱਗ ਪਵੇਗਾ। ਮੱਛੀ ਦੇ ਗਲੇ ਵਿੱਚ ਹੀਰਾ ਫਸਿਆ ਹੋਇਆ ਹੈ ਤੇ ਉਸਦੇ ਨਿਕਲਣ ਤੋਂ ਬਾਅਦ ਹੀ ਉਹ ਠੀਕ ਹੋ ਸਕਦੀ ਹੈ। ਰਹੀ ਗੱਲ ਬਘਿਆੜ ਦੀ ਉਸਦੇ ਢਿੱਡ ਦਾ ਦਰਦ ਤਾਂ ਹੀ ਠੀਕ ਹੋਵੇਗਾ ਜੇਕਰ ਉਹ ਕਿਸੇ ਮਹਾਂ-ਮੂਰਖ ਨੂੰ ਮਾਰ ਕੇ ਖਾ ਜਾਵੇ। ਸਾਰਾ ਕੁਝ ਸੁਣਨ ਤੋਂ ਬਾਅਦ ਉਸਨੇ ਆਪਣੇ ਬਾਰੇ ਪੁੱਛਿਆ ਕਿ ਮਹਾਰਾਜ! ਮੇਰੇ ਬਾਰੇ ਵੀ ਕੁਝ ਦੱਸੋ ਤਾਂ ਮਹਾਤਮਾ ਜੀ ਨੇ ਕਿਹਾ ਕਿ ਤੂੰ ਘਰ ਪਹੁੰਚ ਤੇਰਾ ਕੰਮ ਵੀ ਹੋ ਜਾਵੇਗਾ?

ਸਾਧੂ ਦੀ ਕੁਟੀਆ 'ਚ ਰਾਤ ਰਹਿਣ ਉਪਰੰਤ ਸਵੇਰ ਹੁੰਦਿਆਂ ਹੀ ਉਸ ਨੌਜਵਾਨ ਨੇ ਘਰ ਨੂੰ ਚਾਲੇ ਪਾ ਦਿੱਤੇ। ਹੁਣ ਉਹ ਛੇਤੀ ਤੋਂ ਛੇਤੀ ਘਰ ਪਹੁੰਚ ਜਾਣਾ ਚਾਹੁੰਦਾ ਸੀ ।

ਜਾਮਣ ਦੇ ਦਰੱਖਤ ਕੋਲ ਪੁੱਜਦਿਆਂ ਹੀ ਉਸਨੇ ਦਰੱਖਤ ਨੂੰ ਕਿਹਾ ਕਿ ਤੇਰੀਆਂ ਜੜਾਂ ਦੇ ਹੇਠ ਹੀਰੇ-ਜਵਾਹਰਾਤ ਦਾ ਖਜ਼ਾਨਾ ਦੱਬਿਆ ਹੋਇਆ ਹੈ ਜੇ ਉਹ ਨਿਕਲ ਜਾਵੇ ਤਾਂ ਤੈਨੂੰ ਫਲ ਲੱਗਣ ਲੱਗ ਪਵੇਗਾ। ਦਰੱਖਤ ਨੇ ਬੜੀ ਨਿਮਰਤਾ ਨਾਲ ਉਸਨੂੰ ਕਿਹਾ ਕਿ ਹੇ ਭਲੇ ਪੁਰਸ਼ ਜੇ ਇਹ ਕਰਮ ਤੂੰ ਆਪਣੇ ਹੱਥੀਂ ਆਪ ਹੀ ਕਰ ਦੇਵੇਂ ਤਾਂ ਇਹ ਖਜ਼ਾਨਾ ਤੈਨੂੰ ਹੀ ਪ੍ਰਾਪਤ ਹੋ ਜਾਵੇਗਾ। ਦਰੱਖਤ ਦੀ ਗੱਲ ਸੁਣਕੇ ਉਹ ਇੱਕਦਮ ਬੋਲਿਆ- ਨਹੀਂ ਨਹੀਂ ਮੈਂ ਤਾਂ ਬਿਨਾਂ ਹੱਥ ਹਿਲਾਇਆਂ ਹੀ ਅਮੀਰ ਬਣਨਾ ਹੈ ਕਹਿਕੇ ਉਹ ਅੱਗੇ ਤੁਰ ਗਿਆ ।

ਉਹ ਨੌਜਵਾਨ ਤੇਜ਼ ਕਦਮੀ ਤੁਰਿਆ ਜਾਂਦਾ ਜਦੋਂ ਤਲਾਬ ਨੇੜੇ ਪੁੱਜਾ ਤਾਂ ਮੱਛੀ ਨੇ ਪਾਣੀ 'ਚੋਂ ਛਲਾਂਗ ਲਾਉਂਦਿਆਂ ਉਸਨੂੰ ਪੁੱਛਿਆ- ਰਾਹੀਆ! ਕੁਝ ਪਤਾ ਲੱਗਾ ਮੇਰੇ ਗਲ ਦੇ ਦਰਦ ਬਾਰੇ?

ਹਾਂ, ਹਾਂ ਪਤਾ ਲੱਗ ਗਿਆ ਏ। ਤੇਰੇ ਗਲੇ 'ਚ ਹੀਰਾ ਫਸਿਆ ਹੋਇਆ ਹੈ, ਉਸਦੇ ਨਿਕਲਣ ਤੋਂ ਬਾਅਦ ਹੀ ਤੇਰੇ ਗਲੇ ਦਾ ਦਰਦ ਠੀਕ ਹੋ ਸਕੇਗਾ । ਉਸ ਨੌਜਵਾਨ ਦੀ ਗੱਲ ਸੁਣਕੇ ਮੱਛੀ ਨੇ ਬੜੀ ਹੀ ਕਰੁਣਮਈ ਆਵਾਜ਼ ਵਿੱਚ ਉਸਨੂੰ ਫਰਿਆਦ ਕਰਦਿਆਂ ਕਿਹਾ ਕਿ ਜੇ ਇਸ ਹੀਰੇ ਨੂੰ ਤੂੰ ਹੀ ਕੱਢ ਦੇਵੇਂ ਤੇ ਇਸਨੂੰ ਤੂੰ ਆਪਣੇ ਕੋਲ ਹੀ ਰੱਖ ਲਵੀਂ ਤੇ ਤੂੰ ਅਮੀਰ ਬਣ ਜਾਵੇਂਗਾ। ਅੱਗਿਓਂ ਉਹ ਨੌਜਵਾਨ ਬੜੇ ਗੁੱਸੇ ਨਾਲ ਬੋਲਿਆ-ਨਹੀਂ-ਨਹੀਂ ਮੈਂ ਤਾਂ ਬਿਨਾ ਹੱਥ ਹਿਲਾਇਆਂ ਹੀ ਅਮੀਰ ਬਣਨਾ ਹੈ ਕਹਿ ਕੇ ਉਹ ਅੱਗੇ ਤੁਰ ਪਿਆ ।

ਹੁਣ ਉਹ ਏਨੀ ਤੇਜ਼-ਤੇਜ਼ ਤੁਰ ਰਿਹਾ ਸੀ ਕਿ ਉਹ ਉੱਡ ਕੇ ਘਰ ਪੁੱਜ ਜਾਣਾ ਚਾਹੁੰਦਾ ਸੀ। ਅਜੇ ਉਸਦਾ ਜੰਗਲ ਵਾਲਾ ਰਸਤਾ ਵੀ ਤੈਅ ਕਰਨਾ ਬਾਕੀ ਰਹਿੰਦਾ ਸੀ ਕਿ ਉਸਨੂੰ ਫਿਰ ਰਾਤ ਪੈ ਗਈ। ਐਤਕੀਂ ਵੀ ਉਸਨੇ ਇੱਕ ਵੱਡੇ ਦਰੱਖਤ ਦੇ ਟਾਹਣੇ ਉਪਰ ਬੈਠ ਕੇ ਹੀ ਰਾਤ ਕੱਟੀ ਸੀ। ਸਵੇਰ ਹੁੰਦਿਆਂ ਹੀ ਉਹ ਫਿਰ ਘਰ ਵੱਲ ਨੂੰ ਤੇਜ਼ ਕਦਮੀਂ ਚੱਲ ਪਿਆ। ਜੰਗਲ ਦਾ ਕੁਝ ਰਸਤਾ ਤੈਅ ਕਰਨ ਤੋਂ ਬਾਅਦ ਉਸਨੂੰ ਉਹ ਬਘਿਆੜ ਮਿਲ ਪਿਆ ਜੋ ਬੜੀ ਬੇਸਬਰੀ ਨਾਲ ਉਸਦੀ ਉਡੀਕ ਕਰ ਰਿਹਾ ਸੀ। ਬਘਿਆੜ ਨੇ ਮਿਲਦਿਆਂ ਹੀ ਉਸਨੂੰ ਪੁੱਛਿਆ- ਹਾਂ ਦੋਸਤ! ਕੁਝ ਪਤਾ ਲੱਗਾ ਮੇਰੇ ਢਿੱਡ ਵਿਚਲੇ ਦਰਦ ਬਾਰੇ? ਹਾਂ ਪਤਾ ਲੱਗ ਗਿਆ ਹੈ, ਕਿ ਜੇ ਤੈਨੂੰ ਕੋਈ ਮਹਾਂ-ਮੂਰਖ ਮਿਲ ਜਾਵੇ ਤਾਂ ਤੂੰ ਉਸਨੂੰ ਖਾ ਜਾਵੀਂ ਤਾਂ ਤੇਰੇ ਢਿੱਡ ਦਾ ਦਰਦ ਠੀਕ ਹੋ ਜਾਵੇਗਾ । ਇਹ ਗੱਲ ਦੱਸਕੇ ਉਹ ਤੁਰਨ ਹੀ ਲੱਗਾ ਸੀ ਕਿ ਬਘਿਆੜ ਨੇ ਉਸਨੂੰ ਗੱਲੀਂ ਲਾ ਲਿਆ। ਉਸਨੇ ਬਘਿਆੜ ਨੂੰ ਆਪਣੇ ਰਸਤੇ ਦੀ ਸਾਰੀ ਕਹਾਣੀ ਸੁਣਾਉਂਦਿਆਂ ਜਾਮਣ ਦੇ ਦਰੱਖਤ ਤੇ ਮੱਛੀ ਵਾਲੀ ਗੱਲ ਵੀ ਦੱਸੀ। ਉਸ ਦੀਆਂ ਗੱਲਾਂ ਨੂੰ ਬਘਿਆੜ ਬੜੇ ਧਿਆਨ ਨਾਲ ਸੁਣ ਰਿਹਾ ਸੀ। ਉਸਦੀ ਗੱਲ ਅਜੇ ਮੁੱਕੀ ਵੀ ਨਹੀਂ ਸੀ ਕਿ ਬਘਿਆੜ ਨੇ ਬਿਜਲੀ ਦੀ ਫੁਰਤੀ ਨਾਲ ਉਸ ਉੱਤੇ ਝਪਟਾ ਮਾਰਦਿਆਂ ਕਿਹਾ- ਮੂਰਖਾ! ਤੇਰੇ ਨਾਲੋਂ ਵੱਡਾ ਮਹਾਂ-ਮੂਰਖ ਭਲਾ ਕੌਣ ਹੋਵੇਗਾ, ਜਿਹੜਾ ਏਨੀ ਧਨ-ਦੌਲਤ ਰਸਤੇ ਵਿੱਚ ਹੀ ਛੱਡ ਆਇਆਂ, ਕਹਿੰਦਿਆਂ ਉਹ ਉਸਨੂੰ ਮਾਰ ਕੇ ਖਾ ਗਿਆ ।

ਪਿਆਰੇ ਬੱਚਿਓ! ਇਸ ਕਹਾਣੀ ਤੋਂ ਇਹੀ ਸਿੱਖਿਆ ਮਿਲਦੀ ਹੈ ਕਿ ਸਾਨੂੰ ਕਦੇ ਵੀ ਆਲਸ ਨਹੀਂ ਕਰਨੀ ਚਾਹੀਦੀ, ਮਿਹਨਤ ਦਾ ਪੱਲਾ ਫੜਕੇ ਤੁਰਨ ਵਾਲਾ ਇਨਸਾਨ ਜ਼ਿੰਦਗੀ ਵਿੱਚ ਕਦੇ ਵੀ ਧੋਖਾ ਨਹੀਂ ਖਾਂਦਾ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

# ਖੋਟਾ ਰਾਜਨੀਤਕ ਪ੍ਰਬੰਧ ਤੇ ਮਨੁੱਖੀ ਅਧਿਕਾਰ

**ਪਰਵਿੰਦਰ ਸਿੰਘ**

ਕਿਸੇ ਵੀ ਦੇਸ਼ ਦੀ ਤਰੱਕੀ ਦੀ ਰਫ਼ਤਾਰ ਉਸ ਦੇਸ਼ ਦੇ ਹਾਕਮਾਂ ਦੀ ਨੀਅਤ 'ਤੇ ਨਿਰਭਰ ਕਰਦੀ ਹੈ। ਰਾਜਨੀਤਕ ਵਿਵਸਥਾ ਭਾਵੇਂ ਕੋਈ ਵੀ ਹੋਵੇ, ਇਤਿਹਾਸ ਗਵਾਹੀ ਭਰਦਾ ਹੈ ਕਿ ਜਦ ਵੀ ਕਿਸੇ ਦੇਸ਼ ਨੂੰ ਚੰਗੀ ਸੋਚ ਵਾਲੇ ਹੁਕਮਰਾਨ ਮਿਲੇ ਹਨ ਤਾਂ ਉਸ ਨੇ ਆਪਣਾ ਨਾਂ ਦੁਨੀਆ ਵਿਚ ਚਮਕਾਇਆ ਹੈ। ਸਾਕਾਰਾਤਮਿਕ ਸੋਚ ਵਾਲੇ ਲੀਡਰਾਂ ਦਾ ਮੀਂਹ ਨਹੀਂ ਪੈਂਦਾ ਹੁੰਦਾ ਤੇ ਜਿਨਾਂ ਦਾ 'ਮੀਂਹ' ਪੈਂਦਾ ਹੋਵੇ, ਉੱਥੇ ਸਾਕਾਰਾਤਮਿਕ ਸੋਚ ਦੀ ਆਸ ਘਟ ਜਾਂਦੀ ਹੈ। ਇਸ ਲਈ ਸਾਕਾਰਾਤਮਿਕ ਰਾਜਨੀਤਕ ਸੱਭਿਆਚਾਰ ਦੀ ਜ਼ਰੂਰਤ ਹੁੰਦੀ ਹੈ। ਸੋ ਆਪਣੇ-ਆਪ ਨੂੰ ਸਮਾਜਿਕ ਜੜਾਂ ਨਾਲ ਜੁੜੇ ਹੋਏ ਲੀਡਰ ਪ੍ਰਚਾਰਨ ਵਾਲਿਆਂ ਲਈ ਜ਼ਰੂਰੀ ਹੈ ਕਿ ਉਹ ਲੋਕਾਂ ਵਿਚ ਰਾਜਨੀਤਕ ਪ੍ਰਬੰਧ ਪ੍ਰਤੀ ਵਿਸ਼ਵਾਸ ਪੈਦਾ ਕਰਨ। ਕੰਮ ਸ਼ਬਦਾਂ ਨਾਲੋਂ ਜ਼ਿਆਦਾ ਪ੍ਰਭਾਵੀ ਹੁੰਦੇ ਹਨ। ਜਿੰਨੀ ਵੱਡੀ ਤਬਦੀਲੀ ਦੀ ਆਸ ਲੈ ਕੇ ਅਸੀਂ ਚੱਲਾਂਗੇ, ਬਲੀਦਾਨ ਵੀ ਓਨਾ ਹੀ ਵੱਡਾ ਦੇਣ ਲਈ ਤਿਆਰ ਰਹਿਣਾ ਪਵੇਗਾ। ਪਰ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਸਭ ਕੁਝ ਉਲਟਾ ਵਾਪਰ ਰਿਹਾ ਹੈ। ਰਾਜਨੀਤੀ ਦਿਲਚਸਪ ਸ਼ਬਦਾਂ ਦੀ ਖੇਡ ਬਣ ਕੇ ਰਹਿ ਗਈ ਹੈ। ਕਾਫ਼ੀ ਹੱਦ ਤੱਕ ਲਗਦਾ ਹੈ, ਲੋਕ ਵੀ ਇਸ ਚੀਜ਼ ਨੂੰ ਮਾਨਤਾ ਦੇਈ ਬੈਠੇ ਹਨ। ਇਹ ਸਭ ਕੁਝ ਸਿਹਤਮੰਦ ਰਾਜਨੀਤਕ ਸੱਭਿਆਚਾਰ ਲਈ ਘਾਤਕ ਹੈ। ਪਿਛਲੇ ਕੁਝ ਸਾਲਾਂ ਤੋਂ ਦੇਖਣ ਵਿਚ ਆਇਆ ਹੈ ਕਿ ਲੋਕ ਵੀ ਰਾਜਨੀਤਕ ਫ਼ੈਸਲਿਆਂ ਵੇਲੇ ਦਿਮਾਗ ਦੀ ਜਗਾ ਦਿਲ ਦੀ ਵਧੇਰੇ ਵਰਤੋਂ ਕਰਨ ਲੱਗ ਪਏ ਹਨ। ਸੰਵੇਦਨਸ਼ੀਲ ਦਿਲਾਂ ਨੂੰ ਟੁੰਬਣ ਦੀ ਕਲਾ ਰੱਖਣ ਵਾਲੇ ਲੋਕਾਂ ਨੇ ਆਪਣਾ ਰਾਜਨੀਤਕ ਉੱਲੂ ਸਿੱਧਾ ਕਰਨ ਲਈ ਇਸ ਦਾ ਭਰਪੂਰ ਇਸਤੇਮਾਲ ਕੀਤਾ ਹੈ।

ਇਤਿਹਾਸ ਆਪਣੇ ਆਪ ਵਿਚ ਅਣਗਿਣਤ ਹੈਰਾਨ ਕਰ ਦੇਣ ਵਾਲੀਆਂ ਗੱਲਾਂ ਛੁਪਾਈ ਬੈਠਾ ਹੈ। ਜਦ ਤੱਕ ਇਤਿਹਾਸਕ ਘਟਨਾਵਾਂ ਤੋਂ ਸਬਕ ਸਿੱਖ ਕੇ ਅੱਗੇ ਨਹੀਂ ਵਧਿਆ ਜਾਂਦਾ ਤਦ ਤੱਕ ਇਤਿਹਾਸ ਕਿਸੇ ਨਾ ਕਿਸੇ ਰੂਪ ਵਿਚ ਆਪਣੇ-ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਪਰ ਤ੍ਰਾਸਦੀ ਵਾਲੀ ਗੱਲ ਇਹ ਹੈ ਕਿ ਅਸੀਂ ਇਤਿਹਾਸ ਵਿਚ ਵਾਪਰੀਆਂ ਹੌਲਨਾਕ ਘਟਨਾਵਾਂ ਨੂੰ ਸਿਰਫ ਮਾੜਾ ਅਧਿਆਇ ਸਮਝ ਕੇ ਭੁੱਲ ਜਾਣਾ ਚਾਹੁੰਦੇ ਹਾਂ ਅਤੇ ਸਿਰਫ ਮਾਣਯੋਗ ਪਲਾਂ ਨੂੰ ਦੁਹਰਾਉਣ ਵਿਚ ਹੀ ਦਿਲਚਸਪੀ ਦਿਖਾਉਂਦੇ ਹਾਂ। ਜਦ ਤੱਕ ਅਸੀਂ ਇਤਿਹਾਸ 'ਤੇ ਮਾਣ ਕਰਨਾ ਛੱਡ ਕੇ ਇਤਿਹਾਸ ਨੂੰ ਇਕ ਪ੍ਰੇਰਨਾਸ੍ਰੋਤ ਵਜੋਂ ਵਰਤਣਾ ਨਹੀਂ ਸਿੱਖ ਲੈਂਦੇ ਤਦ ਤੱਕ ਹਾਲਾਤ ਜਿਉਂ ਦੇ ਤਿਉਂ ਹੀ ਰਹਿਣਗੇ। ਭਾਰਤ ਦੇ ਇਤਿਹਾਸ ਵਿਚ ਵੀ ਅਜਿਹੇ ਕੁਝ ਕੌੜੇ ਤਜਰਬੇ ਹੋਏ ਹਨ। ਸੁਤੰਤਰ ਭਾਰਤ ਦੇ ਇਤਿਹਾਸ ਵਿਚ ਸਭ ਤੋਂ ਪਹਿਲਾਂ ਗੁਆਂਢੀ ਮੁਲਕ ਚੀਨ 'ਤੇ ਹੱਦੋਂ ਵੱਧ ਵਿਸ਼ਵਾਸ ਦਾ ਖਮਿਆਜ਼ਾ ਸਾਨੂੰ 1962 ਵਿਚ ਭਾਰਤ-ਚੀਨ ਜੰਗ ਵਿਚ ਹਾਰ ਦੇ ਰੂਪ ਵਿਚ ਭੁਗਤਣਾ ਪਿਆ। ਐਮਰਜੈਂਸੀ ਵਾਲੇ ਦੌਰ ਨੇ ਸੰਕੇਤ ਦੇ ਦਿੱਤੇ ਸਨ ਕਿ ਸੰਵਿਧਾਨਿਕ ਤਰੀਕਿਆਂ ਨਾਲ ਸ਼ਕਤੀ ਪ੍ਰਾਪਤ ਕਰ ਕੇ ਉਨਾਂ ਦੀ ਦੁਰਵਰਤੋਂ ਵੀ ਹੋ ਸਕਦੀ ਹੈ। ਪਰ ਸਾਡੇ ਹਾਕਮਾਂ ਨੇ ਸਿਰਫ ਐਮਰਜੈਂਸੀ ਸੰਬੰਧੀ ਹੀ ਕੁਝ ਬਦਲਾਅ ਕਰਕੇ ਚੁੱਪ ਵੱਟ ਲਈ ਤੇ ਇਸ ਦਾ ਨਤੀਜਾ ਆਉਣ ਵਾਲੀਆਂ ਪੀੜੀਆਂ ਨੂੰ ਟਾਡਾ, ਪੋਟਾ, ਐਫਸਪਾ, ਯੂ.ਏ.ਪੀ.ਏ. ਦੇ ਰੂਪ ਵਿਚ ਭੁਗਤਣਾ ਪਿਆ। ਸੰਵਿਧਾਨਿਕ ਤਰੀਕੇ ਵਰਤ ਕੇ ਹੀ ਧਾਰਾ 370 ਨੂੰ ਕਿਰਿਆਹੀਣ ਕਰਨਾ ਵੀ ਇਸੇ ਲੜੀ ਦਾ ਹਿੱਸਾ ਹੈ। ਇਸ ਲਈ ਅਗਲੇਰੇ ਰਾਹ ਲਈ ਇਤਿਹਾਸ ਨੂੰ ਇਕ ਪ੍ਰੇਰਨਾਸ੍ਰੋਤ ਦੇ ਤੌਰ 'ਤੇ ਵਰਤਿਆ ਜਾਣਾ ਚਾਹੀਦਾ ਹੈ।

ਸਿਹਤ ਤੇ ਸਿੱਖਿਆ ਮਨੁੱਖ ਦੀਆਂ ਦੋ ਬੁਨਿਆਦੀ ਲੋੜਾਂ ਹਨ। ਇਹ ਦੋ ਸਹੂਲਤਾਂ ਕਿਸੇ ਵੀ ਆਧੁਨਿਕ ਸਮਾਜ ਵਿਚ ਤਰੱਕੀ ਦੀ ਰਫ਼ਤਾਰ ਦਾ ਪੈਮਾਨਾ ਹੋ ਸਕਦੀਆਂ ਹਨ। ਕਿਸੇ ਵੀ ਸਮਾਜ ਵਿਚ ਇਨਾਂ ਦੀ ਅਣਦੇਖੀ ਬਰਦਾਸ਼ਤ ਨਹੀਂ ਕੀਤੀ ਜਾਣੀ ਚਾਹੀਦੀ। ਇਨਾਂ ਬੁਨਿਆਦੀ ਮੁੱਦਿਆਂ ਨੂੰ ਦਰਕਿਨਾਰ ਕਰਕੇ ਜੇ ਕੋਈ ਧਿਰ ਕਿਸੇ ਤੀਜੇ ਮਸਲੇ ਨੂੰ ਆਧਾਰ ਬਣਾ ਕੇ ਕੁਰਸੀ 'ਤੇ ਕਾਬਜ਼ ਹੋਣ ਦਾ ਯਤਨ ਕਰਦੀ ਹੈ ਤਾਂ ਨਿਰਸੰਦੇਹ ਉਸ ਦੀ ਭਾਵਨਾ ਵਿਚ ਖੋਟ ਕਿਹਾ ਜਾ ਸਕਦਾ ਹੈ। ਜੇ ਕੋਈ ਰਾਜਨੀਤਕ ਪ੍ਰਬੰਧ ਇਹ ਦੋ ਚੀਜ਼ਾਂ ਸਮਾਜ ਨੂੰ ਮੁਹੱਈਆ ਕਰਵਾ ਸਕਦਾ ਹੈ ਤਾਂ ਬਿਨਾਂ ਸ਼ੱਕ ਬਹੁਤ ਸਾਰੇ ਵਕਤੀ ਤੌਰ 'ਤੇ ਖੜੇ ਹੋਣ ਵਾਲੇ ਮਸਲਿਆਂ ਨੂੰ ਟਾਲਿਆ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ ਕਹੀਏ ਤਾਂ ਕਿਸੇ ਵੀ ਮਸਲੇ ਲਈ ਇਹ ਦੋ ਬੁਨਿਆਦੀ ਜ਼ਰੂਰਤਾਂ ਆਧਾਰ ਬਣਦੀਆਂ ਹਨ। ਪਰ ਸਾਡੇ ਦੇਸ਼ ਦੀ ਤ੍ਰਾਸਦੀ ਹੈ ਕਿ ਸਾਡੀਆਂ ਅੱਖਾਂ ਸਾਹਮਣੇ ਇਨਾਂ ਦੋਵਾਂ ਵਿਭਾਗਾਂ ਦੀ ਜੋ ਦਸ਼ਾ ਹੋ ਰਹੀ ਹੈ, ਉਸ ਨੂੰ ਲੈ ਕੇ ਬਹੁਤ ਘੱਟ ਲੋਕ ਚਿੰਤਿਤ ਹਨ। ਅੱਜ ਸਾਡੇ ਸਾਹਮਣੇ ਵਿਕਰਾਲ ਰੂਪ ਧਾਰ ਕੇ ਖੜੀਆਂ ਬਹੁਤੀਆਂ ਸਮੱਸਿਆਵਾਂ ਦੀ ਜੜ ਸਿਹਤ ਤੇ ਸਿੱਖਿਆ



ਖੇਤਰ ਦੀ ਮੰਦਹਾਲੀ ਨਾਲ ਹੀ ਜੁੜੀ ਹੋਈ ਹੈ।

ਲੋਕਤੰਤਰ ਵਿਚ ਲੋਕ-ਰਾਇ ਦਾ ਸਤਿਕਾਰ ਹੋਣਾ ਇਕ ਮੁਢਲੀ ਸ਼ਰਤ ਹੈ। ਪਰ ਪਿਛਲੇ ਸਮਿਆਂ ਦੌਰਾਨ ਯੂ.ਏ.ਪੀ.ਏ. ਵਰਗੀ ਕਾਨੂੰਨਸਾਜ਼ੀ ਦੇ ਨਾਂ 'ਤੇ ਜਮਹੂਰੀ ਹੱਕਾਂ ਦਾ ਜੋ ਘਾਣ ਹੋਇਆ, ਉਹ ਨਿਸ਼ਚੇ ਹੀ ਚਿੰਤਾਜਨਕ ਤੇ ਨਿੰਦਣਯੋਗ ਹੈ। ਬਹੁਤ ਸਾਰੀਆਂ ਅੰਤਰਰਾਸ਼ਟਰੀ ਸੰਸਥਾਵਾਂ ਇਸ ਨੂੰ ਲੈ ਕੇ ਚਿੰਤਾ ਜਤਾ ਚੁੱਕੀਆਂ ਹਨ। ਇੱਥੋਂ ਤੱਕ ਕਿ ਦੁਨੀਆ ਦੇ ਸਾਰੇ ਲੋਕਤੰਤਰਿਕ ਸਮਾਜਾਂ ਦਾ ਮੁਲਾਂਕਣ ਕਰਨ ਵਾਲੀ ਇਕ ਸੰਸਥਾ ਤਾਂ ਭਾਰਤ ਨੂੰ ਅਰਧ-ਲੋਕਤੰਤਰੀ ਦੇਸ਼ ਵੀ ਐਲਾਨ ਚੁੱਕੀ ਹੈ। ਪਿਛਲੇ ਲਗਭਗ ਦਸ ਮਹੀਨਿਆਂ ਤੋਂ ਦਿੱਲੀ ਦੇ ਬਾਰਡਰਾਂ 'ਤੇ ਡੇਰੇ ਲਾਈ ਬੈਠੇ ਕਿਸਾਨ ਅਤੇ 22 ਜਨਵਰੀ ਤੋਂ ਬਾਅਦ ਕੇਂਦਰ ਦੀ ਹੈਰਾਨੀਜਨਕ ਚੁੱਪ ਗੰਭੀਰ ਪ੍ਰਸ਼ਨ ਖੜੇ ਕਰਦੀ ਹੈ। ਲੋਕਾਂ ਦੁਆਰਾ ਸਵਾਲ ਖੜੇ ਕਰਨਾ ਅਤੇ ਲੋਕਾਂ ਦੇ ਨੁਮਾਇੰਦਿਆਂ ਦਾ ਉਨਾਂ ਸਵਾਲਾਂ ਦੇ ਜਵਾਬ ਦੇਣਾ ਇਕ ਤਾਕਤਵਰ ਅਤੇ ਜ਼ਿੰਮੇਵਾਰ ਲੋਕਤੰਤਰ ਦੀ ਨਿਸ਼ਾਨੀ ਹੈ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਤਾਂ ਇਸ ਦੇ ਮਾਅਨੇ ਹੋਰ ਵੀ ਵਧ ਜਾਂਦੇ ਹਨ। ਇਸ ਲਈ ਲੋਕਤੰਤਰੀ ਕਦਰਾਂ-ਕੀਮਤਾਂ ਜਲਦ ਤੋਂ ਜਲਦ ਬਹਾਲ ਹੋਣੀਆਂ ਚਾਹੀਦੀਆਂ ਹਨ।

ਚੋਣਾਂ ਅਤੇ ਰਾਜਨੀਤਕ ਉਥਲ-ਪੁਥਲ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਰਾਜਨੀਤਕ ਕਿਆਰੀ ਵਿਚ ਨਵੇਂ ਫੁੱਲਾਂ ਦਾ ਖਿੜਦੇ ਰਹਿਣਾ ਲੋਕਤੰਤਰ ਦੀ ਗਤੀਸ਼ੀਲਤਾ ਦਾ ਵੀ ਸੂਚਕ ਹੈ। ਪਰ ਚੰਗਾ ਹੋਵੇਗਾ ਜੇ ਇਹ ਨਵੇਂ ਫੁੱਲ ਕਿਸੇ ਨਿੱਗਰ ਵਿਚਾਰਧਾਰਾ ਦੀ ਖਾਦ ਨਾਲ ਤਿਆਰ ਹੋਏ ਹੋਣ। ਆਦਰਸ਼ ਅਤੇ ਮਨਮੋਹਕ ਸ਼ਬਦਾਂ ਦੀ ਭਰਮਾਰ ਚੋਣਾਂ ਦੀ ਸੂਚਕ ਹੈ। ਰਾਜਨੀਤਕ ਪਿੜ ਵਿਚ ਨਵੇਂ ਚਿਹਰਿਆਂ ਦੀ ਆਮਦ ਨਾਲ ਨਿਸ਼ਚੇ ਹੀ ਪਸੰਦਾਂ ਵਧ ਜਾਂਦੀਆਂ ਹਨ। ਇਹ ਚੀਜ਼ ਜਿੱਥੇ ਸਥਾਪਤ ਹਸਤੀਆਂ 'ਤੇ ਆਪਣੀ ਹੋਂਦ ਬਣਾਈ ਰੱਖਣ ਲਈ ਵਧੀਆ ਪ੍ਰਦਰਸ਼ਨ ਦਾ ਦਬਾਅ ਬਣਾਉਣ ਵਿਚ ਸਹਾਈ ਹੁੰਦੀ ਹੈ, ਉੱਥੇ ਹੀ ਇਸ ਦਾ ਉਲਟਾ ਅਸਰ ਵੀ ਦੇਖਣ ਨੂੰ ਮਿਲਦਾ ਹੈ ਕਿਉਂਕਿ ਰਾਜਨੀਤੀ ਸਿਰਫ ਪਸੰਦਾਂ ਦੀ ਹੀ ਖੇਡ ਨਹੀਂ ਹੈ ਸਗੋਂ ਸਾਕਾਰਾਤਮਿਕ ਰਾਜਨੀਤਕ ਸੱਭਿਆਚਾਰ ਵਿਕਸਿਤ ਕਰਨਾ, ਰਾਜਨੀਤਕ ਪ੍ਰਬੰਧ ਦੀਆਂ ਸਮਾਜਿਕ ਜੜਾਂ ਦੀ ਮਜ਼ਬੂਤੀ ਦੇ ਨਾਲ-ਨਾਲ ਅੰਤਰਰਾਸ਼ਟਰੀ ਪਛਾਣ ਬਣਾਉਣਾ ਵੀ ਰਾਜਨੀਤੀ ਦੇ ਕੰਮ ਹਨ ਤੇ ਇਨਾਂ ਲਈ ਮਜ਼ਬੂਤ ਇੱਛਾ-ਸ਼ਕਤੀ ਦੀ ਲੋੜ ਹੈ ਤੇ ਇਹ ਇੱਛਾ-ਸ਼ਕਤੀ ਕਿਸੇ ਠੋਸ ਵਿਚਾਰਧਾਰਾ ਤੋਂ ਬਿਨਾਂ ਸੰਭਵ ਨਹੀਂ ਜਾਪਦੀ।

ਰਾਜਨੀਤਕ ਪ੍ਰਬੰਧ ਏਨਾ ਜ਼ਿਆਦਾ ਗੰਧਲਾ ਹੋ ਚੁੱਕਾ ਹੈ ਕਿ ਵਿਆਪਕ ਪੱਧਰ ਦੇ ਯਤਨਾਂ ਤੋਂ ਬਿਨਾਂ ਇਸ ਦਾ ਸਹੀ ਲੀਹ 'ਤੇ ਆਉਣਾ ਔਖਾ ਲਗਦਾ ਹੈ। ਆਮ ਪਬਲਿਕ ਦਾ ਰਾਜਨੀਤਕ ਪ੍ਰਬੰਧ ਤੋਂ ਇਸ ਕਦਰ ਵਿਸ਼ਵਾਸ ਉੱਠਣਾ ਚਿੰਤਾਜਨਕ ਹੈ। ਰਾਜਨੀਤਕ ਸਿਸਟਮ ਵਿਚ ਲੋਕਾਂ ਦਾ ਵਿਸ਼ਵਾਸ ਬਹਾਲ ਕਰਵਾਉਣਾ ਰਾਜਨੀਤਕ ਪਾਰਟੀਆਂ ਤੇ ਰਾਜਨੀਤਕ ਨੇਤਾਵਾਂ ਦੀ ਮੌਲਿਕ ਜ਼ਿੰਮੇਵਾਰੀ ਬਣਦੀ ਹੈ। ਬਗੈਰ ਸੱਭਿਆਚਾਰਕ ਤਬਦੀਲੀ ਦੇ ਇਹ ਸੰਭਵ ਨਹੀਂ ਜਾਪਦਾ ਅਤੇ ਦੁੱਖ ਦੀ ਗੱਲ ਇਹ ਹੈ ਕਿ ਇਸ ਦਿਸ਼ਾ ਵਿਚ ਇਹ ਅਜੇ ਹਵਾ ਵੀ ਨਹੀਂ ਵਗ ਰਹੀ, ਕੁਝ ਹੋਣਾ ਤਾਂ ਦੂਰ ਦੀ ਗੱਲ ਹੈ।

# ਕਿਸਾਨਾਂ ਦੇ ਕਾਤਲਾਂ ਉੱਤੇ ਚੁੱਪੀ ਕਿਉਂ ?

**ਸਰਬਜੀਤ ਕੌਰ ਸਰਬ**

ਕਿਸਾਨੀ ਸੰਘਰਸ਼ ਵਿੱਚ ਸ਼ਹੀਦ ਹੋਣ ਵਾਲੇ ਕਿਸਾਨਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਪਿਛਲੇ ਦਿਨੀਂ ਦੀਪ ਸਿੱਧੂ ਦਾ ਬਿਆਨ ਆਇਆ ਸੀ ਕਿ ਸ਼ਹੀਦ ਕਿਸ ਨੂੰ ਕਿਹਾ ਜਾਂਦਾ ਹੈ, ਅੱਜ ਤਾਂ ਸਾਡੇ ਸਾਹਮਣੇ ਉਹ ਤਸਵੀਰ ਵੀ ਆ ਗਈ ਹੈ। ਲਖੀਮਪੁਰ ਖੇੜੀ ਵਿੱਚ ਜੋ ਕਤਲੇਆਮ ਸਰਕਾਰ ਵੱਲੋਂ ਕੀਤਾ ਗਿਆ ਹੈ, ਉਸ ਵਿੱਚ ਮਰਨ ਵਾਲਾ ਹਰ ਇਕ ਵਿਅਕਤੀ ਸ਼ਹੀਦ ਹੈ। ਅੱਜ ਸਾਡੇ ਲੋਕ ਕਿੱਥੇ ਗਏ ਹਨ ਜੋ ਕਤਲ ਦੀਆਂ ਘਟਨਾਵਾਂ ਨੂੰ ਲੈ ਕੇ ਦਿੱਲੀ ਦੇ ਇੰਡੀਆ ਗੇਟ ਉਤੇ ਮੋਮਬੱਤੀਆਂ ਜਗਾਉਂਦੇ ਹਨ, ਲੋਕਾਂ ਦੀ ਇਸ ਸੋਚ ਤੋਂ ਹੀ ਪਤਾ ਚੱਲ ਜਾਂਦਾ ਹੈ ਕਿ ਲੋਕ ਸਰਕਾਰਾਂ ਖ਼ਿਲਾਫ਼ ਆਵਾਜ਼ ਨਹੀਂ ਚੁੱਕ ਸਕਦੇ। ਲਖੀਮਪੁਰ ਖੇੜੀ ਦਾ ਇਹ ਕਤਲ ਕਾਂਡ ਸਰਕਾਰ ਦੇ ਹੀ ਬੰਦਿਆਂ ਨੇ ਕੀਤਾ ਹੈ ਤਾਂ ਜੋ ਇਸ ਕਿਸਾਨੀ ਸੰਘਰਸ਼ ਨੂੰ ਖਤਮ ਕੀਤਾ ਜਾ ਸਕੇ। ਅਸੀਂ ਸਾਰੇ ਪਿਛਲੇ ਸਮੇਂ ਤੋਂ ਦੇਖਦੇ ਆਏ ਹਾਂ ਕਿ ਸਰਕਾਰ ਕਿਵੇਂ ਹੌਲੀ ਹੌਲੀ ਕਿਸਾਨਾਂ ਉੱਤੇ ਲਗਾਤਾਰ ਅੱਤਿਆਚਾਰ ਕਰ ਰਹੀ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਜੋ ਲੋਕਤੰਤਰ ਦਾ ਰਾਜਾ ਅਖਵਾਉਂਦਾ ਹੈ। ਉਸ ਦਾ ਸਭ ਤੋਂ ਪਹਿਲਾ ਫ਼ਰਜ਼ ਸੀ ਕਿ ਉਹ ਇਸ ਕਤਲੇਆਮ ਵਿਚ ਸ਼ਹੀਦ ਹੋਏ ਪਰਿਵਾਰਾਂ ਨਾਲ ਮਿਲ ਕੇ ਉਨਾਂ ਦੇ ਦੁੱਖ ਵਿੱਚ ਸ਼ਾਮਲ ਹੁੰਦਾ। ਇਸ ਤੋਂ ਹੀ ਪਤਾ ਚਲ ਜਾਂਦਾ ਹੈ ਕਿ ਇਹ ਸਾਰਾ ਕਤਲੇਆਮ ਸਰਕਾਰ ਦੀ ਮਿਲੀਭੁਗਤ ਨਾਲ ਹੋਇਆ ਹੈ ਤਾਂ ਜੋ ਕਿਸਾਨੀ ਸੰਘਰਸ਼ ਵਿਚ ਸ਼ਾਮਲ ਲੋਕਾਂ ਦੇ ਮਨਾਂ ਵਿੱਚ ਡਰ ਪੈਦਾ ਕੀਤਾ ਜਾਵੇ ਅਤੇ ਉਹ ਇਸ ਡਰ ਕਾਰਨ ਸੰਘਰਸ਼ ਨੂੰ ਖਤਮ ਕਰ ਦੇਣ। ਇਸ ਮੰਜ਼ਰ ਨੂੰ ਦੇਖਦੇ ਹੋਏ ਵੀ ਅਸੀਂ ਸਾਰੇ ਚੁੱਪ ਹਾਂ, ਕਿਉਂਕਿ ਅਸੀਂ ਕਿਤੇ ਨਾ ਕਿਤੇ ਇਸ ਤਾਨਾਸ਼ਾਹੀ ਨੂੰ ਕਬੂਲ ਕਰ ਰਹੇ ਹਾਂ। ਜੇਕਰ ਅੱਜ ਵੀ ਅਸੀਂ ਆਵਾਜ਼ ਨਾ ਚੁੱਕੀ ਤਾਂ ਉਹ ਦਿਨ ਦੂਰ ਨਹੀਂ ਹੈ ਜਦੋਂ ਇਸੇ ਤਰਾਂ ਆਪਣੇ ਹੱਕ ਮੰਗਣ ਵਾਲਿਆਂ ਨੂੰ ਕੁਚਲ ਦਿੱਤਾ ਜਾਵੇਗਾ।




ਇਸ ਕਿਸਾਨੀ ਸੰਘਰਸ਼ ਨੂੰ ਜੇਕਰ ਅਸੀਂ ਮੁੱਢ ਤੋਂ ਵੇਖੀਏ ਤਾਂ ਇਸ ਦਾ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ ਕਿ ਇਕ ਦਿਨ ਅਜਿਹਾ ਆਵੇਗਾ ਜਿਸ ਦਿਨ ਸਮੇਂ ਦੀ ਹਕੂਮਤ ਸ਼ਰੇਆਮ ਕਤਲ ਕਰੇਗੀ।

ਇਕ ਉਹ ਦਿਨ ਸੀ ਜਦੋਂ ਕਾਲੇ ਕਾਨੂੰਨਾਂ ਦੀ ਖ਼ਿਲਾਫ਼ ਕਿਸਾਨੀ ਲਹਿਰ ਉੱਠੀ ਸੀ। ਹਰੇਕ ਪਾਰਟੀ ਨੇ ਜਿੰਨੀਆਂ ਵੀ ਹੋ ਸਕੀਆਂ ਇਸ ਕਿਸਾਨੀ ਲਹਿਰ ਨੂੰ ਮੁੱਦਾ ਬਣਾ ਕੇ ਰੋਟੀਆਂ ਸੇਕੀਆਂ ਪਰ ਹੱਲ ਕੋਈ ਵੀ ਨਾ ਕੱਢ ਸਕਿਆ ਸੀ। ਇੱਥੇ ਇੱਕ ਗੱਲ ਸਪੱਸ਼ਟ ਹੈ ਕਿ ਜੇਕਰ ਇਹ ਰਾਜਨੀਤਿਕ ਪਾਰਟੀਆਂ ਇਕਮੁੱਠ ਹੋ ਕੇ ਕਿਸਾਨੀ ਅੰਦੋਲਨ ਨਾਲ ਇੱਕਮਿੱਕ ਹੋ ਜਾਂਦੀਆਂ ਤਾਂ ਹੋ ਸਕਦਾ ਜੋ ਅੱਜ ਹਾਲਾਤ ਕਿਸਾਨੀ ਮੋਰਚੇ ਦੇ ਬਣੇ ਹੋਏ ਹਨ ਉਹ ਨਾ ਹੁੰਦੇ। ਪਰ ਅਫਸੋਸ ਇਨਾਂ ਰਾਜਨੀਤਕ ਪਾਰਟੀਆਂ ਨੇ ਸਿਰਫ ਕਿਸਾਨੀ ਮੋਰਚੇ ਨੂੰ ਆਧਾਰ ਬਣਾ ਕੇ ਰਾਜਨੀਤਕ ਸਿਆਸਤ ਕੀਤੀ ਹੈ।

ਲਖਨਪੁਰ ਦੀ ਦਰਦਨਾਕ ਵਾਰਦਾਤ ਜਿਸ ਦੀ ਜ਼ਿੰਮੇਵਾਰ ਮੌਜੂਦਾ ਤਾਨਾਸ਼ਾਹੀ ਸਰਕਾਰ ਹੈ, ਜਿਸ ਦਾ ਕੰਮ ਆਪਣੇ ਰਾਜ ਵਿੱਚ ਗੁੰਡਾਗਰਦੀ ਤੋਂ ਇਲਾਵਾ ਆਮ ਜਨਤਾ ਨੂੰ ਜੁਮਲੇ ਸੁਣਾ ਕੇ ਆਪਣਾ ਕੰਮ ਕੱਢਣਾ ਹੈ। ਜੇਕਰ ਦੇਸ਼ ਚਲਾਉਣ ਵਾਲੇ ਨੂੰ ਇਹ ਨਹੀਂ ਪਤਾ ਕਿ ਦੇਸ਼ ਵਿੱਚ ਕੀ ਹੋ ਰਿਹਾ ਹੈ ਤਾਂ ਉਸ ਨੂੰ ਉਸ ਅਹੁਦੇ ਉੱਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ ਹੈ। ਸਰਕਾਰ ਦੇ ਬਾਕੀ ਨੁਮਾਇੰਦਿਆਂ ਨੂੰ ਵੀ ਆਪਣੇ ਅਹੁਦੇ ਉਤੇ ਬੈਠਣ ਦਾ ਕੋਈ ਹੱਕ ਨਹੀਂ ਹੈ। ਕਿਉਂਕਿ ਇਹ ਲੋਕ ਜੋ ਇਨਾਂ ਅਹੁਦਿਆਂ ਉੱਤੇ ਬੈਠੇ ਹੋਏ ਹਨ ਇਨਾਂ ਨੂੰ ਵੀ ਇਸੇ ਆਮ ਜਨਤਾ ਨੇ ਵੋਟ ਦੇ ਕੇ ਬਿਠਾਇਆ ਹੋਇਆ ਹੈ ਤਾਂ ਜੋ ਉਹ ਉਨਾਂ ਦੀ ਮਾੜੇ ਹਾਲਾਤਾਂ ਵਿੱਚ ਮੱਦਦ ਕਰ ਸਕਣ। ਪਰ ਇਹ ਲੋਕ ਸਰਕਾਰ ਦੇ ਸਾਹਮਣੇ ਆਪਣੀ ਜ਼ੁਬਾਨ ਨਹੀਂ ਖੋਲਦੇ ਕਿਉਂਕਿ ਇਨਾਂ ਦੇ ਮਨ ਵਿਚ ਇਕ ਲਾਲਚ ਵਸਿਆ ਹੋਇਆ ਹੈ, ਉਹ ਲਾਲਚ ਹੈ ਕੁਰਸੀ ਦਾ। ਇਨਾਂ ਨੂੰ ਡਰ ਹੈ ਕਿ ਜੇਕਰ ਅਸੀਂ ਸਰਕਾਰ ਦੇ ਖਿਲਾਫ ਅਵਾਜ ਉਠਾਵਾਂਗੇ ਤਾਂ ਸਾਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪੈਣਾ ਹੈ। ਰੁਪਏ ਅਤੇ ਕੁਰਸੀ ਦੇ ਲਾਲਚ ਵਿਚ ਇਹ ਲੋਕ ਜ਼ਮੀਰ ਵੇਚ ਦਿੰਦੇ ਹਨ। ਇਨਾਂ ਲੋਕਾਂ ਨੂੰ ਆਮ ਜਨਤਾ ਨਾਲ ਕੋਈ ਸਰੋਕਾਰ ਨਹੀਂ ਹੁੰਦਾ ਹੈ ਕਿਉਂਕਿ ਇਹ ਲੋਕ ਸਿਰਫ਼ ਤੇ ਸਿਰਫ਼ ਆਪਣੇ ਲਈ ਅਤੇ ਆਪਣੇ ਪਰਿਵਾਰਾਂ ਦੀ ਸ਼ਾਨੋ ਸ਼ੌਕਤ ਵਧਾਉਣ ਦੇ ਲਈ ਰਾਜਨੀਤੀ ਦਾ ਹਿੱਸਾ ਬਣਦੇ ਹਨ। ਇਕ ਗਰੀਬ ਕਿਸਾਨ ਤੇ ਮਜ਼ਦੂਰ ਇਨਾਂ ਲੋਕਾਂ ਦੇ ਉਦੋਂ ਹੀ ਕੰਮ ਦੇ ਹੁੰਦੇ ਹਨ ਜਦੋਂ ਇਨਾਂ ਨੂੰ ਵੋਟਾਂ ਦੀ ਲੋੜ ਹੁੰਦੀ ਹੈ। ਅੱਜ ਨੂੰ ਸੰਭਾਲਣ ਦੀ ਬਹੁਤ ਲੋੜ ਹੈ। ਜੇਕਰ ਅਸੀਂ ਅੱਜ ਵੀ ਇਕਜੁੱਟ ਨਹੀਂ ਹੋਏ, ਇਸੇ ਤਰਾਂ ਚੁੱਪੀ ਤਾਣ ਕੇ ਸਰਕਾਰਾਂ ਦਾ ਜਬਰ ਜ਼ੁਲਮ ਸਹਿਣ ਕਰਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਤੁਹਾਨੂੰ ਸਾਹ ਵੀ ਇਨਾਂ ਸਰਕਾਰਾਂ ਨੂੰ ਪੁੱਛ ਕੇ ਲੈਣਾ ਪਵੇਗਾ। ਤਾਨਾਸ਼ਾਹੀ ਦੀ ਆਰੰਭਤਾ ਹੀ ਅਜਿਹੇ ਕਤਲ ਕਾਂਡ ਹੁੰਦੇ ਹਨ। ਜਦੋਂ ਲੋਕ ਆਵਾਜ਼ ਨਹੀਂ ਚੁੱਕਦੇ ਤਾਂ ਹਕੂਮਤਾਂ ਲਗਾਤਾਰ ਅਜਿਹੇ ਕੰਮ ਕਰਦੀਆਂ ਰਹਿੰਦੀਆਂ ਹਨ ਜਿਸ ਨਾਲ ਲੋਕਾਂ ਦੀ ਆਵਾਜ਼ ਦਬਾਈ ਜਾਵੇ। ਸਾਨੂੰ ਸਭ ਨੂੰ ਇਕੱਠੇ ਹੋ ਕੇ ਇਸ ਕਤਲੇਆਮ ਦਾ ਵਿਰੋਧ ਕਰਨਾ ਚਾਹੀਦਾ ਹੈ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਨਾ ਮੈ ਰੂਪੁ ਨ ਬੰਕੇ ਨੈਣਾ

## ਮੂਲ ਰਚਨਾ: ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਮਸਕੀਨ ਸਿੰਘ ਜੀ

**ਭਾਗ 9**

ਸੰਪਾਦਤ: ਸਰਬਜੀਤ ਕੌਰ

ਵੈਸੇ ਤਾਂ ਮਨੁੱਖ ਬਹੁਤ ਸਾਰੀਆਂ ਚੀਜ਼ਾਂ ਤੋਂ ਪ੍ਰਭਾਵਿਤ ਹੁੰਦਾ ਹੈ ਪਰ ਰੂਪ ਸਭ ਤੋਂ ਜ਼ਿਆਦਾ ਪ੍ਰਭਾਵਿਤ ਕਰਦਾ ਹੈ ਮਨੁੱਖ ਰੂਪ ਤੋਂ ਪ੍ਰਭਾਵਿਤ ਹੁੰਦਾ ਹੈ ਪ੍ਰਮਾਤਮਾ ਵੀ ਰੂਪ ਤੋਂ ਪ੍ਰਭਾਵਿਤ ਹੁੰਦਾ ਹੈ, ਜਦ ਕੋਈ ਸਾਂਵਰਾ ਹੋਇਆ ਰੂਪ ਲੈ ਕੇ ਪ੍ਰਮਾਤਮਾ ਪਾਸ ਜਾਂਦਾ ਹੈ ਤਾਂ ਕਬੂਲ ਹੋ ਜਾਂਦਾ ਹੈ ਪ੍ਰਮਾਤਮਾ ਆਰੂਪ-ਸੱਤਾ ਹੈ। ਪ੍ਰਮਾਤਮਾ ਦੇ ਦਰ ਵੀ ਉਹੀ ਸੁੰਦਰ ਸਰੂਪ ਕਬੂਲ ਹੁੰਦਾ ਹੈ ਜਿਹੜਾ ਆਰੂਪ ਹੈ।

ਸਰੀਰਕ ਸੁੰਦਰਤਾ ਵਿਚ ਅੱਖ ਦੀ ਸੁੰਦਰਤਾ ਨੂੰ ਇੱਕ ਖ਼ਾਸ ਥਾਂ ਪ੍ਰਾਪਤ ਹੈ। ਸੁੰਦਰ ਨੈਣਾਂ ਨੂੰ ਮ੍ਰਿਗ ਨੈਣ ਆਖਿਆ ਗਿਆ ਹੈ ਦੰਦਾਂ ਦੀ ਸੁੰਦਰਤਾ ਨੂੰ ਮੋਤੀਆਂ ਨਾਲ ਤੁਲਨਾ ਦਿੱਤੀ ਗਈ ਹੈ। ਕੇਸ ਕਾਲੀਆਂ ਘਟਾਵਾਂ ਵਾਂਗ, ਗਰਦਨ ਸੁਰਾਹੀ ਦੀ ਤਰਾਂ, ਚਾਲ ਹੰਸ ਦੀ, ਬੋਲ ਕੋਇਲ ਵਰਗੇ, ਹਾਸਾ ਫੁੱਲ ਝੜੀਆਂ ਵਾਂਗ ਤੇ ਨੱਕ ਤੋਤੇ ਦੀ ਤਰਾਂ।

ਇਨਾਂ ਸਰੀਰਕ ਚਿੰਨਾਂ ਦੀ ਸੁੰਦਰਤਾ ਮਨੁੱਖੀ ਦੁਨੀਆਂ ਅੰਦਰ ਇੱਕ ਖਾਸ ਥਾਂ ਰੱਖਦੀ ਹੈ ਪਰਮਾਤਮਾ ਅਤਿ ਸੁੰਦਰ ਹੈ ਉਪਨਿਸ਼ਦਾਂ ਦੇ ਰਿਸ਼ੀਆਂ ਨੇ ਪਰਮਾਤਮਾ ਦੇ ਗੁਣਾਂ ਵਿੱਚ ਸੁੰਦਰਤਾ ਦੀ ਖ਼ਾਸ ਪ੍ਰਧਾਨਤਾ ਮੰਨੀ ਹੈ। ਸੱਤ ਪ੍ਰਕਾਸ਼ਮਾਨ ਹੈ ਉਥੇ ਸੁੰਦਰ ਹੈ ਸੱਤਯਮ, ਸ਼ਿਵਮ, ਸੁੰਦਰਮ ਗੁਰੂ ਨਾਨਕ ਦੇਵ ਜੀ ਨੇ ਰੱਬ ਨੂੰ ਸੁਹਾਣ ਸੋਹਣਾ ਕਰ ਕੇ ਆਖਿਆ ਹੈ।

**ਸਤਿ ਸੁਹਾਣੁ ਸਦਾ ਮਨਿ ਚਾਉ ।।**

'ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ ॥ ਕੰਚਨ ਕਾਇਆ ਸੁਇਨੇ ਕੀ ਢਾਲਾ ॥ ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ ॥ ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ॥ ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ॥ ਬੰਕੇ ਲੋਇਣ ਦੰਤ ਰੀਸਾਲਾ ।।'

ਸੁੰਦਰਤਾ ਖਿੱਚ ਪਾਉਂਦੀ ਹੈ ਤੇ ਪਿਆਰੀ ਲੱਗਦੀ ਹੈ ਜੋ ਪਿਆਰ ਪਿਆਰਾ ਲੱਗੇ ਉਸ ਨਾਲ ਸਬੰਧ ਜੋੜਨ ਲਈ ਮਨ ਕਰਦਾ ਹੈ। ਇਥੇ ਉਸ ਅਕਾਲ ਪੁਰਖੁ ਦੀ ਗੱਲ ਕੀਤੀ ਗਈ ਹੈ, ਉਹ ਮੈਨੂੰ ਸੁੰਦਰ ਹੀ ਦਿਖਾਈ ਦੇਵੇ ਤਾਂ ਮੈਂ ਸੁੰਦਰ ਦਿਖਾਈ ਦੇਵੇ ਇਹ ਚਾਹਤ ਬੜੀ ਪ੍ਰਬਲ ਹੈ ਇਸ ਚਾਹਤ ਨੇ ਸ਼ਿੰਗਾਰ ਸਮੱਗਰੀ ਨੂੰ ਜਨਮ ਦਿੱਤਾ ਹੈ । ਸੰਸਾਰ ਦਾ ਪੰਜਾਹ ਪ੍ਰਤੀਸ਼ਤ ਧਨ ਸ਼ਸ਼ਤਰ ਬਣਾਉਣ 'ਤੇ ਖਰਚ ਹੋ ਰਿਹਾ ਹੈ ਤੇ ਤੀਹ ਪ੍ਰਤੀਸ਼ਤ ਸ਼ਿੰਗਾਰ ਸਮੱਗਰੀ 'ਤੇ ਖਰਚ ਹੋ ਰਿਹਾ ਹੈ। ਇਸ ਸਮੱਗਰੀ ਦਾ ਪੁਰਸ਼ ਨਾਲੋਂ ਇਸਤਰੀ ਜ਼ਿਆਦਾ ਪ੍ਰਯੋਗ ਕਰਦੀ ਹੈ, ਇਸਤਰੀ ਦੇ ਅਚੇਤਨ ਮਨ ਵਿਚ ਪੁਰਸ਼ ਨਾਲੋਂ ਘੱਟ ਹੋਣ ਦਾ ਭਾਵ ਛੁਪਿਆ ਪਿਆ ਹੈ, ਉਸ ਘਾਟ ਨੂੰ ਸ਼ਿੰਗਾਰ ਰਾਹੀਂ ਪੂਰਾ ਕਰਨਾ ਚਾਹੁੰਦੀ ਹੈ। ਇਹ ਹੈ ਵੀ ਠੀਕ ਮਦੀਨ ਨਾਲੋਂ ਨਰ ਪ੍ਰਕਿਰਤੀ ਵਿੱਚ ਜ਼ਿਆਦਾ ਸੁੰਦਰ ਦਿਖਾਈ ਦਿੰਦਾ ਹੈ । ਜਿਨਾਂ ਨਰ ਸ਼ੇਰ ਖ਼ੂਬਸੂਰਤ ਹੈ, ਉਤਨੀ ਸ਼ੇਰਨੀ ਨਹੀਂ ਹੈ। ਸ਼ੇਰ ਦੀ ਗਰਦਨ ਦੇ ਵਾਲ ਉਸ ਦੀ ਸ਼ੋਭਾ ਨੂੰ ਦੋ ਵਾਲ਼ਾ ਕਰ ਦਿੰਦੇ ਹਨ, ਸ਼ੇਰਨੀ ਸ਼ੇਰ ਦੇ ਸਾਹਮਣੇ ਬਿਲਕੁਲ ਫਿੱਕੀ ਲੱਗਦੀ ਹੈ।



ਜਿਤਨਾ ਨਰ ਮੋਰ ਸੁੰਦਰ ਹੈ ਉਤਨੀ ਮੋਰਨੀ ਨਹੀਂ ਹੈ ਨਰ ਜਿਹੜਾ ਤੋਤਾ, ਹੰਸ, ਕਬੂਤਰ ਜਿਤਨੀ ਸਰੀਰਕ ਸੁੰਦਰਤਾ ਰੱਖਦੇ ਹਨ ਇਹ ਮਦੀਨ ਕੋਲ ਨਹੀਂ ਹੈ। ਪ੍ਰਕਿਰਤੀ ਨੇ ਨਰ ਦੇ ਤਨ ਨੂੰ ਜ਼ਿਆਦਾ ਸ਼ਿੰਗਾਰਿਆ ਹੈ, ਇਸਤਰੀ ਦੀ ਸ਼ੋਭਾ ਸ਼ਿੰਗਾਰ ਉਸ ਦੀ ਮਾਂ ਬਣਨ ਵਿਚ ਛੁਪਿਆ ਪਿਆ ਹੈ। ਇਸ ਸ਼ੋਭਾ ਨੂੰ ਨਾ ਸਮਝਦੇ ਹੋਏ ਇਸਤਰੀ ਬੈਰੂਨੀ ਸ਼ਿੰਗਾਰ ਦੀ ਤਰਫ ਉਲਝੀ ਹੈ ਤਾਂ ਕਿ ਸੁੰਦਰ ਦਿਖੇ। ਇਸਤਰੀ ਦੀ ਸੋਚ ਵਿੱਚ ਇਹ ਵਿਚਾਰਧਾਰਾ ਕਿ ਉਹ ਸੁੰਦਰ ਦਿਖੇ, ਸੰਸਾਰ ਦੀ ਦੀ ਪ੍ਰਤਿਸ਼ਠਾ ਸ਼ਕਤੀ ਇਸ ਉੱਤੇ ਹੀ ਖ਼ਰਚ ਹੋ ਰਹੀ ਹੈ।

ਵਾਸਤਵਿਕ ਸੁੰਦਰਤਾ ਦੈਵੀ ਗੁਣਾਂ ਵਿੱਚ ਹੈ, ਇਹ ਗੁਣ ਜਿਸ ਦਿਨ ਪ੍ਰਗਟ ਹੁੰਦੇ ਹਨ, ਉਸ ਦਿਨ ਮਨੁੱਖਤਾ ਨੂੰ ਸਵਾਸਤਵਿਕ ਸੁੰਦਰਤਾ ਪ੍ਰਾਪਤ ਹੁੰਦੀ ਹੈ ਜਿਸ ਦੇ ਸਾਹਮਣੇ ਬਹਿਰੂਨੀ ਸੁਹੱਪਣ ਫਿੱਕਾ ਪੈ ਜਾਂਦਾ ਹੈ। ਆਮ ਜਗਤ ਬਾਹਰ ਦੀ ਸੁੰਦਰਤਾ 'ਤੇ ਹੀ ਪ੍ਰਾਪਤ ਹੁੰਦਾ ਹੈ ਨਾ ਸਮਝ ਦੁਨੀਆਂ ਵਿੱਚ ਹੁਸਨ ਦੇ ਮੁਕਾਬਲੇ ਹੁੰਦੇ ਹਨ, ਅਤੇ ਜੋ ਸਭ ਤੋਂ ਸੁੰਦਰ ਦਿਸੇ ਉਸ ਨੂੰ ਮਲਕਾ ਏ ਹੁਸਨ ਕਰਾਰ ਦਿੱਤਾ ਜਾਂਦਾ ਹੈ। ਪਰ ਇਨਾਂ ਨੂੰ ਕੋਈ ਪੁੱਛੇ ਕਿ ਮੁਕਾਬਲਾ ਤਾਂ ਉਸ ਦਾ ਹੁੰਦਾ ਹੈ ਜਿਸ ਵਿਚ ਆਪਣੀ ਕੋਈ ਕਲਾ ਹੋਵੇ, ਤਨ ਦੀ ਸੁੰਦਰਤਾ ਪ੍ਰਭੂ ਅਕਾਲ ਪੁਰਖ ਦੀ ਦੇਣ ਹੈ। ਇਸ ਦਾ ਧੰਨਵਾਦ ਕੀਤਾ ਜਾ ਸਕਦਾ ਹੈ ਪਰ ਇਸ ਦਾ ਮੁਕਾਬਲਾ ਨਹੀਂ :

**ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ।।**
**ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ।।**

ਸੁੰਦਰਤਾ ਕੀ ਹੈ ? ਇਸ ਨੂੰ ਸਮਝਣ ਵਾਸਤੇ ਅਕਲ ਚਾਹੀਦੀ ਹੈ ਤੇ ਵੇਖਣ ਲਈ ਅੱਖ। ਕਦੀ ਕਦੀ ਇਹ ਸੌਗਾਤ ਮਨੁੱਖ ਨੂੰ ਮਿਲਦੀ ਹੈ ਤੇ ਉਹ ਸੁੰਦਰਤਾ ਨੂੰ ਸਮਝ ਤੇ ਵੇਖ ਕੇ ਧੰਨ ਧੰਨ ਹੋ ਜਾਂਦਾ ਹੈ। ਜਿਹੜੇ ਆਖਦੇ ਹਨ ਅਸੀਂ ਸੁੰਦਰਤਾ ਦੇ ਪਾਰਖੂ ਹਾਂ, ਉਹ ਵਾਸਨਾ ਗ੍ਰਸੇ ਮਨੁੱਖ ਹਨ, ਉਨਾਂ ਨੂੰ ਸੁੰਦਰਤਾ ਦਾ ਬੋਧ ਨਹੀਂ ਹੈ। ਇਹ ਤਾਂ ਠੀਕ ਹੈ ਕਿ ਪ੍ਰਮਾਤਮਾ ਅਤਿ ਸੁੰਦਰ ਹੈ ਤੇ ਉਹ ਸੁੰਦਰਤਾ ਤੇ ਹੀ ਪ੍ਰਭਾਵਿਤ ਹੁੰਦਾ ਹੈ। ਇਹ ਸੁੰਦਰਤਾ ਹੈ ਦੈਵੀ ਗੁਣਾਂ ਦਾ ਸ਼ਿੰਗਾਰ। ਇਸ ਸ਼ਿੰਗਾਰ ਨਾਲ ਹੀ ਪ੍ਰਭੂ ਕੰਤਿ ਰੀਝ ਦਾ ਹੈ ।

ਇਹ ਸ਼ਿੰਗਾਰ ਕੀ ਹੈ ਸਤਿਗੁਰੂ ਜੀ ਦਾ ਵਰਨਣ ਕਰਦੇ ਹਨ :

**ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥1॥ ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥1॥ ਰਹਾਉ ॥ ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥ ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥2॥ ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥3॥ ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥ ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥4॥1॥35॥ ਪੰਨਾ 359**

ਪ੍ਰਭੂ ਚਿੰਤਨ ਨਾਲ ਇੱਕ ਐਸੀ ਸੁੰਦਰਤਾ ਜਨਮ ਲੈਂਦੀ ਹੈ ਜੋ ਅੱਖਰਾਂ ਵਿੱਚ ਵਰਨਣ ਨਹੀਂ ਕੀਤੀ ਜਾ ਸਕਦੀ। ਅੱਖਾਂ ਵਿਚ ਇਕ ਐਸੀ ਮਖ਼ਮੂਰੀ ਪਵਿੱਤਰਤਾ ਤੇ ਪ੍ਰਕਾਸ਼ ਪੈਦਾ ਹੁੰਦਾ ਹੈ। ਉਹ ਮ੍ਰਿਗ ਨੂੰ ਨਸੀਬ ਨਹੀਂ ਹੈ। ਜੁਬਾਨ ਵਿਚ ਜੋ ਮਿਠਾਸ ਪੈਦਾ ਹੁੰਦੀ ਹੈ ਕੋਇਲ ਉਸ ਮਿਠਾਸ ਅੱਗੇ ਫਿੱਕੀ ਪੈ ਜਾਂਦੀ ਹੈ। ਕਦਮਾਂ ਵਿੱਚ ਕ੍ਰਾਂਤੀ ਆ ਜਾਂਦੀ ਹੈ ਹੱਥਾਂ ਵਿੱਚ ਬਰਕਤ ਤੇ ਦ੍ਰਿਸ਼ਟੀ ਵਿਚ ਅੰਮ੍ਰਿਤ ਬਰਸਣ ਲੱਗ ਪੈਂਦਾ ਹੈ। ਇਸ ਦੈਵੀ ਸੁੰਦਰਤਾ ਤੇ ਅਕਾਲ ਪੁਰਖ ਵੀ ਫੌਤ ਹੋ ਜਾਂਦਾ ਹੈ ਤੇ ਉਹ ਭਗਤ ਦੇ ਬਸ ਵਿਚ ਹੋ ਜਾਂਦਾ ਹੈ, ਜੈਸੀ ਅੱਖ ਸਾਡੇ ਕੋਲ ਹੈ ਇਸ ਨਾਲ ਪ੍ਰਮਾਤਮਾ ਨਹੀਂ ਵੇਖਿਆ ਜਾ ਸਕਦਾ ਤੇ ਇਸ ਹੱਥ ਨਾਲ ਪ੍ਰਮਾਤਮਾ ਦਰਸ਼ਨ ਦੇਣ ਨੂੰ ਵੀ ਤਿਆਰ ਨਹੀਂ ।ਜੋ ਰਸਨਾ ਤੇ ਕੰਨ ਸਾਡੇ ਕੋਲ ਹਨ ਇਹ ਬੋਲ ਤੇ ਸਰੋਤ ਅਤਿ ਨੀਵੇਂ ਹਨ ਅਤੇ ਜੈਸਾ ਮਨ ਸਾਡੇ ਕੋਲ ਹੈ ਇਸ ਵਿਚ ਗੁਰਮਿਤ ਦਾ ਵਾਸ ਅਤਿ ਕਠਨ ਹੈ।

ਸਾਡਾ ਇਹ ਸਰੀਰ ਸਾਨੂੰ ਬਹੁਤ ਧੋਖਾ ਦਿੰਦਾ ਹੈ। ਵਸਤੂ ਦੀ ਸਹੀ ਜਾਣਕਾਰੀ ਦੇਣ ਵਿੱਚ ਅਸਮਰੱਥ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ ਕਿ ਹਿਰਨ ਵਰਗੀ ਅੱਖ ਰੱਖਣੇ ਵਾਲੀ ਵਸਤੂ ਦਾ ਸਹੀ ਰੂਪ ਵੇਖ ਜਿਵੇਂ ਮ੍ਰਿਗ ਦੀ ਅੱਖ ਖ਼ੂਬਸੂਰਤ ਤਾਂ ਬਹੁਤ ਹੈ ਪਰ ਇਨਾਂ ਖ਼ੂਬਸੂਰਤ ਅੱਖਾਂ ਨਾਲ ਉਹ ਬਹੁਤ ਧੋਖਾ ਖਾਂਦਾ ਹੈ, ਤਪਦੇ ਹੋਈ ਰੇਤ ਮਾਰੂਥਲ ਨੂੰ ਪਾਣੀ ਸਮਝ ਲੈਂਦਾ ਹੈ ਤੇ ਭਟਕ ਭਟਕ ਕੇ ਮਰ ਜਾਂਦਾ ਹੈ। ਅੱਖ ਤਾਂ ਉਹੀ ਹੈ ਜੋ ਵਸਤੂ ਦਾ ਸਹੀ ਰੂਪ ਸਾਡੇ ਸਾਹਮਣੇ ਰੱਖ ਦੇਵੇ। ਅੱਖਾਂ ਉਸ ਦਿਨ ਅਤਿ ਸੁੰਦਰ ਤੇ ਸ਼ੋਭਨੀਕ ਹੋ ਜਾਂਦੀਆਂ ਹਨ ਜਿਸ ਦਿਨ ਅੱਖਾਂ ਵਿੱਚ ਗਿਆਨ ਦਾ ਅੰਜਨ ਪੈ ਜਾਂਦਾ ਹੈ ।

ਸਾਡੇ ਦੇਸ਼ ਦੇ ਚਿੰਤਕ ਪੁਰਸ਼ਾਂ ਨੇ ਸੁੰਦਰਤਾ ਦੇ ਸਲੋਅ ਸ਼ਿੰਗਾਰ ਮੰਨੇ ਹਨ ਤੇ ਬੱਤੀ ਸੁਲੱਖਣ। ਸੋਲ਼ਾਂ ਸ਼ਿੰਗਾਰ ਕਰਕੇ ਅੰਗਾਂ ਨੂੰ ਸੰਵਾਰਨ ਦਾ ਇੱਕ ਢੰਗ ਹੈ ਮੱਥੇ ਦੀ ਬਿੰਦੀ ਲਾਉਣੀ, ਕੇਸਾਂ ਵਿੱਚ ਮਾਂਗ, ਹੱਥਾਂ ਪੈਰਾਂ ਤੇ ਮਹਿੰਦੀ, ਦੰਦਾਸੇ ਨਾਲ ਦੰਦ ਸ਼ਿੰਗਾਰ ਨੇ ਅੱਖਾਂ ਵਿੱਚ ਕੱਜਲ ਪਾਉਣਾ ਇਤਿਆਦਿਕ।

ਪਰ ਇਹ ਅਧਿਆਤਮਿਕ ਸ਼ਿੰਗਾਰ ਤਾਂ ਹੈ ਜਦ ਪੈਰ ਸੱਚ ਦੇ ਮਾਰਗ ਤੇ ਚੱਲਣ, ਗੁਰੂ ਦਾ ਦਾਮਨ ਪਕੜਨਾ, ਰਸਨਾ ਸਿਫ਼ਤ ਸਲਾਹ ਨਾਲ ਸ਼ਿੰਗਾਰੀ ਹੋਵੇ ਤੇ ਸਿਰ ਉਸ ਦੇ ਕਦਮਾਂ ਤੇ ਪਿਆ ਹੋਵੇ :

**ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ ॥**
**ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ ਪਇਆ ਤਉ ਸਰਣੀ ॥2॥ ਪੰਨਾ 964**

ਗੁਰੂ ਨਾਨਕ ਦੇਵ ਜੀ ਸੱਚ ਦੀ ਮਾਂਗ ਭਰਨੀ ਪ੍ਰੇਮ ਦੇ ਕੱਪੜੇ ਪਾਉਣੇ ਦੱਸਦੇ ਹਨ ਚਿੱਤ ਵਿਚ ਉਸ ਪਿਆਰੇ ਨੂੰ ਵਸਾਉਣਾ ਇਹੀ ਸੁਗੰਧੀ ਲਾਉਣੀ ਹੈ ਤੇ ਸ਼ਬਦ ਦਾ ਦੀਵਾ ਬਾਲ ਮੰਦਰ ਸਜਾਵਣਾ ਹੈ ।

ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥ ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ।।

ਜੇ ਉਸ ਕੰਤ ਨੂੰ ਰਿਝਾਉਣਾ ਹੈ ਤਾਂ ਆਪਣੇ ਹੱਥਾਂ ਨਾਲ ਉਸ ਦਾ ਦਾਮਨ ਪਕੜ ਲੈ। ਸੀਸ ਰੱਖ ਦੇ ਉਸ ਦੇ ਕਦਮਾਂ ਤੇ ਅਤੇ ਕੰਨਾਂ ਨਾਲ ਉਸ ਦੀ ਸ਼ੋਭਾ ਸੁਣ ਤੇ ਅੱਖਾਂ ਨਾਲ ਉਸ ਨੂੰ ਵੀ ਹਰ ਇੰਦਰੀ ਪਵਿੱਤਰ ਹੋ ਜਾਵੇਗੀ। ਇਸ ਤਰਾਂ ਨਾਲ ਸ਼ਿੰਗਾਰੀ ਹੋਈ ਜੀਵ ਕਾਮਨ ਪ੍ਰਮਾਤਮਾ ਨੂੰ ਪਿਆਰੀ ਲੱਗਦੀ ਹੈ ਤੇ ਜੀਵਨ ਧੰਨ ਧੰਨ ਹੋ ਜਾਂਦਾ ਹੈ। ਇਨਸਾਨ ਦਾ ਅਸਲ ਮਕਸਦ ਕੀ ਉਸ ਅਕਾਲ ਪੁਰਖ ਨੂੰ ਪਾਉਣਾ ਹੈ ਤੇ ਉਸ ਦੇ ਰੰਗ ਵਿੱਚ ਰੰਗੀ ਹੋਈ ਇਸ ਰੂਹ ਨੂੰ ਸਜਾਉਣਾ ਹੈ।



# ਬ੍ਰਹਮ ਗਿਆਨੀ ਬਾਬਾ ਬੁੱਢਾ ਜੀ

**ਜੋਰਾਵਰ ਸਿੰਘ ਤਰਸਿੱਕਾ**

ਆਉ ਅੱਜ ਬ੍ਰਹਮ-ਗਿਆਨੀ ਬਾਬਾ ਬੱਢਾ ਸਾਹਿਬ ਜੀ ਦੇ ਪਰਿਵਾਰ ਬਾਰੇ ਜਾਣਕਾਰੀ ਪ੍ਰਾਪਤ ਕਰੀਏ ਜੀ। ਬਾਬਾ ਬੁੱਢਾ ਜੀ ਦਾ ਜਨਮ ਪਿੰਡ ਕਥੂਨੰਗਲ ਜਿਲਾ ਅਮ੍ਰਿਤਸਰ ਸਾਹਿਬ ਵਿਖੇ ਪਿਤਾ ਭਾਈ ਸੁੱਖਾ ਜੀ ਦੇ ਘਰ ਤੇ ਮਾਤਾ ਗੌਰਾਂ ਜੀ ਦੀ ਪਵਿੱਤਰ ਕੁਖ ਤੋਂ ਹੋਇਆ ਸੀ। ਬਾਬਾ ਜੀ ਦਾ ਬਚਪਨ ਦਾ ਨਾਮ ਬੂੜਾ ਸੀ ਪਰ ਗੁਰੂ ਨਾਨਕ ਸਾਹਿਬ ਜੀ ਨੇ ਜਦ ਬੂੜੇ ਦੀਆਂ ਬਹੁਤ ਸਿਆਣੀਆਂ ਗੱਲਃ ਸੁਣੀਆਂ ਤਾਂ ਗੁਰੂ ਜੀ ਕਹਿਣ ਲੱਗੇ ਤੁਹਾਡੀ ਤੇ ਮਤ ਬੁੱਢਿਆਂ ਵਾਂਗ ਸਿਆਣੀ ਹੈ। ਇਸ ਤੋਂ ਹੀ ਬਾਬਾ ਬੁੱਢਾ ਜੀ ਕਰਕੇ ਨਾਮ ਮਸ਼ਹੂਰ ਹੋਇਆ। ਬਾਬਾ ਜੀ ਦਾ ਵਿਆਹ ਅੱਚਲ ਪਿੰਡ ਦੇ ਜਿੰਮੀਦਾਰ ਦੀ ਧੀ ਬੀਬੀ ਮਿਰੋਆ ਜੀ ਨਾਲ ਹੋਇਆ, ਬਾਬਾ ਬੁੱਢਾ ਸਾਹਿਬ ਜੀ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ। ਵੱਡੇ ਤਿੰਨ ਪੁੱਤਰ ਕੰਮਾਂ-ਕਾਰਾਂ ਵਿੱਚ ਵਿਅਸਤ ਹੋ ਗਏ, ਪਰ ਛੋਟੇ ਪੁੱਤਰ ਭਾਈ ਭਾਨਾ ਜੀ ਗੁਰੂ ਘਰ ਵਿੱਚ ਬਾਬਾ ਬੁੱਢਾ ਸਾਹਿਬ ਜੀ ਤੋਂ ਬਾਅਦ ਵੀ ਗੁਰਤਾਗੱਦੀ ਦੀ ਸੇਵਾ ਨਿਭਾਉਂਦੇ ਰਹੇ। ਭਾਈ ਭਾਨਾ ਜੀ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਤਾਗੱਦੀ ਦਾ ਤਿਲਕ ਲਾਇਆ, ਇੰਝ ਇਨਾਂ ਨੇ ਆਪਣੀ ਖਾਨਦਾਨੀ ਡਿਊਟੀ ਨਿਭਾਈ। ਭਾਈ ਭਾਨਾ ਜੀ ਤੇ ਇਨਾਂ ਦੇ ਵੱਡੇ ਪੁੱਤਰ ਭਾਈ ਜਲਾਲ ਜੀ ਪ੍ਰਲੋਕ ਸਿਧਾਰ ਗਏ ਤੇ ਇਨਾਂ ਮਗਰੋਂ ਇਹ ਗੁਰੂ ਘਰ ਦੀ ਸੇਵਾ ਭਾਈ ਭਾਨਾ ਜੀ ਦੇ ਛੋਟੇ ਪੁੱਤਰ ਭਾਈ ਸਰਵਨ ਜੀ ਵੱਧ ਚੜ ਕੇ ਨਿਭਾਉਣ ਲੱਗੇ। 7-8 ਸਾਲ ਗੁਰੂ ਹਰਿਰਾਇ ਸਾਹਿਬ ਜੀ ਦੇ ਚਰਨਾਂ ਵਿੱਚ ਸੇਵਾ ਕਰਦਿਆਂ ਸੰਮਤ 1702 ਵਿੱਚ ਪ੍ਰਲੋਕ ਸਿਧਾਰ ਗਏ। ਇਨਾਂ ਤੋਂ ਬਾਅਦ ਆਪਣੀ ਪ੍ਰੰਪਰਾਗਤ ਡਿਊਟੀ ਨੂੰ ਸੰਭਾਲਣ ਲਈ ਬਾਬਾ ਬੁੱਢਾ ਜੀ ਦੇ ਪੜਪੋਤੇ ਅਤੇ ਭਾਈ ਸਰਵਨ ਜੀ ਦੇ ਸਪੁੱਤਰ ਭਾਈ ਝੰਡਾ ਜੀ ਮੈਦਾਨ ਵਿੱਚ ਆਣ ਨਿਤਰੇ ਅਤੇ ਸੇਵਾ ਦਾ ਝੰਡਾ ਬੁਲੰਦ ਰਖਣ ਲਈ ਦਿਨ ਰਾਤ ਇਕ ਕਰਨ ਲੱਗੇ। ਬਾਬਾ ਬੁੱਢਾ ਜੀ ਨੇ ਇਸ ਪੜਪੋਤੇ ਦਾ ਅਨੰਦ ਕਾਰਜ ਆਪਣੇ ਹੱਥੀਂ ਕੀਤਾ ਸੀ। ਭਾਈ ਝੰਡਾ ਜੀ ਦੇ ਜਨਮ ਵੇਲੇ ਗੁਰੂ ਰਾਮਦਾਸ ਜੀ ਬਾਬਾ ਬੁੱਢਾ ਜੀ ਕੋਲ ਰਮਦਾਸ ਗਏ ਸੀ, ਇਸ ਭਾਈ ਝੰਡੇ ਦੇ ਨਾਂ ਉਤੇ ਹੀ ਗੁਰੂ ਰਾਮਦਾਸ ਸਾਹਿਬ ਜੀ ਨੇ ਰਮਦਾਸ ਦਾ ਨਾਂ ਝੰਡਾ ਨਗਰ ਰਖਿਆ ਸੀ ਪਰ ਬਾਬਾ ਬੁੱਢਾ ਜੀ ਦੇ ਕਹਿਣ 'ਤੇ ਹੀ ਗੁਰੂ ਰਾਮਦਾਸ ਜੀ ਦੇ ਨਾਂ ਉਤੇ ਰਮਦਾਸ ਝੰਡਾ ਕਰਕੇ ਨਗਰ ਦਾ ਨਾਮ ਰਖਿਆ ਗਿਆ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰਗੱਦੀ ਉਤੇ ਬਿਰਾਜਮਾਨ ਹੋਏ ਤਾਂ ਭਾਈ ਝੰਡਾ ਜੀ ਨੇ ਹੀ ਗੁਰਗੱਦੀ ਤਿਲਕ ਦੀ ਰਸਮ ਪੂਰੀ ਕੀਤੀ ਸੀ। ਭਾਈ ਝੰਡਾ ਜੀ ਗੁਰੂ ਹਰਗੋਬਿੰਦ ਸਾਹਿਬ ਨਾਲ ਵੀ ਜੰਗਾਂ ਵਿੱਚ ਹਿੱਸਾ ਲੈਂਦੇ ਰਹੇ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਗੁਰਗੱਦੀ ਤਿਲਕ ਦੀ ਰਸਮ ਤੋਂ ਕੁਝ ਸਮੇਂ ਬਾਅਦ ਭਾਈ ਝੰਡਾ ਜੀ ਵੀ ਪ੍ਰਲੋਕ ਸਿਧਾਰ ਗਏ। ਬਾਅਦ ਵਿੱਚ ਬਾਬਾ ਬੁੱਢਾ ਜੀ ਦੇ ਖਾਨਦਾਨ ਵਿੱਚੋਂ ਪੰਜਵੇਂ ਅਸਥਾਨ ਤੇ ਭਾਈ ਗੁਰਦਿੱਤਾ ਜੀ ਗੁਰੂਘਰ ਦੀ ਸੇਵਾ ਵਿੱਚ ਲੱਗ ਗਏ। ਭਾਈ ਗੁਰਦਿੱਤਾ ਜੀ ਦਾ ਸਮਾਂ ਬੜਾ ਪ੍ਰਖਿਆ ਵਾਲਾ ਸੀ, ਉਸ ਸਮੇਂ 22 ਮੰਜੀਆਂ ਹੋ ਗਈਆਂ ਸਨ। ਬਕਾਲੇ ਨਗਰ ਵਿੱਚ ਬਾਈ ਦੇ ਬਾਈ ਹੀ ਤਿਲਕ ਦੀ ਰਸਮ ਭਾਈ ਗੁਰਦਿੱਤਾ ਜੀ ਪਾਸੋਂ ਕਰਵਾਉਣਾ ਚਾਹੁੰਦੇ ਸਨ। ਪਰ ਭਾਈ ਗੁਰਦਿੱਤਾ ਜੀ ਆਪਣੇ ਆਪ ਵਿੱਚ ਕਾਇਮ ਰਹੇ ਤੇ ਕਿਸੇ ਵੱਲ ਨਹੀਂ ਗਏ, ਫੇਰ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਪ੍ਰਗਟ ਹੋਏ ਤਾਂ ਭਾਈ ਗੁਰਦਿੱਤਾ ਜੀ ਵਲੋਂ ਗੁਰਗੱਦੀ ਦਾ ਤਿਲਕ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਤਾ ਗਿਆ। ਫਿਰ ਭਾਈ ਗੁਰਦਿੱਤਾ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਕੋਲ ਰਹਿਣ ਦਾ ਫੈਸਲਾ ਕੀਤਾ। ਬਹੁਤ ਸਮਾਂ ਗੁਰੂ ਜੀ ਦੀ ਸੰਗਤ ਕੀਤੀ, ਜਦੋਂ ਗੁਰੂ ਤੇਗ ਬਹਾਦਰ ਜੀ ਕੀਰਤਪੁਰ ਤੋਂ ਅਗਾਹ ਚਲੇ ਗਏ ਤਾਂ ਭਾਈ ਗੁਰਦਿੱਤਾ ਜੀ ਵਾਪਸ ਰਮਦਾਸ ਆ ਗਏ। ਪਰ ਫੇਰ ਮਨ ਨੇ ਉਛਾਲਾ ਖਾਦਾ ਤਾਂ ਆਪ ਅਨੰਦਪੁਰ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਆ ਗਏ। ਜਦੋਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਗ੍ਰਿਫਤਾਰ ਕਰ ਲਿਆ ਤਾਂ ਭਾਈ ਗੁਰਦਿੱਤਾ ਜੀ ਵੀ ਨਾਲ ਸਨ। ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਨੂੰ ਜਦੋਂ ਸ਼ਹੀਦ ਕੀਤਾ ਗਿਆ ਤਾਂ ਗੁਰੂ ਤੇਗ ਬਹਾਦਰ ਸਾਹਿਬ ਦੀ ਆਗਿਆ ਮੰਨ ਕੇ ਆਪ ਅਨੰਦਪੁਰ ਸਾਹਿਬ ਵਾਪਸ ਆ ਗਏ। ਆਪ ਦਰਿਆ ਜਮਨਾ ਦੇ ਕੰਢੇ ਪੁੱਜੇ ਅਤੇ ਉਥੇ ਸਮਾਧੀ ਲੀਨ ਹੋ ਕੇ ਬਿਕ੍ਰਮੀ 1732 ਵਿੱਚ ਸਰੀਰ ਤਿਆਗ ਗਏ।

ਬਾਬਾ ਬੁੱਢਾ ਸਾਹਿਬ ਤੋਂ ਬਾਅਦ ਛੇਵੀ ਥਾਂ ਐਸੇ ਮਹਾਂਪੁਰਸ਼ ਪੈਦਾ ਹੋਏ ਜਿਨਾਂ ਦਾ ਜਸ ਸਭਨੀ ਤਰਫ ਦੂਰ ਦੂਰ ਤਕ ਫੈਲ ਗਿਆ। ਜਿਨਾਂ ਦਾ ਹਿੰਦੂ ਮੁਸਲਮਾਨ ਸਭ ਆਦਰ ਸਤਿਕਾਰ ਕਰਦੇ ਸਨ। ਇਨਾਂ ਦਾ ਨਾਮ ਭਾਈ ਰਾਮ ਕੋਇਰ ਜੀ ਸੀ, ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕ ਕੇ ਨਾਮ ਭਾਈ ਗੁਰਬਖਸ਼ ਸਿੰਘ ਜੀ ਰਖਿਆ ਗਿਆ। ਇਹ ਗੁਰੂ ਗੋਬਿੰਦ ਸਿੰਘ ਜੀ ਤੋਂ ਲਗਭਗ 6 ਸਾਲ ਛੋਟੇ ਸਨ। ਬਾਬਾ ਬੱਢਾ ਸਾਹਿਬ ਦੇ ਵੰਸ਼ ਵਿੱਚੋਂ ਹੋਣ ਕਰਕੇ ਪੌਣੇ ਤਿੰਨ ਸਾਲ ਦੀ ਉਮਰ ਵਿੱਚ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਤਾਗੱਦੀ ਦਾ ਤਿਲਕ ਆਪ ਜੀ ਦੇ ਹੀ ਹੱਥੋਂ ਕਰਵਾਇਆ ਗਿਆ ਸੀ। ਇਕ ਵਾਰ ਮਾਤਾ ਗੁਜਰ ਕੌਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਪੂਰਨ ਬ੍ਰਹਮ-ਗਿਆਨੀ ਦੇ ਦਰਸ਼ਨ ਕਰਵਾਉਣ ਵਾਸਤੇ ਬੇਨਤੀ ਕੀਤੀ ਤਾਂ ਗੁਰੂ ਗੋਬਿੰਦ ਸਿੰਘ ਜੀ ਰਾਮ ਕੋਇਰ ਜੀ ਨੂੰ ਮਾਤਾ ਜੀ ਕੋਲ ਲੈ ਕੇ ਆ ਗਏ ਅਤੇ ਆਖਿਆ ਇਸ ਸਮੇਂ ਇਨਾਂ ਤੋਂ ਵੱਡਾ ਹੋਰ ਕੋਈ ਬ੍ਰਹਮ-ਗਿਆਨੀ ਨਹੀਂ ਹੈ। ਭਾਈ ਰਾਮ ਕੋਇਰ ਜੀ ਨਾਲ ਹੋਰ ਵੀ ਬਹੁਤ ਸਾਖੀਆਂ ਜੁੜੀਆਂ ਹਨ, 300 ਸਾਖੀ ਵੀ ਭਾਈ ਰਾਮ ਕੋਇਰ ਜੀ ਨੇ ਹੀ ਲਿਖੀ ਸੀ ਜੋ ਭਵਿਖਤ ਬਚਨ ਸਨ। ਕਹਿਦੇ ਹਨ ਜਦੋਂ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਸਾਹਿਬ ਨੂੰ ਚਾਲੇ ਪਾਉਣ ਲੱਗੇ ਤਾਂ ਭਾਈ ਰਾਮ ਕੋਇਰ ਜੀ ਨੂੰ ਵਾਪਸ ਰਮਦਾਸ ਭੇਜ ਦਿਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਦੋ ਵਰ ਦਿੱਤੇ ਕਿ ਜਦੋਂ ਤੁਸੀਂ ਕਥਾ ਕਰਿਆ ਕਰੋਗੇ ਤੁਹਾਡੀ ਜੁਬਾਨ ਤੇ ਅਸੀਂ ਬਿਰਾਜਮਾਨ ਹੋ ਕੇ ਕਥਾ ਕਰਵਾਇਆ ਕਰਾਂਗੇ। ਦੂਸਰਾ ਜਦੋਂ ਸਾਡੇ ਦਰਸ਼ਨ ਕਰਨ ਨੂੰ ਦਿਲ ਕਰੇ ਸ਼ਸਤਰ ਧਾਰਨ ਕਰਕੇ ਸ਼ਿਕਾਰ ਨੂੰ ਨਿਕਲਿਆ ਕਰਿਉ ਸਾਡੇ ਦਰਸ਼ਨ ਹੋਇਆ ਕਰਨਗੇ। ਭਾਈ ਸੰਤੋਖ ਸਿੰਘ ਜੀ, ਭਾਈ ਰਾਮ ਕੋਇਰ ਜੀ ਦੇ ਸੇਵਕ ਸਨ ਆਪ ਜੀ ਪਾਸੋਂ ਹੀ ਗੁਰੂਘਰ ਦਾ ਇਤਿਹਾਸ ਸੁਣ ਕੇ ਭਾਈ ਸੰਤੋਖ ਸਿੰਘ ਜੀ ਨੇ ਸਾਰਾ ਇਤਿਹਾਸ ਕਲਮਬੰਦ ਕੀਤਾ ਸੀ। ਭਾਈ ਰਾਮ ਕੋਇਰ ਦੇ ਚਲਾਣੇ ਤੋਂ ਬਾਅਦ ਰਮਦਾਸ ਡੇਰੇ ਦੀ ਜਾਇਦਾਦ ਦਾ ਵਾਰਸ ਉਨਾਂ ਦਾ ਪੁੱਤਰ ਭਾਈ ਮੇਹਰ ਸਿੰਘ ਜੀ ਬਣੇ ਜਿਨਾਂ ਡੇਰੇ ਦੀ ਸੰਭਾਲ ਬਿਕ੍ਰਮੀ 1820 ਤੱਕ ਕੀਤੀ। ਉਪਰੰਤ ਉਨਾਂ ਦਾ ਸਪੁੱਤਰ ਭਾਈ ਸ਼ਾਮ ਸਿੰਘ ਜੀ ਵਾਰਿਸ ਬਣ ਗਏ, ਭਾਈ ਸ਼ਾਮ ਸਿੰਘ ਜੀ ਦੇ ਚਲਾਣਾ ਕਰ ਜਾਣ ਤੋਂ ਬਾਅਦ ਉਨਾਂ ਦੇ ਜਵਾਨ ਪੁੱਤਰ ਭਾਈ ਕਾਹਨ ਸਿੰਘ ਜਵਾਨ ਉਮਰੇ ਉਸੇ ਸਾਲ ਹੀ ਚਲਾਣਾ ਕਰ ਗਏ। ਅੱਗੋਂ ਉਨਾਂ ਦੇ ਪੁੱਤਰ ਭਾਈ ਸੁਜਾਨ ਸਿੰਘ ਅਜੇ ਬਾਲ ਹੀ ਸਨ ਜਾਇਦਾਦ ਤੇ ਪ੍ਰਬੰਧ ਸੰਭਾਲਣ ਜੋਗੇ ਨਹੀਂ ਸਨ ਹੋਏ। ਜਦ ਤਕ ਬਣ ਚੁਕੀਆਂ ਮਿਸਲਾਂ ਦੀ ਆਪਸੀ ਲੜਾਈ ਸ਼ੁਰੂ ਹੋ ਗਈ। ਉਨਾਂ ਨੇ ਡੇਰੇ 'ਤੇ ਕਬਜਾ ਕਰ ਲਿਆ, ਪਰ ਛੇਤੀ ਹੀ ਗਲਤੀ ਦਾ ਅਹਿਸਾਸ ਹੋ ਗਿਆ। ਬਾਬਾ ਬੁੱਢਾ ਸਾਹਿਬ ਦੀ ਨਿਸ਼ਾਨੀ ਨੂੰ ਕਾਇਮ ਰਖਣ ਲਈ ਡੇਰੇ ਦਾ ਪ੍ਰਬੰਧ ਚਰਨ ਦਾਸ ਨਾਮ ਨੇ ਮਹੰਤ ਦੇ ਸਪੁਰਦ ਕਰ ਦਿਤਾ। ਮਹੰਤ ਚਰਨ ਦਾਸ ਤੋਂ ਬਾਅਦ ਤਰਤੀਬਵਾਰ ਮਹੰਤ ਬ੍ਰਹਮ ਪ੍ਰਕਾਸ, ਮਹੰਤ ਰਾਮ ਪ੍ਰਸਾਦ, ਮਹੰਤ ਠਾਕੁਰ ਦਾਸ, ਅਤੇ ਅਖੀਰ ਵਿੱਚ ਰਘਬੀਰ ਦਾਸ ਉਸ ਸਮੇਂ ਤੱਕ ਬਾਬਾ ਬੁੱਢਾ ਸਾਹਿਬ ਜੀ ਦੀ ਲੱਖਾਂ ਰੁਪਇਆਂ ਦੀ ਜਾਇਦਾਦ ਦੀ ਸੰਭਾਲ ਕਰਦੇ ਰਹੇ ਅਤੇ ਡੇਰੇ ਦੀ ਸੰਭਾਲ ਬੜੇ ਸੁਚੱਜੇ ਢੰਗ ਨਾਲ ਨਿਭਾਉਂਦੇ ਰਹੇ। ਜਦੋਂ ਅਕਾਲੀ ਲਹਿਰ ਚੱਲੀ ਤਾਂ ਮਹੰਤ ਰਘੁਬੀਰ ਦਾਸ ਨੇ ਗੁਰਦੁਵਾਰੇ ਦਾ ਸਾਰਾ ਪ੍ਰਬੰਧ ਅਕਾਲੀਆਂ ਅਥਵਾ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ। ਬਾਅਦ ਵਿੱਚ ਬਾਬਾ ਖੜਕ ਸਿੰਘ ਜੀ ਨੇ ਰਾਤ ਦਿਨ ਇਕ ਕਰਕੇ ਬਾਬਾ ਬੁੱਢਾ ਸਾਹਿਬ ਜੀ ਦਾ ਇਹ ਅਸਥਾਨ ਤੇ ਸਰੋਵਰ ਲੰਗਰ ਹਾਲ ਸੰਗਤਾਂ ਲਈ ਬਣਾ ਕੇ ਤਿਆਰ ਕਰ ਦਿੱਤਾ। ਭੁੱਲ ਚੁੱਕ ਦੀ ਮੁਆਫੀ।



# ਗੁਰੂ ਗੋਬਿੰਦ ਸਿੰਘ ਜੀ ਤੇ ਬਹਾਦਰ ਸ਼ਾਹ ਦੀ ਸਾਂਝ

## ਪੁਸਤਕ 'ਗੁਰੂ ਦਾ ਬੰਦਾ' ਵਿਚੋਂ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

**1704** ਈਸਵੀ ਨੂੰ ਅਨੰਦਪੁਰ ਸਾਹਿਬ 'ਤੇ ਵੱਡਾ ਹਮਲਾ ਕੀਤਾ ਗਿਆ, ਜਿਸ ਨੂੰ ਗੁਰੂ ਦੀ ਫ਼ੌਜ ਨੇ ਪਛਾੜ ਦਿੱਤਾ। ਇਸ ਉਪਰੰਤ ਸ਼ਾਹੀ ਫ਼ੌਜਾਂ ਤੇ ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਦੀ ਘੇਰਾਬੰਦੀ ਕਰ ਦਿੱਤੀ ਜੋ ਕਈ ਮਹੀਨੇ ਜਾਰੀ ਰਹੀ। ਗੁਰੂ ਦੀ ਫ਼ੌਜ ਸ਼ਾਹੀ ਫ਼ੌਜਾਂ ਤੇ ਪਹਾੜੀ ਰਾਜਿਆਂ ਦਾ ਡੱਟ ਕੇ ਮੁਕਾਬਲਾ ਕਰਦੀ ਰਹੀ। ਅਖੀਰ ਨੂੰ ਹਮਲਾਵਰ ਫ਼ੌਜਾਂ ਨੇ ਇਕ ਚਾਲ ਚਲੀ। ਉਹਨਾਂ ਨੇ ਬਾਦਸ਼ਾਹ ਔਰੰਗਜ਼ੇਬ ਵੱਲੋਂ ਕੁਰਾਨ ਦੇ ਨਾਂ ਉੱਤੇ ਲਿਖਿਆ ਹੋਇਆ ਇਕ ਪਰਵਾਨਾ ਗੁਰੂ ਸਾਹਿਬ ਨੂੰ ਪਹੁੰਚਾਇਆ। ਇਸ ਦੇ ਨਾਲ ਪਹਾੜੀ ਰਾਜਿਆਂ ਨੇ ਗਊ ਦੀਆਂ ਸੌਹਾਂ ਚੁੱਕੀਆਂ ਕਿ ਜੇਕਰ ਗੁਰੂ ਸਾਹਿਬ ਅਨੰਦਪੁਰ ਸਾਹਿਬ ਛੱਡ ਜਾਵੇ ਤਾਂ ਉਹਨਾਂ ਉੱਪਰ ਹਮਲਾ ਨਹੀਂ ਕੀਤਾ ਜਾਵੇਗਾ। ਗੁਰੂ ਸਾਹਿਬ ਵਿਰੋਧੀਆਂ ਦੀ ਚਾਲ ਨੂੰ ਪਛਾਣਦੇ ਸਨ, ਪ੍ਰੰਤੂ ਸਿੰਘਾਂ ਦੇ ਜ਼ੋਰ ਪਾਉਣ 'ਤੇ ਉਹਨਾਂ ਨੇ ਅਨੰਦਪੁਰ ਛੱਡ ਦਿੱਤਾ। ਗੁਰੂ ਸਾਹਿਬ ਹਾਲੇ ਦੂਰ ਗਏ ਸਨ ਕਿ ਪਹਾੜੀ ਰਾਜਿਆਂ ਤੇ ਸ਼ਾਹੀ ਫ਼ੌਜਾਂ ਨੇ ਸਾਰੇ ਵਾਅਦੇ ਤੋੜ ਕੇ ਗੁਰੂ ਸਾਹਿਬ ਉੱਪਰ ਹਮਲਾ ਕਰ ਦਿੱਤਾ। ਭਾਰੀ ਬਾਰਸ਼ ਦੌਰਾਨ ਦਰਿਆ ਵਿੱਚ ਹੜ ਆ ਗਿਆ ਤੇ ਸਿਰਸੇ ਦੇ ਉੱਤਰ ਵਲ ਹਮਲਾਵਰਾਂ ਨਾਲ ਗੁਰੂ ਦੀ ਭਾਰੀ ਜੰਗ ਹੋਈ। ਦੋਹਾਂ ਧਿਰਾਂ ਦਾ ਜਾਨੀ ਨੁਕਸਾਨ ਹੋਇਆ। ਇੱਥੇ ਗੁਰੂ ਸਾਹਿਬ ਦਾ ਪਰਿਵਾਰ ਵਿਛੋੜਾ ਹੋਇਆ।

ਸਿਰਸਾ ਦਰਿਆ ਦੇ ਕੰਢੇ ਹੋਏ ਯੁੱਧ ਤੋਂ ਉਪਰੰਤ ਅਗਲੀ ਜੰਗ ਚਮਕੌਰ ਸਾਹਿਬ ਵਿਖੇ ਹੋਈ। ਇੱਥੇ ਪਹੁੰਚਦੇ ਹੋਏ ਗੁਰੂ ਸਾਹਿਬ ਨਾਲ ਸਿਰਫ਼ **40** ਸਿੰਘ ਰਹਿ ਗਏ। ਗੁਰੂ ਸਾਹਿਬ ਨੇ ਉੱਚੀ ਥਾਂ ਸਥਿਤ ਇਕ ਕੱਚੀ ਗੜੀ ਦੀ ਸ਼ਰਨ ਲੈ ਕੇ ਮੁਗ਼ਲ ਤੇ ਪਹਾੜੀ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਵਿੱਚ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋ ਗਏ।

ਗੁਰੂ ਸਾਹਿਬ ਵਿਰੁੱਧ ਇਕ ਹੋਰ ਵੱਡਾ ਹਮਲਾ ਸਰਹੰਦ ਦੇ ਸੂਬੇਦਾਰ ਵੱਲੋਂ ਸੰਨ **1705** ਈਸਵੀ ਨੂੰ ਮਈ ਦੇ ਮਹੀਨੇ ਦੇ ਦੂਜੇ ਹਫ਼ਤੇ ਕੀਤਾ ਗਿਆ, ਜਦੋਂ ਗੁਰੂ ਸਾਹਿਬ ਖਿਦਰਾਣੇ (ਮੁਕਤਸਰ) ਵਿਖੇ ਮੋਰਚਾ ਲਗਾਇਆ ਹੋਇਆ ਸੀ। ਸ਼ਾਹੀ ਫ਼ੌਜਾਂ ਦੀ ਗਿਣਤੀ **7-8** ਹਜ਼ਾਰ ਸੀ ਜੋ ਗੁਰੂ ਦੀ ਫ਼ੌਜ ਤੋਂ ਕਿਤੇ ਵਧੀਕ ਸੀ। ਸਖ਼ਤ ਲੜਾਈ ਮਗਰੋਂ ਮੁਗ਼ਲ ਫ਼ੌਜ ਨੂੰ ਹਾਰ ਖਾ ਕੇ ਵਾਪਸ ਪਰਤਣਾ ਪਿਆ। ਇਸ ਜੰਗ ਵਿੱਚ ਮੁਗ਼ਲਾਂ ਦਾ ਪਹਿਲਾ ਟਾਕਰਾ ਭਾਈ ਮਹਾਂ ਸਿੰਘ ਤੇ ਮਾਈ ਭਾਗ ਕੌਰ ਦੇ ਜਥੇ ਨਾਲ ਹੋਇਆ ਜੋ ਮਾਝੇ ਤੋਂ ਆਇਆ ਸੀ। ਭਾਈ ਮਹਾਂ ਸਿੰਘ ਦਾ ਜਥਾ ਅਨੰਦਪੁਰ ਵਿਖੇ ਗੁਰੂ ਸਾਹਿਬ ਨੂੰ ਬੇਦਾਵਾ ਦੇ ਕੇ ਆਇਆ ਸੀ। ਭਾਈ ਮਹਾਂ ਸਿੰਘ ਦੀ ਬੇਨਤੀ 'ਤੇ ਗੁਰੂ ਸਾਹਿਬ ਨੇ ਬੇਦਾਵਾ ਪਾੜਿਆ ਸੀ।

ਸਪਸ਼ਟ ਹੈ ਕਿ ਗੁਰੂ ਸਾਹਿਬ ਨੂੰ ਤੇਰਾਂ ਵੱਡੇ ਯੁੱਧ ਲੜਨੇ ਪਏ। ਇਹਨਾਂ ਪਿੱਛੇ ਸਾਜ਼ਿਸ਼ਾਂ ਪਹਾੜੀ ਰਾਜਿਆਂ ਨੇ ਘੜੀਆਂ ਤੇ ਮੁਗ਼ਲ ਸਾਮਰਾਜ ਨੂੰ ਭੜਕਾਇਆ।

ਗੁਰੂ ਸਾਹਿਬ ਦੀ ਮੁਗ਼ਲ ਸਾਮਰਾਜ ਨਾਲ ਕੋਈ ਸਿੱਧੀ ਦੁਸ਼ਮਣੀ ਨਹੀਂ ਸੀ। ਨਾ ਹੀ ਉਹ ਮੁਗ਼ਲ ਸਾਮਰਾਜ ਦੀ ਸਮਾਜ ਉੱਪਰ ਕਬਜ਼ਾ ਕਰਨਾ ਚਾਹੁੰਦੇ ਸਨ। ਉਹ ਆਪਣੇ ਧਰਮ ਦਾ ਪ੍ਰਚਾਰ ਕਰ ਰਹੇ ਸਨ ਤੇ ਲੋਕਾਂ ਨੂੰ ਬਰਾਬਰੀ ਤੇ ਸਾਂਝੀਵਾਲਤਾ ਵਲ ਪ੍ਰੇਰ ਰਹੇ ਸਨ। ਸਿੱਖ ਧਰਮ ਦਾ ਹੋ ਰਿਹਾ ਵਿਕਾਸ ਤੇ ਗੁਰੂ ਸਾਹਿਬ ਦੀਆਂ ਜੰਗਜੂ ਮੁਹਿੰਮਾਂ ਤੋਂ ਪਹਾੜੀ ਰਾਜੇ ਖ਼ਤਰਾ ਮਹਿਸੂਸ ਕਰ ਰਹੇ ਸਨ। ਦੱਬੇ ਕੁਚਲਿਆਂ ਨੂੰ ਗੁਰੂ ਸਾਹਿਬ ਵੱਲੋਂ ਬਰਾਬਰਤਾ ਦੇਣੀ ਪਹਾੜੀ ਰਾਜਿਆਂ ਲਈ ਚੈਲਿੰਜ ਸੀ ਤੇ ਗੁਰੂ ਸਾਹਿਬ ਪਹਾੜੀ ਰਾਜਿਆਂ ਦੀ ਅਧੀਨਗੀ ਪ੍ਰਵਾਨ ਨਹੀਂ ਸਨ ਕਰਦੇ, ਜਿਸ ਕਾਰਣ ਇਹ ਯੁੱਧ ਹੋਏ ਤੇ ਸਰਹੰਦ ਦਾ ਸੂਬਾ ਵਜੀਰ ਖਾਨ ਗੁਰੂ ਸਾਹਿਬ ਦਾ ਕੱਟੜ ਦੁਸ਼ਮਣ ਬਣਿਆ। ਵਜੀਰ ਖਾਨ ਨੇ ਵੀ ਗੁਰੂ ਸਾਹਿਬ ਦੀ ਵਧਦੀ ਤਾਕਤ ਨੂੰ 'ਬਗ਼ਾਵਤ' ਵਜੋਂ ਦੇਖਣਾ ਸ਼ੁਰੂ ਕਰ ਦਿੱਤਾ ਸੀ। ਰਣਜੀਤ ਨਗਾਰਾ, ਕਿਲਾ ਰਾਜਿਆਂ ਦਾ ਅਧਿਕਾਰ ਮੰਨਿਆ ਜਾਂਦਾ ਸੀ। ਪਰ ਗੁਰੂ ਸਾਹਿਬ ਨੇ ਰਣਜੀਤ ਨਗਾਰਾ ਤੇ ਅਨੰਦਪੁਰ ਦਾ ਕਿਲਾ ਉਸਾਰ ਕੇ ਅਜ਼ਾਦੀ ਦਾ ਪ੍ਰਗਟਾਵਾ ਕੀਤਾ ਸੀ ਜੋ ਕਿ ਨਾ ਪਹਾੜੀ ਰਾਜਿਆਂ ਨੂੰ ਮਨਜ਼ੂਰ ਸੀ, ਨਾ ਵਜੀਰ ਖਾਨ ਨੂੰ। ਹਾਲਾਂ ਕਿ ਗੁਰੂ ਸਾਹਿਬ ਨੇ ਕਿਸੇ ਉੱਪਰ ਪਹਿਲਾਂ ਹਮਲਾ ਨਹੀਂ ਸੀ ਕੀਤਾ ਤੇ ਨਾ ਹੀ ਉਕਸਾਇਆ ਸੀ।

ਵਜ਼ੀਰ ਖਾਨ ਪਹਾੜੀ ਰਾਜਿਆਂ ਕੋਲੋਂ ਰਿਸ਼ਵਤ ਲੈ ਕੇ ਗੁਰੂ ਸਾਹਿਬ ਵਿਰੁੱਧ ਭੁਗਤਿਆ ਤੇ ਗੁਰੂ ਸਾਹਿਬ ਉੱਪਰ ਫ਼ੌਜੀ ਹਮਲੇ ਕਰਵਾਏ।

ਗੁਰੂ ਗੋਬਿੰਦ ਸਿੰਘ ਜੀ ਲਈ ਅਨੰਦਪੁਰ ਪਰਤਣਾ ਨਹੀਂ ਲਿਖਿਆ ਸੀ। ਮੁਗ਼ਲ ਬਾਦਸ਼ਾਹ ਔਰੰਗੇਜ਼ੇਬ ਨੇ **1696** ਈਸਵੀ ਦੌਰਾਨ ਬਹਾਦਰ ਸ਼ਾਹ ਨੂੰ ਪੰਜਾਬ ਵੱਲ ਭੇਜਿਆ ਸੀ ਅਤੇ ਤਿੰਨ ਸਾਲ ਪਿੱਛੋਂ ਉਸ ਨੂੰ ਕਾਬਲ ਦੀ ਗਵਰਨਰੀ




ਦਿੱਤੀ। ਇਸ ਤਰਾਂ ਸਾਮਰਾਜ ਦੇ ਉਤਰ ਪੱਛਮੀ ਹਿੱਸੇ ਬਾਰੇ ਬਹਾਦਰ ਸ਼ਾਹ ਨੂੰ ਕੁਝ ਸਾਲਾਂ ਦਾ ਤਜ਼ਰਬਾ ਸੀ। ਉਹ ਪੰਜਾਬ ਦੀ ਰਾਜਨੀਤਕ ਹਾਲਾਤ ਤੋਂ ਜਾਣੂ ਸੀ। ਜੇ ਪਹਾੜੀ ਰਾਜੇ ਮੁਕਾਮੀ ਫ਼ੌਜਦਾਰਾਂ ਲਈ ਮੁਸੀਬਤ ਖੜੀ ਕਰ ਸਕਦੇ ਸਨ ਤਾਂ ਗੁਰੂ ਗੋਬਿੰਦ ਸਿੰਘ ਦੀ ਲੋਕਪ੍ਰਿਯਤਾ ਵੀ ਰਾਜਸੀ ਦ੍ਰਿਸ਼ਟੀ ਤੋਂ ਓਨੀ ਹੀ ਮਹੱਤਵਪੂਰਨ ਸੀ, ਕਿਉਂਕਿ ਉਹਨਾਂ ਦੇ ਸਿੱਖ ਲਗਭਗ ਸਾਰੇ ਪੰਜਾਬ ਵਿੱਚ ਫੈਲੇ ਹੋਏ ਸਨ। ਬਹਾਦਰ ਸ਼ਾਹ ਇਹ ਵੀ ਜਾਣਦਾ ਸੀ ਕਿ ਆਖ਼ਿਰਕਾਰ ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਰਾਜ਼ੀ ਕਰਨ ਦਾ ਫ਼ੈਸਲਾ ਕਰ ਲਿਆ ਸੀ। ਇਸ ਦਾ ਕਾਰਣ ਸੀ ਕਿ ਜਿਹੜੀ ਖ਼ਾਲਸਾ ਪੰਥ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿੱਚ ਪਹਾੜੀ ਰਾਜਿਆਂ ਤੇ ਮੁਗ਼ਲਾਂ ਖ਼ਿਲਾਫ਼ ਲਹੂ ਡੋਲਵੀਂ ਜੰਗ ਲੜੀ ਸੀ, ਉਸ ਨਾਲ ਮੁਗ਼ਲ ਸਾਮਰਾਜ ਚਿੰਤਤ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਨਾਲ ਨੇੜਤਾ ਕਾਇਮ ਰੱਖਣਾ ਚਾਹੁੰਦਾ ਸੀ ਤਾਂ ਜੋ ਪੰਜਾਬ ਦਾ ਮਾਹੌਲ ਸ਼ਾਂਤ ਰਹੇ ਤੇ ਪੰਜਾਬ ਵਿੱਚ ਅਮਨ ਰਹਿ ਸਕੇ। **1707** ਈਸਵੀ ਵਿੱਚ ਜਦ ਕਿ ਅਜੇ ਮੁਗ਼ਲ ਤਖ਼ਤ ਦੀ ਜਾਨਸ਼ੀਨੀ ਦੇ ਮਾਮਲੇ ਦਾ ਅੰਤਮ ਫੈਸਲਾ ਨਹੀਂ ਹੋਇਆ ਸੀ ਤਾਂ ਇਹ ਗੱਲ ਬਹਾਦਰ ਸ਼ਾਹ ਦੇ ਹਿਤ ਵਿੱਚ ਸੀ ਕਿ ਉਹ ਉੱਤਰ ਪੱਛਮ ਵਿੱਚ ਅਮਨ-ਚੈਨ ਪੱਕਾ ਕਰੇ। ਇਹ ਗੱਲ ਬਹਾਦਰ ਸ਼ਾਹ ਲਈ ਗੰਭੀਰ ਨੀਤੀ ਵਾਲੀ ਸੀ। ਨਾ ਤਾਂ ਉਹ ਪਹਾੜੀ ਰਾਜਿਆਂ ਨੂੰ ਨਰਾਜ਼ ਕਰਨਾ ਚਾਹੁੰਦਾ ਸੀ ਅਤੇ ਨਾ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ। ਬਹਾਦਰ ਸ਼ਾਹ ਦੇ ਦ੍ਰਿਸ਼ਟੀਕੋਣ ਤੋਂ ਉਸ ਦੀ ਕਾਮਯਾਬੀ ਲਈ ਪੰਜਾਬ ਵਿੱਚ ਅਮਨ-ਚੈਨ ਜ਼ਰੂਰੀ ਸੀ ਅਤੇ ਗੁਰੂ ਗੋਬਿੰਦ ਸਿੰਘ ਦੀ ਦਰਬਾਰ ਨੇੜੇ ਅਸਾਧਾਰਨ ਹਾਜ਼ਰੀ ਮੁਗ਼ਲ ਸਾਮਰਾਜ ਲਈ ਚੰਗੀ ਸੀ। ਬਹਾਦਰ ਸ਼ਾਹ ਗੁਰੂ ਸਾਹਿਬ ਨੂੰ ਦੁਬਿਧਾ ਵਿੱਚ ਰੱਖਣਾ ਚਾਹੁੰਦਾ ਸੀ ਤੇ ਗੁਰੂ ਨਾਲ ਵਾਅਦਾ ਨਿਭਾਉਣਾ ਨਹੀਂ ਸੀ ਚਾਹੁੰਦਾ। ਇਸ ਦਾ ਕਾਰਣ ਇਹ ਵੀ ਜਾਪਦਾ ਹੈ ਕਿ ਬਹਾਦਰ ਸ਼ਾਹ ਬਗ਼ਾਵਤਾਂ ਦਾ ਸਾਹਮਣਾ ਕਰਦਾ ਕਮਜ਼ੋਰ ਪੈ ਗਿਆ ਸੀ। ਉਹ ਵਜੀਰ ਖਾਨ ਨਾਲ ਟਕਰਾਅ ਨਹੀਂ ਚਾਹੁੰਦਾ ਸੀ।

ਗੁਰੂ ਸਾਹਿਬ ਨੂੰ ਬਹਾਦਰ ਸ਼ਾਹ ਨੇ ਇਹ ਆਸ ਦੁਆਈ ਸੀ ਕਿ ਸ਼ਹਿਨਸ਼ਾਹ ਛੇਤੀ ਹੀ ਪੰਜਾਬ ਦੇ ਮਾਮਲਿਆਂ ਨੂੰ ਨਜਿੱਠਣ ਦੇ ਲਈ ਵਿਹਲਾ ਹੋ ਜਾਵੇਗਾ। ਇੱਥੇ ਜ਼ਿਕਰਯੋਗ ਹੈ ਕਿ ਗੁਰੂ ਸਾਹਿਬ ਦੇ ਦੋ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਵਜ਼ੀਰ ਖਾਨ ਦੇ ਹੁਕਮ ਨਾਲ ਸ਼ਹੀਦ ਕੀਤੇ ਗਏ ਸਨ ਤੇ ਗੁਰੂ ਸਾਹਿਬ ਵਜ਼ੀਰ ਖਾਂ ਨੂੰ ਸਜ਼ਾ ਦੇਣਾ ਚਾਹੁੰਦੇ ਸਨ। ਬਾਦਸ਼ਾਹ ਬਹਾਦਰ ਸ਼ਾਹ ਨੂੰ **2** ਨਵੰਬਰ ਸੰਨ **1707** ਦੌਰਾਨ ਰਾਜਪੂਤਾਨੇ ਜਾਣਾ ਪੈ ਗਿਆ ਸੀ, ਜਿੱਥੋਂ ਅੱਗੇ ਉਸ ਨੂੰ ਦੱਖਣ ਵਲ ਜਾਣਾ ਪਿਆ, ਕਿਉਂਕਿ ਉਸ ਦੇ ਛੋਟੇ ਭਾਈ ਕਾਮਬਖਸ਼ ਵੱਲੋਂ ਉੱਥੇ ਬਗ਼ਾਵਤ ਕਰ ਦਿੱਤੀ ਸੀ। ਗੁਰੂ ਜੀ ਵੀ ਬਾਦਸ਼ਾਹ ਦੇ ਨਾਲ ਹੀ ਦੱਖਣ ਵੱਲ ਚਲੇ ਗਏ। ਗੁਰੂ ਸਾਹਿਬ ਤੇ ਬਾਦਸ਼ਾਹ ਵਿੱਚ ਜੋ ਗੱਲਬਾਤ ਹੋ ਰਹੀ ਸੀ, ਉਹ ਅਜੇ ਤੱਕ ਸਿਰੇ ਨਹੀਂ ਸੀ ਚੜ੍ਹੀ। ਇਸੇ ਲਈ ਗੁਰੂ ਸਾਹਿਬ ਜੀ ਸ਼ਾਹੀ ਕੈਂਪ ਦੇ ਨਾਲ-ਨਾਲ ਦੱਖਣ ਨੂੰ ਚੱਲ ਪਏ ਤਾਂ ਜੋ ਗੱਲਬਾਤ ਸਿਰੇ ਚੜ ਸਕੇ।

ਪ੍ਰਸਿੱਧ ਇਤਿਹਾਸਕਾਰ ਡਾਕਟਰ ਫੌਜਾ ਸਿੰਘ ਲਿਖਦੇ ਹਨ ਕਿ ਬਹਾਦਰ ਸ਼ਾਹ ਨੂੰ ਖ਼ਬਰ ਮਿਲੀ ਕਿ ਉਸ ਦੇ ਛੋਟੇ ਭਰਾ ਕਾਮਬਖ਼ਸ਼ ਨੇ ਦੱਖਣ ਵਿੱਚ ਆਪਣੇ ਆਪ ਨੂੰ ਹਿੰਦੋਸਤਾਨ ਦਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ ਹੈ, ਇਸ ਲਈ ਉਸ ਬਗ਼ਾਵਤ ਨੂੰ ਦਬਾਉਣ ਲਈ ਬਹਾਦਰ ਸ਼ਾਹ ਜਲਦੀ ਜਲਦੀ ਚਿਤੌੜਗੜ ਰਾਹੀਂ ਦੱਖਣ ਵਲ ਚੱਲ ਪਿਆ। ਗੁਰੂ ਜੀ ਨੇ ਫਿਰ ਬਹਾਦਰ ਸ਼ਾਹ ਨਾਲ ਜਾਣ ਦਾ ਫ਼ੈਸਲਾ ਕੀਤਾ। ਉਹ ਨਸੀਰਾਬਾਦ, ਭੀਲਵਾੜਾ ਤੇ ਹਮੀਰਗੜ ਵਿਚੋਂ ਲੰਘੇ ਤੇ ਚਿਤੌੜਗੜ ਦੇ ਅਸਥਾਨ 'ਤੇ ਗੁਰੂ ਜੀ ਦਾ ਧਰਮ ਪੁੱਤਰ ਜੋਰਾਵਾਰ ਸਿੰਘ ਜੋ ਕਿ ਬਸੀ ਪਠਾਣਾਂ ਦੇ ਇਕ ਤਰਖਾਣ ਦਾ ਲੜਕਾ ਸੀ, ਸਥਾਨਕ ਸਿਪਾਹੀਆਂ ਨਾਲ ਅਚਾਨਕ ਲੜਾਈ ਵਿੱਚ ਮਾਰਿਆ ਗਿਆ। ਇਉਂ ਜਾਪਦਾ ਹੈ ਕਿ ਜਦੋਂ ਆਪ ਚਿਤੌੜਗੜ ਸਨ ਤਾਂ ਥੋੜੀ ਦੇਰ ਲਈ ਆਪ ਉਦੈਪੁਰ ਵੀ ਗਏ, ਜਿੱਥੇ ਹੁਣ ਤੱਕ ਉਹਨਾਂ ਦੀਆਂ ਕੁਝ ਚੀਜ਼ਾਂ ਯਾਦਗਾਰ ਵਜੋਂ ਸਾਂਭੀਆਂ ਹੋਈਆਂ ਹਨ। ਚਿਤੌੜਗੜ ਤੋਂ ਗੁਰੂ ਜੀ ਬਾਦਸ਼ਾਹ ਬਹਾਦਰ ਸ਼ਾਹ ਦੇ ਨਾਲ ਬੁਰਹਾਨਪੁਰ ਲਈ ਚਲ ਪਏ, ਜਿੱਥੋਂ ਅੱਗੇ ਉਹਨਾਂ ਹੈਦਰਾਬਾਦ (ਦੱਖਣ) ਨੂੰ ਜਾਣਾ ਸੀ। ਨਿੰਮਬਹੇਰਾ, ਨਯਾ ਗਾਉਂ, ਨੀਮਚ, ਮਲਹਾੜਗੜ, ਪਿਪਲੀਆ, ਮੰਦਸੌਰ, ਉਜੈਨ ਤੇ ਇੰਦੌਰ ਉਹਨਾਂ ਦੇ ਰਾਹ ਵਿੱਚ ਪੈਂਦੇ ਸਨ। ਉਹਨਾਂ ਨੇ ਲਗਭਗ ਅੱਧ ਮਈ ਨੂੰ ਨਰਮਦਾ ਨਦੀ ਜੂਨ ਦੇ ਆਖ਼ਰੀ ਹਫ਼ਤੇ ਵਿੱਚ ਤਾਪਤੀ ਨਦੀ ਪਾਰ ਕੀਤੀ। ਤਾਪਤੀ ਤੋਂ ਇਕਦਮ ਪਾਰ ਬਹਾਰਨਪੁਰ ਦਾ ਸ਼ਹਿਰ ਸੀ। ਗੁਰੂ ਸਾਹਿਬ ਕਈ ਦਿਨ ਉੱਥੇ ਠਹਿਰੇ। ਉਹਨਾਂ ਦੇ ਉੱਥੇ ਠਹਿਰਨ ਦੀ ਯਾਦ ਵਿੱਚ ਮੰਦਰ ਹਠੀ ਸਿੰਘ ਨਾਮ ਦਾ ਇਕ ਗੁਰਦੁਆਰਾ ਬਣਿਆ ਹੋਇਆ ਹੈ। ਬਹਾਰਨਪੁਰਾ ਦੇ ਯੋਗੀ ਜੀਵਨ ਦਾਸ ਨੇ ਬੜਾ ਸ਼ਰਧਾ ਨਾਲ ਗੁਰੂ ਸਾਹਿਬ ਦੀ ਸੇਵਾ ਕੀਤੀ। ਦਾਦੂ ਦੁਆਰੇ ਦਾ ਮਹੰਤ ਜੈਤ ਰਾਮ ਵੀ ਜਿਹੜਾ ਉਸ ਵੇਲੇ ਬਹਾਰਨਪੁਰ ਵਿੱਚ ਮੌਜੂਦ ਸੀ, ਗੁਰੂ ਸਾਹਿਬ ਨੂੰ ਸ਼ਰਧਾ ਭੇਂਟ ਕਰਨ ਆਇਆ। ਦੋਨਾਂ ਹੀ ਯੋਗੀ ਤੇ ਮਹੰਤ ਨੇ ਗੁਰੂ ਜੀ ਨੂੰ ਵੈਰਾਗੀ ਮਾਧੋ ਦਾਸ ਤੇ ਉਸ ਦੀਆਂ ਕਰਾਮਾਤ ਸ਼ਕਤੀਆਂ ਬਾਰੇ ਦਸ ਪਾਈ। ਗੁਰੂ ਜੀ ਨੇ ਉਸ ਨੂੰ ਮਿਲਣ ਲਈ ਇਕਦਮ ਇਰਾਦਾ ਧਾਰ ਲਿਆ। ਡਾਕਟਰ ਗੰਡਾ ਸਿੰਘ ਤਰੀਕ ਬਹਾਦਰ ਸ਼ਾਹੀ ਦਾ ਹਵਾਲਾ ਦਿੰਦੇ ਹੋਏ ਆਖਦੇ ਹਨ ਕਿ ਜਿਸ ਵੇਲੇ ਸ਼ਾਹੀ ਫ਼ੌਜ ਦੱਖਣ ਵਿੱਚ ਬਹਾਰਨਪੁਰ ਵੱਲ ਨੂੰ ਕੂਚ ਕਰ ਰਹੀ ਸੀ ਕਿ ਗੁਰੂ 'ਨਾਨਕ ਦੇ ਪੋਤਰਿਆਂ (ਗੱਦੀ ਨਸ਼ੀਨਾਂ) ਵਿਚੋਂ ਗੁਰੂ ਗੋਬਿੰਦ ਸਿੰਘ ਜੀ ਇਹਨਾਂ ਇਲਾਕਿਆਂ ਵਿੱਚ ਸਫ਼ਰ ਕਰਨ ਲਈ ਆਏ ਹੋਏ ਸਨ ਤੇ ਬਾਦਸ਼ਾਹੀ ਕਾਫਲੇ ਦੇ ਨਾਲ-ਨਾਲ ਜਾ ਰਹੇ ਸਨ। ਇਹ ਨਿਤ ਪ੍ਰਤੀ ਸੰਸਾਰੀ ਲੋਕਾਂ ਧਾਰਮਿਕ ਹਠੀਆਂ ਤੇ ਹੋਰ ਹਰ ਪ੍ਰਕਾਰ ਦੇ ਲੋਕਾਂ ਦੇ ਇਕੱਠਾਂ (ਸੰਗਤਾਂ) ਵਿੱਚ ਵਿਖਿਆਨ ਕਰਿਆ ਕਰਦੇ ਸਨ।

ਡਾਕਟਰ ਫੌਜਾ ਤੇ ਡਾਕਟਰ ਗੰਡਾ ਸਿੰਘ ਦੇ ਕਥਨਾਂ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਦੱਖਣ ਦੇ ਸਫ਼ਰ ਵਿੱਚ ਥਾਂ-ਥਾਂ ਆਪਣੇ ਪੈਰੋਕਾਰਾਂ ਤੇ ਹੋਰਨਾਂ ਨੂੰ ਉਪਦੇਸ਼ ਦਿੰਦੇ ਰਹੇ, ਜੋ ਉਹਨਾਂ ਦੀ ਸੰਗਤ ਵਿੱਚ ਸ਼ਾਮਲ ਹੁੰਦੇ ਰਹੇ।

ਬਹਾਦਰ ਸ਼ਾਹ ਵਾਅਦਾ ਨਿਭਾਉਣ ਦੀ ਥਾਂ ਵਾਅਦੇ ਤੋਂ ਮੁਕਰ ਰਿਹਾ ਸੀ। ਇਕ ਸਾਲ ਦੇ ਕਰੀਬ ਗੁਰੂ ਜੀ ਬਾਦਸ਼ਾਹ ਤੋਂ ਵਜੀਰ ਖਾਨ ਦੀ ਮੰਗ ਕਰਦੇ ਰਹੇ ਪਰ ਬਹਾਦਰ ਸ਼ਾਹ ਪਹਾੜੀ ਰਾਜਿਆਂ ਤੇ ਵਜੀਰ ਖਾਨ ਖਿਲਾਫ ਕਾਰਵਾਈ ਟਾਲ ਰਿਹਾ ਸੀ। ਉਸ ਦਾ ਸਾਰਾ ਧਿਆਨ ਤਾਂ ਕਾਮਬਖਸ਼ ਦੀ ਬਗਾਵਤ ਨੂੰ ਦਬਾਉਣ ਵੱਲ ਸੀ। ਮਰਾਠਿਆਂ ਨਾਲ ਦੋਸਤਾਨਾ ਸੰਬੰਧ ਬਣਾਉਣ ਲਈ ਉਸ ਨੇ **18** ਸਾਲਾਂ ਤੋਂ ਨਜ਼ਰਬੰਦ ਸ਼ਿਵਾ ਜੀ ਦੇ ਬੇਟੇ ਸ਼ਾਹੂ ਨੂੰ ਰਿਹਾਅ ਕਰਕੇ ਮਰਾਠਾ ਗੱਦੀ ਦਾ ਖ਼ੁਦਮੁਖਤਾਰ ਸ਼ਾਸ਼ਕ ਥਾਪ ਦਿੱਤਾ।

ਸਤੰਬਰ **1708** ਈਸਵੀ ਨੂੰ ਜਦੋਂ ਮੁਗਲ ਲਸ਼ਕਰ ਨੰਦੇੜ ਪੁੱਜਾ ਤਾਂ ਗੁਰੂ ਜੀ ਨੇ ਕਿਹਾ- ਬਹਾਦਰ ਸ਼ਾਹ ਹੁਣ ਸਾਡਾ ਸੰਬੰਧ ਇੱਥੋਂ ਤੱਕ ਹੈ। ਹੁਣ ਅੱਲਾ ਖੁਦ ਇਨਸਾਫ਼ ਕਰੇਗਾ। ਬਾਦਸ਼ਾਹ ਦੇ ਕੈਂਪ ਤੋਂ ਵੱਖ ਹੋ ਕੇ ਗੁਰੂ ਜੀ ਨੰਦੇੜ ਵਿਖੇ ਰੁਕ ਗਏ।

ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਇਸ ਨੀਤੀ ਨੂੰ ਅਪਨਾ ਕੇ ਮਜ਼ਬੂਤ ਹੋ ਕੇ ਨਿਕਲੇ, ਜਦ ਕਿ ਵਜ਼ੀਰ ਖਾਂ ਤੇ ਬਹਾਦਰ ਸ਼ਾਹ ਨੂੰ ਲੈਣੀਆਂ ਤੋਂ ਦੇਣੀਆਂ ਪੈ ਗਈਆਂ, ਕਿਉਂਕਿ ਗੁਰੂ ਸਾਹਿਬ ਨੇ ਸਟੇਟ ਨੂੰ ਚੈਲਿੰਜ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਇਨਸਾਫ਼ ਦੇ ਲਈ ਤੇ ਗੁਰੂ ਨਾਨਕ ਦਾ ਰਾਜ ਸਥਾਪਤ ਕਰਨ ਤੇ ਲੋਕਾਂ ਨੂੰ ਇਨਸਾਫ਼ ਦੇਣ ਲਈ ਪੰਜਾਬ ਘੱਲ ਦਿੱਤਾ ਸੀ। ਗੁਰੂ ਸਾਹਿਬ ਦੇ ਉੱਪਰ ਕਾਤਲਾਨਾ ਹਮਲੇ ਦੇ ਦੋਸ਼ ਵਜ਼ੀਰ ਖਾਂ ਉੱਪਰ ਲੱਗਦੇ ਹਨ। ਗੁਰੂ ਸਾਹਿਬ ਦਾ ਬਹਾਦਰ ਸ਼ਾਹ ਨੂੰ ਤਖ਼ਤ 'ਤੇ ਬਿਠਾਉਣਾ ਇਤਿਹਾਸ ਵਿੱਚ ਹੈਰਾਨੀਜਨਕ ਇਤਿਹਾਸਕ ਵਰਤਾਰਾ ਹੈ।

ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਗੁਰੂ ਸਾਹਿਬ ਏਨੀਆਂ ਔਕੜਾਂ ਦੇ ਬਾਵਜੂਦ ਬਹਾਦਰ ਸ਼ਾਹ ਨੂੰ ਦਿੱਲੀ ਤਖ਼ਤ ਉੱਪਰ ਬਿਠਾਉਣ ਵਿੱਚ ਕਾਮਯਾਬ ਹੋਏ ਤੇ ਨਾਲ ਹੀ ਸਿੱਖ ਲਹਿਰ ਦੀ ਰਾਖੀ ਕੀਤੀ। ਵਜ਼ੀਰ ਖਾਂ ਗੁਰੂ ਸਾਹਿਬ ਦੀ ਰਾਜਨੀਤਕ ਸੋਝੀ ਨੂੰ ਸੁਪਨੇ ਵਿੱਚ ਵੀ ਨਹੀਂ ਸੀ ਸੋਚ ਸਕਦਾ ਕਿ ਗੁਰੂ ਸਾਹਿਬ ਅਜਿਹਾ ਪੈਂਤੜਾ ਅਪਨਾ ਕੇ ਵਜ਼ੀਰ ਖਾਂ ਤੇ ਬਹਾਦਰ ਸ਼ਾਹ ਦੇ ਲਈ ਮੁਸ਼ਕਲਾਂ ਖੜੀਆਂ ਕਰ ਸਕਦੇ ਹਨ। ਲਹਿਰ ਦੇ ਚੜਾਅ ਵਲ ਮੁੜਦਿਆਂ ਗੁਰੂ ਸਾਹਿਬ ਨੇ ਆਪ ਪੰਜਾਬ ਵੱਲ ਆਉਣਾ ਸੀ। ਇਹ ਸਿੱਖ ਲਹਿਰ ਦੀ ਸਥਾਪਤੀ ਤੇ ਸੱਤਾ ਲਈ ਜ਼ਰੂਰੀ ਸੀ। ਇਸੇ ਵਾਸਤੇ ਉਹਨਾਂ ਨੇ ਪਠਾਣਾਂ ਦੇ ਹਮਲੇ ਦੌਰਾਨ ਜ਼ਖ਼ਮੀ ਹੋਣ ਦੀ ਹਾਲਤ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਅਗਾਊ ਪੰਜਾਬ ਭੇਜਿਆ। ਗੁਰੂ ਸਾਹਿਬ ਦੀ ਜ਼ਿੰਦਗੀ ਨੇ ਤਾਂ ਉਹਨਾਂ ਦਾ ਸਾਥ ਨਾ ਦਿੱਤਾ, ਜੇ ਸਾਥ ਦਿੱਤਾ ਹੁੰਦਾ ਉਹ ਖ਼ੁਦ ਪੰਜਾਬ ਵਿੱਚ ਆਪ ਅਗਵਾਈ ਕਰਦੇ। ਪਰ ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਚੋਣ ਕਰਕੇ ਉਹਨਾਂ ਨੇ ਮੁਗਲ ਸਾਮਰਾਜ ਦੀਆਂ ਜੜਾਂ ਹਿਲਾ ਦਿੱਤੀਆਂ।

(**ਸਮਾਪਤ**)


Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# ਕੌਮ ਦੇ ਜੁਝਾਰੂ ਯੋਧੇ : ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ

**ਸਰਬਜੀਤ ਕੌਰ ਸਰਬੀ**

**ਸਰੋਤ: ਖਾਲਸਾ ਪ੍ਰੈਸ**

ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ 20ਵੀਂ ਸਦੀ ਦੇ ਸਿੱਖ ਇਤਿਹਾਸ ਦੇ ਦੋ ਸ਼ਹੀਦ ਹਨ। ਉਨਾਂ ਨੇ ਭਾਰਤੀ ਇਤਿਹਾਸ ਨੂੰ ਮੋੜ ਦਿੱਤਾ ਅਤੇ ਆਧੁਨਿਕ ਭਾਰਤੀ ਲੋਕਤੰਤਰ ਅਤੇ ਜਾਤੀ ਅਧਾਰਤ ਬ੍ਰਾਹਮਣਵਾਦੀ ਭਾਰਤੀ ਸੰਵਿਧਾਨ ਦਾ ਪਰਦਾਫਾਸ਼ ਕੀਤਾ।

ਸੁਖਦੇਵ ਸਿੰਘ ਅਤੇ ਹਰਜਿੰਦਰ ਸਿੰਘ ਸੱਚ ਲਈ ਖੜੇ ਹੋ ਕੇ ਸਿੱਖ ਕੌਮ ਦੇ ਦੁਸ਼ਮਣਾਂ ਵਿਰੁੱਧ ਕਾਰਵਾਈ ਕਰਨ ਦੀ ਸਿੱਖ ਇਤਿਹਾਸਕ ਪਰੰਪਰਾ ਨੂੰ ਸਵੀਕਾਰ ਕੀਤਾ। ਉਨਾਂ ਨੇ ਇਤਿਹਾਸ ਨੂੰ ਦੁਹਰਾਇਆ ਅਤੇ ਸਾਬਤ ਕੀਤਾ ਕਿ ਬੀਤੇ ਦੀ ਸਿੱਖ ਭਾਵਨਾ ਮੌਜੂਦਾ ਸਮੇਂ ਵਿੱਚ ਜਿੰਦਾ ਅਤੇ ਚੰਗੀ ਹੈ। ਉਹ ਚੱਲ ਰਹੇ ਸਿੱਖ ਇਤਿਹਾਸ ਦੇ ਨਵੇਂ ਅਧਿਆਇ ਦਾ ਹਿੱਸਾ ਹਨ। 18ਵੀਂ ਸਦੀ ਵਿੱਚ ਭਾਈ ਮਹਿਤਾਬ ਸਿੰਘ ਅਤੇ ਭਾਈ ਸੁੱਖਾ ਸਿੰਘ ਨੇ ਮੱਸਾ ਰੰਘੜ ਨੂੰ ਮਾਰ ਦਿੱਤਾ, ਜਿਨਾਂ ਨੇ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਅਣਦੇਖੀ ਕੀਤੀ ਅਤੇ ਪਵਿੱਤਰ ਸਥਾਨ ਨੂੰ ਆਪਣੇ ਨਿੱਜੀ ਮਨੋਰੰਜਨ ਅਤੇ ਮਨੋਰੰਜਨ ਲਈ ਵਰਤਿਆ। ਇਨਾਂ ਦੋ ਬੰਦਿਆਂ ਦੀਆਂ ਕਾਰਵਾਈਆਂ ਉਨਾਂ ਲਈ ਸੰਕੇਤ ਸਨ ਜੋ ਸਿੱਖ ਗੁਰਧਾਮਾਂ ਦੀ ਪਵਿੱਤਰਤਾ ਦੀ ਅਣਦੇਖੀ ਕਰਦੇ ਹਨ। ਅਤੀਤ ਅਤੇ ਭਵਿੱਖ ਦਾ ਖਾਲਸਾ ਹਮੇਸ਼ਾਂ ਆਪਣੇ ਦੁਸ਼ਮਣਾਂ ਤੋਂ ਆਪਣੀ ਰੱਖਿਆ ਕਰੇਗਾ।

20ਵੀਂ ਸਦੀ ਵਿੱਚ, ਭਾਰਤੀ ਰਾਜ ਅਤੇ ਭੂਮੀਗਤ ਅਮਾਨਵੀ ਬ੍ਰਾਹਮਣਵਾਦੀ ਤਾਕਤਾਂ ਨੇ ਪੂਰੇ ਭਾਰਤ ਵਿੱਚ ਦਰਬਾਰ ਸਾਹਿਬ ਅਤੇ ਹੋਰ ਸਿੱਖ ਗੁਰਦੁਆਰਿਆਂ ਤੇ ਹਮਲਾ ਕੀਤਾ। ਸਮੁੱਚੇ ਭਾਰਤੀ ਰਾਜਨੀਤਿਕ ਢਾਂਚੇ ਨੇ ਸਿੱਖਾਂ ਦੇ ਵਿਰੁੱਧ ਇੱਕ ਵੱਡੀ ਅੱਤਵਾਦੀ ਮੁਹਿੰਮ ਸ਼ੁਰੂ ਕੀਤੀ ਅਤੇ ਹਜ਼ਾਰਾਂ ਨਿਰਦੋਸ਼ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਦੀ ਮੌਤ ਲਈ ਜ਼ਿੰਮੇਵਾਰ ਬਣ ਗਏ।

ਸਿੱਖ ਇਤਿਹਾਸ ਦੇ ਇਸ ਮੋੜ ਤੇ, ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਇਹ ਯਕੀਨੀ ਬਣਾਉਣ ਲਈ ਕਾਰਵਾਈ ਕੀਤੀ ਕਿ ਜੋ ਸਿੱਖ ਮਰ ਗਏ ਉਹ ਵਿਅਰਥ ਨਾ ਮਰਨ। ਉਹ ਜਾਣਦੇ ਸਨ ਕਿ ਭਾਰਤੀ ਰਾਜ, ਜਿਸਨੇ ਆਪਣੇ ਹੀ ਨਾਗਰਿਕਾਂ ਨੂੰ ਖੁੱਲੇਆਮ ਦਹਿਸ਼ਤਜ਼ਦਾ ਕੀਤਾ, ਕਦੇ ਵੀ ਸਿੱਖਾਂ ਨੂੰ ਨਿਆਂ ਨਹੀਂ ਦੇਵੇਗਾ। ਅੱਜ ਦੇ ਆਧੁਨਿਕ ਸੰਸਾਰ ਵਿੱਚ, ਭਾਰਤੀ ਰਾਜ ਨਿਰਦੋਸ਼ ਸਿੱਖਾਂ ਦੀ ਵੱਡੀ ਯੋਜਨਾਬੱਧ ਹੱਤਿਆ ਨੂੰ ਜਾਇਜ਼ ਠਹਿਰਾਉਂਦਾ ਰਿਹਾ ਹੈ। ਸ਼ਾਇਦ ਆਧੁਨਿਕ ਵਿਸ਼ਵ ਰਾਜ ਦੁਆਰਾ ਪ੍ਰਯੋਜਿਤ ਅੱਤਵਾਦ ਦੀ ਆਗਿਆ ਦੇਣ ਲਈ ਤਿਆਰ ਹੈ, ਹਾਲਾਂਕਿ, ਖਾਲਸਾ ਅਜਿਹਾ ਨਹੀਂ ਹੈ।

18ਵੀਂ ਸਦੀ ਦੇ ਸਿੱਖਾਂ ਦੀ ਭਾਵਨਾ ਵਿੱਚ, ਹਰਜਿੰਦਰ ਸਿੰਘ ਅਤੇ ਸੁਖਦੇਵ ਸਿੰਘ ਨੇ ਖੜੇ ਹੋ ਕੇ ਵਿਰੋਧੀ ਮਾਹੌਲ ਵਿੱਚ ਨਿਆਂ ਦਾ ਦਾਅਵਾ ਕੀਤਾ, ਉਨਾਂ ਦੇ ਕੰਮਾਂ ਦੇ ਨਤੀਜਿਆਂ ਤੋਂ ਪੂਰੀ ਤਰਾਂ ਜਾਣੂ ਉਨਾਂ ਨੇ ਪੁਣੇ ਵਿੱਚ ਜਨਰਲ ਏਐਸ ਵੈਦਿਆ ਦਾ ਕਤਲ ਕਰ ਦਿੱਤਾ। ਜਨਰਲ ਵੈਦਿਆ ਜੂਨ 1984 ਵਿੱਚ ਭਾਰਤੀ ਫੌਜ ਦਾ ਕਮਾਂਡਰ ਸੀ ਅਤੇ ਉਸਨੇ ਦਰਬਾਰ ਸਾਹਿਬ ਅਤੇ ਹੋਰ ਸਿੱਖ ਗੁਰਦੁਆਰਿਆਂ ਦੇ ਵਿਰੁੱਧ ਰਾਜ ਦੇ ਜੁਝਾਰੂ ਹਮਲੇ ਨੂੰ ਅਮਲ ਵਿੱਚ ਲਿਆਂਦਾ।

ਬਹੁਤੇ ਹਿੰਦੂ ਕੱਟੜਪੰਥੀ, ਰਾਸ਼ਟਰ-ਵਿਰੋਧੀ ਅਤੇ ਕੱਟੜਪੰਥੀ ਸੰਗਠਨਾਂ ਨੇ ਫੌਜ ਨੂੰ ਪੂਰਾ ਸਮਰਥਨ ਦਿੱਤਾ ਅਤੇ ਅਕਾਲ ਤਖਤ ਅਤੇ ਦਰਬਾਰ ਸਾਹਿਬ ਕੰਪਲੈਕਸ ਨੂੰ ਢਾਹੁਣ ਤੋਂ ਬਾਅਦ ਫੌਜ ਨੂੰ ਮਠਿਆਈਆਂ ਵੰਡੀਆਂ। ਇਹ ਸਿੱਖ ਭਾਈਚਾਰੇ ਲਈ ਕਾਲਾ ਦਿਨ ਸੀ। ਇਸ ਦਿਨ ਹਿੰਦੂ ਕੱਟੜਪੰਥੀ ਸੰਗਠਨਾਂ ਨੇ ਇਤਿਹਾਸ ਦੁਹਰਾਇਆ। ਰਾਸ਼ਟਰੀ ਸਵੈ ਸੇਵਕ ਸੰਘ (ਆਰਐਸਐਸ) ਨੇ ਪਹਿਲੀ ਵਾਰ ਆਰਐਸਐਸ ਕਾਰਕੁਨ ਨੱਥੂ ਰਾਮ ਗੌਡਸੇ ਦੁਆਰਾ ਮਹਾਤਮਾ ਗਾਂਧੀ ਦੀ ਹੱਤਿਆ ਤੋਂ ਬਾਅਦ ਅਤੇ ਫਿਰ ਜੂਨ 1984 ਵਿੱਚ ਉਨਾਂ ਨੇ ਸਿੱਖਾਂ ਉੱਤੇ ਹਮਲੇ ਲਈ ਭਾਰਤੀ ਫੌਜ ਨਾਲ ਮਠਿਆਈਆਂ ਵੰਡੀਆਂ ਸਨ।

ਸਰਕਾਰ ਵੱਲੋਂ ਸਿੱਖ ਰਾਸ਼ਟਰ ਦੇ ਵਿਰੁੱਧ ਕਾਰਵਾਈਆਂ ਨੇ ਬਹੁਤ ਸਾਰੇ ਲੋਕਾਂ ਨੂੰ ਹਥਿਆਰ ਚੁੱਕਣ ਅਤੇ ਆਪਣੇ ਵਿਸ਼ਵਾਸ ਅਤੇ ਜੀਵਨ ਦੀ ਰੱਖਿਆ ਕਰਨ ਲਈ ਮਜਬੂਰ ਕੀਤਾ। ਉਹ ਹੁਣ ਜਾਣਦੇ ਸਨ ਕਿ ਰਾਜ ਉਨਾਂ ਨਾਲ ਕਦੇ ਵੀ ਨਾਗਰਿਕਾਂ ਦੇ ਰੂਪ ਵਿੱਚ ਨਹੀਂ ਵਰਤੇਗਾ ਬਲਕਿ ਇਸ ਦੀ ਬਜਾਏ ਅਣਚਾਹੇ ਦੂਜੇ ਦਰਜੇ ਦੇ ਵਸਨੀਕ, ਉਹ ਵਸਨੀਕ ਹਨ ਜੋ ਹਿੰਦੂ ਬਹੁਗਿਣਤੀ ਵਿੱਚ ਸ਼ਾਮਲ ਹੋਣ ਦਾ ਵਿਰੋਧ ਕਰਦੇ ਰਹਿੰਦੇ ਹਨ। ਖਾਲਸਾ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਪ੍ਰੇਰਨਾ ਲੈਂਦਾ ਹੈ, ਗੁਰੂ ਗੋਬਿੰਦ ਸਿੰਘ ਨੇ ਜ਼ਫਰਨਾਮੇ ਵਿੱਚ ਲਿਖਿਆ: 'ਜਦੋਂ ਕਿਸੇ ਮਹੱਤਵਪੂਰਣ ਸਮੱਸਿਆ ਨੂੰ ਸੁਲਝਾਉਣ ਦੇ ਸਾਰੇ ਸ਼ਾਂਤਮਈ ਤਰੀਕੇ ਅਸਫਲ ਹੋ ਜਾਂਦੇ ਹਨ, ਤਲਵਾਰ ਚਲਾਉਣਾ ਜਾਇਜ਼ ਹੈ'।

ਭਾਈ ਸੁੱਖਾ ਅਤੇ ਭਾਈ ਜਿੰਦਾ ਨੇ ਗੁਰਬਾਣੀ ਦੀ ਰੌਸ਼ਨੀ ਵਿੱਚ ਹਥਿਆਰ ਚੁੱਕੇ। ਉਹ ਸਿੱਖ ਧਰਮ ਅਤੇ ਸਿੱਖ ਵਤਨ ਲਈ ਮਰ ਗਏ। ਉਹ ਆਪਣੇ ਬਚਨ ਦੇ ਪੱਕੇ ਸਨ ਜਿਨਾਂ ਨੂੰ ਮੌਤ ਦਾ ਕੋਈ ਡਰ ਨਹੀਂ ਸੀ। ਉਨਾਂ ਨੇ ਮੌਤ ਨੂੰ ਜਿੱਤ ਲਿਆ ਸੀ, ਮੈਜਿਸਟ੍ਰੇਟ ਵੱਲੋਂ ਉਨਾਂ ਦੀ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਨਾਂ ਨੇ ਇੱਕ ਦੂਜੇ ਅਤੇ ਜੇਲ ਸਟਾਫ ਨਾਲ ਮਠਿਆਈਆਂ ਸਾਂਝੀਆਂ ਕੀਤੀਆਂ। ਉਨਾਂ ਨੇ ਮੈਜਿਸਟ੍ਰੇਟ ਦੇ ਫੈਸਲੇ ਦਾ ਪੂਰਾ ਸਤਿਕਾਰ ਕੀਤਾ ਅਤੇ ਆਪਣੇ ਕੰਮਾਂ ਦੇ ਨਤੀਜਿਆਂ ਨੂੰ ਸਵੀਕਾਰ ਕੀਤਾ।

ਇਹ ਆਦਮੀ ਕਿਸੇ ਇੱਕਲੇ ਵਿਅਕਤੀ ਜਾਂ ਧਰਮ ਦੇ ਵਿਰੁੱਧ ਨਹੀਂ ਲੜ ਰਹੇ ਸਨ। ਉਹ ਬ੍ਰਾਹਮਣਵਾਦੀ ਤਾਕਤਾਂ ਦੇ ਵਿਰੁੱਧ ਖੜੇ ਹੋਏ ਜਿਨਾਂ ਨੇ ਲੋਕਾਂ ਵਿੱਚ ਫੁੱਟ ਪੈਦਾ ਕੀਤੀ, ਨਿਰਦੋਸ਼ ਲੋਕਾਂ ਨੂੰ ਮਾਰਿਆ ਅਤੇ ਬੇਇਨਸਾਫ਼ੀ ਨੂੰ ਉਤਸ਼ਾਹਤ ਕੀਤਾ। ਉਨਾਂ ਨੇ ਨਿਆਂ ਦਾ ਬੀਮਾ ਕਰਵਾਉਣ ਦੀ ਸਿੱਖ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ। ਉਹ ਗੁਰੂ ਗ੍ਰੰਥ ਸਾਹਿਬ ਵਿੱਚ ਵਿਸ਼ਵਾਸ ਨਾਲ ਭਰੇ ਹੋਏ ਸਨ । ਇਸ ਵਿਸ਼ਵਾਸ ਨਾਲ ਉਹਨਾਂ ਨੇ ਐਲਾਨ ਕੀਤਾ ਕਿ ਸਾਡੀ ਕੌਮ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਹੈ। ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਆਧਾਰ ਤੇ ਖਾਲਸਾ ਰਾਜ ਦੀ ਸਥਾਪਨਾ ਕਰਨੀ ਚਾਹੀਦੀ ਹੈ।

**ਭਾਈ ਹਰਜਿੰਦਰ ਸਿੰਘ ਜਿੰਦਾ ਦਾ ਬਚਪਨ**

ਭਾਈ ਹਰਜਿੰਦਰ ਸਿੰਘ ਜੀ ਦੇ ਮਾਤਾ ਬੀਬੀ ਗੁਰਨਾਮ ਕੌਰ ਅਤੇ ਪਿਤਾ, ਭਾਈ ਗੁਲਜ਼ਾਰ ਸਿੰਘ ਜੀ ਮਿਹਨਤੀ ਅਤੇ ਇਮਾਨਦਾਰ ਗੁਰਸਿੱਖ ਹਨ। ਭਾਈ ਜਿੰਦਾ ਦੇ ਦੋ ਵੱਡੇ ਭਰਾ, ਭਾਈ ਨਿਰਭੈਲ ਸਿੰਘ ਅਤੇ ਭਾਈ ਭੁਪਿੰਦਰ ਸਿੰਘ ਅਤੇ ਇੱਕ ਭੈਣ ਬੀਬੀ ਬਲਵਿੰਦਰ ਕੌਰ ਸਨ। ਭਾਈ ਸਾਹਿਬ ਦਾ ਜਨਮ 1961 ਵਿੱਚ ਹੋਇਆ ਸੀ ਅਤੇ ਉਨਾਂ ਨੇ ਮੁਢਲੀ ਸਿੱਖਿਆ ਆਪਣੇ ਪਿੰਡ ਗਡਲੀ ਵਿੱਚ ਪ੍ਰਾਪਤ ਕੀਤੀ ਸੀ। ਅੰਮ੍ਰਿਤਸਰ ਆਪਣੀ ਮੁਢਲੀ ਪੜਾਈ ਪੂਰੀ ਕਰਨ ਤੋਂ ਬਾਅਦ, ਉਨਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖਲਾ ਲਿਆ। ਉਹ 1984 ਦੇ ਹਮਲੇ ਦੇ ਸਮੇਂ ਬੀਏ ਭਾਗ 99 ਵਿੱਚ ਸਨ, ਹਰ ਦੂਸਰੇ ਸਿੱਖ ਦੀ ਤਰਾਂ, ਭਾਈ ਜਿੰਦਾ ਦਾ ਲਹੂ ਵੀ ਖ਼ਬਰਾਂ ਦੇਖ ਕੇ ਉਬਲ ਗਿਆ। ਉਨਾਂ ਨੇ ਆਪਣੀ ਪੜਾਈ ਛੱਡ ਦਿੱਤੀ ਅਤੇ ਸਿੱਖ ਲਹਿਰ ਵਿੱਚ ਸ਼ਾਮਲ ਹੋ ਗਏ। ਜਦੋਂ ਦਰਬਾਰ ਸਾਹਿਬ ਕੰਪਲੈਕਸ ਫੌਜ ਦੇ ਕੰਟਰੋਲ ਵਿੱਚ ਸੀ, ਉਹਨਾਂ ਨੇ ਆਪਣੇ ਪਿੰਡ ਦੇ ਹੋਰ ਸਿੱਖਾਂ ਦੇ ਨਾਲ ਇਸ ਨੂੰ ਮੁਕਤ ਕਰਨ ਲਈ ਮਾਰਚ ਕੀਤਾ, ਪਰ ਰਸਤੇ ਵਿੱਚ ਫੌਜਾਂ ਦੇ ਹਮਲੇ ਅਤੇ ਦੁਰਵਿਹਾਰ ਨੇ ਉਨਾਂ ਨੂੰ ਘਰ ਪਰਤਣ ਲਈ ਮਜਬੂਰ ਕਰ ਦਿੱਤਾ।

ਭਾਈ ਹਰਜਿੰਦਰ ਸਿੰਘ ਫਿਰ ਆਪਣੇ ਨਾਨਾ -ਨਾਨੀ ਦੇ ਘਰ ਬਈ ਚੱਕ, ਸ੍ਰੀ ਗੰਗਾਨਗਰ ਰਾਜਸਥਾਨ ਚਲ ਗਏ। ਆਪਣੇ ਚਚੇਰੇ ਭਰਾ, ਬਲਜਿੰਦਰ ਸਿੰਘ ਰਾਜੂ ਅਤੇ ਉਸਦੇ ਦੋਸਤ ਭਾਈ ਸੁਖਦੇਵ ਸਿੰਘ ਸੁੱਖਾ ਦੇ ਨਾਲ, ਉਨਾਂ ਨੇ ਗੁਰਦੁਆਰਿਆਂ ਦੀ ਬੇਅਦਬੀ ਦਾ ਬਦਲਾ ਲੈਣ ਦਾ ਫੈਸਲਾ ਕੀਤਾ।

ਭਾਈ ਰਾਜੂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਅਤੇ ਉਸ ਉੱਤੇ ਬਹੁਤ ਤਸ਼ੱਦਦ ਕੀਤਾ ਗਿਆ। ਇਸ ਬਾਰੇ ਸੁਣ ਕੇ, ਭਾਈ ਸੁੱਖਾ ਅਤੇ ਭਾਈ ਜਿੰਦਾ ਹੋਰ ਵੀ ਗੁੱਸੇ ਹੋਏ।




**ਭਾਈ ਸੁਖਦੇਵ ਸਿੰਘ ਸੁੱਖਾ ਦਾ ਬਚਪਨ**

ਭਾਈ ਸੁਖਦੇਵ ਸਿੰਘ ਦਾ ਜਨਮ ਰਾਜਸਥਾਨ ਦੇ ਚੱਕ ਐਨ: 11 ਵਿੱਚ ਗੰਗਾਨਗਰ ਵਿੱਚ ਹੋਇਆ ਸੀ। ਉਹਨਾਂ ਦੇ ਮਾਪੇ, ਭਾਈ ਮੇਂਘਾ ਸਿੰਘ ਅਤੇ ਬੀਬੀ ਸੁਰਜੀਤ ਕੌਰ ਕਿਸਾਨ ਅਤੇ ਅੰਮ੍ਰਿਤਧਾਰੀ ਗੁਰਸਿੱਖ ਸਨ। ਭਾਈ ਸੁੱਖਾ ਨੂੰ ਆਪਣੀ ਵਿਰਾਸਤ ਵਿੱਚ ਸਿੱਖ ਦੀ ਦਾਤ ਪ੍ਰਾਪਤ ਹੋਈ।

ਆਪਣੀ ਸਕੂਲੀ ਪੜਾਈ ਦੇ ਨਾਲ ਉਹ ਰੋਜ਼ਾਨਾ ਗੁਰਬਾਣੀ ਦਾ ਅਧਿਐਨ ਕਰਦੇ ਸਨ। ਪਿੰਡ ਮਾਣਕਪੁਰ ਵਿੱਚ ਆਪਣੀ ਮੁਢਲੀ ਪੜਾਈ ਕਰਨ ਤੋਂ ਬਾਅਦ, ਉਹਨਾਂ ਨੇ ਗਿਆਨ ਜੋਤੀ ਕਾਲਜ ਤੋਂ ਆਪਣੀ ਬੀਏ ਪ੍ਰਾਪਤ ਕੀਤੀ ਅਤੇ ਜਦੋਂ 1984 ਦਾ ਹਮਲਾ ਹੋਇਆ ਤਾਂ ਅੰਗਰੇਜ਼ੀ ਵਿੱਚ ਐਮਏ ਦੀ ਪੜਾਈ ਕਰ ਰਹੇ ਸਨ। ਭਾਈ ਸੁੱਖਾ ਨੇ ਆਪਣਾ ਘਰ ਛੱਡ ਦਿੱਤਾ ਅਤੇ ਬਦਲਾ ਲੈਣ ਦੀ ਯੋਜਨਾ ਬਣਾਈ। ਉਹ ਸਿੱਖਾਂ ਦੀ ਬੇਅਦਬੀ ਦਾ ਬਦਲਾ ਲੈਣ ਲਈ ਆਪਣੇ ਦੋਸਤ ਭਾਈ ਰਾਜੂ ਨਾਲ ਰਲ ਗਿਆ। ਫਿਰ ਉਸ ਦੀ ਮੁਲਾਕਾਤ ਭਾਈ ਜਿੰਦਾ ਨਾਲ ਹੋਈ। ਤਿੰਨਾਂ ਦਾ ਬਾਣੀ ਅਤੇ ਸਿੱਖੀ ਵਿੱਚ ਵਿਸ਼ਵਾਸ ਸੀ। ਭਾਈ ਸੁੱਖਾ ਦੀ ਮਾਂ ਪੰਥ ਪ੍ਰਤੀ ਪਿਆਰ ਨਾਲ ਇੰਨੀ ਭਰੀ ਹੋਈ ਸੀ ਕਿ ਉਸਨੇ ਅਰਦਾਸ ਕੀਤੀ ਕਿ ਭਾਈ ਸੁੱਖਾ ਅਤੇ ਭਾਈ ਜਿੰਦਾ ਆਪਣੇ ਮਿਸ਼ਨ ਨੂੰ ਪ੍ਰਾਪਤ ਕਰਨ, ਉਸਨੇ ਆਪਣੇ ਪੁੱਤਰਾਂ ਨੂੰ ਗੁਰੂ ਦੇ ਹਵਾਲੇ ਕਰ ਦਿੱਤਾ

ਭਾਈ ਜਿੰਦਾ ਅਤੇ ਭਾਈ ਸੁੱਖਾ ਨੇ ਦਿੱਲੀ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ। ਦਿੱਲੀ ਉਹ ਸੀ ਜਿੱਥੇ 1984 ਦੇ ਕਤਲੇਆਮ ਹੋਏ ਸਨ। ਸਰਕਾਰ ਨੇ ਇਨਾਂ ਸਿੰਘਾਂ ਦੀਆਂ ਤਸਵੀਰਾਂ ਟੀਵੀ ਤੇ ਪ੍ਰਸਾਰਿਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਨਵੰਬਰ ਦੇ ਕਤਲੇਆਮ ਵਿੱਚ ਹਿੱਸਾ ਲੈਣ ਵਾਲੇ ਕਾਤਲ ਆਪਣੇ ਘਰ ਛੱਡਣ ਤੋਂ ਡਰਦੇ ਸਨ।

ਭਾਈ ਜਿੰਦਾ ਨੂੰ ਸ਼ਾਇਦ ਭਾਰਤ ਸਰਕਾਰ ਦੇ ਅਧਿਕਾਰੀਆਂ ਦੇ ਦਿਮਾਗ ਵਿੱਚ ਵੀ ਓਨੀ ਹੀ ਦਹਿਸ਼ਤ ਸੀ ਜਿੰਨੀ ਪਠਾਣਾਂ ਦੇ ਮਨਾਂ ਵਿੱਚ ਭਾਈ ਹਰੀ ਸਿੰਘ ਨਲਵਾ ਦੀ ਸੀ। ਭਾਈ ਜਿੰਦਾ ਬਹੁਤ ਬਹਾਦਰ ਅਤੇ ਬੁੱਧੀਮਾਨ ਸਨ। ਅਜਿਹਾ ਵਿਅਕਤੀ ਬਹੁਤ ਘੱਟ ਮਿਲਦਾ ਹੈ ਜਿਸ ਕੋਲ ਬੁੱਧੀ ਅਤੇ ਬਹਾਦਰੀ ਜਾਂ ਹਿੰਮਤ ਦੋਵੇਂ ਹੋਣ, ਭਾਈ ਜਿੰਦਾ ਬਹੁਤ ਹੀ ਸਮਝਦਾਰ ਸੀ ਅਤੇ ਕਈ ਵਾਰ ਪੁਲਿਸ ਹਿਰਾਸਤ ਤੋਂ ਬਚ ਗਿਆ।

**ਭਾਈ ਹਰਜਿੰਦਰ ਸਿੰਘ ਜਿੰਦਾ ਦਾ ਅਹਿਮਦਾਬਾਦ ਜੇਲ ਤੋਂ ਭੱਜਣਾ**

ਜਦੋਂ ਭਾਈ ਹਰਜਿੰਦਰ ਸਿੰਘ ਜਿੰਦਾ ਪਹਿਲੀ ਵਾਰ ਗੁਜਰਾਤ ਵਾਲੇ ਪਾਸੇ ਫੜੇ ਗਏ, ਤਾਂ ਉਹ ਪੁਲਿਸ ਤੋਂ ਬਚ ਗਏ ਜਦੋਂ ਉਹ ਉਸਨੂੰ ਅਦਾਲਤ ਲੈ ਕੇ ਜਾ ਰਹੇ ਸਨ। ਜਿਸ ਤਰਾਂ ਭਾਈ ਸਾਹਿਬ ਪਹਿਲੀ ਵਾਰ ਅਹਿਮਦਾਬਾਦ ਤੋਂ ਬਚ ਕੇ ਨਿਕਲੇ ਉਹ ਹਿੰਦੀ ਫਿਲਮਾਂ ਵਰਗਾ ਸੀਨ ਸੀ। ਭਾਈ ਸਾਹਿਬ ਨੇ ਪੁਲਿਸ ਅਧਿਕਾਰੀਆਂ ਨੂੰ ਬੇਨਤੀ ਕੀਤੀ ਕਿ ਉਹ ਉਸਦੇ ਹੱਥਕੜੀਆਂ ਖੋਲਣ ਕਿਉਂਕਿ ਉਸਨੂੰ ਬਾਥਰੂਮ ਜਾਣਾ ਸੀ। ਜਿਵੇਂ ਹੀ ਭਾਈ ਸਾਹਿਬ ਨੂੰ ਰਿਹਾ ਕੀਤਾ ਗਿਆ ਉਹ ਭੱਜ ਗਿਆ ਅਤੇ ਭੀੜ ਵਿੱਚ ਅਲੋਪ ਹੋ ਗਿਆ, ਕਿਹਾ ਜਾਂਦਾ ਹੈ ਕਿ ਉਹ ਪੰਜਾਬ ਲਈ ਆਪਣੇ ਰਾਹ ਤੁਰਿਆ ਕਿਉਂਕਿ ਉਹ ਬੱਸਾਂ ਜਾਂ ਰੇਲ ਗੱਡੀਆਂ ਵਿੱਚ ਸਫ਼ਰ ਨਹੀਂ ਕਰਨਾ ਚਾਹੁੰਦਾ ਸੀ ਕਿਉਂਕਿ ਉੱਥੇ ਪੁਲਿਸ ਉਸ ਦੀ ਤਲਾਸ਼ ਕਰ ਰਹੀ ਸੀ।

**ਅਰਜੁਨ ਦਾਸ ਅਤੇ ਲਲਿਤ ਮਾਕਨ ਨੂੰ ਨਿਆਂ ਸੌਂਪਦੇ ਹੋਏ**

ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਮਹਾਨ ਕਾਰਜਾਂ ਵਿੱਚੋਂ ਸਭ ਤੋਂ ਪਹਿਲਾਂ 1984 ਦੇ ਕਤਲੇਆਮ ਦਾ ਬਦਲਾ ਲੈਣਾ ਸੀ। ਗੁਰੂ ਸਾਹਿਬ ਦੇ ਇਨਾਂ ਦੋ ਸਿੰਘਾਂ ਨੇ 1984 ਵਿੱਚ ਸਿੱਖਾਂ ਨੂੰ ਸਾੜਨ ਅਤੇ ਮਾਰਨ ਲਈ ਭੀੜਾਂ ਦੀ ਅਗਵਾਈ ਕਰਨ ਵਾਲੇ ਦੋ ਮੁੱਖ ਵਿਅਕਤੀਆਂ ਅਰਜਨ ਦਾਸ ਅਤੇ ਲਲਿਤ ਮਕਾਨ ਨੂੰ ਮਾਰ ਦਿੱਤਾ। ਇਨਾਂ ਦੋ ਘਟਨਾਵਾਂ ਤੋਂ ਬਾਅਦ ਦਿੱਲੀ ਹਿਲ ਗਈ ਅਤੇ ਹੈਰਾਨ ਰਹਿ ਗਈ। ਉਨਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਸਿੱਖ ਸੂਰਮੇ ਦਿੱਲੀ ਵਿੱਚ ਇੰਨੀ ਹਿੰਮਤ ਨਾਲ ਹੜਤਾਲ ਕਰ ਸਕਦੇ ਹਨ। ਇਨਾਂ ਘਟਨਾਵਾਂ ਤੋਂ ਬਾਅਦ ਭਾਈ ਜਿੰਦਾ ਨੂੰ ਭਾਰਤ ਦਾ ਮੋਸਟ ਵਾਂਟੇਡ ਆਦਮੀ ਐਲਾਨਿਆ ਗਿਆ।

ਸ੍ਰੀ ਦਰਬਾਰ ਸਾਹਿਬ 'ਤੇ 1984 ਦੇ ਹਮਲੇ ਦੇ ਨਿਰਮਾਤਾ ਜਨਰਲ ਵੈਦਿਆ ਨੂੰ ਸਜ਼ਾ ਦੇਣਾ

ਭਾਈ ਸੁੱਖਾ ਅਤੇ ਭਾਈ ਜਿੰਦਾ ਨੇ 1984 ਦੇ ਦਰਬਾਰ ਸਾਹਿਬ ਹਮਲੇ ਦੀ ਯੋਜਨਾ ਬਣਾਉਣ ਵਾਲੇ ਜਨਰਲ ਨੂੰ ਸਜ਼ਾ ਦੇਣ ਦਾ ਫੈਸਲਾ ਕੀਤਾ। ਜਨਰਲ ਵੈਦਿਆ ਫੌਜ ਤੋਂ ਰਿਟਾਇਰ ਹੋਣ ਤੋਂ ਬਾਅਦ ਵੈਦਿਆ ਪੂਨਾ ਚੱਲ ਗਿਆ ਸੀ। ਭਾਈ ਜਿੰਦਾ ਅਤੇ ਭਾਈ ਸੁੱਖਾ ਪੰਜਾਬ ਵਿੱਚ ਮੁੜ ਇਕੱਠੇ ਹੋਏ ਸਨ ਅਤੇ ਇਕੱਠੇ ਪੂਨਾ ਗਏ ਸਨ। ਉਹ 17 ਅਗਸਤ, 1986 ਨੂੰ ਪਹੁੰਚੇ। ਉਹ ਉਸ ਘਰ ਗਏ ਜਿੱਥੇ ਵੈਦਿਆ ਰਹਿ ਰਿਹਾ ਸੀ, ਇਹ ਪਤਾ ਲਗਾਉਣ ਲਈ ਕਿ ਉਹ ਚਲੇ ਗਏ ਸਨ। ਉਨਾਂ ਨੇ ਘਰ ਵਿੱਚ ਨੌਕਰ ਨੂੰ ਪੁੱਛਿਆ ਕਿ ਵੈਦਿਆ ਕਿੱਥੇ ਗਿਆ ਸੀ ਪਰ ਉਹ ਸਪੱਸ਼ਟ ਨਹੀਂ ਸੀ ਅਤੇ ਉਨਾਂ ਨੂੰ ਉਸਦੀ ਭਾਸ਼ਾ ਸਮਝਣ ਵਿੱਚ ਮੁਸ਼ਕਲ ਆ ਰਹੀ ਸੀ। ਉਹ ਆਮ ਦਿਸ਼ਾ ਵਿੱਚ ਗਏ ਅਤੇ ਕੁਝ ਦਿਨਾਂ ਬਾਅਦ ਵੈਦਿਆ ਦੇ ਗਾਰਡ ਨੂੰ ਘਰ ਦੇ ਬਾਹਰ ਵੇਖਿਆ। ਵੈਦਿਆ ਕਦੋਂ ਬਾਹਰ ਆਵੇਗਾ ਇਹ ਪਤਾ ਲਗਾਉਣ ਲਈ ਉਨਾਂ ਨੇ ਨਿਯਮਤ ਚੱਕਰ ਲਗਾਉਣੇ ਸ਼ੁਰੂ ਕਰ ਦਿੱਤੇ।

19 ਅਗਸਤ, 1986 ਨੂੰ ਸਵੇਰੇ 11 ਵਜੇ ਦੇ ਕਰੀਬ, ਉਨਾਂ ਨੇ ਵੈਦਿਆ ਦੀ ਪਤਨੀ ਨੂੰ ਛਤਰੀ ਲੈ ਕੇ ਬਾਹਰ ਆਉਂਦੇ ਵੇਖਿਆ। ਵੈਦਿਆ ਖੁਦ ਕਾਰ ਚਲਾ ਰਿਹਾ ਸੀ। ਉਹ ਬਾਜਾਰ ਗਿਆ ਅਤੇ ਕੁਝ ਚੀਜ਼ਾਂ ਖਰੀਦੀਆਂ, ਭਾਈ ਜਿੰਦਾ ਅਤੇ ਭਾਈ ਸੁੱਖਾ ਮੋਟਰਸਾਈਕਲ 'ਤੇ ਉਨਾਂ ਦੇ ਪਿੱਛੇ ਜਾ ਰਹੇ ਸਨ। ਜਦੋਂ ਵੈਦਿਆ ਖਰੀਦਦਾਰੀ ਕਰਕੇ ਘਰ ਪਰਤ ਰਿਹਾ ਸੀ ਤਾਂ ਭਾਈ ਜਿੰਦਾ ਨੇ ਮੋਟਰਸਾਈਕਲ ਨੂੰ ਕਾਰ ਦੇ ਨਾਲ ਖਿੱਚ ਲਿਆ ਅਤੇ ਭਾਈ ਸੁੱਖਾ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਵੈਦਿਆ ਦਾ ਸਿਰ ਪਹੀਏ ਨਾਲ ਟਕਰਾਇਆ ਅਤੇ ਉਸਦੇ ਸਿਰ ਤੋਂ ਖੂਨ ਵਹਿ ਰਿਹਾ ਸੀ। ਸਿੰਘਾਂ ਨੇ ਫ਼ਤਹਿ ਦਾ ਜੈਕਾਰਾ ਲਗਾਇਆ ਅਤੇ ਉਨਾਂ ਨੂੰ ਛੱਡ ਦਿੱਤਾ। ਸਿੰਘਾਂ ਨੇ ਹਮਲੇ ਲਈ ਜ਼ਿੰਮੇਵਾਰ ਇਕ ਹੋਰ ਅਧਿਕਾਰੀ ਜਨਰਲ ਦਿਆਲ ਨੂੰ ਮਾਰਨਾ ਵੀ ਚਾਹਿਆ ਸੀ, ਪਰ ਫੈਸਲਾ ਕੀਤਾ ਕਿ ਹੁਣ ਸਮਾਂ ਨਹੀਂ ਹੈ। ਉਹ ਆਪਣੇ ਕਿਰਾਏ ਦੇ ਘਰ ਵਾਪਸ ਆਏ, ਕੱਪੜੇ ਬਦਲੇ ਅਤੇ ਇੱਕ ਬੱਸ ਰਾਹੀਂ ਬੰਬਈ ਗਏ, ਉੱਥੋਂ ਉਹ ਰੇਲ ਰਾਹੀਂ ਦੁਰਗ ਅਤੇ ਫਿਰ ਕਲਕੱਤਾ ਗਏ।

**ਭਾਈ ਸੁਖਦੇਵ ਸਿੰਘ ਸੁੱਖਾ ਦੀ ਗ੍ਰਿਫਤਾਰੀ**

17 ਸਤੰਬਰ, 1986 ਨੂੰ, ਭਾਈ ਸੁੱਖਾ ਆਪਣੇ ਹਥਿਆਰ ਲੈਣ ਲਈ ਪੂਨਾ ਵਾਪਸ ਆਏ ਜੋ ਉੱਥੇ ਰਹਿ ਗਏ ਸਨ। ਉਹ ਦੂਜੇ ਸਿੰਘ ਇੱਕ ਟਰੱਕ ਹਾਦਸੇ ਦਾ ਸ਼ਿਕਾਰ ਹੋ ਗਏ ਅਤੇ ਗ੍ਰਿਫਤਾਰ ਕਰ ਲਿਆ ਗਿਆ। ਉਨਾਂ ਨੂੰ ਪੰਜ ਮਹੀਨਿਆਂ ਤੱਕ ਤਸੀਹੇ ਦਿੱਤੇ ਗਏ।

ਭਾਈ ਹਰਜਿੰਦਰ ਸਿੰਘ ਜਿੰਦਾ ਦੀ ਗ੍ਰਿਫਤਾਰੀ ਅਤੇ ਤਸ਼ੱਦਦ

ਅੰਤ ਵਿੱਚ ਇੱਕ ਸਾਲ ਬਾਅਦ ਭਾਈ ਜਿੰਦਾ ਭਾਈ ਸਤਨਾਮ ਸਿੰਘ ਬਾਵਾ ਦੇ ਨਾਲ ਦਿੱਲੀ ਵਿੱਚ ਗੁਰਦੁਆਰਾ ਮਜਨੂੰ ਦਾ ਟਿੱਲਾ ਵਿਖੇ ਫੜਿਆ ਗਿਆ। ਕਿਹਾ ਜਾਂਦਾ ਹੈ ਕਿ ਉਹ ਬੂਟਾ ਸਿੰਘ ਨੂੰ ਧਰਮ ਰਾਏ ਕੋਲ ਭੇਜਣ ਲਈ ਦਿੱਲੀ ਵਿੱਚ ਸੀ ਪਰ ਇਸ ਤੋਂ ਪਹਿਲਾਂ ਕਿ ਉਹ ਕੁਝ ਕਰ ਲੈਂਦਾ, ਉਸਨੂੰ ਇੱਕ ਸੰਖੇਪ ਮੁਕਾਬਲੇ ਤੋਂ ਬਾਅਦ ਪੁਲਿਸ ਨੇ ਫੜ ਲਿਆ। ਉਸ ਸਮੇਂ ਭਾਈ ਸਾਹਿਬ ਕੋਲ ਕੋਈ ਹਥਿਆਰ ਨਹੀਂ ਸੀ ਇਸ ਲਈ ਉਹ ਉਨਾਂ ਨੂੰ ਹੋਰ ਸਮਾਂ ਨਹੀਂ ਦੇ ਸਕਦੇ ਸਨ। ਮੁਕਾਬਲੇ ਦੌਰਾਨ ਉਸ ਦੀ ਲੱਤ ਵਿੱਚ ਗੋਲੀ ਲੱਗੀ ਸੀ। ਪੁਲਿਸ ਦੁਆਰਾ ਉਸਨੂੰ ਬੁਰੀ ਤਰਾਂ ਤਸੀਹੇ ਦਿੱਤੇ ਗਏ।

ਬਾਕੀ ਸਫ਼ਾ 31 'ਤੇ

Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# ਪ੍ਰੋਫੈਸਰ ਸਾਬ

ਹੰਸਾ ਦੀਪ

'ਦਾਦਾ ਜੀ, ਇਸ ਪ੍ਰਸ਼ਨ ਦਾ ਉੱਤਰ ਲਿਖਵਾ ਦਿਓ।'

'ਕਿਉਂ, ਤੇਰੀ ਮਿਸ ਨੇ ਨਹੀਂ ਲਿਖਵਾਇਆ?' ਦਾਦਾ ਜੀ ਆਪਣੀਆਂ ਕਿਤਾਬਾਂ ਵਿੱਚ ਉਲਝੇ ਕਿਸੇ ਇੱਕ ਬਿੰਦੂ 'ਤੇ ਭਿੰਨ-ਭਿੰਨ ਵਿਦਵਾਨਾਂ ਦੀ ਰਾਇ ਨੂੰ ਕਲਮਬੱਧ ਕਰ ਰਹੇ ਸਨ। ਉਹ ਜਾਣਦੇ ਸਨ ਕਿ ਬੱਚੀ ਅਨਾਮਿਕਾ ਬਿਨਾਂ ਵਜ੍ਹਾ ਤਾਂ ਉਨਾਂ ਕੋਲ ਆਉਂਦੀ ਨਹੀਂ ਹੈ ਹੋਮ-ਵਰਕ ਲਈ। ਫਿਰ ਵੀ ਪੁੱਛ ਕੇ ਆਪਣੇ ਵੱਲੋਂ ਤਸੱਲੀ ਕਰ ਲੈਣੀ ਚਾਹੁੰਦੇ ਸਨ।

'ਮਿਸ ਨੇ ਤਾਂ ਲਿਖਵਾਇਆ ਸੀ, ਪਰ ਅਸੀਂ ਟੌਫੀਆਂ ਵੰਡਣ ਗਏ ਸਾਂ, ਮੈਂ ਅਤੇ ਪੂਜਾ ਦੋਵੇਂ। ਅੱਜ ਉਹਦਾ ਬਰਥ-ਡੇ ਸੀ ਨਾ, ਇਸ ਲਈ।' ਬੱਚੀ ਨੇ ਆਪਣੀ ਮਜਬੂਰੀ ਦਾ ਵੇਰਵਾ ਦਿੱਤਾ ਕਿ ਇਸ ਪ੍ਰਸ਼ਨ ਦਾ ਉੱਤਰ ਉਹਦੀ ਦੋਸਤ ਪੂਜਾ ਨੇ ਵੀ ਨਹੀਂ ਲਿਖਿਆ, ਨਹੀਂ ਤਾਂ ਉਹ ਪੂਜਾ ਦੀ ਕਾਪੀ ਤੋਂ ਕਾਪੀ ਕਰ ਲੈਂਦੀ।

'ਅੱਛਾ ਮੇਰੀ ਰਾਜਕੁਮਾਰੀ, ਦੱਸ ਕਿਹੜਾ ਪ੍ਰਸ਼ਨ ਹੈ ਤੇਰਾ? ਇੱਕ ਹੀ ਹੈ, ਜਾਂ ਫਿਰ ਬਹੁਤ ਸਾਰੇ ਨੇ।'

'ਇਕ ਹੀ ਹੈ ਦਾਦਾ ਜੀ! ਇਹ ਹੈ- ਡਿਫਰੈਂਸ ਬਿਟਵੀਨ ਰਾਈਟਸ ਐਂਡ ਡਿਊਟੀਜ਼।'

'ਅੱਛਾ, ਅਧਿਕਾਰ ਅਤੇ ਫਰਜ਼ ਵਿੱਚ ਅੰਤਰ। ਬੇਟੀ, ਜ਼ਰਾ ਹੱਥ ਦਾ ਕੰਮ ਪੂਰਾ ਕਰ ਲਵਾਂ, ਫਿਰ ਤੈਨੂੰ ਲਿਖਵਾ ਦਿੰਦਾ ਹਾਂ ਇਹਦਾ ਜਵਾਬ। ਅੱਧੇ ਘੰਟੇ ਪਿੱਛੋਂ ਆ ਜਾਈਂ, ਠੀਕ ਹੈ।'

'ਜੀ ਦਾਦਾ ਜੀ, ਇਹ ਬੁੱਕ ਅਤੇ ਕਾਪੀ ਇੱਥੇ ਹੀ ਰੱਖ ਦਿੰਦੀ ਹਾਂ ਤੁਹਾਡੀ ਮੇਜ਼ 'ਤੇ।'

ਹੱਥ ਦਾ ਕੰਮ ਕਾਫ਼ੀ ਸੀ ਉਨਾਂ ਕੋਲ। ਪੂਰਾ ਮੇਜ਼ ਕਿਤਾਬਾਂ ਨਾਲ ਭਰਿਆ ਪਿਆ ਸੀ। ਢੇਰ ਸਾਰੀਆਂ ਕਿਤਾਬਾਂ ਫੈਲਾ ਕੇ ਪੜਨਾ, ਸਹੀ ਸ਼ਬਦਾਂ ਦੀ ਚੋਣ ਕਰਨਾ ਅਤੇ ਇੱਕ ਨਵੀਂ ਕਿਤਾਬ ਦਾ ਖਰੜਾ ਬਣਾਉਣਾ, ਉਨਾਂ ਦੇ ਖੱਬੇ ਹੱਥ ਦੀ ਖੇਡ ਸੀ। ਰਾਜਨੀਤੀ ਸ਼ਾਸਤਰ ਪੜਾਉਂਦੇ-ਪੜਾਉਂਦੇ ਸ਼ਬਦਾਂ ਦੀ ਥੋੜੀ ਜਿਹੀ ਹੇਰਾਫੇਰੀ ਕਰਨ ਦੀ ਕਲਾ ਵਿਚ ਮਾਹਿਰ ਹੋ ਗਏ ਸਨ ਉਹ। ਹੁਣ ਤਕ ਉਨਾਂ ਦੀਆਂ ਕਈ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਸਨ। ਸਰਕਾਰੀ ਸਹਾਇਤਾ ਦਾ ਵੀ ਭਰਪੂਰ ਫ਼ਾਇਦਾ ਮਿਲ ਜਾਂਦਾ ਸੀ ਉਨਾਂ ਨੂੰ। ਆਪਣੇ ਕਾਲਜ ਦਾ ਨਾਂ ਤਾਂ ਰੌਸ਼ਨ ਕੀਤਾ ਹੀ, ਨਾਲ ਹੀ ਆਪਣੇ ਰਾਜ ਨੂੰ ਵੀ ਦੁਨੀਆਂ ਦੀਆਂ ਨਜ਼ਰਾਂ ਵਿੱਚ ਲੈ ਆਏ। ਆਪਣੇ ਅਧਿਆਪਨ ਜੀਵਨ ਵਿੱਚ ਖ਼ੂਬ ਲਿਖਿਆ ਹੈ ਉਨਾਂ ਨੇ, ਖ਼ੂਬ ਤਰੱਕੀ ਕੀਤੀ ਹੈ!

ਅਤਿਅੰਤ ਰੁੱਝੇ ਹੋਏ ਵਿਦਵਾਨ ਪ੍ਰੋਫੈਸਰ ਰਵੀਕਾਂਤ, 'ਕਾਂਤ ਸਰ' ਦੇ ਨਾਂ ਨਾਲ ਮਸ਼ਹੂਰ ਹਨ। ਆਪਣੇ ਕਾਲਜ ਵਿੱਚ ਤਾਂ ਸੀਨੀਅਰ ਹਨ ਹੀ, ਕਈ ਯੂਨੀਵਰਸਿਟੀਆਂ ਵਿੱਚ ਵਿਜ਼ਿਟਿੰਗ ਪ੍ਰੋਫੈਸਰ ਹਨ, ਭਾਰਤ ਵਿੱਚ ਅਤੇ ਵਿਦੇਸ਼ਾਂ ਵਿੱਚ ਵੀ। ਅਨਾਮਿਕਾ ਬਚਪਨ ਤੋਂ ਵੇਖਦੀ ਆਈ ਹੈ ਆਪਣੇ ਦਾਦਾ ਜੀ ਨੂੰ, ਜੋ ਹਮੇਸ਼ਾ ਕਿਤਾਬਾਂ ਵਿੱਚ ਉਲਝੇ ਰਹਿੰਦੇ ਹਨ। ਇਸੇ ਲਈ ਦਾਦਾ ਜੀ ਨੂੰ ਘਰ ਵਿੱਚ ਸਭ ਤੋਂ ਵੱਧ ਪੜਾਕੂ ਸਮਝ ਕੇ ਅਨਾਮਿਕਾ ਕਦੇ-ਕਦੇ ਉਨਾਂ ਕੋਲ ਆ ਜਾਂਦੀ ਹੈ ਆਪਣੇ ਹੋਮ-ਵਰਕ ਵਿੱਚ ਮਦਦ ਲਈ। ਹਰ ਵਾਰ ਉਹ ਬੱਚੀ ਤੋਂ ਅੱਧੇ ਘੰਟੇ ਦਾ ਸਮਾਂ ਮੰਗਦੇ ਹਨ। ਪਹਿਲਾਂ ਖ਼ੁਦ ਹੋਮ-ਵਰਕ ਦੀ ਤਿਆਰੀ ਕਰਦੇ ਹਨ ਅਤੇ ਫਿਰ ਬੱਚੀ ਨੂੰ ਬੁਲਾਉਂਦੇ ਹਨ।

ਅੱਜ ਦੇ ਪ੍ਰਸ਼ਨ ਦੇ ਜਵਾਬ ਲਈ ਕੋਈ ਖ਼ਾਸ ਤਿਆਰੀ ਦੀ ਲੋੜ ਨਹੀਂ ਸੀ ਉਨਾਂ ਨੂੰ। ਇਸ 'ਤੇ ਤਾਂ ਉਹ ਕਈ ਲੈਕਚਰ ਦੇ ਚੁੱਕੇ ਹਨ। ਅਧਿਕਾਰ ਅਤੇ ਫ਼ਰਜ਼ ਦੀਆਂ ਪੱਛਮੀ ਅਤੇ ਭਾਰਤੀ ਵਿਦਵਾਨਾਂ ਦੀਆਂ ਕਈ ਪਰਿਭਾਸ਼ਾਵਾਂ ਉਨਾਂ ਦੇ ਦਿਮਾਗ ਵਿੱਚ ਨੱਚਣ-ਟੱਪਣ ਲੱਗੀਆਂ। ਤਲਾਸ਼ ਸੀ ਤਾਂ ਬੱਚੀ ਨੂੰ ਲਿਖਵਾਉਣ ਲਈ ਸਰਲ ਸ਼ਬਦਾਂ ਦੀ, ਜੋ ਮਿਲ ਨਹੀਂ ਸਨ ਰਹੇ। ਬੱਚਿਆਂ ਨੂੰ ਸਰਲ ਅਤੇ ਸਹਿਜ ਸ਼ਬਦਾਂ ਵਿੱਚ ਸਮਝਾਉਣਾ ਕਿੰਨਾ ਮੁਸ਼ਕਲ ਹੁੰਦਾ ਹੈ। ਇਸ ਪੀੜ ਨੂੰ ਉਹ ਕਈ ਵਾਰੀ ਸਹਾਰ ਚੁੱਕੇ ਸਨ। ਅਚਾਨਕ ਐਮ ਏ ਦੀਆਂ ਜਮਾਤਾਂ ਨੂੰ ਐਲੀਮੈਂਟਰੀ ਸਕੂਲ ਦੀਆਂ ਜਮਾਤਾਂ ਵਿੱਚ ਤਬਦੀਲ ਕਰਨ ਵਿੱਚ ਭਾਸ਼ਾ ਅਤੇ ਵਿਚਾਰਾਂ ਨੂੰ ਬਹੁਤ ਹੇਠਾਂ ਉਤਾਰਨਾ ਪੈਂਦਾ ਹੈ। ਮੂਲ ਨੂੰ ਚੋਟ ਪਹੁੰਚਾਏ ਤੋਂ ਬਿਨਾਂ ਅਜਿਹਾ ਕਰਨਾ ਟੇਢੀ ਖੀਰ ਹੋ ਜਾਂਦਾ ਹੈ ਉਨਾਂ ਲਈ। ਅਨਾਮਿਕਾ ਦੇ ਹੋਮ-ਵਰਕ ਨੂੰ ਕਰਵਾਉਣ ਵਿੱਚ ਉਨਾਂ ਦਾ ਤਿਕੜਮਬਾਜ਼ ਦਿਮਾਗ਼ ਕਈ ਵਾਰੀ ਧੋਖਾ ਦੇ ਜਾਂਦਾ ਹੈ। ਬਹੁਤ ਸੋਚ-ਸਮਝ ਕੇ ਲਿਖਵਾਉਂਦੇ ਹਨ ਉਸ ਨੂੰ। ਜ਼ਰਾ ਵੀ ਥਿੜਕੇ ਤਾਂ ਬੱਚੀ ਆਪਣੀ ਟੀਚਰ ਨੂੰ ਦੱਸ ਦੇਵੇਗੀ ਕਿ ਉਹਦੇ ਦਾਦਾ ਜੀ ਨੇ ਕਰਵਾਇਆ ਹੈ ਹੋਮ-ਵਰਕ ਉਸ ਨੂੰ। ਹਾਲਾਂਕਿ ਟੀਚਰ ਦੀ ਤਾਂ ਹਿੰਮਤ ਨਹੀਂ ਹੋਵੇਗੀ ਕੁਝ ਕਹਿਣ ਦੀ। ਪਰ ਇਕ ਤੋਂ ਦੂਜੇ ਟੀਚਰ ਕੋਲ ਗੱਲ ਜਾਵੇਗੀ ਅਤੇ ਖਾਹ-ਮਖ਼ਾਹ ਸ਼ਹਿਰ ਦੇ ਐਲੀਮੈਂਟਰੀ ਸਕੂਲਾਂ ਵਿੱਚ ਉਨਾਂ ਦੇ ਨਾਂ 'ਤੇ ਹੱਸਣ ਦਾ ਮੌਕਾ ਮਿਲ ਜਾਵੇਗਾ ਲੋਕਾਂ ਨੂੰ।

ਕਿਵੇਂ ਸਮਝਾਵੇ ਬੱਚੀ ਨੂੰ, ਪਹਿਲਾਂ ਪਰਿਭਾਸ਼ਾ ਦੇ ਕੇ ਸਮਝਾ ਦੇਣ ਅਤੇ ਫਿਰ ਕਿਸੇ ਉਦਾਹਰਣ ਨਾਲ ਸਮਝਾਉਣ ਦੀ ਕੋਸ਼ਿਸ਼ ਕਰਨ। ਕਿਹੜੀ ਉਦਾਹਰਣ ਠੀਕ ਰਹੇਗੀ। ਮਨ ਦੀ ਖਿੱਚ-ਧੂਹ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੇ ਹੋਏ ਉਹ ਮੇਜ਼ 'ਤੇ ਰੱਖੀਆਂ ਕਿਤਾਬਾਂ ਨੂੰ ਇਕ-ਟਕ ਵੇਖਣ ਲੱਗਦੇ ਹਨ। ਅਨਾਮਿਕਾ ਦੀ ਕਿਤਾਬ ਅਤੇ ਕਾਪੀ ਨੂੰ ਉਲਟਦੇ-ਪਲਟਦੇ ਅੱਜ ਸਵੇਰ ਦਾ ਕਾਲਜ ਦਾ ਦ੍ਰਿਸ਼ ਕਿਸੇ ਫ਼ਿਲਮ ਵਾਂਗ ਉਨਾਂ ਦੇ ਸਾਹਮਣੇ ਘੁੰਮਣ ਲੱਗਦਾ ਹੈ। ਆਪਣੇ ਸਾਥੀਆਂ ਦੇ ਜਾਣੇ-ਪਛਾਣੇ ਚਿਹਰੇ ਸਮਝਾਉਣ ਲੱਗੇ ਹਨ ਉਨਾਂ ਨੂੰ ਅਧਿਕਾਰ ਅਤੇ ਫ਼ਰਜ਼ ਦੀ ਪਰਿਭਾਸ਼ਾ। ਮਨ ਦੀ ਦੌੜ ਕਾਲਜ ਦੇ ਕੈਂਪਸ ਵਿਚ ਚੱਕਰ ਲਾਉਣ ਲੱਗਦੀ ਹੈ।

ਪੱਚੀ ਦਿਨ ਹੋ ਗਏ ਸਨ ਨਵਾਂ ਸੈਸ਼ਨ ਸ਼ੁਰੂ ਹੋਇਆਂ। ਦਾਖ਼ਲਿਆਂ ਦਾ ਕੰਮ ਲਗਭਗ ਪੂਰਾ ਹੋ ਚੁੱਕਾ ਸੀ। ਜਮਾਤਾਂ ਸ਼ੁਰੂ ਕਰਨ ਦਾ ਨੋਟਿਸ ਆਇਆਂ ਵੀ ਕਾਫ਼ੀ ਸਮਾਂ ਹੋ ਗਿਆ ਸੀ। ਜਮਾਤਾਂ ਖਾਲੀ ਪਈਆਂ ਸਨ। ਪੂਰੇ ਦਿਨ ਵਿੱਚ ਇੱਕ-ਅੱਧਾ ਘੰਟਾ ਸਟਾਫ-ਰੂਮ ਚਹਿਕਦਾ, ਫਿਰ ਖ਼ਾਮੋਸ਼ ਹੋ ਜਾਂਦਾ। ਉਹ ਇੱਕ ਘੰਟਾ ਨੋਟਬੰਦੀ ਤੋਂ ਲੈ ਕੇ ਮਹਿੰਗਾਈ ਤੱਕ, ਅਤੇ ਟਰੰਪ ਤੋਂ ਲੈ ਕੇ ਪ੍ਰਿੰਸੀਪਲ ਦੇ ਕਿਚਨ ਤੱਕ ਦੀਆਂ ਖ਼ਬਰਾਂ ਦਾ ਬਰਾਡਕਾਸਟਿੰਗ ਸਮਾਂ ਹੁੰਦਾ। ਇਸਤਰੀ-ਪ੍ਰੋਫੈਸਰਾਂ ਅਤੇ ਮਰਦ-ਪ੍ਰੋਫੈਸਰਾਂ ਦੇ ਗਰੁੱਪ ਚਾਹ ਨਾਲ ਆਪਣਾ ਮੰਤਵ ਸਪਸ਼ਟ ਕਰਦੇ। ਇੱਕ ਵਾਰ ਹਾਜ਼ਰੀ ਲੱਗ ਗਈ ਸਾਰਿਆਂ ਦੇ ਸਾਹਮਣੇ, ਫਿਰ ਤਾਂ ਰੰਗ-ਬਰੰਗੀਆਂ ਪੋਸ਼ਾਕਾਂ ਕਦੇ ਆਫਿਸ ਵਿੱਚ ਤੇ ਕਦੇ ਗਾਰਡਨ ਵਿੱਚ, ਕਦੇ ਕੈਂਪਸ ਵਿੱਚ ਤੇ ਕਦੇ ਚਾਹ ਦੀ ਦੁਕਾਨ ਦੇ ਕੋਲ ਵਿਖਾਈ ਦਿੰਦੀਆਂ। ਮੌਲਸਰੀ ਦੇ ਰੁੱਖ ਹੇਠਾਂ ਬਣੇ ਚਬੂਤਰੇ 'ਤੇ ਬੈਠੇ ਕੁਝ ਪ੍ਰੋਫ਼ੈਸਰ ਚਾਹ ਪਿੱਛੋਂ ਤੰਬਾਕੂ ਖਾਂਦੇ, ਪੀਕ ਥੁੱਕਦੇ, ਗੱਲਾਂ ਕਰਦੇ- 'ਬਈ ਗੋਲੇ ਸਾਬ, ਕੱਲ ਦਿੱਸੇ ਨਹੀਂ ਤੁਸੀਂ!'

'ਕੱਲ ਜ਼ਰਾ ਛੇਤੀ ਚਲਾ ਗਿਆ ਸਾਂ ਸਰ।' ਉਨਾਂ ਨੇ ਆਪਣੇ ਕੱਲ ਦੇ ਕਾਲਜ-ਟ੍ਰਿਪ ਨੂੰ ਯਾਦ ਕੀਤਾ, ਜੋ ਸਿਰਫ਼ ਮੂੰਹ ਵਿਖਾ ਕੇ ਜਾਣ ਨਾਲ ਸਬੰਧਤ ਸੀ। ਗੋਲੇ ਸਾਬ ਆਏ ਤਾਂ ਜ਼ਰੂਰ ਸਨ ਕੱਲ, ਸਕੂਟਰ ਨਾਲ ਇੱਕ ਗੇੜਾ ਕੱਢ ਲਿਆ ਸੀ। ਦੋ-ਚਾਰ ਆਫ਼ਿਸ ਦੇ ਲੋਕਾਂ ਨਾਲ ਹਾਏ-ਹੈਲੋ ਹੋ ਗਈ ਸੀ ਤਾਂ ਦਿਨ ਨੂੰ ਸੁਰੱਖਿਅਤ ਮੰਨ ਕੇ ਭਰਾ ਦੇ ਪ੍ਰੈੱਸ 'ਤੇ ਜ਼ਰੂਰੀ ਕੰਮ ਨਿਪਟਾਉਣ ਲਈ ਮਦਦ ਕਰਨ ਚਲੇ ਗਏ ਸਨ।

'ਓ ਯਾਰ, ਕਦੇ ਸਾਡੇ ਨਾਲ ਵੀ ਬੈਠਿਆ ਕਰ! ਅੱਜ ਕੱਲ ਤਾਂ ਤੇਰੇ ਵਿਭਾਗੀ ਸਾਥੀ ਤਲਪੜੇ ਜੀ ਵੀ ਦਿਖਾਈ ਨਹੀਂ ਦਿੰਦੇ।'

'ਉਹ ਤਾਂ ਛੁੱਟੀ ਤੇ ਨੇ ਸਰ!' ਇੱਕ-ਦੂਜੇ ਦੇ ਵਿਭਾਗੀ ਮਸਲਿਆਂ ਨੂੰ ਚਰਚਾ ਦਾ ਵਿਸ਼ਾ ਬਣਾਉਣਾ ਅਤੇ ਇੱਕ-ਦੂਜੇ ਦੇ ਵਿਭਾਗ ਦੀ ਜਾਣਕਾਰੀ ਰੱਖਣਾ ਹਰ ਪ੍ਰੋਫ਼ੈਸਰ ਦੇ ਰੁਟੀਨ ਦਾ ਹਿੱਸਾ ਸੀ। ਸਾਰੇ ਹੈੱਡ ਆਫ਼ ਦਿ ਡਿਪਾਰਟਮੈਂਟ ਬਣਨ ਦੀ ਖ਼ਾਹਿਸ਼ ਤਾਂ ਰੱਖਦੇ ਹਨ, ਪਰ ਜਦੋਂ ਨਹੀਂ ਬਣ ਸਕਦੇ ਤਾਂ ਹੈੱਡ ਦੀ ਖਿਚਾਈ ਕਰਕੇ ਚੰਗਾ ਲੱਗਦਾ ਹੈ। ਦਿਲ ਨੂੰ ਤਸੱਲੀ ਮਿਲ ਜਾਂਦੀ ਹੈ। ਮੈਡਮ ਮਿਸ਼ਰਾ ਪਿਛਲੇ ਚਾਰ ਸਾਲ ਤੋਂ ਹੈੱਡ ਦੀ ਕੁਰਸੀ ਲਈ ਤਰਸ ਰਹੀ ਸੀ, ਪਰ ਉਹਦਾ ਮੌਕਾ ਹੀ ਨਹੀਂ ਸੀ ਲੱਗ ਰਿਹਾ। ਮੈਡਮ ਮਿਸ਼ਰਾ ਦੀ ਖੁੰਦਕ ਇਸ ਬਹਾਨੇ ਬਾਹਰ ਆ ਹੀ ਜਾਂਦੀ ਹੈ- 'ਅੱਛਾ ਤਾਂ ਹੀ, ਇਸ ਦਾ ਮਤਲਬ ਹੈ ਕਿ ਤੁਸੀਂ ਹੋ ਹੈੱਡ ਆਫ ਦਿ ਡਿਪਾਰਟਮੈਂਟ। ਇਸੇ ਲਈ ਮੈਂ ਕਹਾਂ ਕਿ ਤੁਹਾਡੇ ਦਰਸ਼ਨ ਦੁਰਲੱਭ ਕਿਉਂ ਹੋ ਗਏ!'

ਨਿਰਮਾਣਤਾ ਨੂੰ ਆਪਣੀ ਜ਼ੁਬਾਨ 'ਤੇ ਬਿਠਾ ਕੇ ਬੋਲੇ ਗੋਲੇ ਸਾਬ- 'ਨਹੀਂ ਮੈਡਮ, ਅਜਿਹੀ ਕੋਈ ਗੱਲ ਨਹੀਂ। ਕੱਲ ਜ਼ਰਾ ਕੁਝ ਕੰਮ ਆ ਗਿਆ ਸੀ।' ਸੱਚ ਤਾਂ ਇਹੀ ਸੀ ਕਿ ਹੈੱਡ ਦਾ ਚਾਰਜ ਲੈ ਕੇ ਉਹ ਇਸ ਚਾਰ ਦਿਨ ਦੀ ਚਾਂਦਨੀ ਦਾ ਆਨੰਦ ਉਠਾਉਣ ਵਿਚ ਕੋਈ ਕਸਰ ਛੱਡਣੀ ਨਹੀਂ ਸੀ ਚਾਹੁੰਦੇ। ਮੂੰਹ ਵਿੱਚ ਮਿਠਾਸ ਉਦੋਂ ਹੀ ਹੁੰਦੀ ਹੈ ਜਦੋਂ ਕੁਝ ਕੌੜਾ ਹਜ਼ਮ ਕਰਵਾਉਣਾ ਹੋਵੇ।

ਸਾਹਮਣੇ ਤੋਂ ਇਤਿਹਾਸ ਵਿਭਾਗ ਤੁਰਿਆ ਆ ਰਿਹਾ ਸੀ। ਉਨਾਂ ਦੀ ਹੀ ਕਮੀ ਸੀ। ਉਨਾਂ ਨੂੰ ਮੁਸਕੁਰਾਉਂਦੇ ਹੋਇਆਂ ਆਉਂਦਿਆਂ ਵੇਖ ਕੇ ਸੁਆਗਤ ਹੋਇਆ- 'ਆਓ ਆਓ, ਇਤਿਹਾਸ ਵਿਭਾਗ ਦੀ ਹੈੱਡ ਦਾ ਸੁਆਗਤ। ਤੁਹਾਡੇ ਤਾਂ ਦਰਸ਼ਨ ਹੀ ਨਹੀਂ ਹੁੰਦੇ ਮੈਡਮ।'

'ਕਲਾਸਿਜ਼ ਸ਼ੁਰੂ ਹੋ ਗਈਆਂ ਨੇ ਸਰ, ਫਸਟ-ਈਅਰ ਦੀਆਂ।' ਉਨਾਂ ਦੀ ਆਵਾਜ਼ ਦਾ ਵਿਸ਼ਵਾਸ ਇਸ ਗੱਲ ਦਾ ਸਬੂਤ ਸੀ ਕਿ 'ਉਹ ਹੀ ਪੜਾ ਰਹੇ ਹਨ ਬਾਕੀ ਤਾਂ ਸਾਰੇ ਏਧਰ-ਓਧਰ ਟਾਈਮ-ਪਾਸ ਕਰ ਰਹੇ ਨੇ।'

'ਬਈ ਛੱਡੋ ਮੈਡਮ, ਹੁਣੇ ਕੀ ਕਲਾਸਿਜ਼ ਦਾ ਝੰਜਟ ਸ਼ੁਰੂ ਕਰਨਾ। ਮੂਡ ਬਣਾਉਣ ਲਈ ਸਮਾਂ ਤਾਂ ਚਾਹੀਦਾ ਹੈ ਨਾ।'

'ਕਿਉਂ ਸਰ, ਛੁੱਟੀਆਂ ਵਿੱਚ ਮੂਡ ਨਹੀਂ ਬਣਿਆ?'

'ਛੁੱਟੀਆਂ ਤਾਂ ਇਮਤਿਹਾਨਾਂ ਦੀ ਥਕਾਵਟ ਲਾਹੁਣ ਲਈ ਹੁੰਦੀਆਂ ਨੇ। ਮਹੀਨਾ ਭਰ ਕਾਲਜ ਆਵਾਂਗੇ-ਜਾਵਾਂਗੇ, ਤਾਂ ਕਿਤੇ ਜਾ ਕੇ ਮੂਡ ਬਣੇਗਾ ਪੜਾਉਣ ਦਾ...।'

'ਕਾਲਜ ਵਿਚ ਤਾਂ ਝੰਡੇ ਤੋਂ ਝੰਡਾ ਪੜਾਈ ਹੁੰਦੀ ਹੈ... ਪੰਦਰਾਂ ਅਗਸਤ ਤੋਂ ਛੱਬੀ ਜਨਵਰੀ ਤੱਕ।'

ਬਹੁਮਤ ਨਾ ਪੜਾਉਣ ਵਾਲਿਆਂ ਦਾ ਸੀ ਤਾਂ ਉਨਾਂ ਨੂੰ ਲੱਗਿਆ ਕਿ ਉਹ ਬੇਵਕੂਫ਼ ਕਰਾਰ ਦਿੱਤੇ ਜਾਣ ਉਸ ਤੋਂ ਪਹਿਲਾਂ ਆਪਣਾ ਬਚਾਓ ਪੱਖ ਰੱਖ ਦੇਣ ਤਾਂ ਚੰਗਾ ਹੋਵੇਗਾ- 'ਕੀ ਦੱਸਾਂ ਸਰ, ਤੁਹਾਨੂੰ ਤਾਂ ਪਤਾ ਹੈ ਨਾ, ਸਭ ਤੋਂ ਜ਼ਿਆਦਾ ਭੀੜ ਤਾਂ ਮੇਰੀਆਂ ਜਮਾਤਾਂ ਵਿੱਚ ਹੀ ਹੁੰਦੀ ਹੈ। ਜੇ ਜਮਾਤ ਵਿੱਚ ਨਾ ਗਈ ਤਾਂ ਬਾਹਰ ਖੜੀ ਭੀੜ ਸਾਰਿਆਂ ਨੂੰ ਨਜ਼ਰ ਆਵੇਗੀ ਅਤੇ ਪ੍ਰੇਮ-ਪੱਤਰ ਮਿਲ ਜਾਵੇਗਾ।' ਪ੍ਰਿੰਸੀਪਲ ਦੇ ਆਫਿਸ ਤੋਂ ਜਦੋਂ ਵੀ ਕਿਸੇ ਨੂੰ ਨੋਟਿਸ ਮਿਲਦਾ ਸੀ ਤਾਂ ਉਸ ਨੂੰ ਪ੍ਰੇਮ-ਪੱਤਰ ਕਿਹਾ ਜਾਂਦਾ ਸੀ।

'ਉਂਜ ਕਦੇ-ਕਦੇ ਪ੍ਰੇਮ-ਪੱਤਰ ਮਿਲ ਜਾਵੇ ਤਾਂ ਜੀਵਨ ਵਿੱਚ ਰੋਮਾਂਸ ਬਣਿਆ ਰਹਿੰਦਾ ਹੈ।' ਕਾਂਤ ਸਰ ਨੂੰ ਵੇਖਦੇ ਹੋਏ ਅਖਿਲ ਸਰ ਬੋਲੇ।

ਇਤਿਹਾਸ ਵਾਲੀ ਮੈਡਮ ਨੂੰ ਜਵਾਬ ਦੇਣ ਲਈ ਗੋਲੇ ਸਾਬ ਦੀ ਮੱਖਣਬਾਜ਼ੀ ਫਿਰ ਤੋਂ ਸ਼ੁਰੂ ਹੋ ਗਈ- 'ਗਲਤੀ ਤਾਂ ਤੁਹਾਡੀ ਹੈ ਨਾ ਮੈਡਮ! ਸਾਰੇ ਮਰੇ ਹੋਏ ਲੋਕਾਂ ਨੂੰ ਤੁਸੀਂ ਇੰਨੀ ਜ਼ਿੰਦਾਦਿਲੀ ਨਾਲ ਪੜਾਉਂਦੇ ਹੋ ਕਿ ਕੋਈ ਵਿਦਿਆਰਥੀ ਕਦੇ ਗ਼ੈਰਹਾਜ਼ਰ ਨਹੀਂ ਹੁੰਦਾ।'

'ਸਰ ਤੋਂ ਸਿੱਖੋ ਮੈਡਮ। ਜ਼ਿੰਦਾ ਲੋਕਾਂ ਨੂੰ ਵੀ ਮਾਰ ਕੇ ਪੜਾਉਂਦੇ ਨੇ।' ਪਿੱਛੇ ਤੋਂ ਆਵਾਜ਼ ਆਈ।

'ਕੱਠਾ ਠਹਾਕਾ ਵੱਜਦਾ ਹੈ ਤਾਂ ਮੈਡਮ ਵੀ ਪਿੱਛੇ ਨਹੀਂ ਹਟਦੇ- 'ਵਾਹ-ਵਾਹ ਸਰ, ਕੰਨ ਤਰਸ ਗਏ ਸਨ ਅਜਿਹੀ ਲੱਛੇਦਾਰ ਭਾਸ਼ਾ ਸੁਣਨ ਨੂੰ।'

ਕਾਂਤ ਸਰ ਦੀ ਕੰਮ ਕਰਨ ਦੀ ਸ਼ੈਲੀ ਤੋਂ ਸਾਰੇ ਜਾਣੂ ਸਨ। ਦਫ਼ਤਰ ਦੇ ਬਾਬੂ ਵੀ ਉਨਾਂ ਦੀ ਕਿਸੇ ਗੱਲ ਨੂੰ ਟਾਲ ਨਹੀਂ ਸਕਦੇ ਸਨ। ਸ਼ਹਿਰ ਦੀ ਰਾਜਨੀਤੀ ਵਿੱਚ ਵੀ ਉਨਾਂ ਦਾ ਹੱਥ ਹੋਇਆ ਕਰਦਾ ਸੀ ਜਿਸ ਕਰਕੇ ਪ੍ਰਿੰਸੀਪਲ ਉਨਾਂ ਦੇ ਪ੍ਰਸ਼ੰਸਕ ਸਨ। ਇੱਕ ਵਾਰ ਜਦੋਂ ਸ਼ਹਿਰ ਦੇ ਅਖੌਤੀ ਨੇਤਾਵਾਂ ਦੀ ਟੋਲੀ ਨੇ ਪ੍ਰਿੰਸੀਪਲ ਚੈਂਬਰ ਵਿੱਚ ਰੌਲਾ ਪਾਇਆ ਸੀ ਤਾਂ ਸਾਰੇ ਨੇਤਾਵਾਂ ਦੇ ਪੈਰਾਂ ਵਿੱਚੋਂ ਚੱਪਲਾਂ ਨਿਕਲ ਕੇ ਹੱਥਾਂ ਵਿੱਚ ਆ ਗਈਆਂ ਸਨ। ਅਜਿਹੀ ਹਾਲਤ ਵਿੱਚ ਕਾਂਤ ਸਰ ਨੇ ਹੀ ਸਮਝੌਤਾ ਕਰਵਾ ਕੇ ਮਾਮਲਾ ਰਫ਼ਾ-ਦਫ਼ਾ ਕਰਵਾਇਆ ਸੀ। ਹੁਣ ਬਾਹਰ ਬੋਰਡ ਲੱਗਿਆ ਸੀ- 'ਕ੍ਰਿਪਾ ਕਰਕੇ ਜੁੱਤੀਆਂ-ਚੱਪਲਾਂ ਬਾਹਰ ਲਾਹ ਕੇ ਅੰਦਰ ਆਓ।'

ਇਸ ਤੋਂ ਬਾਅਦ ਹਰ ਕੋਈ ਚੈਂਬਰ ਵਿੱਚ ਜਾਂਦਾ ਤਾਂ ਇੱਕ ਮੰਦਰ ਵਾਂਗ ਜੁੱਤੀਆਂ ਬਾਹਰ ਲਾਹ ਕੇ ਜਾਂਦਾ। ਉਹ ਦਿਨ ਸੀ ਅਤੇ ਅੱਜ ਦਾ ਦਿਨ, ਕਾਂਤ ਸਰ ਦੀ ਹਰ ਲਾਪ੍ਰਵਾਹੀ ਨੂੰ ਬਰਦਾਸ਼ਤ ਕਰਨਾ ਪ੍ਰਿੰਸੀਪਲ ਦੀ ਮਜਬੂਰੀ ਬਣ ਗਿਆ ਸੀ। ਕਦੇ-ਕਦੇ ਇਹੋ ਮਜਬੂਰੀ ਹੋਰਾਂ 'ਤੇ ਜ਼ੁਲਮ ਬਣ ਕੇ ਟੁੱਟ ਪੈਂਦੀ ਸੀ। ਕਾਂਤ ਸਰ ਇੰਨੇ ਸੀਨੀਅਰ ਸਨ ਕਿ ਕਈ ਸਾਲ ਪਹਿਲਾਂ ਪ੍ਰਿੰਸੀਪਲ ਬਣ ਜਾਂਦੇ। ਪਰ ਇਸ ਨਾਲ ਉਨਾਂ ਦੇ ਵਿਦੇਸ਼ ਦੌਰਿਆਂ 'ਤੇ ਪ੍ਰਭਾਵ ਪੈਂਦਾ। ਇਸ ਲਈ ਉਹ ਬਗ਼ੈਰ ਪੋਸਟ ਦੇ ਪੋਸਟ 'ਤੇ ਰਹਿਣ ਦਾ ਮਜ਼ਾ ਲੈ ਰਹੇ ਸਨ, 'ਹੈੱਡ ਵੀ ਮੇਰਾ, ਟੇਲ ਵੀ ਮੇਰੀ' ਦੇ ਅੰਦਾਜ਼ ਵਿੱਚ।

'ਲਓ ਪਰਾਸ਼ਰ ਸਰ ਵੀ ਆ ਗਏ! ਕਿਉਂ ਬਈ, ਇਉਂ ਮਰੇ-ਮਰੇ ਜਿਹੇ ਕਿਉਂ ਚੱਲ ਰਹੇ ਹੋ, ਕੀ ਕੋਈ ਅਦਾਲਤ ਵਿੱਚ ਪੇਸ਼ੀ ਸੀ?'

'ਨਹੀਂ ਸਰ, ਰੱਬ ਦੁਸ਼ਮਣਾਂ ਨੂੰ ਵੀ ਅਜਿਹੇ ਦਿਨ ਨਾ ਵਿਖਾਵੇ। ਮੈਡਮ, ਕੀ ਤੁਹਾਡੀ ਕਲਾਸ ਹੈ? ਉਹ ਬੱਚੇ ਪੁੱਛ ਰਹੇ ਹਨ...।'

'ਅੱਜ ਮੇਰੀ ਕਲਾਸ, ਅੱਜ ਤਾਂ ਸੋਮਵਾਰ ਹੈ। ਅੱਜ ਅਖਿਲ ਸਰ ਦੀ ਕਲਾਸ ਹੈ, ਮੇਰੀ ਨਹੀਂ।'

ਅਖਿਲ ਸਰ ਤ੍ਰਭਕ ਕੇ ਵੇਖਣ ਲੱਗੇ, 'ਮੇਰੀ ਕਲਾਸ!' ਜਿਵੇਂ ਕਲਾਸ ਦਾ ਨਾਂ ਲੈਣਾ ਹੀ ਉਨਾਂ ਲਈ ਇਕ ਅਜੂਬਾ ਸੀ। ਪ੍ਰੋਫ਼ੈਸਰ ਅਖਵਾਉਣਾ ਤਾਂ ਕੰਨਾਂ ਵਿੱਚ ਰਸ ਘੋਲਦਾ ਹੈ, ਪਰ ਕਲਾਸ ਸ਼ਬਦ ਕੰਨਾਂ ਨੂੰ ਬੇਹੱਦ ਤਿੱਖਾ ਲੱਗਦਾ ਹੈ। ਨੇੜੇ ਆਉਂਦੇ ਮੁੰਡਿਆਂ ਦੇ ਇੱਕ ਗਰੁੱਪ ਨੂੰ ਘੂਰਦਿਆਂ ਉਨਾਂ ਨੂੰ ਲੱਗਿਆ ਕਿ ਇਹ ਚਿਹਰੇ ਜਾਣੇ-ਪਛਾਣੇ ਹਨ- 'ਹੋ ਸਕਦਾ ਹੈ, ਮੇਰੀ ਹੀ ਕਲਾਸ ਹੋਵੇ। ਦੇਖੋ ਤਾਂ ਇਨਾਂ ਲੋਕਾਂ ਨੂੰ, ਕੁਝ ਅਕਲ ਹੀ ਨਹੀਂ ਹੈ। ਇੰਨੀ ਬਾਰਿਸ਼ ਵਿਚ ਆ ਜਾਂਦੇ ਨੇ।' ਇਸ ਕੰਮ ਤੋਂ ਜੀਅ ਚੁਰਾਉਣ ਦੀ ਜੰਗ ਵਿੱਚ ਉਨਾਂ ਨੂੰ ਪੂਰਾ ਸਮਰਥਨ ਮਿਲਦਾ ਹੈ ਆਪਣੇ ਸਾਥੀਆਂ ਤੋਂ।

'ਇਨਾਂ ਦੇ ਮਾਪੇ ਵੀ ਰੋਕਦੇ ਨਹੀਂ ਇਨਾਂ ਨੂੰ।'

'ਓ ਮੈਡਮ, ਮਾਪਿਆਂ ਨੂੰ ਲੱਗਦਾ ਹੈ ਕਿ ਮੁੰਡਾ ਕਾਲਜ ਵਿੱਚ ਗਿਆ ਅਤੇ ਅਫ਼ਸਰ ਬਣ ਕੇ ਨਿਕਲਿਆ। ਸੁਣੋ ਬਈ, ਕਿੰਨੇ ਜਣੇ ਹੋ ਤੁਸੀਂ?' ਰੋਅਬ ਨਾਲ ਪੁੱਛਿਆ ਉਨਾਂ ਨੇ ਆਪਣੇ ਵੱਲ ਆਉਂਦੇ ਉਨਾਂ ਮੁੰਡਿਆਂ ਨੂੰ। 'ਸੱਤ-ਅੱਠ ਮੁੰਡੇ ਹਾਂ, ਸਰ,' ਉਨਾਂ ਵਿੱਚੋਂ ਇੱਕ ਨੇ ਜਵਾਬ ਦਿੱਤਾ।

'ਦੇਖੋ ਬਈ, ਤੁਹਾਡੀ ਕਲਾਸ ਵਿੱਚ ਸੌ ਮੁੰਡਿਆਂ ਦੀ ਐਡਮਿਸ਼ਨ ਹੋ ਚੁੱਕੀ ਹੈ। ਸੱਤਾਂ-ਅੱਠਾਂ ਨੂੰ ਪੜਾਵਾਂਗਾ ਤਾਂ ਨੱਬੇ-ਬਾਨਵੇਂ ਦਾ ਨੁਕਸਾਨ ਹੋ ਜਾਵੇਗਾ। ਸਮਝੇ ਕਿ ਨਹੀਂ, ਜਾਓ ਹੁਣ, ਜਦੋਂ ਸਾਰੇ ਆ ਜਾਣ, ਫਿਰ ਆਇਓ, ਠੀਕ ਹੈ?'

ਇਕ ਜੋ ਪੜਨ ਲਈ ਕਮਰ ਕਸੀ ਬੈਠਾ ਸੀ, ਬੋਲਿਆ- 'ਸਰ, ਮੈਂ ਬੜੀ ਦੂਰੋਂ ਪਿੰਡ ਤੋਂ ਆਉਂਦਾ ਹਾਂ।'

'ਇਸੇ ਲਈ ਤਾਂ ਕਹਿ ਰਿਹਾ ਹਾਂ ਤੈਨੂੰ, ਛੇਤੀ ਚਲਾ ਜਾਹ, ਨਹੀਂ ਤਾਂ ਬਾਰਿਸ਼ ਵਿੱਚ ਫਸ ਜਾਵੇਂਗਾ।'

'ਕਿਉਂ ਬਈ, ਮੌਨਸੂਨ ਤਾਂ ਆ ਗਈ। ਬਿਜਾਈ ਦਾ ਕੰਮ ਸ਼ੁਰੂ ਨਹੀਂ ਹੋਇਆ ਅਜੇ?'

'ਸ਼ੁਰੂ ਹੋ ਗਿਆ, ਮੈਡਮ।'

'ਓ ਬਈ, ਫਿਰ ਤਾਂ ਤੁਹਾਨੂੰ ਆਪਣੇ ਮਾਪਿਆਂ ਦੀ ਮਦਦ ਕਰਨੀ ਚਾਹੀਦੀ ਹੈ। ਆ ਜਾਂਦੇ ਨੇ ਕਾਲਜ ਵਿਚ ਘੁੰਮਣ-ਫਿਰਨ। ਇਕ ਗੱਲ ਦਾ ਖਿਆਲ ਰੱਖਿਓ।'

'ਜੀ ਮੈਡਮ?'

'ਇਹ ਸਕੂਲ ਨਹੀਂ ਹੈ, ਸਮਝੇ! ਹੁਣ ਤੁਸੀਂ ਕਾਲਜ ਵਿੱਚ ਆਏ ਹੋ।' ਇਹ ਸਿਧਾਂਤ ਸੀ ਕਾਲਜ ਦੇ ਬਾਰੇ ਜਿਸ ਦੀ ਵਿਆਖਿਆ ਹੋ ਰਹੀ ਸੀ ਕਿ ਇੱਥੇ ਰੋਜ਼ ਪੜਨਾ-ਪੜਾਉਣਾ ਨਿਯਮਾਂ ਦੇ ਵਿਰੁੱਧ ਹੁੰਦਾ ਹੈ।

'ਅੱਜ ਤਾਂ ਚੰਗੀ ਡੋਜ਼ ਪਿਲਾ ਰਹੇ ਨੇ ਮੈਡਮ!' ਟੇਢੀਆਂ ਨਜ਼ਰਾਂ ਨਾਲ ਕਿਹਾ ਗਿਆ ਵਾਕ ਸਾਰਿਆਂ ਦੀਆਂ ਸ਼ਰਾਰਤੀ ਅੱਖਾਂ ਨੂੰ ਚਮਕਾ ਗਿਆ। ਮੈਡਮ ਨੇ ਵੀ ਸੁਣ ਲਿਆ ਸੀ।

'ਹਾਂ ਸਰ, ਅਜਿਹੇ ਚਿੱਕੜ ਵਿੱਚ ਤਾਂ ਆਉਣ ਨੂੰ ਮਨ ਹੀ ਨਹੀਂ ਕਰਦਾ।' ਆਪਣੀ ਕਲਫ਼ ਵਾਲੀ ਸਾੜੀ 'ਤੇ ਲੱਗੇ ਚਿੱਕੜ ਨੂੰ ਵਿਖਾਉਂਦਿਆਂ ਉਹ ਬੋਲੀ- 'ਜੈਪੁਰੀ ਰਜਾਈ ਲੈ ਕੇ ਸੁੱਤੇ ਰਹੋ ਬਸ।'

ਉਨਾਂ ਦੀ ਜੈਪੁਰੀ ਰਜਾਈ 'ਤੇ ਹੋਰ ਵੀ ਚਰਚਾ ਹੁੰਦੀ, ਪਰ ਸਾਹਮਣੇ ਤੋਂ ਆਉਂਦੇ ਮੈਡਮ ਪੁਰੀ ਨਜ਼ਰ ਆ ਗਏ।

'ਓ ਮੈਡਮ ਪੁਰੀ, ਜਾ ਰਹੇ ਹੋ, ਏਨੀ ਛੇਤੀ?'

'ਅੱਜ ਤਾਂ ਜਾਣਾ ਹੀ ਪਵੇਗਾ, ਸਰ। ਸਵੀਟੂ ਦੀ ਐਡਮਿਸ਼ਨ ਕਰਵਾਈ ਹੈ ਨੈਸ਼ਨਲ ਕਾਨਵੈਂਟ ਵਿੱਚ। ਉਸ ਦੀ ਟੀਚਰ ਨੂੰ ਮਿਲਣਾ ਹੈ।' ਸਾਰੇ ਜਾਣਦੇ ਸਨ ਕਿ ਮੈਡਮ ਪੁਰੀ ਇਹਦੇ ਲਈ ਬਹੁਤ ਦਿਨਾਂ ਤੋਂ ਯਤਨ ਕਰ ਰਹੇ ਸਨ। ਕਈ ਦਿਨਾਂ ਦੀ ਦੌੜ-ਭੱਜ ਪਿੱਛੋਂ ਉਨਾਂ ਦੀ ਬੇਟੀ ਸਵੀਟੀ ਦੀ ਐਡਮਿਸ਼ਨ ਦੀ ਪ੍ਰਕਿਰਿਆ ਪੂਰੀ ਹੋਈ ਸੀ। ਕਦੇ ਇਹ ਕਾਗਜ਼ ਤੇ ਕਦੇ ਉਹ। ਕਦੇ ਇਹ ਇੰਟਰਵਿਊ ਤੇ ਕਦੇ ਉਹ।

'ਬਈ ਵਾਹ, ਕਿਆ ਬਾਤ ਹੈ। ਐਡਮਿਸ਼ਨ ਹੋ ਗਈ। ਚਲੋ, ਹੁਣ ਤੁਹਾਨੂੰ ਕੁਝ ਰਾਹਤ ਮਿਲੇਗੀ।'

'ਰਾਹਤ ਤਾਂ ਕੀ ਮਿਲੇਗੀ ਮੈਡਮ, ਕਿਵੇਂ ਨਾ ਕਿਵੇਂ ਇੱਕ ਘੰਟਾ ਪਿੱਛੇ ਲੱਗ ਕੇ ਤਿਆਰ ਕਰੋ, ਟਿਫਨ ਲਈ ਸਪੈਸ਼ਲ ਡਿਸ਼ ਬਣਾਓ। ਐਸੀਆਂ-ਵੈਸੀਆਂ ਖਾਣ ਦੀਆਂ ਚੀਜ਼ਾਂ ਤਾਂ ਪਸੰਦ ਹੀ ਨਹੀਂ ਆਉਂਦੀਆਂ ਉਹਨੂੰ। ਫਿਰ ਸਕੂਲ ਬੱਸ ਲਈ ਖੜੇ ਰਹੋ। ਰੋਜ਼ ਲੇਟ ਆਉਂਦੀ ਹੈ ਉਹਦੀ ਬਸ।'

ਮੈਡਮ ਪੁਰੀ ਏਧਰ-ਓਧਰ ਦੀਆਂ ਕੁਝ ਹੋਰ ਪ੍ਰੇਸ਼ਾਨੀਆਂ ਨੂੰ ਗਿਣਾਵੇ, ਉਸ ਤੋਂ ਪਹਿਲਾਂ ਅਖਿਲ ਸਰ ਨੇ ਆਪਣੇ ਵੱਲੋਂ ਉਨਾਂ ਦਾ ਸਮਰਥਨ ਕੀਤਾ- 'ਇਹ ਲੋਕ ਫ਼ੀਸ ਤਾਂ ਲੈ ਲੈਂਦੇ ਨੇ ਪਰ ਸਮੇਂ ਦੇ ਪਾਬੰਦ ਨਹੀਂ ਹੋ ਸਕਦੇ।'

ਮੈਡਮ ਪੁਰੀ ਨੂੰ ਸਹਾਰਾ ਮਿਲਿਆ ਆਪਣੀ ਸੋਚ ਨੂੰ ਬਲ ਦੇਣ ਦਾ- 'ਵੇਖੋ ਨਾ, ਤਿੰਨ ਦਿਨ ਹੋ ਗਏ ਉਹਨੂੰ ਸਕੂਲ ਜਾਂਦਿਆਂ, ਨਾ ਕੋਈ ਹੋਮ-ਵਰਕ ਦਿੱਤਾ, ਨਾ ਹੀ ਕੁਝ ਸਿਖਾਇਆ। ਸਰ, ਕਾਂਤ ਸਰ, ਤੁਸੀਂ ਉੱਧਰ ਹੀ ਜਾਂਦੇ ਹੋ ਨਾ, ਨੈਸ਼ਨਲ ਕਾਨਵੈਂਟ ਵੱਲ?'

'ਹਾਂ ਮੈਡਮ, ਮੈਂ ਜਾ ਹੀ ਰਿਹਾ ਹਾਂ। ਆਓ, ਤੁਹਾਨੂੰ ਛੱਡ ਦੇਵਾਂਗਾ।'

'ਥੈਂਕ ਯੂ ਸਰ।' ਲਹਿਰਾਉਂਦੇ ਪੱਲੂ ਨੂੰ ਕਮਰ ਵਿੱਚ ਟੰਗ ਕੇ ਇੱਕ ਹੱਥ ਨਾਲ ਹੈਂਡਲ ਫੜ ਕੇ ਸਕੂਟਰ ਦੇ ਪਿੱਛੇ ਵਾਲੀ ਸੀਟ 'ਤੇ ਬੈਠ ਜਾਂਦੀ ਹੈ ਉਹ। ਕਿਤਾਬਾਂ ਦਾ ਬੈਗ ਹੱਥ ਵਿੱਚ ਸੀ ਇੱਕ ਸ਼ੋਅ-ਪੀਸ ਵਾਂਗ। ਉਹਨੂੰ ਲਿਆਂਦਾ ਹੀ ਇਸ ਲਈ ਗਿਆ ਸੀ ਕਿ ਵੇਖਣ ਵਾਲੇ ਕਹਿਣ- 'ਕਿੰਨਾ ਕੰਮ ਹੁੰਦਾ ਹੈ ਪੜਾਉਣ ਦਾ।'

ਸਕੂਟਰ ਦੀ ਧੜ-ਧੜ, ਭੜ-ਭੜ ਵਿੱਚ ਮੈਡਮ ਦੀਆਂ ਪ੍ਰੇਸ਼ਾਨੀਆਂ ਵਧ-ਚੜ ਕੇ ਬਾਹਰ ਆ ਰਹੀਆਂ ਸਨ।

'ਵੇਖੋ ਸਰ, ਪੂਰੇ ਪੱਚੀ ਹਜ਼ਾਰ ਲੱਗੇ ਨੇ ਨਰਸਰੀ ਵਿਚ ਐਡਮਿਸ਼ਨ ਦੇ। ਹਜ਼ਾਰ ਹਰ ਮਹੀਨੇ ਅਤੇ ਉਸ 'ਤੇ ਕਦੇ ਗਰੁੱਪ ਫੋਟੋ ਤੇ ਕਦੇ ਫੀਲਡ ਟ੍ਰਿਪ ਦੇ।'

'ਪਤਾ ਹੈ ਮੈਡਮ, ਮੇਰੀ ਪੋਤੀ ਵੀ ਉੱਥੇ ਹੀ ਪੜਦੀ ਹੈ। ਜਿੰਨੇ ਰੁਪਿਆਂ ਵਿੱਚ ਅਸੀਂ ਐੱਮ ਏ ਕਰ ਗਏ, ਉਨੇ ਵਿੱਚ ਅੱਜ ਦੇ ਬੱਚੇ ਨਰਸਰੀ-ਕੇਜੀ ਪਾਸ ਕਰ ਲੈਣ ਤਾਂ ਬਹੁਤ ਹੈ।'

'ਹਾਂ ਜੀ, ਬਿਲਕੁਲ ਸਹੀ ਕਿਹਾ ਤੁਸੀਂ। ਮਹਿੰਗਾਈ ਦਾ ਮਾਰਿਆ ਕੋਈ ਹੋਰ ਹੋਵੇ ਨਾ ਹੋਵੇ, ਪਰ ਇਹ ਸਾਰੇ ਪ੍ਰਾਈਵੇਟ ਸਕੂਲ ਜ਼ਰੂਰ ਹਨ। ਚੰਗੀ ਤਰਾਂ ਨਿਚੋੜ ਲੈਂਦੇ ਨੇ ਮਾਪਿਆਂ ਨੂੰ, ਅਤੇ ਉਹਦੇ ਪਾਪਾ ਕਹਿੰਦੇ ਨੇ ਕਿ- 'ਬਾਰਿਸ਼ ਵਿੱਚ ਨਾ ਭੇਜਿਆ ਕਰ ਬੱਚੇ ਨੂੰ।' ਦੱਸੋ ਤਾਂ, ਇੰਨੀ ਫ਼ੀਸ ਭਰਾਂਗੇ ਅਤੇ ਸਕੂਲ ਨਹੀਂ ਭੇਜਾਂਗੇ ਤਾਂ ਬੱਚੇ ਪੜਨਗੇ ਕੀ! ਅਜਿਹੀ ਬਾਰਿਸ਼ ਦੀ ਝੜੀ ਤਾਂ ਮਹੀਨੇ ਭਰ ਤੱਕ ਰਹੇਗੀ ਤਾਂ ਕੀ ਰੋਜ਼ ਹੀ ਸਕੂਲ ਨਹੀਂ ਜਾਣਗੇ। ਕੁਝ ਭਿੱਜਣਗੇ, ਡਿੱਗਣਗੇ, ਪੜਨਗੇ ਤਾਂ ਹੀ ਤਾਂ ਬੋਲਡ ਹੋਣਗੇ। ਬਸ ਸਰ, ਇੱਥੇ ਹੀ ਉਤਾਰ ਦਿਓ, ਥੈਂਕ ਯੂ ਸੋ ਮਚ ਸਰ।'

ਬਾਕੀ ਸਫ਼ਾ 31 'ਤੇ

# ਪੰਜਾਬਣ ਮੁਟਿਆਰ ਦਾ ਪਹਿਰਾਵੇ ਤੇ ਸ਼ਿੰਗਾਰ ਪਰਾਂਦੇ ਤੋਂ ਬਿਨਾਂ ਅਧੂਰਾ

**ਜਸਪ੍ਰੀਤ ਕੌਰ ਸੰਘਾ**

ਜਦੋਂ ਗੱਲ ਹੁੰਦੀ ਹੈ ਪੰਜਾਬਣ ਮੁਟਿਆਰ ਦੇ ਪਹਿਰਾਵੇ ਅਤੇ ਸ਼ਿੰਗਾਰ ਦੀ ਤਾਂ ਉਹ ਪਰਾਂਦੇ ਤੋਂ ਬਿਨਾਂ ਅਧੂਰਾ ਜਾਪਦਾ ਹੈ। ਪਰਾਂਦਾ ਪੰਜਾਬਣਾਂ ਦੀ ਸੁੰਦਰਤਾ ਦਾ ਸ਼ਿੰਗਾਰ ਹੈ। ਕਿਸੇ ਸਮੇਂ ਇਹ ਪੰਜਾਬ ਦੀਆਂ ਮੁਟਿਆਰਾਂ ਦੇ ਪਹਿਰਾਵੇ ਦਾ ਅਨਿੱਖੜਵਾਂ ਅੰਗ ਹੁੰਦਾ ਸੀ। ਪਰਾਂਦਾ ਪੰਜਾਬਣ ਮੁਟਿਆਰ ਦੀ ਖ਼ੂਬਸੂਰਤੀ ਨੂੰ ਚਾਰ ਚੰਦ ਲਗਾ ਦਿੰਦਾ ਹੈ।

ਇਹ ਵਾਲਾਂ ਦਾ ਇੱਕ ਪ੍ਰਮੁੱਖ ਗਹਿਣਾ ਹੈ ਜਿਸ ਨੂੰ ਪੰਜਾਬਣਾਂ ਮੁੱਢ ਤੋਂ ਹੀ ਆਪਣੇ ਵਾਲਾਂ ਦੀ ਗੁੱਤ ਵਿੱਚ ਸਜਾਉਂਦੀਆਂ ਹਨ। ਇਸ ਨੂੰ ਪਰਾਂਦੀ ਜਾਂ ਡੋਰੀ ਵੀ ਕਿਹਾ ਜਾਂਦਾ ਹੈ। ਲੰਬੀ ਗੁੱਤ ਵਿੱਚ ਗੁੰਦਿਆ ਲਾਲ ਪਰਾਂਦਾ ਜਦੋਂ ਪੰਜਾਬਣ ਮੁਟਿਆਰ ਦੇ ਲੱਕ ਦੇ ਦੁਆਲੇ ਮੇਲਦਾ ਹੈ ਤਾਂ ਉਹ ਕਿਸੇ ਪਰੀ ਤੋਂ ਘੱਟ ਨਹੀਂ ਲੱਗਦੀ। ਲਾਲ ਰੰਗ ਦਾ ਪਰਾਂਦਾ ਮੁੱਢ ਤੋਂ ਹੀ ਪੰਜਾਬਣਾਂ ਦੀ ਪਹਿਲੀ ਪਸੰਦ ਰਿਹਾ ਹੈ ਜਿਸ ਦਾ ਜ਼ਿਕਰ ਸਾਡੇ ਗੀਤਾਂ ਵਿੱਚ ਵੀ ਵੇਖਣ ਨੂੰ ਮਿਲਦਾ ਹੈ :

ਕਾਲ਼ੀ ਤੇਰੀ ਗੁੱਤ ਤੇ  
ਪਰਾਂਦਾ ਤੇਰਾ ਲਾਲ ਨੀਂ  
ਰੂਪ ਦੀਏ ਰਾਣੀਏ  
ਪਰਾਂਦੇ ਨੂੰ ਸੰਭਾਲ ਨੀਂ ।

ਪਰਾਂਦਾ ਬਣਾਉਣ ਵੇਲੇ ਰੇਸ਼ਮੀ ਅਤੇ ਸੂਤੀ ਵੱਖ-ਵੱਖ ਰੰਗਾਂ ਦੇ ਧਾਗਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਪਰਾਂਦੇ ਦੀ ਸੁੰਦਰਤਾ ਵਿੱਚ ਵਾਧਾ ਕਰਨ ਲਈ ਉਸ ਨੂੰ ਛੋਟੇ-ਛੋਟੇ ਸ਼ੀਸ਼ਿਆਂ, ਮੋਤੀਆਂ, ਮਣਕਿਆਂ, ਬਾਰੀਕ ਘੁੰਗਰੂਆਂ, ਮੋਤੀਆਂ ਦੀਆਂ ਲੜੀਆਂ ਨਾਲ ਸ਼ਿੰਗਾਰਿਆ ਜਾਂਦਾ ਹੈ। ਪੰਜਾਬ ਵਿੱਚ ਪਟਿਆਲਾ, ਜਲੰਧਰ, ਅੰਮ੍ਰਿਤਸਰ, ਲੁਧਿਆਣਾ ਆਦਿ ਸ਼ਹਿਰਾਂ ਦੇ ਬਣੇ ਪਰਾਂਦਿਆਂ ਨੂੰ ਮੁਟਿਆਰਾਂ ਕਾਫ਼ੀ ਪਸੰਦ ਕਰਦੀਆਂ ਹਨ। ਪਰਾਂਦੇ ਦਾ ਜ਼ਿਕਰ ਤਾਂ ਸਾਡੇ ਲੋਕ ਗੀਤਾਂ ਵਿੱਚ ਵੀ ਵਾਰ-ਵਾਰ ਆਉਂਦਾ ਹੈ ਜਿਵੇਂ:

ਤੇਰੀ ਮੇਰੀ ਆਂਏ ਲੱਗਜੇ  
ਜਿਵੇਂ ਗੁੱਤ ਦੀ ਪਰਾਂਦੇ ਨਾਲ ਯਾਰੀ।

ਪਰਾਂਦੇ ਦੀ ਸ਼ੁਰੂਆਤ ਪਟਿਆਲਾ ਦੀਆਂ ਰਾਣੀਆਂ ਵੱਲੋਂ ਕੀਤੀ ਮੰਨੀ ਜਾਂਦੀ ਹੈ। ਉਹ ਆਪਣੇ ਪਰਾਂਦੇ ਵਿੱਚ ਹੀਰੇ, ਮੋਤੀ ਅਤੇ ਸੋਨੇ ਦੀਆਂ ਤਾਰਾਂ ਆਦਿ ਜੜਵਾਉਂਦੀਆਂ ਸਨ। ਉਸ ਤੋਂ ਬਾਅਦ ਪਰਾਂਦਾ ਪੂਰੇ ਪੰਜਾਬ ਵਿੱਚ ਮਸ਼ਹੂਰ ਹੋਇਆ। ਪਟਿਆਲੇ ਦੇ ਪਰਾਂਦਿਆਂ ਦਾ ਜ਼ਿਕਰ ਤਾਂ ਸਾਡੇ ਲੋਕ ਗੀਤਾਂ ਵਿੱਚ ਵੀ ਵੇਖਣ ਨੂੰ ਮਿਲਦਾ ਹੈ :

ਕਾਲ਼ੇ ਰੰਗ ਦਾ ਪਰਾਂਦਾ  
ਪਟਿਆਲਿਓਂ ਲਿਆਂਦਾ  
ਉਹਦੀ ਖੁੱਲਦੀ ਡੋਰ ਨੂੰ  
ਬੁਣ ਭਾਬੀਏ  
ਮੇਰੀਆਂ ਝਾਂਜਰਾਂ ਦਾ  
ਸ਼ੋਰ ਗੁਲ ਸੁਣ ਭਾਬੀਏ।

ਪਰਾਂਦਿਆਂ ਨਾਲ ਤੂੰਬੀ, ਅਲਗੋਜ਼ੇ, ਢੋਲ ਆਦਿ ਜਿਹੇ ਲੋਕ ਸਾਜ਼ਾਂ ਦਾ ਸ਼ਿੰਗਾਰ ਵੀ ਕੀਤਾ ਜਾਂਦਾ ਹੈ ਅਤੇ ਪਰਾਂਦਾ ਸ਼ਗਨ ਦੇ ਰੂਪ ਵਿੱਚ ਕੁੜੀ ਨੂੰ ਵੀ ਭੇਜਿਆ ਜਾਂਦਾ ਹੈ। ਇੱਕ ਸਮਾਂ ਅਜਿਹਾ ਵੀ ਸੀ ਜਦੋਂ ਪਰਾਂਦਾ ਸੌਗਾਤ ਦੇ ਰੂਪ ਵਿੱਚ ਭੇਂਟ ਕੀਤਾ ਜਾਂਦਾ ਸੀ। ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਅਤੇ ਪਤੀ ਆਪਣੀ ਪਤਨੀ ਨੂੰ ਪਰਾਂਦਾ ਸੌਗਾਤ ਦੇ ਰੂਪ ਵਿੱਚ ਲਿਆ ਕੇ ਦਿੰਦਾ ਸੀ। ਪਰਾਂਦੇ ਨੂੰ ਪਿਆਰ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਜਿਸ ਦਾ ਜ਼ਿਕਰ ਇੱਕ ਗੀਤ ਦੀਆਂ ਸਤਰਾਂ ਵਿੱਚ ਇਸ ਤਰਾਂ ਕੀਤਾ ਗਿਆ ਹੈ :

ਆਹ ਲੈ ਰੇਸ਼ਮੀ ਪਰਾਂਦਾ  
ਨੀਂ ਸੰਭਾਲ ਕੇ ਰੱਖੀਂ  
ਨਾਗ ਵਾਂਗੂੰ ਵਲ ਖਾਂਦਾ  
ਨੀਂ ਸੰਭਾਲ ਕੇ ਰੱਖੀਂ।

ਕਾਲੇ ਰੰਗ ਦਾ ਪਰਾਂਦਾ ਮੇਰੇ ਸੱਜਣਾ ਲਿਆਂਦਾ  
ਨੀਂ ਮੈਂ ਚੁੰਮ-ਚੁੰਮ ਰੱਖਦੀ ਫਿਰਾਂ...



ਪੰਜਾਬਣ ਮੁਟਿਆਰ ਦੀ ਲੰਬੀ ਗੁੱਤ ਤੇ ਪਰਾਂਦੇ ਦਾ ਬਹੁਤ ਗੂੜਾ ਸਬੰਧ ਰਿਹਾ ਹੈ। ਉੱਚੀ-ਲੰਬੀ, ਸੋਹਣੀ- ਸੁਨੱਖੀ ਪੰਜਾਬਣ ਮੁਟਿਆਰ ਆਪਣੀ ਕਾਲ਼ੀ ਗੁੱਤ ਵਿੱਚ ਜਦੋਂ ਲਾਲ ਪਰਾਂਦਾ ਸਜਾ ਲੈਂਦੀ ਤਾਂ ਵੇਖਣ ਵਾਲਾ ਉਸ ਦੀ ਖ਼ੂਬਸੂਰਤੀ ਵੇਖ ਅਸ਼-ਅਸ਼ ਕਰ ਉੱਠਦਾ। ਇਸ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਇਸ ਤਰਾਂ ਕੀਤਾ ਗਿਆ ਹੈ :

ਨੀਂ ਤੇਰਾ ਲਾਲ ਪਰਾਂਦਾ  
ਹਾਏ ਨੀਂ ਦਿਲ ਲੁੱਟਦਾ ਜਾਂਦਾ।

ਪੁਰਾਣੇ ਸਮੇਂ ਵਿੱਚ ਪਰਾਂਦੇ ਦੀ ਬਹੁਤ ਚੜਤ ਰਹੀ ਹੈ। ਪੰਜਾਬਣਾਂ ਨੂੰ ਪਰਾਂਦੇ ਨਾਲ ਬਹੁਤ ਲਗਾਅ ਰਿਹਾ ਹੈ। ਬਾਬਲ ਦੁਆਰਾ ਲੱਭਿਆ ਵਰ ਕੱਦ ਵਿੱਚ ਛੋਟਾ ਹੋਣ ਕਾਰਨ ਜੇਕਰ ਕਿਸੇ ਮੁਟਿਆਰ ਨੂੰ ਪਸੰਦ ਨਾ ਆਉਣਾ ਤਾਂ ਉਹ ਇੱਥੋਂ ਤੱਕ ਆਖ ਦਿੰਦੀ ਸੀ :

ਬਾਬਲੇ ਨੇ ਵਰ ਟੋਲਿਆ  
ਮੇਰੀ ਗੁੱਤ ਦੇ ਪਰਾਂਦੇ ਨਾਲੋਂ ਛੋਟਾ

ਪਰ ਹੁਣ ਸਮਾਂ ਬਦਲ ਚੁੱਕਾ ਹੈ ਅਤੇ ਪੰਜਾਬਣ ਮੁਟਿਆਰਾਂ ਦੇ ਹਾਰ ਸ਼ਿੰਗਾਰ ਦਾ ਢੰਗ ਵੀ। ਹੁਣ ਪੰਜਾਬਣਾਂ ਦੇ ਜੀਵਨ ਵਿੱਚ ਪਰਾਂਦੇ ਦੀ ਪਹਿਲਾਂ ਜਿਹੀ ਸਰਦਾਰੀ ਨਹੀਂ ਰਹੀ। ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਪੰਜਾਬਣਾਂ ਨੇ ਲੰਬੀਆਂ ਗੁੱਤਾਂ ਤੇ ਪਰਾਂਦਿਆਂ ਨੂੰ ਅਲਵਿਦਾ ਆਖ ਦਿੱਤਾ ਹੈ। ਹੁਣ ਕਿਤੇ ਵਿਆਹ ਸਮਾਗਮਾਂ ਜਾਂ ਕਾਲਜ, ਯੂਨੀਵਰਸਿਟੀ ਵਿੱਚ ਹੋਣ ਵਾਲੇ ਸੱਭਿਆਚਾਰਕ ਸਮਾਗਮਾਂ ਵਿੱਚ ਹੀ ਪੰਜਾਬਣ ਮੁਟਿਆਰ ਦੀ ਗੁੱਤ ਵਿੱਚ ਪਰਾਂਦਾ ਸਜਿਆ ਦਿਖਾਈ ਦਿੰਦਾ ਹੈ। ਕਿਸੇ ਸਮੇਂ ਪੰਜਾਬਣ ਮੁਟਿਆਰ ਦੀ ਗੁੱਤ ਦਾ ਸ਼ਿੰਗਾਰ ਰਿਹਾ ਪਰਾਂਦਾ ਅੱਜ ਜਾਂ ਤਾਂ ਅਜਾਇਬਘਰਾਂ ਵਿੱਚ ਪਿਆ ਦਿਖਾਈ ਦਿੰਦਾ ਹੈ ਜਾਂ ਫਿਰ ਪੁਰਾਣੀਆਂ ਬਜ਼ੁਰਗ ਔਰਤਾਂ ਦੇ ਟਰੰਕਾਂ ਵਿੱਚ ਸੰਭਾਲਿਆ ਹੋਇਆ ਮਿਲ ਸਕਦਾ ਹੈ। ਕੀਲੀਆਂ ਉੱਤੇ ਟੰਗੇ ਹੋਏ ਪਰਾਂਦੇ ਅੱਜ ਪੰਜਾਬਣ ਮੁਟਿਆਰਾਂ ਦੀ ਲੰਬੀ ਗੁੱਤ ਵਿੱਚ ਸਜਣ ਲਈ ਤਰਸ ਰਹੇ ਹਨ। ਇਸੇ ਲਈ ਤਾਂ ਕਿਹਾ ਗਿਆ ਹੈ :

ਕਿੱਥੋਂ ਨਾਂ ਫੈਸ਼ਨ ਲਿਆਂਦਾ ਨੀਂ ਪੰਜਾਬਣੇ  
ਕਿੱਲੀ ਉੱਤੇ ਟੰਗਤਾ ਪਰਾਂਦਾ ਨੀਂ ਪੰਜਾਬਣੇ।

# ਸ਼ਾਹਰੁਖ ਖ਼ਾਨ ਦਾ ਕਈ ਦੇਸ਼ਾਂ 'ਚ ਫੈਲਿਆ ਹੈ 'ਸਾਮਰਾਜ', ਖਰਬਾਂ ਦੀ ਜਾਇਦਾਦ ਦੇ ਨੇ ਮਾਲਕ

ਮੁੰਬਈ : ਬਾਲੀਵੁੱਡ ਸੁਪਰਸਟਾਰ ਸ਼ਾਹਰੁਖ ਖ਼ਾਨ ਦਾ ਪੁੱਤਰ ਆਰੀਅਨ ਖ਼ਾਨ ਇਸ ਸਮੇਂ ਕਰੂਜ਼ ਮਾਮਲੇ ਵਿਚ ਨਾਰਕੋਟਿਕਸ ਕੰਟਰੋਲ ਬਿਊਰੋ ਦੀ ਹਿਰਾਸਤ ਵਿਚ ਹੈ। ਅਜਿਹੀ ਸਥਿਤੀ ਵਿਚ ਉਸ ਦੇ ਵਕੀਲ ਸਤੀਸ਼ ਮਨਸ਼ਿੰਦੇ ਨੇ ਆਰੀਅਨ ਖ਼ਾਨ ਨੂੰ ਜ਼ਮਾਨਤ ਦਿਵਾਉਣ ਲਈ ਅਦਾਲਤ ਵਿਚ ਸਾਰੀਆਂ ਦਲੀਲਾਂ ਦਿੱਤੀਆਂ ਪਰ ਉਸ ਦਾ ਰਿਮਾਂਡ ਵਧਾ ਦਿੱਤਾ ਗਿਆ। ਹਾਲਾਂਕਿ, ਉਸ ਦੇ ਵਕੀਲ ਨੇ ਸਾਰੇ ਦੋਸ਼ਾਂ ਨੂੰ ਖ਼ਾਰਜ ਕਰ ਦਿੱਤਾ ਤੇ ਕਿਹਾ ਕਿ ਆਰੀਅਨ ਚਾਵੇ ਤਾਂ ਪੂਰਾ ਜਹਾਜ਼ ਖ਼ਰੀਦ ਸਕਦਾ ਹੈ। ਸਤੀਸ਼ ਮਨਸ਼ਿੰਦੇ ਦਾ ਇਹ ਬਿਆਨ ਬਹੁਤ ਵਾਇਰਲ ਹੋ ਰਿਹਾ ਹੈ। ਅਜਿਹੀ ਸਥਿਤੀ ਵਿਚ ਹਰ ਕੋਈ ਸਿਰਫ਼ ਸ਼ਾਹਰੁਖ ਖ਼ਾਨ ਦੀ ਕਮਾਈ ਤੇ ਉਨਾਂ ਦੀ ਦੌਲਤ ਬਾਰੇ ਗੱਲ ਕਰ ਰਿਹਾ ਹੈ।

ਦੱਸ ਦਈਏ ਕਿ ਰੋਮਾਂਸ ਦੇ ਬਾਦਸ਼ਾਹ ਸ਼ਾਹਰੁਖ ਖ਼ਾਨ ਨੇ ਫ਼ਿਲਮ ਇੰਡਸਟਰੀ ਵਿਚ ਇਹ ਮੁਕਾਮ ਆਪਣੇ ਬਲਬੂਤੇ ਹਾਸਲ ਕੀਤਾ ਹੈ। ਸ਼ਾਹਰੁਖ ਖ਼ਾਨ ਦਾ ਘਰ ਦੁਨੀਆ ਦੇ ਸਭ ਤੋਂ ਆਲੀਸ਼ਾਨ ਘਰਾਂ ਵਿਚੋਂ ਇੱਕ ਹੈ। ਇਸ ਦੇ ਨਾਲ ਹੀ ਸ਼ਾਹਰੁਖ ਖ਼ਾਨ ਦੀ ਸੰਪਤੀ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿਚ ਫੈਲੀ ਹੋਈ ਹੈ। ਬੈਂਕ ਬੈਲੇਂਸ ਦੀ ਗੱਲ ਕਰੀਏ ਤਾਂ ਸ਼ਾਹਰੁਖ ਖ਼ਾਨ ਦੁਨੀਆ ਦੇ ਉੱਘੇ ਲੋਕਾਂ ਵਿਚ ਗਿਣਿਆ ਜਾਂਦਾ ਹੈ। ਇਸ ਦੇ ਨਾਲ ਸ਼ਾਹਰੁਖ ਖ਼ਾਨ ਕੋਲ ਵਾਹਨਾਂ ਤੇ ਘੜੀਆਂ ਦਾ ਇੱਕ ਕੀਮਤੀ ਭੰਡਾਰ ਵੀ ਹੈ।

ਆਓ ਜਾਣਦੇ ਹਾਂ ਕਿ ਆਰੀਅਨ ਦੇ ਵਕੀਲ ਨੇ ਕਿਸ ਅਧਾਰ ਤੇ ਕਿਹਾ ਕਿ ਉਸ ਨੂੰ ਕਰੂਜ਼ ਵਿਚ ਦਵਾਈਆਂ ਵੇਚਣ ਦੀ ਜ਼ਰੂਰਤ ਨਹੀਂ, ਉਹ ਆਪਣਾ ਜਹਾਜ਼ ਖ਼ਰੀਦ ਸਕਦਾ ਹੈ।

**ਫੋਰਬਸ ਦੀ ਸੂਚੀ 'ਚ ਸ਼ਾਮਲ ਸ਼ਾਹਰੁਖ ਖ਼ਾਨ ਦਾ ਨਾਂ**

ਫੋਰਬਸ ਮੈਗਜ਼ੀਨ ਨੇ ਸ਼ਾਹਰੁਖ ਖ਼ਾਨ ਨੂੰ ਦੁਨੀਆ ਭਰ ਦੇ ਅਮੀਰ ਸਿਤਾਰਿਆਂ ਦੀ ਸੂਚੀ ਵਿਚ ਕਈ ਵਾਰ ਸਥਾਨ ਦਿੱਤਾ ਹੈ। ਖ਼ਬਰਾਂ ਅਨੁਸਾਰ ਸ਼ਾਹਰੁਖ ਖ਼ਾਨ ਦੀ ਕੁੱਲ ਸੰਪਤੀ 600 ਮਿਲੀਅਨ ਡਾਲਰ ਹੈ।

**ਸ਼ਾਹਰੁਖ ਖ਼ਾਨ ਦਾ ਬੰਗਲਾ**

ਸ਼ਾਹਰੁਖ ਖ਼ਾਨ ਦਾ ਬੰਗਲਾ ਮੰਨਤ ਦੁਨੀਆ ਦੇ ਚੋਟੀ ਦੇ 10 ਬੰਗਲਿਆਂ ਵਿਚ ਸ਼ਾਮਲ ਹੈ। ਇਹ ਪੂਰੀ ਤਰਾਂ ਚਿੱਟੇ ਸੰਗਮਰਮਰ ਦਾ ਬਣਿਆ



ਹੋਇਆ ਹੈ। ਇਸ ਬੰਗਲੇ ਦੀ ਕੀਮਤ ਲਗਪਗ 200 ਕਰੋੜ ਰੁਪਏ ਦੱਸੀ ਜਾ ਰਹੀ ਹੈ। ਸ਼ਾਹਰੁਖ ਖ਼ਾਨ ਦਾ ਬੰਗਲਾ 'ਮੰਨਤ' 6 ਮੰਜ਼ਿਲਾ ਹੈ। ਰਿਪੋਰਟ ਅਨੁਸਾਰ ਲਗਪਗ 26 ਹਜ਼ਾਰ ਵਰਗ ਫੁੱਟ ਵਿਚ ਬਣੇ ਇਸ ਬੰਗਲੇ ਨੂੰ ਸ਼ਾਹਰੁਖ ਨੇ ਸਾਲ 1995 ਵਿਚ ਲਗਪਗ 13 ਕਰੋੜ ਰੁਪਏ ਵਿਚ ਖਰੀਦਿਆ ਸੀ ਤੇ ਫਿਰ ਇਸ ਦਾ ਨਾਂ 'ਵਿਲਾ ਵਿਯੇਨਾ' ਰੱਖਿਆ ਗਿਆ ਸੀ। ਇਸ ਬੰਗਲੇ ਦਾ ਮਾਲਕ ਉਸ ਸਮੇਂ ਕੇਕੂ ਗਾਂਧੀ ਨਾਂ ਦਾ ਪਾਰਸੀ ਗੁਜਰਾਤੀ ਸੀ।

**ਸ਼ਾਹਰੁਖ ਦਾ ਬਿਜਲੀ ਦਾ ਬਿੱਲ ਤੇ ਟੈਕਸ**

ਕਿਹਾ ਜਾਂਦਾ ਹੈ ਕਿ ਸ਼ਾਹਰੁਖ ਆਪਣੇ ਘਰ ਦੇ ਬਿਜਲੀ ਦੇ ਬਿੱਲ ਲਈ ਹਰ ਮਹੀਨੇ 43 ਲੱਖ ਦੀ ਵੱਡੀ ਕੀਮਤ ਅਦਾ ਕਰਦੇ ਹਨ, ਇਹ ਕੀਮਤ ਇੰਨੀ ਜ਼ਿਆਦਾ ਹੈ ਕਿ ਇੱਕ ਫਲੈਟ ਆਰਾਮ ਨਾਲ ਖਰੀਦਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਸ਼ਾਹਰੁਖ ਖ਼ਾਨ ਭਾਰਤ ਵਿਚ ਸਭ ਤੋਂ ਵੱਧ ਟੈਕਸ ਭੁਗਤਾਨ ਕਰਨ ਵਾਲੇ ਸੈਲੇਬ੍ਰਿਟੀਜ਼ ਵਿਚੋਂ ਇੱਕ ਹੈ।

ਕਿੰਗ ਖ਼ਾਨ ਦੀ ਸੰਪਤੀ ਪੂਰੀ ਦੁਨੀਆ ਵਿਚ ਫੈਲੀ ਹੋਈ

ਸ਼ਾਹਰੁਖ ਖ਼ਾਨ ਦਾ ਭਾਰਤ ਵਿਚ ਹੀ ਨਹੀਂ ਸਗੋਂ ਦੁਬਈ ਵਿਚ ਵੀ ਇੱਕ ਆਲੀਸ਼ਾਨ ਬੰਗਲਾ ਹੈ। ਪਾਲਮ ਜਮਾਈਰਾ ਨਾਂ ਦੇ ਇਸ ਵਿਲਾ ਦੀ ਕੀਮਤ ਲਗਪਗ 24 ਕਰੋੜ ਦੱਸੀ ਜਾਂਦੀ ਹੈ। ਇੰਨਾ ਹੀ ਨਹੀਂ ਸ਼ਾਹਰੁਖ ਲੰਡਨ ਦੇ ਪਾਰਕ ਲੇਨ ਵਿਚ ਸਥਿਤ 172 ਕਰੋੜ ਦੇ ਘਰ ਦੇ ਮਾਲਕ ਵੀ ਹਨ। ਇਸ ਦੇ ਨਾਲ ਹੀ ਸ਼ਾਹਰੁਖ ਦੇ ਕਈ ਹੋਰ ਦੇਸ਼ਾਂ ਵਿਚ ਇੱਕ ਆਲੀਸ਼ਾਨ ਬੰਗਲੇ ਹਨ।

**ਸ਼ਾਹਰੁਖ ਆਈ. ਪੀ. ਐੱਲ. ਟੀਮ**

ਸ਼ਾਹਰੁਖ ਆਈ. ਪੀ. ਐੱਲ. ਟੀਮ ਕੋਲਕਾਤਾ ਨਾਈਟ ਰਾਈਡਰਜ਼ ਦੇ ਸਹਿ-ਮਾਲਕ ਹਨ। ਇਸ ਟੀਮ ਨੂੰ ਸ਼ਾਹਰੁਖ ਨੇ 2007 ਵਿਚ ਖਰੀਦਿਆ ਸੀ। ਇਸ ਵਿਚ ਉਨਾਂ ਜੂਹੀ ਚਾਵਲਾ ਦੇ ਪਤੀ ਜੈ ਮਹਿਤਾ ਨਾਲ ਮਿਲ ਕੇ ਨਿਵੇਸ਼ ਕੀਤਾ ਸੀ। ਉਨਾਂ ਦੀ ਫਰੈਂਚਾਇਜ਼ੀ ਵਿਚ 55 ਫੀਸਦੀ ਹਿੱਸੇਦਾਰੀ ਹੈ, ਜਿਸਦੀ ਕੀਮਤ 575 ਕਰੋੜ ਰੁਪਏ ਤੋਂ ਜ਼ਿਆਦਾ ਹੈ।

**ਘੜੀਆਂ-ਗੱਡੀਆਂ ਤੇ ਵੈਨਿਟੀ ਵੈਨਾਂ**

ਇਸ ਤੋਂ ਇਲਾਵਾ ਸ਼ਾਹਰੁਖ ਮਹਿੰਗੀਆਂ ਘੜੀਆਂ ਦਾ ਵੀ ਬਹੁਤ ਸ਼ੌਕੀਨ ਹੈ, ਉਹ ਟੈਗ ਹੂਵਰ ਗ੍ਰੈਂਡ ਕੈਰੇਰਾ ਕੈਲੀਬਰ 17 ਆਰਐਸ ਕ੍ਰੋਨੋਗ੍ਰਾਫ ਵਾਚ ਪਹਿਨਦੇ ਹਨ। ਭਾਰਤ ਵਿਚ ਇਸ ਘੜੀ ਦੀ ਕੀਮਤ ਲਗਭਗ 2.5 ਲੱਖ ਰੁਪਏ ਹੈ। ਸ਼ਾਹਰੁਖ ਕੋਲ ਹਾਰਲੇ ਡੇਵਿਡਸਨ ਡਾਇਨਾ ਸਟਰੀਟ ਬੌਬ ਹੈ - ਇੱਕ ਟਾਇਰਡ ਰਗਡ ਕਰੂਜ਼ਰ ਬਾਈਕ ਹੈ, ਜਿਸਦੀ ਕੀਮਤ 10 ਲੱਖ ਰੁਪਏ ਹੈ। ਸ਼ਾਹਰੁਖ ਦੇ ਕੋਲ ਕਈ ਵੈਨਿਟੀ ਵੈਨਾਂ ਹਨ, ਜਿਨਾਂ ਵਿਚੋਂ ਸਭ ਤੋਂ ਮਹਿੰਗੀ 3.8 ਕਰੋੜ ਰੁਪਏ ਹੈ।

ਮਹਿੰਗੇ ਮਕਾਨਾਂ, ਘੜੀਆਂ, ਕੱਪੜਿਆਂ ਤੋਂ ਇਲਾਵਾ ਸ਼ਾਹਰੁਖ ਲਗਜ਼ਰੀ ਵਾਹਨਾਂ ਦੇ ਮਾਲਕ ਵੀ ਹਨ। ਉਹਨਾਂ ਦੇ ਗੈਰਾਜ ਵਿਚ ਗੱਡੀਆਂ ਨੂੰ ਵੇਖਿਆ ਜਾ ਸਕਦਾ ਹੈ। ਸ਼ਾਹਰੁਖ 4 ਕਰੋੜ ਰੁਪਏ ਦੀ ਬੈਂਟਲੇ ਕਾਂਟੀਨੈਂਟਲ ਜੀਟੀ ਕਾਰ ਚਲਾਉਂਦੇ ਹਨ, ਜਿਸ ਨੂੰ ਉਸ ਨੇ ਆਪਣੀ ਸਹੂਲਤ ਅਨੁਸਾਰ ਮੋਡੀਫਾਈ ਕਰਵਾਇਆ ਹੈ। ਇਸ ਤੋਂ ਇਲਾਵਾ ਉਨਾਂ ਕੋਲ ਔਡੀ ਏ6 ਹੈ ਜਿਸ ਦੀ ਕੀਮਤ 56 ਲੱਖ ਰੁਪਏ ਹੈ, ਰੋਲਸ ਰਾਇਸ 4.1 ਕਰੋੜ ਰੁਪਏ, ਬੀਐਮਡਬਲਯੂ 6 ਸੀਰੀਜ਼ ਜੋ 1.3 ਕਰੋੜ ਰੁਪਏ ਹੈ, ਬੀਐਮਡਬਲਯੂ 7 ਸੀਰੀਜ਼ ਜਿਸਦੀ ਕੀਮਤ 2 ਕਰੋੜ ਰੁਪਏ ਹੈ ਤੇ ਬੀਐਮਡਬਲਯੂ ਆਈ 8 ਜਿਸਦੀ ਕੀਮਤ 2.6 ਕਰੋੜ ਰੁਪਏ ਹੈ ਅਤੇ ਇੱਕ ਸਪੋਰਟਸ ਕਾਰ ਬੁਗਾਟੀ ਵੈਰੋਨ ਹੈ, ਜਿਸਦੀ ਕੀਮਤ 14 ਕਰੋੜ ਰੁਪਏ ਹੈ ਤੇ ਮਰਸਡੀਜ਼ ਬੈਂਜ਼ S600 ਗਾਰਡ, ਜਿਸਦੀ ਕੀਮਤ ਵੀ 2.8 ਕਰੋੜ ਰੁਪਏ ਹੈ। ਮਤਲਬ ਕਿ ਸ਼ਾਹਰੁਖ ਖਾਨ ਦੇ ਕੋਲ ਵਾਹਨਾਂ ਦਾ ਕੀਮਤੀ ਖਜ਼ਾਨਾ ਹੈ। ਇੰਨਾ ਹੀ ਨਹੀਂ, ਸ਼ਾਹਰੁਖ ਕੋਲ ਇੱਕ ਪ੍ਰਾਈਵੇਟ ਜੈੱਟ ਵੀ ਹੈ ਜਿਸਦੀ ਕੀਮਤ ਕਰੋੜਾਂ ਵਿੱਚ ਹੈ।

ਸ਼ਾਹਰੁਖ ਖਾਨ ਨਾ ਸਿਰਫ ਫਿਲਮਾਂ ਤੋਂ ਕਮਾਈ ਕਰਦੇ ਹਨ, ਇਸ ਤੋਂ ਇਲਾਵਾ ਉਹ ਇਸ਼ਤਿਹਾਰਾਂ ਰਾਹੀਂ ਕਰੋੜਾਂ ਦੀ ਕਮਾਈ ਵੀ ਕਰਦੇ ਹਨ। ਸ਼ਾਹਰੁਖ ਖਾਨ ਦਾ ਆਪਣਾ ਖੁਦ ਦਾ ਪ੍ਰੋਡਕਸ਼ਨ ਹਾਊਸ ਹੈ, ਜੋ ਬਹੁਤ ਸਾਰੇ ਵੱਡੇ ਬ੍ਰਾਂਡਾਂ ਦਾ ਸਮਰਥਨ ਕਰਦਾ ਹੈ। ਰੈਡ ਚਿਲੀਜ਼ ਐਂਟਰਟੇਨਮੈਂਟ ਦੇ ਸਾਲਾਨਾ ਕਾਰੋਬਾਰ ਦੀ ਗੱਲ ਕਰੀਏ, ਜਿੱਥੇ ਉਤਪਾਦਨ ਅਤੇ ਵੀਐਫਐਕਸ ਦਾ ਕੰਮ ਕੀਤਾ ਜਾਂਦਾ ਹੈ, ਇਹ 500 ਕਰੋੜ ਤੋਂ ਵੱਧ ਹੈ।

## ਅੰਧੇਰ ਨਗਰੀ

ਨਾ ਡਰੇ ਸੀ ਨਾ ਡਰਨੇ ਆ ਪੁੱਤ ਦਸ਼ਮੇਸ਼ ਪਿਤਾ ਦੇ ਦਿੱਲੀ ਦੀ ਹਿੱਕ ਤੇ ਜਾ ਚੜੇ ਹੋਏ ਨੇ,  
ਸਾਨੂੰ ਐਂਵੇ ਨਾ ਡਰਾ ਹਾਕਮਾ ਉਏ ਤੇਰੇ ਜਿਹੇ ਕਈ ਨਾਲ ਸਿੰਘਾਂ ਦੇ ਅੜਕੇ ਝੜੇ ਹੋਏ ਨੇ।  
ਵਾਰ ਕਰਕੇ ਪਿੱਠਾਂ ਤੇ ਕੁੱਝ ਕੁੱਤਿਆਂ ਵਹਿਮ ਪਾਲ ਲਏ ਨੇ ਕਿ ਸ਼ੇਰ ਅਸੀਂ ਢਾ ਲਏ ਆ...  
ਲੋਟੂ ਸਰਕਾਰੇ ਨੀ ਤੇਰੇ ਗੰਦੇ ਕਾਨੂੰਨਾਂ ਨੇ ਤਾਂ ਕਈ ਪੁੱਤ ਸਾਡੀਆਂ ਮਾਵਾਂ ਦੇ ਖਾ ਲਏ ਆ...।

ਤੇਰੇ ਬੁੱਚੜਾਂ ਨੇ ਜੋ ਕਹਿਰ ਨੇ ਢਾ ਰੱਖੇ ਸਮਾਂ ਆਉਣ ਤੇ ਨੀਲੀ ਛੱਤ ਵਾਲਾ ਲੇਖਾ ਲੈਜੂਗਾ...  
ਨਾ ਵਹਿਮ ਦਿਲਾਂ 'ਚ ਰੱਖ ਵੈਰੀਆ ਉਏ ਪਤਾ ਨਾ ਲੱਗੇ ਕਦੋਂ ਨਹਿਲੇ ਤੇ ਦਹਿਲਾ ਪੈਜੂਗਾ..  
ਅਲਫਾਜ਼-ਏ-ਨਿੱਝਰ ਨੂੰ ਵਿੱਚ ਮਹਿਫ਼ਲਾਂ ਭੰਡਣ ਦੇ ਕੁੱਝ ਲੰਡਰਾਂ ਮਨਸੂਬੇ ਬਣਾ ਲਏ ਆ..

ਲੋਟੂ ਸਰਕਾਰੇ ਨੀ ਤੇਰੇ ਗੰਦੇ ਕਾਨੂੰਨਾਂ ਨੇ ਤਾਂ ਕਈ ਪੁੱਤ ਸਾਡੀਆਂ ਮਾਵਾਂ ਦੇ ਖਾ ਲਏ ਆ ..।  
ਉਨਾਂ ਉੱਤੇ ਦੇਸ਼ ਅਤੇ ਕੌਮ ਨੂੰ ਮਾਨ ਬੜਾ ਜਿਹੜੇ ਸ਼ਹੀਦ ਪੁੱਤ ਸੁੱਤੇ ਵਿੱਚ ਨੇ ਕਫ਼ਨ ਪਏ,  
ਕਹਿਰਾਂ ਚੋਂ ਕਹਿਰ ਸੀ ਸਿਕੰਦਰ ਅਤੇ ਔਰੰਗਜ਼ੇਬੇ ਦਾ ਜੋ ਨੇ ਅੱਜ ਵਿੱਚ ਮਿੱਟੀ ਦਫਨ ਪਏ,

ਤੂੰ ਕਹਿੜਾ ਰਹਿਣਾ ਅਮਰ ਭੋਲਿਆ ਉਏ ਅਬਦਾਲੀ ਵਰਗੇ ਵੀ ਨਰਕਾਂ ਨੂੰ ਜਾ ਲਏ ਆ,  
ਲੋਟੂ ਸਰਕਾਰੇ ਨੀ ਤੇਰੇ ਗੰਦੇ ਕਾਨੂੰਨਾਂ ਨੇ ਤਾਂ ਕਈ ਪੁੱਤ ਸਾਡੀਆਂ ਮਾਵਾਂ ਦੇ ਖਾ ਲਏ ਆ...।

ਦੇਸ਼ ਵਤਨ ਮੇਰਾ ਅਥਾਹ ਸੋਹਣਾ ਤੁਸੀਂ ਨਾਲ ਪਿਆਰ ਦੇ ਰਹਿਣਾ ਕਿਉਂ ਨਹੀਂ ਸਿੱਖਦੇ ਉਏ,  
ਭਰੇ ਹੋਏ ਢਿੱਡ ਫਿਰੋ ਹੋਰ ਭਰਦੇ ਧੱਕੇਸ਼ਾਹੀਆਂ ਲਈ ਤੁਹਾਨੂੰ ਗਰੀਬ ਹੀ ਕਿਉਂ ਦਿਖਦੇ ਉਏ,  
ਇਹ ਹੈ ਅੰਧੇਰ ਨਗਰੀ ਤੇ ਚੌਪਟ ਰਾਜਾ ਜਿੰਨਾ ਨਿੱਝਰਾ ਵਾਜੇ ਆਪਣੇ ਹੀ ਵਜਾ ਲਏ ਆ,  
ਲੋਟੂ ਸਰਕਾਰੇ ਨੀ ਤੇਰੇ ਗੰਦੇ ਕਾਨੂੰਨਾਂ ਨੇ ਤਾਂ ਕਈ ਪੁੱਤ ਸਾਡੀਆਂ ਮਾਵਾਂ ਦੇ ਖਾ ਲਏ ਆ..।

**ਤਲਵਿੰਦਰ ਨਿੱਝਰ ਸਾਉਂਕੇ**  
94173-86547

# ਤੁਸੀਂ ਹੀ ਦੱਸੋ ਕੀ ਅਜ਼ਾਦ ਹਾਂ ਮੈਂ... ?

ਗਗਨਦੀਪ ਧਾਲੀਵਾਲ

ਸੰਨ 1947 ਤੋਂ ਲੈ ਕੇ ਹੁਣ ਤੱਕ ਦਾ ਬੇਰੁਜ਼ਗਾਰ ਹਾਂ ਮੈਂ

ਬੇਰੁਜ਼ਗਾਰੀ ਬਹੁਤ ਹੀ ਭਿਆਨਕ ਸਮੱਸਿਆ ਹੈ।ਭਾਰਤ ਵਿੱਚ ਵੱਧ ਰਹੀ ਬੇਰੁਜ਼ਗਾਰੀ ਇੱਕ ਗੰਭੀਰ ਮੁੱਦਾ ਬਣ ਰਿਹਾ ਹੈ ।ਭਾਰਤ ਵਿਚ ਇਸਦੇ ਵਧਣ ਦੀ ਰਫ਼ਤਾਰ ਸਭ ਦੇਸ਼ਾਂ ਨਾਲੋਂ ਬੜੀ ਤੇਜ਼ ਹੈ। ਇਸ ਦਾ ਜੋ ਭਿਆਨਕ ਰੂਪ ਅੱਜ ਦੇ ਸਮੇਂ ਵਿਚ ਦਿਖਾਈ ਦੇ ਰਿਹਾ ਹੈ, ਪਹਿਲਾਂ ਕਦੇ ਵੀ ਵੇਖਣ ਵਿਚ ਨਹੀਂ ਸੀ ਆਇਆ।

ਰੁਜ਼ਗਾਰ ਦਫਤਰਾਂ ਦੇ ਰਜਿਸਟਰਾਂ ਅਨੁਸਾਰ ਸੰਨ 1956 ਵਿਚ ਕੇਵਲ 7.6 ਲੱਖ ਆਦਮੀ ਬੇਰੁਜ਼ਗਾਰ ਸਨ, ਪਰ ਸੰਨ 1967 ਵਿਚ ਇਹ ਗਿਣਤੀ 26 ਲੱਖ ਨੂੰ ਪੁੱਜ ਗਈ। ਵਰਤਮਾਨ ਸਮੇਂ ਤਾਂ ਬੇਰੁਜ਼ਗਾਰਾਂ ਵਿੱਚ ਬਹੁਤ ਵਾਧਾ ਹੋ ਰਿਹਾ ਹੈ। ਸਾਡੀ ਸਿੱਖਿਅਤ ਨੌਜਵਾਨ ਪੀੜ੍ਹੀ ਲੱਖਾਂ ਰੁਪਏ ਖਰਚ ਕੇ ਉਚੇਰੀਆਂ ਡਿਗਰੀਆਂ ਪ੍ਰਾਪਤ ਕਰਕੇ ਅੱਜ ਲੋਕ-ਤੰਤਰੀ ਦੇਸ਼ ਵਿੱਚ ਸੜਕਾਂ ਉੱਪਰ ਧਰਨੇ ਦੇਣ ਲਈ ਮਜਬੂਰ ਹੈ। ਆਪਣੇ ਹੱਕਾਂ ਲਈ ਆਪਣੇ ਹੱਕ ਦੇ ਰੁਜ਼ਗਾਰ ਲਈ ਲੋਕ-ਤੰਤਰੀ ਸਰਕਾਰ ਨੂੰ ਜਗਾ ਰਹੀ ਹੈ ਕਿ ਉਸਦੇ ਦੇਸ਼ ਦਾ ਆਉਣ ਵਾਲਾ ਭਵਿੱਖ (ਬੇਰੁਜ਼ਗਾਰ ਅਧਿਆਪਕ ਵਰਗ) ਅੱਜ ਸੜਕਾਂ 'ਤੇ ਬੈਠਾ ਹੋਇਆ ਹੈ। ਇਹ ਸਭ ਦੇਖ ਕੇ ਵੀ ਸਰਕਾਰ ਵੱਲੋਂ ਘਰ-ਘਰ ਰੁਜ਼ਗਾਰ ਦਾ ਕੀਤਾ ਹੋਇਆ ਵਾਅਦਾ ਯਾਦ ਨਹੀਂ ਆ ਰਿਹਾ ।ਪਿਛਲੇ ਮਹੀਨੇ ਤੋਂ ਮਨੀਸ਼ ਵੀਰ ਜੋ ਸੰਗਰੂਰ ਵਿਖੇ ਸਮਾਜਿਕ ਸਿੱਖਿਆ, ਪੰਜਾਬੀ, ਹਿੰਦੀ ਦੀਆਂ 9000 ਪੋਸਟਾਂ ਦੀ ਮੰਗ ਲਈ ਟੈਂਕੀ ਉੱਪਰ ਬੈਠਿਆ ਹੋਇਆ ਹੈ। ਕਿਸੇ ਦਾ ਵੀ ਉਸ ਵੱਲ ਕੋਈ ਧਿਆਨ ਨਹੀਂ ਹੈ। ਨਾ ਹੀ ਕੋਈ ਭਰੋਸਾ ਦਿਵਾਇਆ ਗਿਆ ਹੈ। ਜ਼ਰਾ ਸੋਚੋ ਲੋਕਾਂ ਦੁਆਰਾ ਹੀ ਲੋਕਾਂ ਲਈ ਚੁਣੀ ਗਈ ਲੋਕ-ਤੰਤਰੀ ਸਰਕਾਰ ਬੇਰੁਜ਼ਗਾਰ ਬੀ ਐਡ ਟੈੱਟ ਪਾਸ ਅਧਿਆਪਕਾਂ ਵੱਲ ਬਿਲਕੁਲ ਵੀ ਕੋਈ ਧਿਆਨ ਨਹੀਂ ਦੇ ਰਹੀ। ਪੰਜ-ਸਾਲਾ ਯੋਜਨਾਵਾਂ ਦੇ ਹਿਸਾਬ ਅਨੁਸਾਰ ਸੰਨ 1972 ਵਿਚ ਪੌਣੇ ਦੋ ਕਰੋੜ ਵਿਅਕਤੀ ਬੇਰੁਜ਼ਗਾਰ ਘੁੰਮ ਰਹੇ ਸਨ। ਦੇਸ਼ ਦੀ ਤਾਕਤ ਨੌਜਵਾਨ ਪੀੜ੍ਹੀ ਹੁੰਦੀ ਹੈ।ਕਿਹਾ ਜਾਂਦਾ ਹੈ ਕਿ ਇੱਕ ਸਿੱਖਿਅਤ ਵਿਅਕਤੀ ਹੀ ਦੇਸ਼ ਦੀ ਤਰੱਕੀ ਦਾ ਰਾਹ ਤੇ ਆਉਣ ਵਾਲੇ ਸਮੇਂ ਦਾ ਭਵਿੱਖ ਹੁੰਦਾ ਹੈ।ਪਰ ਅੱਜ ਹਾਲਾਤ ਇਸ ਤਰਾਂ ਦੇ ਹੋ ਗਏ ਹਨ, ਅੱਜ ਦਾ ਸਿੱਖਿਅਤ ਨੌਜਵਾਨ ਵਿਦਿਆਰਥੀ ਦੇਸ਼ ਦਾ ਭਵਿੱਖ ਜੋ ਕਿ ਖ਼ਤਰਾ ਮਹਿਸੂਸ ਕਰ ਰਿਹਾ ਹੈ । ਨੌਕਰੀ ਦਾ ਹੱਕਦਾਰ ਹੋਣ ਦੇ ਬਾਵਜੂਦ ਵੀ ਜੋ ਥਾਂ-ਥਾਂ ਤੇ ਠੇਡੇ ਖਾ ਰਿਹਾ ਹੈ।ਪ੍ਰਸ਼ਾਸਨ ਵੱਲੋਂ ਧੱਕੇ ਦਾ ਸ਼ਿਕਾਰ ਹੋ ਰਿਹਾ ਹੈ। ਪੜ ਲਿਖ ਕੇ ਡਿਗਰੀਆਂ ਨੂੰ ਇੱਕ ਕਾਗਜ਼ ਦੇ ਰੂਪ ਵਿੱਚ ਹੱਥਾਂ ਵਿੱਚ ਲੈ ਕੇ ਘੁੰਮ ਰਿਹਾ ਹੈ। ਇੰਝ ਲੱਗਦਾ ਹੈ ਕਿ ਜਿਵੇਂ ਇਹਨਾਂ ਦਾ ਕੋਈ ਮੁੱਲ ਨਹੀਂ ਸਿਰਫ ਇੱਕ ਕੋਰੇ ਕਾਗਜ਼ ਦੀ ਤਰਾਂ ਹਨ ।ਅਜਿਹਾ ਕਿਉਂ ਹੋ ਰਿਹਾ ਹੈ, ਕਿਉਂਕਿ ਸਾਡੇ ਦੁਆਰਾ ਚੁਣੀ ਗਈ ਲੋਕ-ਤੰਤਰੀ ਸਰਕਾਰ ਪੜੇ ਲਿਖੇ ਵਰਗ ਵੱਲ ਧਿਆਨ ਨਹੀਂ ਦੇ ਰਹੀ, ਜਿਸ ਤਰਾਂ ਵੋਟਾਂ ਵੇਲੇ ਧਿਆਨ ਦਿੱਤਾ ਜਾਂਦਾ ਹੈ। ਜੇਕਰ ਉਸੇ ਤਰਾਂ ਸੱਤਾ ਵਿੱਚ ਆਉਣ ਤੇ ਬੇਰੁਜ਼ਗਾਰ ਟੈੱਟ ਪਾਸ ਅਧਿਆਪਕਾਂ ਵੱਲ ਧਿਆਨ ਦਿੱਤਾ ਜਾਂਦਾ ਤਾਂ ਅੱਜ ਦਾ ਹਰ ਇੱਕ ਸਿੱਖਿਅਤ ਵਿਦਿਆਰਥੀ ਆਪਣੀ ਰੋਜੀ ਰੋਟੀ ਕਮਾ ਰਿਹਾ ਹੁੰਦਾ ਨਾ ਕਿ ਸੜਕਾਂ ਤੇ ਰੁਲ ਰਿਹਾ ਹੁੰਦਾ ।ਅਜਿਹੇ ਹਾਲਾਤ ਦੇਖ ਕੇ ਮੇਰੀ ਕਲਮ ਅੱਜ ਵੀ ਸਤਿਗੁਰ ਨਾਨਕ ਜੀ ਨੂੰ ਪੁਕਾਰ ਰਹੀ ਹੈ :-

ਭੁੱਖਮਰੀ, ਬੇਰੁਜ਼ਗਾਰੀ ਪੈ ਗਈ ਵਿੱਚ ਜ਼ਮਾਨੇ ਦੇ,<br>
ਮਿੱਠਾ-ਮਿੱਠਾ ਰਾਗ ਨਾ ਛੇੜੇ ਕੋਈ ਵਾਂਗ ਮਰਦਾਨੇ ਦੇ,<br>
ਵਿੱਚੋਂ ਖਾਲ਼ੀ ਖਿੱਦੋਆ, ਪਾਟੀਆਂ ਲੀਰਾਂ ਨੇ,<br>
ਸਤਿਗੁਰ ਨਾਨਕ ਆਜਾ ਪੈ ਗਈਆਂ ਜੱਗ 'ਤੇ ਪੀੜਾਂ ਨੇ ।

ਪਿਛਲੇ ਸਾਢੇ ਚਾਰ ਸਾਲਾਂ ਵਿੱਚ ਬੇਰੁਜ਼ਗਾਰ ਅਧਿਆਪਕਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।ਅਧਿਆਪਕ ਭਰਤੀ ਨਹੀਂ ਕੀਤੀ ਗਈ ।ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਜੋ ਹਰ ਸਾਲ ਹੋਣਾ ਚਾਹੀਦਾ ਹੈ । ਉਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਮਾਸਟਰ ਕਾਡਰ ਪੰਜਾਬੀ, ਸਮਾਜਿਕ ਸਿੱਖਿਆ, ਹਿੰਦੀ ਆਦਿ ਵਿਸ਼ਿਆਂ ਵੱਲ ਕੋਈ ਧਿਆਨ ਨਹੀਂ। ਇਨਾਂ ਵਿਸ਼ਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ। ਕੀ ਸਕੂਲਾਂ ਵਿੱਚ ਪੰਜਾਬੀ ਅਧਿਆਪਕਾਂ ਦੀ ਲੋੜ ਨਹੀਂ ? ਇਨਾਂ ਮੰਗਾਂ ਨੂੰ ਲੈ ਕੇ ਬੀਐੱਡ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਵੱਲੋਂ ਵਾਰ ਵਾਰ ਆਪਣੇ ਹੱਕਾਂ ਲਈ ਧਰਨੇ ਦਿੱਤੇ ਜਾ ਰਹੇ ਹਨ ਤਾ ਜੋ ਸਰਕਾਰ ਨੂੰ ਜਾਣੂ ਕਰਵਾਇਆ ਜਾ ਸਕੇ ਕਿ ਪੜਿਆ ਲਿਖਿਆ ਵਰਗ ਬੇਰੁਜ਼ਗਾਰ ਹੈ।

ਹੁਣ ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਚੁਣੇ ਗਏ ਹਨ। ਜਿਨਾਂ ਤੋਂ ਬੇਰੁਜ਼ਗਾਰ ਅਧਿਆਪਕ ਵਰਗ ਨੂੰ ਬਹੁਤ ਉਮੀਦਾਂ ਹਨ। ਅਸੀਂ ਆਸ ਕਰਦੇ ਹਾਂ ਕਿ ਉਹ ਬੇਰੁਜ਼ਗਾਰ ਅਧਿਆਪਕਾਂ ਵੱਲ ਧਿਆਨ ਦੇਣਗੇ ਤੇ ਪੰਜਾਬੀ, ਸਮਾਜਿਕ ਸਿੱਖਿਆ, ਹਿੰਦੀ ਵਿਸ਼ਿਆਂ ਨਾਲ ਇਨਸਾਫ਼ ਹੋਵੇਗਾ। ਇਨਾਂ ਵਿਸ਼ਿਆਂ ਦੀਆਂ ਪੋਸਟਾਂ ਜਲਦ ਹੀ ਜਾਰੀ ਕਰਨਗੇ। ਸੋ ਅੰਤ ਵਿੱਚ ਕਹਿ ਸਕਦੇ ਹਾਂ ਕਿ ਪੰਜਾਬ ਵਿਚ ਤੇਜ਼ੀ ਨਾਲ ਵਧ ਰਹੀ ਅਬਾਦੀ ਨੂੰ ਨੱਥ ਪਾਉਣੀ ਬਹੁਤ ਜ਼ਰੂਰੀ ਹੈ।ਨੌਜਵਾਨ ਸਿੱਖਿਅਤ ਵਰਗ ਨੂੰ ਰੁਜ਼ਗਾਰ ਦੇ ਮੌਕੇ ਦੇਣੇ ਚਾਹੀਦੇ ਹਨ।

# ਮਿੱਠੀ ਯਾਦ ਛੱਡ ਜਾਓ

ਹਰਕੀਰਤ ਕੌਰ
9779118066

ਅਸੀਂ ਹਰ ਵਕਤ ਕਿਸੇ ਨਾ ਕਿਸੇ ਆਦਮੀ ਦੇ ਰੂਬਰੂ ਹੁੰਦੇ ਰਹਿੰਦੇ ਹਾਂ। ਰੋਜ਼ਮਰਾ ਦੀ ਜ਼ਿੰਦਗੀ ਵਿੱਚ ਪਤਾ ਨਹੀਂ ਕਿੰਨੇ ਕੁ ਨਵੇਂ ਚਿਹਰੇ ਸਾਡੇ ਸਾਹਮਣੇ ਆਉਂਦੇ ਹਨ। ਇਹ ਹੋ ਸਕਦਾ ਹੈ ਕਿ ਮਿਲਣ ਵਾਲੇ ਵਿਅਕਤੀ ਸਾਨੂੰ ਪਹਿਲੀ ਵਾਰ ਮਿਲਿਆ ਹੋਵੇ ਅਤੇ ਇਹ ਵੀ ਹੋ ਸਕਦਾ ਹੈ ਕਿ ਕਿਸੇ ਨਾਲ ਤੁਹਾਡੀ ਆਖਰੀ ਮੁਲਾਕਾਤ ਹੋਵੇ ਅਤੇ ਇਸਤੋਂ ਬਾਅਦ ਤੁਸੀਂ ਜਾਂ ਉਹ ਦੁਨੀਆਂ ਦੀ ਭੀੜ ਵਿੱਚ ਗਵਾਚ ਜਾਓ ਅਤੇ ਮੁੜਕੇ ਕਦੇ ਇੱਕ ਦੂਸਰੇ ਦੇ ਸਾਮਣਾ ਹੀ ਨਾ ਹੋ ਪਾਵੇ। ਪਰ ਫਿਰ ਵੀ ਸਾਡੀਆਂ ਛੋਟੀਆਂ ਜਿਹੀਆਂ ਮੁਲਾਕਾਤਾਂ ਵੀ ਵੱਡੀਆਂ ਯਾਦਾਂ ਬਣ ਜਾਂਦੀਆਂ ਹਨ। ਟਰੇਨ ਵਿੱਚ ਸਫ਼ਰ ਕਰਦਿਆਂ ਸਾਨੂੰ ਕਈ ਵਾਰ ਅਜਿਹੇ ਲੋਕ ਮਿਲ ਜਾਂਦੇ ਹਨ ਜਿਹੜੇ ਸਾਡੇ ਦਿਲਾਂ ਵਿੱਚ ਹਮੇਸ਼ਾ ਲਈ ਵੱਸ ਜਾਂਦੇ ਹਨ। ਅਜਿਹੇ ਲੋਕ ਸਾਨੂੰ ਅਜਿਹੀ ਮਿੱਠੀ ਯਾਦ ਦੇ ਜਾਂਦੇ ਹਨ ਜੋ ਕਈ ਮੀਲਾਂ ਦੇ ਪੈਂਡੇ ਦੀ ਦੂਰੀ ਤੋਂ ਵੀ ਕਿਸੇ ਅਣਜਾਣ ਨੂੰ ਯਾਦ ਕਰਵਾ ਸਕਦੀ ਹੈ। ਪਰ ਇਹ ਹਰ ਇੱਕ ਦੇ ਵਸ ਦੀ ਗੱਲ ਨਹੀਂ ਕਿ ਕਿਸੇ ਦੇ ਦਿਲ ਵਿੱਚ ਪਹਿਲੀ ਮੁਲਾਕਾਤ ਨਾਲ ਹੀ ਜਗਾ ਬਣਾ ਲਈ ਜਾਵੇ। ਇਸ ਫਾਨੀ ਸੰਸਾਰ ਨੂੰ ਅਸੀਂ ਸਾਰਿਆਂ ਨੇ ਇੱਕ ਨਾ ਇੱਕ ਦਿਨ ਅਲਵਿਦਾ ਕਹਿ ਦੇਣਾ ਹੈ, ਸੋ ਜੇਕਰ ਸਾਨੂੰ ਪਤਾ ਹੈ ਕਿ ਅਸੀਂ ਇਸ ਦੁਨੀਆਂ ਵਿੱਚ ਕੁਝ ਦਿਨਾਂ ਦੇ ਮਿਹਮਾਨ ਹਾਂ ਤਾਂ ਅਸੀਂ ਲੋਕਾਂ ਦੇ ਦਿਲਾਂ ਵਿੱਚ ਨਫ਼ਰਤ ਦੇ ਬੀਜ ਕਿਉਂ ਬੀਜਦੇ ਹਾਂ। ਅਸੀਂ ਲੋਕਾਂ ਦੇ ਦਿਲਾਂ ਵਿੱਚ ਆਪਣੀ ਇੱਕ ਨਿੱਘੀ ਯਾਦ ਤਾਂ ਹੀ ਪੈਦਾ ਕਰ ਸਕਦੇ ਹਾਂ ਜੇਕਰ ਸਾਡਾ ਚਿਹਰਾ ਹੱਸੇ-ਹੱਸੇ ਕਰਦਾ ਹੋਵੇ, ਜੇਕਰ ਅਸੀਂ ਹਰ ਇੱਕ ਨਾਲ ਪਿਆਰ ਅਤੇ ਸਤਿਕਾਰ ਨਾਲ ਪੇਸ਼ ਆਵਾਂਗੇ ਤਾਂ ਸਾਡੇ ਸੰਪਰਕ ਵਿੱਚ ਆਉਣ ਵਾਲੇ ਵਿਅਕਤੀ ਸਾਨੂੰ ਕਦੇ ਵੀ ਭੁੱਲ ਨਹੀਂ ਸਕਣਗੇ। ਅਸੀਂ ਜਿਸ ਤਰਾਂ ਦਾ ਵਰਤਾਉ ਕਰ ਕਿਸੇ ਦੇ ਦਿਲ ਵਿੱਚ ਆਪਣੀ ਤਸਵੀਰ ਬਣਾ ਲੈਂਦੇ ਹਾਂ, ਲੋਕਾਂ ਦੀ ਉਸੇ ਤਰਾਂ ਦੀ ਸੋਚ ਸਾਡੇ ਪ੍ਰਤੀ ਚੱਲਦੀ ਰਹਿੰਦੀ ਹੈ।

ਸਾਡਾ ਯਤਨ ਰਹਿਣਾ ਚਾਹੀਦਾ ਹੈ ਕਿ ਅਸੀਂ ਹਰ ਇੱਕ ਦੇ ਦਿਲ ਵਿੱਚ ਆਪਣੀ ਮਿੱਠੀ ਯਾਦ ਵਸਾ ਸਕਣ ਦੇ ਕਾਬਿਲ ਹੋਈਏ। ਸਾਡਾ ਵਿਵਹਾਰ ਅਤੇ ਕਿਰਦਾਰ ਕੁਝ ਅਜਿਹਾ ਹੋਵੇ ਕਿ ਲੋਕ ਸਾਨੂੰ ਮਿਲਣ ਲਈ ਉਡੀਕ ਕਰਨ ਅਤੇ ਦਿਲੋਂ ਦੁਆਵਾਂ ਦੇਣ। ਮਿੱਠੀਆਂ ਯਾਦਾਂ ਦੇ ਭੰਡਾਰ ਨੂੰ ਭਰਨਾ ਕੋਈ ਜਿਆਦਾ ਸੌਖਾ ਕੰਮ ਨਹੀਂ ਬਲਕਿ ਆਪਣੀ ਸ਼ਖ਼ਸੀਅਤ ਨੂੰ ਅਜਿਹੀ ਬਣਾਉਣ ਲਈ ਦਿਨ ਰਾਤ ਮਿਹਨਤ ਕਰਨੀ ਪੈਂਦੀ ਹੈ, ਫ਼ੇਰ ਕਿਧਰੇ ਜਾ ਕੇ ਅਸੀਂ ਇੱਕ ਹਸਮੁਖ ਅਤੇ ਚੰਗੀ ਸ਼ਖ਼ਸੀਅਤ ਦਾ ਨਿਰਮਾਣ ਕਰ ਸਕਦੇ ਹਾਂ ਜੋ ਜਿੱਥੇ ਵੀ ਵਿਚਰਦੀ ਹੈ ਉੱਥੇ ਹੀ ਮਿੱਠੀਆਂ ਯਾਦਾਂ ਦੇ ਬੀਜ ਬੀਜਦੀ ਆਉਂਦੀ ਹੈ।

# ਦਿੱਲੀ ਦਾ ਰੇਲਵੇ ਸਟੇਸ਼ਨ, ਇਕ ਸੁਨਹਿਰੀ ਯਾਦ

ਭੁਪਿੰਦਰ ਸਿੰਘ ਚੱਡਾ

ਹੁਣ ਚੰਗੀ ਤਰਾਂ ਯਾਦ ਨਹੀਂ। ਸ਼ਇਦ ਸਾਡੀ ਗੱਡੀ ਪੁਰਾਣੀ ਦਿੱਲੀ ਸਟੇਸ਼ਨ ਤੇ ਲੱਗੀ ਸੀ ਤੇ ਉਥੋਂ ਹੀ ਅੱਗੇ ਮਦਰਾਸ (ਅੱਜ ਕੱਲ ਚੇਨੱਈ) ਵਾਲੀ ਗੱਡੀ ਲੱਗਣੀ ਸੀ। 'ਦੱਖਣ-ਪੂਰਬ' ਵਲ ਜਾਣ ਵਾਲੀਆਂ ਗੱਡੀਆਂ ਪੁਰਾਣੀ ਦਿੱਲੀ ਤੋਂ ਚਲਦੀਆਂ ਸਨ ਤੇ 'ਦੱਖਣ-ਪੱਛਮ' ਵੱਲ ਜਾਣ ਵਾਲੀਆਂ ਗੱਡੀਆਂ ਨਵੀਂ ਦਿੱਲੀ ਤੋਂ। ਅੱਜ ਕੱਲ ਦਾ ਪਤਾ ਨਹੀਂ। ਅਸੀਂ ਦੱਖਣ ਪੂਰਬੀ ਤੱਟ ਉਤੇ ਵਸੇ ਸ਼ਹਿਰ ਮਦਰਾਸ ਜਾਣਾ ਸੀ , ਫਿਰ ਓਥੋਂ ਦੱਖਣ ਪੱਛਮੀ ਤੱਟ ਤੇ ਵਸੇ ਸ਼ਹਿਰ ਕੋਚੀਨ ਦੇ ਸਟੇਸ਼ਨ, ਕੋਚੀਨ 8" (ਹਾਰਬਰ ਟਰਮੀਨਸ) ਜਾਣਾ ਸੀ। ਸਾਡੇ ਵੱਡੇ ਭਰਾ ਨਿਰਭੈ ਸਿੰਘ ਸਹੋਤਾ ਅਤੇ ਧਰਮ ਪਾਲ ਪਾਰਾਸ਼ਰ ਸਾਡੀ ਅਗਵਾਈ ਕਰ ਰਹੇ ਸਨ। ਉਹ ਜਮਾਨੇ ਅੱਜ ਵਾਂਗ ਸ਼ੱਕੀ (cunning) ਸੁਭਾ ਵਾਲੇ ਨਹੀਂ ਸਨ। ਵੱਡੇ ਭਰਾ ਸਾਡੇ ਗਾਈਡ ਹੁੰਦੇ ਸਨ। ਸਾਡੇ ਮਾਸਟਰ ਸਾਡੇ ਆਦਰਸ਼ ਹੁੰਦੇ ਸਨ, ਸਾਡੇ ਮਾਂ ਬਾਪ ਸਾਡਾ ਰੱਬ ਹੁੰਦੇ ਸਨ, ਚਾਚਾ ਨਹਿਰੂ ਦੇਸ਼ ਦਾ ਰੱਖਵਾਲਾ

**ਕਲਮਾਂ ਦੇ ਜਜ਼ਬਾਤ**

ਸੀ ਜੋ ਕਦੀ ਵੀ ਦੇਸ਼ ਬਾਰੇ ... ਜਾਂ ਸਾਡੇ ਬਾਰੇ ਗਲਤ ਸੋਚ ਹੀ ਨਹੀਂ ਸਕਦਾ ਸੀ। ਸਾਡੇ ਹਿਸਟਰੀ ਵਿਚ ਪੜੇ ਦਿੱਲੀ ਦੇ ਸ਼ਾਸਕ ਸਾਡੇ ਰਾਜੇ ਹੁੰਦੇ ਸਨ ਤੇ ਸਾਡੀ ਸ਼ਰਧਾ ਦੇ ਪਾਤਰ ਹੁੰਦੇ ਸਨ। ਅੱਜ ਕੱਲ ਪੰਜਵੀਂ ਦਾ ਬੱਚਾ ਵੀ ਮੁਗ਼ਲ ਸ਼ਾਸਕਾਂ ਦਾ ਨਾਮ ਸੁਣਕੇ ਹੀ ਉਨਾਂ ਨੂੰ ਜਾਲਮ ਰਾਜੇ, ਹਿੰਦੂ ਵਿਰੋਧੀ, ਜਜ਼ੀਆ ਲਾਉਣ ਵਾਲੇ, ਦੇਸ਼ ਦੇ ਮੰਦਰ ਤੋੜ ਕੇ ਮਸਜਿਦਾਂ ਬਣਾਉਣ ਵਾਲੇ ਨਫਰਤ ਦੇ ਪਾਤਰ ਵਾਲੀ ਧਾਰਨਾ ਲਈ ਬੈਠੇ ਹਨ। ਜਦਕਿ ਸਾਡੀ ਸੋਚ ਵਿਚ ਅਕਬਰ ਮਹਾਨ ਸੀ ਕੁਤਬਦੀਨ ਐਬਕ ਨੇ ਕੁਤਬਿਨਾਰ ਬਣਾਈ, ਦਿੱਲੀ ਦਾ ਲਾਲ ਕਿਲਾ ਜਾਮਾ ਮਸਜਦ, ਤਾਜ ਮਹੱਲ, ਗਜ਼ਬ ਦੀਆਂ ਇਮਾਰਤਾਂ ਦਾ ਨਿਰਮਾਣ ਕੀਤਾ। ਪਰ ਅੱਜ ਦਾ ਬੱਚਾ ਵੀ ਇਹ ਧਾਰਨਾ ਲਈ ਬੈਠਾ ਹੈ ਕਿ ਹਰ ਚੰਗੀ ਬਿਲਡਿੰਗ ਦੇ ਥੱਲੇ ਕੋਈ ਹਿੰਦੂ ਬਿਲਡਿੰਗ ਦੱਬੀ ਹੋਈ ਹੈ।ਐਸੀ ਹਿੰਦੂ-ਮੁਸਲਿਮ ਨਫਰਤ ਦੀ ਭਾਵਨਾ ਫੈਲੀ ਹੋਈ ਹੈ। ਇਹ ਸਾਡੇ ਵੇਲੇ 60-70 ਸਾਲ ਪਹਿਲਾਂ ਨਹੀਂ ਸੀ।

ਅਸੀਂ ਦਿੱਲੀ ਦੇ ਸਟੇਸ਼ਨ ਤੇ ਪੈਰ ਰੱਖਦੇ ਹੀ ਰੋਮਾਂਚਿਤ ਹੋ ਉਠੇ। ਸਾਡੇ ਦੇਸ਼ ਦੀ ਰਾਜਧਾਨੀ। ਚਾਚਾ ਨਹਿਰੂ ਦਾ ਸ਼ਹਿਰ। ਸਾਡੀਆਂ ਅੱਖਾਂ ਚਾਰ ਚੁਫੇਰੇ ਕੁਤਬਮਿਨਾਰ ਲੱਭ ਰਹੀਆਂ ਸਨ ਤੇ ਸਟੇਸ਼ਨ ਤੋਂ ਖੜੇ ਸਾਨੂੰ ਕੁਤਬਮਿਨਾਰ ਦਿਸ ਵੀ ਪਿਆ। ਸਾਡੀਆਂ ਖੁਸ਼ੀਆਂ ਦਾ ਕੋਈ ਅੰਤ ਨਾ ਰਿਹਾ। ਅਸੀਂ ਜਾਣ ਲਿਆ ਕਿ ਸੱਚੀਂ ਇਹ ਦਿੱਲੀ ਹੀ ਹੈ। (ਪਰ ... ਹੁਣ ਤਾਂ ਸਾਨੂੰ ਪਤਾ ਲੱਗ ਗਿਆ ਹੈ ਕਿ ਉਹ ਕੁਤਬ ਮੀਨਾਰ ਨਹੀਂ, ਇਕ ਫੈਕਟਰੀ ਦੀ ਬਹੁਤ ਉੱਚੀ ਚਿਮਨੀ ਸੀ ਜਿਸ ਤੇ ਲਾਲ ਰੰਗ ਕੀਤਾ ਹੋਇਆ ਸੀ, ਨਹੀਂ ਤਾਂ ਮਹਿਰੌਲੀ ਵਿਚ ਬਣਿਆ ਕੁਤਬਮਿਨਾਰ ਓਥੋਂ ਭਲਾ ਕਿਵੇਂ ਦਿਸ ਸਕਦਾ ਸੀ)।

ਦੂਜੇ ਦਿਨ ਜਾਗੇ ਤੇ ਦੇਖਿਆ ਗੱਡੀ ਚਲਦੀ ਜਾ ਰਹੀ ਹੈ। ਫਸਲਾਂ ਦੀ ਕਿਸਮ, ਖੇਤਾਂ ਦੀਆਂ ਸ਼ਕਲਾਂ ਬਦਲ ਗਈਆਂ ਹਨ। ਲੋਕ ਬਾਗ ਬਦਲ ਗਏ ਹਨ, ਬਲਦਾਂ ਦੇ ਵੱਡੇ ਵੱਡੇ ਸਿੰਗ ਹਨ ਤੇ ਉਨਾਂ ਤੇ ਲਾਲ ਪੀਲਾ ਜਾਂ ਸਤਰੰਗੀ ਪੀਂਘ ਵਰਗਾ ਪੇਂਟ ਕੀਤਾ ਹੋਇਆ ਹੈ। ਸਾਡਾ ਦਿਲ ਕਰੇ ਕਿ ਉੱਤਰ ਕੇ ਜਰਾ ਇਨਾਂ ਨਾਲ ਗੱਲਬਾਤ ਕਰੀਏ ਕਿ ਇਹ ਕਿਹੜਾ ਮੁਲਕ ਹੈ । ਕਿਵੇਂ ਕਿਵੇਂ ਦੀਆਂ ਭਾਵਨਾਵਾਂ ਬਣ ਰਹੀਆਂ ਸਨ ਸਾਡੇ ਬਾਲ ਮਨ ਵਿਚ, ਇਹ ਭਾਰਤ ਦੇਸ਼ ਹੈ ਮੇਰਾ, ਕਿੰਨਾ ਵਿਸ਼ਾਲ ਹੈ, ਕਿੰਨਾ ਫੈਲਿਆ ਹੋਇਆ ਹੈ- ਕੱਲ ਸਵੇਰ ਦੇ ਗੱਡੀ ਵਿਚ ਬੈਠੇ ਹਾਂ ਤੇ ਅਜੇ ਤੱਕ ਅੱਧ ਵੀ ਨਹੀਂ ਆਇਆ।

ਇੰਨੇ ਵਿਚ ਝਾਂਸੀ ਸਟੇਸ਼ਨ ਆ ਗਿਆ। ਗੱਡੀ ਨੇ ਅੱਧੇ ਘੰਟੇ ਤੋਂ ਜਿਆਦਾ ਰੁਕਣਾ ਸੀ, ਪਾਣੀ ਭਰਨਾ ਸੀ। ਝਾਂਸੀ ਦਾ ਨਾਮ ਸੁਣਕੇ ਮੇਰੇ ਸਰੀਰ ਵਿਚ ਕੰਬਣੀ ਹੋਈ ਇਹ ਹੈ 'ਝਾਂਸੀ ਕੀ ਰਾਣੀ' ਦਾ ਸ਼ਹਿਰ। ਦਿਲ ਕਰੇ ਉੱਤਰ ਕੇ ਜਮੀਨ ਚੁੰਮ ਲਵਾਂ, ਉਸ ਮਰਦਾਨੀ ਦੇ ਸ਼ਹਿਰ ਦੀ, ਜਿਸ ਨੇ ਅੰਗਰੇਜਾਂ ਦੇ ਛੱਕੇ ਛੁੜਾ ਦਿੱਤੇ ਸਨ । 'ਬੁੰਦੇਲੇ ਹਰਬੋਲੋਂ ਕੇ ਮੁਖ, ਹਮਨੇ ਸੁਣੀ ਕਹਾਣੀ ਥੀ, ਖੂਬ ਲੜੀ ਮਰਦਾਨੀ ਵੋ ਤੋ ਝਾਂਸੀ ਵਾਲੀ ਰਾਣੀ ਥੀ।' ਮੈਂ ਸੁਤੇਸਿੱਧ ਗੱਡੀ ਚੋਂ ਉਤਰ ਕੇ ਜਰਾ ਬਾਹਰ ਵੱਲ ਨੂੰ ਵਧਿਆ, ਇਹ ਦੇਖਣ ਲਈ ਕਿ ਕੀ ਮਾਸਟਰ ਮਹਿੰਗਾ ਰਾਮ ਜੀ ਦੇ ਦੱਸਣ ਮੁਤਾਬਿਕ ਧਰਤੀ ਖੂਨ ਨਾਲ ਲਾਲ ਹੋ ਗਈ ਸੀ ਜੋ ਅੱਜ ਤੱਕ ਵੀ ਲਾਲ ਭਾਅ ਮਾਰਦੀ ਹੈ। ਸ਼ਹੀਦਾਂ ਦਾ ਖੂਨ ਡੁੱਲਿਆ ਹੋਇਆ ਬੇਕਾਰ ਨਹੀਂ ਗਿਆ। ਦੇਖੀਏ ਕੀ ਇਹ ਸੱਚ ਹੈ ਭਲਾ।

ਬਾਕੀ ਸਫ਼ਾ 31 'ਤੇ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਲਿਸ਼ਕ ਪੁਸ਼ਕ ਨਾ ਵੇਖ ਭਰਾਵਾ

ਭਾਗ 5



ਰਿਸ਼ੀ ਗੁਲਾਟੀ
Adelaide (Australia)
+61 433 442 722

ਜਦ ਮੈਂ ਅੱਠਵੀਂ ਜਮਾਤ ਦੇ ਅਖੀਰ ਵਿੱਚ ਸੀ, ਪਾਪਾ ਨੂੰ ਗਠੀਏ ਨੇ ਜਕੜ ਲਿਆ ਤੇ ਉਹ ਮੰਜੇ ਤੇ ਪਏ ਪਏ ਹੱਡੀਆਂ ਦੀ ਮੁੱਠ ਬਣ ਗਏ। ਲਾਲਾ ਜੀ (ਦਾਦਾ ਜੀ) ਮਾੜੀ ਮੋਟੀ ਦੁਕਾਨ ਚਲਾਉਂਦੇ ਰਹੇ। ਮੇਰੀ ਹੀਰੇ ਵਰਗੀ ਮਾਂ ਦਿਨ ਰਾਤ ਪਾਪਾ ਦੀ ਸੇਵਾ ਵਿੱਚ ਰੁੱਝੀ ਰਹਿੰਦੀ ਸੀ। ਕਦੇ ਮਾਲਿਸ਼, ਕਦੇ ਟਕੋਰ, ਕਦੇ ਦਵਾਈ, ਮੰਜੇ ਤੇ ਪਿਆਂ ਨਹਾਉਣਾ, ਰੋਟੀ-ਪਾਣੀ ਵੀ ਆਪਣੇ ਹੱਥੀਂ ਖਵਾਉਣੀ। ਆੜਤੀਆਂ ਦੀਆਂ ਵਹੀਆਂ ਵਿੱਚ ਸਾਡੇ ਖਾਤੇ ਦੀ ਡੈਬਿਟ ਸਾਈਡ ਕੌੜੀ ਵੇਲ ਵਾਂਗਰ ਵਧਦੀ ਜਾ ਰਹੀ ਸੀ। ਮੈਨੂੰ ਸਕੂਲੋਂ ਹਟਾ ਕੇ ਰਿਸ਼ਤੇਦਾਰਾਂ ਦੀ ਕੱਪੜੇ ਦੀ ਹੱਟੀ ਤੇ ਲਗਾਉਣ ਦੀਆਂ ਸਕੀਮਾਂ ਅੰਦਰ ਖਾਤੇ ਚੱਲ ਰਹੀਆਂ ਸਨ। ਮੇਰੀ ਪੰਜਵੀਂ ਪਾਸ ਮਾਤਾ ਸ਼ੀਹਣੀ ਵਾਂਗ ਡਟ ਗਈ, 'ਮੈਂ ਕੱਪੜੇ ਸੀਅ ਕੇ ਮੁੰਡੇ ਨੂੰ ਪੜ੍ਹਾ ਲਊਂ ਪਰ 100-200 ਦੀ ਨੌਕਰੀ ਪਿੱਛੇ ਸਕੂਲੋਂ ਨਹੀਂ ਹਟਾਉਣ ਦੇਣਾ।' ਉਸਦੇ ਧੱਕੇ ਨਾਲ ਇੱਕ ਸਾਲ ਹੋਰ ਨਿੱਕਲ ਗਿਆ ਤੇ ਨੌਵੀਂ ਜਮਾਤ ਸ਼ਹਿਰ ਦੇ ਸਕੂਲ ਵਿਚ ਹੀ ਪਾਸ ਕਰ ਲਈ। ਆਖਿਰ ਹਾਲਾਤ ਸਾਹਮਣੇ ਮੇਰੀ ਮਾਤਾ ਨੂੰ ਝੁਕਣਾ ਪਿਆ। ਦਸਵੀਂ ਜਮਾਤ ਦਾ ਦਾਖਲਾ ਟਾਇਮ ਸਿਰ ਨਾ ਭਰਨ ਕਰਕੇ ਮੈਨੂੰ ਸਕੂਲੋਂ ਕੱਢ ਦਿੱਤਾ ਗਿਆ।

ਸਮਾਂ ਬੀਤਣ ਨਾਲ ਮੈਂ ਸੌਫਟਵੇਅਰ ਪ੍ਰੋਗਰਾਮਿੰਗ ਕਰਨ ਲੱਗਾ ਤੇ ਅਕਾਊਂਟਿੰਗ ਪੜ੍ਹਾਉਣ ਲੱਗ ਪਿਆ। ਚੰਡੀਗੜ੍ਹ ਜਾਂ ਲੁਧਿਆਣੇ ਦੇ ਸ਼ੋਅ-ਰੂਮਾਂ ਤੋਂ ਖਰੀਦੀਆਂ ਮਹਿੰਗੀਆਂ ਬਰਾਂਡਿਡ ਜੀਨਾਂ ਵਿੱਚ ਕੱਸੇ, ਪਲਸਰਾਂ ਜਾਂ ਹੋਰ ਗੱਡੀਆਂ 'ਤੇ ਆਏ ਮੁੰਡੇ ਜਦੋਂ ਅਕਾਊਂਟਸ ਟ੍ਰੇਨਿੰਗ ਦੀ ਫੀਸ ਪਿੱਛੇ ਬਹਾਨਾ ਮਾਰਦੇ ਤਾਂ ਮੇਰੇ ਸਾਹਮਣੇ 'ਬੈਠਣ ਵਾਲੀ ਥਾਂ 'ਤੇ ਟਾਕੀਆਂ ਲੱਗੀ ਖਾਕੀ ਪੈਂਟ ਪਾਈ ਖੜਾ, ਘਸੇ ਥੱਲਿਆਂ ਵਾਲੇ ਬਿਨਾਂ ਪਾਲਿਸ਼ ਕੀਤੇ ਬੂਟ ਪਾਈ ਖੜਾ 'ਰਿਸ਼ੀ' ਆ ਖੜਦਾ, ਜੋ ਕਿ ਪ੍ਰਿੰਸੀਪਲ ਦੇ ਦਫ਼ਤਰ ਵਿੱਚ ਦਸ ਰੁਪਏ ਜੁਰਮਾਨਾ ਮੁਆਫ਼ ਕਰਵਾਉਣ ਲਈ ਮਿੰਨਤ ਕਰ ਰਿਹਾ ਹੁੰਦਾ।' ਉਸਦਾ ਮਾਸੂਮ ਚਿਹਰਾ ਦੇਖਕੇ, ਮੈਂ ਆਪਣੇ ਬਹਾਨੇਬਾਜ਼ਾਂ ਦੇ ਝੂਠ ਨੂੰ ਜਾਣ-ਬੁੱਝ ਕੇ ਸੱਚ ਸਮਝ ਲਿਆ ਕਰਦਾ।

ਉਨਾਂ ਗੱਲਾਂ ਨੂੰ ਹੁਣ ਤਾਂ ਜੁਗੜੇ ਬੀਤ ਗਏ ਹਨ। ਅਸੀਂ ਦੋਵੇਂ ਜੀਅ ਹੱਡ-ਭੰਨਵੀਂ ਮਿਹਨਤ ਅੱਜ ਵੀ ਕਰਦੇ ਹਾਂ ਅਤੇ ਜ਼ਿੰਦਗੀ ਵਿਚ ਸੰਤੁਸ਼ਟੀ ਵੀ ਹੈ। ਚੰਗੇ-ਮਾੜੇ ਬੰਦੇ ਤਾਂ ਸਾਰੀ ਉਮਰ ਹੀ ਮਿਲਦੇ ਰਹਿਣੇ ਹਨ। ਕਿਸੇ ਹੋਰ ਦੀ ਸੋਚ ਮੁਤਾਬਿਕ ਆਪਾਂ ਹੋਰਨਾਂ ਲਈ ਚੰਗੇ ਜਾਂ ਮਾੜੇ ਵੀ ਹੋ ਸਕਦੇ ਹਾਂ, ਇਹ ਕੋਈ ਵੱਡੀ ਗੱਲ ਨਹੀਂ ਹੈ। ਮਹੱਤਵਪੂਰਨ ਇਹ ਹੈ ਕਿ ਕਿਸੇ ਲਈ ਵੀ ਗ਼ਲਤ ਨਾ ਹੋਣ ਦੀ ਕੋਸ਼ਿਸ਼ ਹਮੇਸ਼ਾ ਕਰਦੇ ਰਹੀਏ। ਹੁਣ ਵੀ ਮੈਨੂੰ ਕਈ 'ਚਤੁਰ ਲੋਕ' ਮਿਲ ਜਾਂਦੇ ਹਨ ਪਰ ਮੈਂ ਉਨਾਂ ਨੂੰ ਮੁਆਫ਼ ਕਰ ਦਿੰਦਾ ਹਾਂ, ਮੁਆਫ਼ ਨਾ ਕਰਾਂ ਤਾਂ ਕੀ ਕਰਾਂ ? ਬਹੁਤ ਸਾਰੇ ਦਹਾਕੇ ਬੀਤ ਜਾਣ ਦੇ ਬਾਵਜੂਦ ਅਜੇ ਵੀ ਟਾਕੀਆਂ ਵਾਲੀ ਪੈਂਟ ਤੇ ਗੰਦੇ ਬੂਟਾਂ ਵਾਲਾ ਰਿਸ਼ੀ ਜੋ ਮੇਰਾ ਖਹਿੜਾ ਨਹੀਂ ਛੱਡਦਾ। ਉਹ ਕਹਿੰਦਾ ਹੈ, 'ਚੱਲ ਛੱਡ ਯਾਰ, ਇਸ ਨੂੰ ਚਤੁਰਾਈਆਂ ਘੋਟ ਲੈਣ ਦੇ, ਇਸਨੂੰ ਜਿੱਤ ਲੈਣ ਦੇ। ਇਸ ਵਿਚਾਰੇ ਨੂੰ ਕੀ ਪਤਾ ਆਪਾਂ ਕਿਹੜੇ ਰੰਗਾਂ ਵਿਚ ਰਾਜ਼ੀ ਹਾਂ ?'

# ਹਾਸਰਸ ਗਾਇਕੀ ਦਾ ਝੰਡਾਬਰਦਾਰ ਕੇ. ਦੀਪ

**ਮਨਦੀਪ ਸਿੰਘ ਸਿੱਧੂ**

ਕੇ. ਦੀਪ ਉਰਫ਼ ਕੁਲਦੀਪ ਸਿੰਘ ਮਠਾੜੂ ਦ ਦਾ ਜਨਮ 10 ਦਸੰਬਰ 1940 ਨੂੰ ਰੰਗੂਨ, ਬਰਮਾ (ਹੁਣ ਮਿਆਂਮਾਰ) ਦੇ ਰਾਮਗੜ੍ਹੀਆ ਸਿੱਖ ਪਰਿਵਾਰ 'ਚ ਹੋਇਆ। ਉਂਜ ਇਨਾਂ ਦਾ ਅਬਾਈ ਤਾਲੁਕ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਐਤੀਆਣਾ ਨਾਲ ਸੀ।

ਕੇ. ਦੀਪ ਤੇ ਜਗਮੋਹਨ ਕੌਰ ਪੰਜਾਬ ਦੀ ਪਹਿਲੀ ਮਜ਼ਾਹੀਆ ਦੋਗਾਣਾ ਜੋੜੀ ਸੀ, ਜਿਨਾਂ ਨੇ ਪੰਜਾਬੀ ਲੋਕ ਮੌਸੀਕੀ ਵਿੱਚ ਵੀ ਆਪਣੇ ਨਾਮ ਦਾ ਪਰਚਮ ਬੁਲੰਦ ਕੀਤਾ ਅਤੇ ਪੰਜਾਬੀ ਫ਼ਿਲਮਾਂ ਵਿੱਚ ਵੀ ਨਾਮ ਕਮਾਇਆ। ਕਲਕੱਤੇ ਵਿੱਚ ਇੱਕ ਸੰਗੀਤਕ ਪ੍ਰੋਗਰਾਮ ਦੌਰਾਨ ਇਨਾਂ ਦੋਵਾਂ ਦੀ ਮੁਲਾਕਾਤ ਹੋਈ। ਬਾਅਦ ਵਿੱਚ ਕੇ. ਦੀਪ ਨੇ ਜਗਮੋਹਨ ਕੌਰ ਨਾਲ 2 ਫਰਵਰੀ 1971 ਨੂੰ ਮੁਹੱਬਤੀ ਵਿਆਹ ਕਰਵਾ ਲਿਆ। ਇਸ ਤੋਂ ਬਾਅਦ ਜੋੜੀਦਾਰ ਵਜੋਂ ਆਪਣਾ ਗਰੁੱਪ ਬਣਾ ਕੇ ਜਿੱਥੇ ਵਿਦੇਸ਼ਾਂ 'ਚ ਪ੍ਰੋਗਰਾਮ ਕਰਕੇ ਭਰਪੂਰ ਸ਼ੋਹਰਤ ਖੱਟੀ, ਉੱਥੇ 'ਮਾਈ ਮੋਹਣੋ' ਤੇ 'ਪੋਸਤੀ' ਦੇ ਨਾਮ ਨਾਲ ਇਨਾਂ ਦੀ ਜੋੜੀ ਦਾ ਮਜ਼ਾਹੀਆ ਰੰਗ ਵੀ ਆਵਾਮ ਵੱਲੋਂ ਬੜਾ ਪਸੰਦ ਕੀਤਾ ਗਿਆ।

ਕੇ. ਦੀਪ ਦੀ ਪਹਿਲੀ ਪੰਜਾਬੀ ਫ਼ੀਚਰ ਫ਼ਿਲਮ ਰੂਪ ਕਿਰਨ ਪਿਕਚਰਜ਼, ਅੰਮ੍ਰਿਤਸਰ ਦੀ ਜੋਗਿੰਦਰ ਸਿੰਘ ਸਮਰਾ (ਸਹਾਇਕ ਸਤੀਸ਼ ਭਾਖੜੀ) ਨਿਰਦੇਸ਼ਿਤ 'ਮੇਲੇ ਮਿੱਤਰਾਂ ਦੇ' (1972) ਸੀ। ਇਸ ਵਿੱਚ ਹਿਦਾਇਤਕਾਰ ਜੋਗਿੰਦਰ ਸਿੰਘ ਸਮਰਾ ਨੇ ਕੇ. ਦੀਪ ਨੂੰ ਨਵੇਂ ਚਿਹਰੇ ਵਜੋਂ ਮੁਤਆਰਿਫ਼ ਕਰਵਾਇਆ। ਉਸ ਨੇ ਇਸ ਫ਼ਿਲਮ ਵਿੱਚ 'ਹੀਰੇ' ਦਾ ਖ਼ਲ ਕਿਰਦਾਰ ਨਿਭਾਇਆ। ਇਹ ਫ਼ਿਲਮ 27 ਅਕਤੂਬਰ 1972 ਨੂੰ ਪ੍ਰਕਾਸ਼ ਸਿਨਮਾ ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ ਤੇ ਕਾਮਯਾਬ ਫ਼ਿਲਮ ਕਰਾਰ ਪਾਈ। ਜਦੋਂ ਇੰਦਰਜੀਤ ਹਸਨਪੁਰੀ ਨੇ ਆਪਣੇ ਫ਼ਿਲਮਸਾਜ਼ ਅਦਾਰੇ ਲੁਧਿਆਣਾ ਫ਼ਿਲਮਜ਼, ਬੰਬੇ ਦੀ ਧਰਮ ਕੁਮਾਰ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਦਾਜ' (1976) ਬਣਾਈ ਤਾਂ ਸੰਗੀਤ-ਨਿਰਦੇਸ਼ਕ ਐੱਸ. ਮੋਹਿੰਦਰ ਨੇ ਕੇ. ਦੀਪ ਨੂੰ ਪੰਜਾਬੀ ਫ਼ਿਲਮਾਂ ਵਿੱਚ ਨਗਮਾਸਰਾਈ ਕਰਨ ਦਾ ਪਹਿਲਾ ਮੌਕਾ ਦਿੱਤਾ। ਫ਼ਿਲਮ ਵਿੱਚ ਉਨਾਂ ਨੇ ਆਪਣੀ ਪਤਨੀ ਤੇ ਮਸ਼ਹੂਰ ਗੁਲੂਕਾਰਾ ਜਗਮੋਹਨ ਕੌਰ ਨਾਲ ਇੱਕ ਮਜ਼ਾਹੀਆ ਦੋਗਾਣਾ ਗਾਇਆ 'ਹਮ ਛੜੇ ਵਕਤ ਕੋ ਫੜੇ ਤੇ ਮਨ ਜਾ ਮੋਟੋ ਨੀ' ਜੋ ਮਿਹਰ ਮਿੱਤਲ ਤੇ ਜਗਮੋਹਨ ਕੌਰ 'ਤੇ ਫ਼ਿਲਮਾਇਆ ਗਿਆ। ਹਿੰਦੀ ਵਿੱਚ ਇਹ ਫ਼ਿਲਮ 'ਦਹੇਜ' (1981) ਦੇ ਸਿਰਲੇਖ ਹੇਠ ਡੱਬ ਹੋਈ। ਜਦੋਂ ਧਰਮਿੰਦਰ ਦੇ ਛੋਟੇ ਭਰਾ ਅਜੀਤ ਸਿੰਘ ਦਿਓਲ ਨੇ ਆਪਣੇ ਫ਼ਿਲਮਸਾਜ਼ ਅਦਾਰੇ ਅਜੀਤ ਆਰਟਸ, ਬੰਬੇ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ ਵਿੱਚ ਪੰਜਾਬੀ ਫ਼ਿਲਮ 'ਸੰਤੋ-ਬੰਤੋ' (1977) ਬਣਾਈ, ਤਾਂ ਇੱਕ ਵਾਰ ਫਿਰ ਐੱਸ. ਮੋਹਿੰਦਰ ਨੇ ਕੇ. ਦੀਪ ਕੋਲੋਂ ਇੱਕ ਮਜ਼ਾਹੀਆ ਗੀਤ ਗਵਾਇਆ 'ਮੈਨੂੰ ਤੇਰੇ ਆਸ਼ਿਕਾਂ ਨੇ ਕੁੱਟਿਆ ਮਾਰ ਕੇ ਘਸੁੰਨ ਮਾਰ ਸੁੱਟਿਆ' ਜੋ ਮਿਹਰ ਮਿੱਤਲ ਤੇ ਸੀਮਾ ਕਪੂਰ 'ਤੇ ਫ਼ਿਲਮਾਇਆ ਗਿਆ। ਓ. ਪੀ. ਸੱਜਰ ਤੇ ਬਲਦੇਵ ਸਿੰਘ ਚਹਿਲ ਨੇ ਜਦੋਂ ਆਪਣੇ ਜ਼ਾਤੀ ਬੈਨਰ ਜੁਗਨੂੰ ਫ਼ਿਲਮਜ਼, ਬਠਿੰਡਾ ਦੇ ਬੈਨਰ ਹੇਠ ਸੁਰਿੰਦਰ ਸਿੰਘ ਦੀ ਹਿਦਾਇਤਕਾਰੀ ਵਿੱਚ ਪੰਜਾਬੀ ਫ਼ਿਲਮ 'ਮੁਟਿਆਰ' (1979) ਬਣਾਈ ਤਾਂ ਸੰਗੀਤਕਾਰ ਵੇਦਪਾਲ ਨੇ ਕੇ. ਦੀਪ ਤੇ ਸਵਿਤਾ ਸੁਮਨ ਕੋਲੋਂ ਇੱਕ ਮਜ਼ਾਹੀਆ ਗੀਤ 'ਨੀ ਤੂੰ ਚੱਲੀ ਕਿੱਥੇ ਚੱਲੀ ਮੈਨੂੰ ਦੱਸ ਕੇ ਤੇ ਜਾ' ਗਵਾਇਆ। ਕਸ਼ਮੀਰ ਕਾਦਰ ਦਾ ਲਿਖਿਆ ਇਹ ਗੀਤ ਇੱਕ ਵਾਰ ਫਿਰ ਮਿਹਰ ਮਿੱਤਲ ਤੇ ਜਗਮੋਹਨ ਕੌਰ 'ਤੇ ਫ਼ਿਲਮਾਇਆ ਗਿਆ। ਸਰਦਾਰ ਨਾਨਕ ਸਿੰਘ ਤੇ ਮੋਹਨ ਸਿੰਘ ਬੱਗਾ ਦੇ ਫ਼ਿਲਮਸਾਜ਼ ਅਦਾਰੇ ਨਾਨਕ ਮੂਵੀਜ਼, ਬੰਬੇ ਦੀ ਸੁਭਾਸ਼ ਸੀ. ਭਾਖੜੀ ਨਿਰਦੇਸ਼ਿਤ ਫ਼ਿਲਮ 'ਰਾਂਝਾ ਇੱਕ ਤੇ ਹੀਰਾਂ ਦੋ' (1979) ਵਿੱਚ ਸੰਗੀਤਕਾਰ ਸੁਰਿੰਦਰ ਕੋਹਲੀ ਨੇ ਕੇ. ਦੀਪ ਤੇ ਦਿਲਰਾਜ ਕੌਰ ਕੋਲੋਂ ਮਜ਼ਾਹੀਆ ਗੀਤ 'ਮੇਰੇ ਬਾਬੂ ਸੂਰਦਾਸ ਜੀ...ਸੁਣ ਦੋਵਾਂ ਕੰਨਾਂ ਤੋਂ ਬੋਲ਼ੀ ਜੀ ਅੱਜ ਸਿਨਮਾ ਤੇ ਵਿਖਾਓ' ਗਵਾਇਆ। ਲੁਧਿਆਣਾ ਫ਼ਿਲਮਜ਼, ਬੰਬੇ ਦੀ ਧਰਮ ਕੁਮਾਰ ਨਿਰਦੇਸ਼ਿਤ ਫ਼ਿਲਮ 'ਸੁਖੀ ਪਰਿਵਾਰ' (1979) 'ਚ ਐੱਸ. ਮੋਹਿੰਦਰ ਨੇ ਆਪਣੇ ਸੰਗੀਤ ਵਿੱਚ



ਇੱਕ ਮਜ਼ਾਹੀਆ ਗੀਤ ਕੇ. ਦੀਪ ਤੇ ਜਗਮੋਹਨ ਕੌਰ ਕੋਲੋਂ ਗਵਾਇਆ 'ਸਾਡੇ ਮੂੰਹ ਵਿੱਚ ਪਾਣੀ ਆਵੇ ਜਦ ਉੱਡਦੇ ਦਿਸਣ ਦੁਪੱਟੇ...।'

ਪੰਜਾਬੀ ਫ਼ਿਲਮਾਂ ਤੋਂ ਇਲਾਵਾ ਪੰਜਾਬੀ ਲੋਕ ਮੌਸੀਕੀ ਵਿੱਚ ਵੀ ਕੇ. ਦੀਪ ਦਾ ਵੱਡਾ ਨਾਮ ਸੀ। ਪਤਨੀ ਜਗਮੋਹਨ ਕੌਰ ਨਾਲ ਜੋੜੀਦਾਰ ਵਜੋਂ ਇਨਾਂ ਨੇ ਮਸ਼ਹੂਰ ਜ਼ਮਾਨਾ ਗਰਾਮੋਫ਼ੋਨ ਰਿਕਾਰਡ ਕੰਪਨੀ ਈ. ਐੱਮ. ਆਈ. ਲਈ ਅਨੇਕਾਂ ਮਜ਼ਾਹੀਆ ਗੀਤਾਂ ਦੇ ਰਿਕਾਰਡ ਭਰਵਾਏ। 1979 ਵਿੱਚ ਈ. ਐੱਮ. ਆਈ. ਕੰਪਨੀ ਨੇ ਐੱਲ. ਪੀ. ਰਿਕਾਰਡ ਦੇ ਰੂਪ ਵਿੱਚ ਦੋਵਾਂ ਦਾ ਚੁਟਕਲਿਆਂ ਅਤੇ ਗੀਤਾਂ ਦਾ 40 ਮਿੰਟ ਦਾ ਲਾਈਵ ਕੰਸਰਟ 'ਸਟੇਜ ਪ੍ਰੋਗਰਾਮ ਕੇ. ਦੀਪ ਤੇ ਜਗਮੋਹਨ ਕੌਰ' (ਈਸੀਐੱਸਡੀ 3228) ਦੇ ਨਾਮ ਹੇਠ ਜਾਰੀ ਕੀਤਾ। ਇਸ ਰਿਕਾਰਡ ਦੇ ਗੀਤ ਬਾਬੂ ਸਿੰਘ ਮਾਨ, ਚਮਨ ਲਾਲ 'ਸ਼ੁਗਲ', ਕਾਂਸ਼ੀਰਾਮ ਗ਼ੁਲਾਮ, ਕੇ. ਦੀਪ, ਨੀਰੂ ਗੁਪਤਾ ਨੇ ਲਿਖੇ ਅਤੇ ਸੰਗੀਤ ਚਰਨਜੀਤ ਅਹੂਜਾ ਨੇ ਤਾਮੀਰ ਕੀਤਾ। ਈ. ਐੱਮ. ਆਈ ਕੰਪਨੀ ਨੇ ਹਾਸੇ ਅਤੇ ਚੁਲਬਲੇਪਨ ਨਾਲ ਭਰਪੂਰ ਤੇ 'ਮਾਈ ਮੋਹਣੋ' ਦੀ ਮਜ਼ਾਹੀਆ ਪੇਸ਼ਕਾਰੀ ਨਾਲ ਭਰਪੂਰ ਐੱਲ. ਪੀ. ਰਿਕਾਰਡ 'ਪੋਸਤੀ ਲੰਡਨ ਵਿੱਚ' (1979/ ਈਸੀਐੱਸਡੀ/ 3023) ਜਾਰੀ ਕੀਤਾ। ਲਿਖਤ ਕੇ. ਦੀਪ ਅਤੇ ਸੰਗੀਤਕਾਰ ਚਰਨਜੀਤ ਅਹੂਜਾ ਸਨ। 1981 ਵਿੱਚ ਈ. ਐੱਮ. ਆਈ. ਕੰਪਨੀ ਨੇ ਕੇ. ਦੀਪ ਤੇ ਜਗਮੋਹਨ ਕੌਰ ਦੇ ਗਾਏ ਗੀਤਾਂ ਦਾ ਐੱਲ. ਪੀ. ਰਿਕਾਰਡ (ਈਸੀਐੱਸਡੀ/ 30 46) ਜਾਰੀ ਕੀਤਾ। ਸਾਜਨ ਰਾਏਕੋਟੀ, ਜਸਵੰਤ ਸੰਦੀਲਾ, ਜੱਗਾ ਕੈਥ, ਅਵਿਨਾਸ਼ ਭਾਖੜੀ, ਭਜਨ ਸਿੰਘ ਸਰਕਾਰੀਆ, ਭੁੱਲਾ ਰਾਮ ਚੰਨ ਦੇ ਲਿਖੇ ਅਤੇ ਕੇ. ਐੱਸ. ਨਰੂਲਾ ਦੇ ਸੰਗੀਤ 'ਚ ਸਜੇ 'ਘੁੰਡ ਵਿੱਚ ਨਹੀਂ ਲੁਕਦੇ', 'ਵੇ ਮੈਂ ਬੋਤਲ ਵਰਗੀ', 'ਨਣਦੇ ਪੁਆੜੇ ਹੱਥੀਏ', 'ਮਾੜੇ ਦੀ ਜਨਾਨੀ ਭਾਬੀ ਸਭ ਦੀ' (ਜਗਮੋਹਨ ਕੌਰ), 'ਤੇਰਾ ਹੱਸਣਾ ਨੀ', 'ਕੱਚਾ ਵੇਖ ਨਾ ਲਿਆ ਟਣਕਾ ਕੇ' (ਕੇ. ਦੀਪ) ਆਦਿ ਤੋਂ ਇਲਾਵਾ ਦੋਵਾਂ ਦਾ ਗਾਇਆ 'ਲਵ ਜੂ ਲਵ ਜੂ ਕਰਦਾ' ਗੀਤ ਪੰਜਾਬੀ ਆਵਾਮ ਨੇ ਬੜੇ ਪਸੰਦ ਕੀਤੇ। 1981 ਵਿੱਚ ਹੀ ਈ. ਐੱਮ. ਆਈ. ਕੰਪਨੀ ਵੱਲੋਂ ਜਗਮੋਹਨ ਕੌਰ-ਕੇ. ਦੀਪ ਦੇ ਨਾਮ ਨਾਲ ਐੱਲ. ਪੀ. ਰਿਕਾਰਡ (ਈਸੀਐੱਸਡੀ/ 30 41) ਜਾਰੀ ਕੀਤਾ। ਚਰਨਜੀਤ ਅਹੂਜਾ ਦੇ ਸੰਗੀਤ ਵਿੱਚ ਆਏ ਗੀਤ 'ਨਾਂ ਵੀ ਸੋਹਣੀ ਹੈ ਵੀ ਸੋਹਣੀ', 'ਮਿਰਜ਼ਾ', 'ਹੀਰ ਦੀ ਕਲੀ', 'ਸੋਹਣੀ ਮਹੀਂਵਾਲ', 'ਛੱਲਾ', 'ਜੱਗਾ ਡਾਕੂ', 'ਸੁੱਚਾ ਤੇ ਬੀਰੋ', 'ਪੂਰਨ', 'ਕਾਵਾਂ ਵੇ ਕਾਵਾਂ' ਬੇਹੱਦ ਮਕਬੂਲ ਹੋਏ। ਈ. ਐੱਮ. ਆਈ ਕੰਪਨੀ ਵੱਲੋਂ ਰਿਲੀਜ਼ਸ਼ੁਦਾ 'ਪੋਸਤੀ ਕੈਨੇਡਾ ਵਿੱਚ' (1984/ ਜੀ/ਈਸੀਐੱਸਡੀ/3102) 'ਚ ਕੇ. ਦੀਪ ਦੇ ਲਿਖੇ ਤੇ ਸੰਗੀਤ ਵਿੱਚ ਤਿਆਰ ਗੀਤ 'ਪੋਸਤੀ ਕੈਨੇਡਾ ਵਿੱਚ-ਭਾਗ ਪਹਿਲਾ ਤੇ ਦੂਜਾ', 'ਚਾਅ ਅੱਲੜ ਕੁੜੀ ਨੂੰ ਮੁਕਲਾਵੇ ਦਾ', 'ਬੁੜਾ ਵੀ ਕਹਿੰਦਾ ਆਈ ਲਵ ਯੂ', 'ਸਾਲੀਆਂ ਤੋਂ ਜੀਜਾ ਕੁੱਟਵਾ ਤਾ', 'ਅਮਲੀ ਦੇ ਪੁੱਤਰਾ ਆਜਾ', 'ਛੜੇ ਹੁੰਦੇ ਨੇ ਛੜੇ' ਗੀਤ ਵੀ ਸਰੋਤਿਆਂ ਨੇ ਬੜੇ ਪਸੰਦ ਕੀਤੇ। 1985 ਵਿੱਚ ਈ. ਐੱਮ. ਆਈ. ਕੰਪਨੀ ਨੇ ਕੇ. ਦੀਪ ਤੇ ਜਗਮੋਹਨ ਕੌਰ ਦਾ ਐੱਲ. ਪੀ. ਰਿਕਾਰਡ 'ਰੱਖ ਲਿਆ ਮੇਮਾਂ ਨੇ' (ਈਸੀਐੱਸਡੀ 3123) ਜਾਰੀ ਕੀਤਾ। 1979 ਵਿੱਚ ਹੀ ਸੁਪਰ ਸਾਊਂਡ ਰਿਕਾਰਡਿੰਗ ਕੰਪਨੀ (ਐੱਸ. ਐੱਸ. ਆਰ./ ਐੱਲ. ਪੀ. 102 ਏ) ਵਿੱਚ ਗੁਰਨਾਮ ਸਿੰਘ ਸੱਗੂ ਦੇ ਸੰਗੀਤ ਵਿੱਚ 'ਹਿੱਟਸ ਆਫ਼ ਕੇ. ਦੀਪ ਤੇ ਜਗਮੋਹਨ ਕੌਰ' (1979) ਦੇ ਗਾਏ ਗੀਤਾਂ 'ਤੇਰੇ ਪਤਲੇ ਬੁੱਲਾਂ ਦੀਆਂ', 'ਰਾਤ ਗਈ ਕਰ ਤਾਰਾ ਤਾਰਾ' (ਕੇ. ਦੀਪ) ਅਤੇ ਦੋਵਾਂ ਦੇ ਗਾਏ ਗੀਤ 'ਛੱਤਰੀ ਦੀ ਛਾਂ ਕਰ ਲੈ', 'ਮੇਰੇ ਵੀਰ ਦਾ ਵਿਆਹ' ਤੋਂ ਇਲਾਵਾ 'ਮਾਈ ਮੋਹਣੋ' ਸੰਗੀਤ-ਸ਼ੌਕੀਨਾਂ ਵੱਲੋਂ ਪਸੰਦ ਕੀਤੇ ਗਏ।

ਬਾਕੀ ਸਫ਼ਾ 31 'ਤੇ

# ਬਾਗ਼ੀ ਨਾਲ ਲੰਘਾ ਵੇਲਾ

**ਬਿੱਟੂ ਅਰਪਿੰਦਰ ਸੇਖੋਂ**

**00491775304141**

ਗੱਲ ਚੁਰਾਸੀ ਤੋਂ ਮਗਰੋਂ ਦੀ ਹੈ, ਸਾਰੀਆਂ ਖ਼ਬਰਾਂ ਸੈਂਸਰ ਦੀ ਭੇਟ ਚੜੀਆਂ ਮਿਲਦੀਆਂ। ਹਰ ਘਰ, ਹਰੇਕ ਸੱਥ ਵਿੱਚ ਗੱਲ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੀ ਚਲਦੀ। ਪੁਲਿਸ ਵਾਲੇ ਵੀਰਾਂ ਰਾਹੀਂ ਸ੍ਰੀ ਅੰਮ੍ਰਿਤਸਰ ਤੋਂ ਆਈਆਂ ਤਬਾਹੀ ਦੀਆਂ ਖ਼ਬਰਾਂ ਕਦੇ ਉਦਾਸ ਕਰ ਦਿੰਦੀਆਂ ਤੇ ਕਦੇ ਜੁਝਾਰੂਆਂ ਦੀ ਬਹਾਦਰੀ ਦੇ ਕਿੱਸੇ ਮਾਣ ਨਾਲ ਸਿਰ ਉੱਚਾ ਕਰ ਦਿੰਦੇ। ਉਮਰ ਭਾਵੇਂ ਖੇਡਣ ਮੱਲਣ ਦੀ ਸੀ ਪਰ ਆਲੇ ਦੁਆਲੇ ਦੇ ਵਾਤਾਵਰਣ ਨੇ ਬੇਚੈਨ ਕੀਤਾ ਹੋਇਆ ਸੀ। ਨਿਆਣੇ ਸਾਂ, ਸੋਝੀ ਬਾਹਲੀ ਨਹੀਂ ਸੀ ਪਰ ਘਰ ਦਾ ਮਾਹੌਲ ਏਦਾਂ ਦਾ ਸੀ ਕਿ ਕੋਈ ਮਾਣ ਵਾਲੀ ਚੰਗੀ ਖ਼ਬਰ ਸੁਣਨ ਲਈ ਕੰਨ ਤਰਸਦੇ ਰਹਿੰਦੇ ਸਨ। 'ਸੰਤ ਜ਼ਿੰਦਾ ਹਨ' ਹਨ ਕਦੇ ਕਦੇ ਇਹ ਅਫ਼ਵਾਹ ਅੱਲੜ ਮਨ ਨੂੰ ਸਕੂਨ ਦੇ ਜਾਂਦੀ।

ਸਾਡੇ ਘਰ ਤੋਂ ਥੋੜੀ ਦੂਰ 'ਬਾਰੇ ਮਿਸਤਰੀ' ਦਾ ਘਰ ਸੀ । ਕੰਧਾਂ ਕੋਲਿਆਂ ਤੋਂ ਬਿਨਾਂ ਖੁੱਲਾ ਵਿਹੜਾ ਤੇ ਵਿਹੜੇ 'ਚ, ਤਰੇਕਾਂ, ਜਾਮਨੂੰ ਤੇ ਅਮਰੂਦਾਂ ਦੀ ਸੰਘਣੀ ਛਾਂਵੇਂ ਤਾਇਆ ਦਰਬਾਰਾ ਸਿਓਂ ਤਖ਼ਤਪੋਸ਼ ਤੇ ਮੋਟਰਾਂ ਬੰਨਦਾ ਰਹਿੰਦਾ। ਉਹਦੇ ਲਾਗੇ ਪਿਆ ਵਾਜਾ (ਰੇਡੀਓ) ਸਾਰਾ ਦਿਨ ਵੱਜਦਾ ਰਹਿੰਦਾ ਤੇ ਪੰਜ ਚਾਰ ਵੇਹਲੜ ਹਮੇਸ਼ਾ ਚੁਫੇਰੇ ਬੈਠੇ ਰਹਿੰਦੇ । ਦੁਪਹਿਰੇ ਅਕਾਸ਼ਬਾਣੀ ਜਲੰਧਰ ਤੋਂ ਢਾਈ ਵਜੇ ਦੀਆਂ ਖ਼ਬਰਾਂ ਵੇਲੇ ਗਾਲੜੀਆਂ ਦੀ ਗਿਣਤੀ ਵੱਧ ਜਾਂਦੀ। ਮਗਰੋਂ ਵਿਵਿਧ ਭਾਰਤੀ ਤੋਂ ਖ਼ਬਰਾਂ ਤੇ ਫਿਰ ਖੜਰ ਖੜਰ ਦੀ ਅਵਾਜ਼ ਨਾਲ ਲਾਹੌਰ ਰੇਡੀਓ ਸਟੇਸ਼ਨ ਵਾਲੀਆਂ ਖ਼ਬਰਾਂ ਵੀ ਸੁਣਦੇ। ਫਿਰ ਸ਼ਾਮ ਠੰਡੇ ਹੋਏ ਤੱਕ ਚੁੰਝ ਚਰਚਾ ਚਲਦੀ ਰਹਿੰਦੀ ।

ਗੱਲ ਛੇ ਜੂਨ ਤੋਂ ਠੀਕ ਮਹੀਨਾ ਮਗਰੋਂ ਦੀ ਹੈ ਜਦੋਂ ਕੁਝ ਸਿੱਖ ਨੌਜਵਾਨ ਛੇ ਜੁਲਾਈ ਨੂੰ ਹਿੰਦੁਸਤਾਨੀ ਜਹਾਜ਼ ਅਗਵਾ ਕਰਕੇ ਖਾਲਸੇ ਦੀ ਸਾਬਕਾ ਰਾਜਧਾਨੀ ਲਾਹੌਰ ਵੱਲ ਲੈ ਗਏ। ਤਾਏ ਦਰਬਾਰਾ ਸਿਓਂ ਦੇ ਰੇਡੂਏ ਦੁਆਲੇ ਖ਼ਬਰਾਂ ਸੁਣਨ ਵਾਲਿਆਂ ਦੀ ਭੀੜੀ ਹੋਰ ਵੱਧ ਗਈ ਭਾਵ ਸ੍ਰੀ ਦਰਬਾਰ ਸਾਹਿਬ ਤੇ ਹਮਲੇ ਤੋਂ ਬਾਅਦ ਆਈ ਪਹਿਲੀ ਚੜਦੀ ਕਲਾ ਵਾਲੀ ਖ਼ਬਰ ਸੁਣਨ ਲਈ ਹਰ ਕੋਈ ਉਤਾਵਲਾ ਸੀ। ਭਾਵੇਂ ਸਾਡੇ ਘਰ ਵੀ ਰੇਡੀਓ ਸੀ ਪਰ ਮਿਸਤਰੀ ਦੇ ਵਿਹੜੇ ਵਿਚਲੀ ਮਹਿਫ਼ਲ 'ਚ ਖ਼ਬਰਾਂ ਸੁਣਨ ਦਾ ਸਵਾਦ ਵੱਖਰਾ ਸੀ। ਵੱਖੋ ਵੱਖਰੀ ਚੁੰਝ ਚਰਚਾ, ਕਿਆਫ਼ੇ ਤੇ ਕਿਆਸ ਅਰਾਈਆਂ ਸਾਨੂੰ ਸੱਭ ਨੂੰ ਮੋਟੀਵੇਟ ਕਰਦੀਆਂ, ਮੈਂ ਵੀ ਘਰੋਂ ਅਖਬਾਰ ਲੈ ਕੇ ਪਹੁੰਚ ਜਾਂਦਾ ਤੇ ਅਗਵਾਕਾਰਾਂ ਦੀਆਂ ਖ਼ਬਰਾਂ ਪੜ ਕੇ ਸੁਣਾਉਂਦਾ। ਪੜਨ ਸੁਣਨ ਵਾਲਿਆਂ ਖ਼ਬਰਾਂ ਵਿਚ ਅਕਸਰ ਜ਼ਿਕਰ ਹੁੰਦਾ ਕਿ ਅਗਵਾਕਾਰ ਬੜੇ ਮਨਚਲੇ ਨੌਜਵਾਨ ਸਨ । ਉਨਾਂ ਕਿਸੇ ਵੀ ਯਾਤਰੀ ਨੂੰ ਤੰਗ ਨਹੀਂ ਕੀਤਾ ਸਗੋਂ ਸਫ਼ਰ ਦੌਰਾਨ ਉਹ ਯਾਤਰੀਆਂ ਨਾਲ ਹਾਸਾ ਮਜ਼ਾਕ ਕਰਦੇ ਰਹੇ ਤੇ ਕਿਸੇ ਵੀ ਯਾਤਰੀ ਜਾਂ ਜਹਾਜ਼ ਦਾ ਕੋਈ ਨੁਕਸਾਨ ਨਹੀਂ ਕੀਤਾ। ਦਰਅਸਲ ਇਹ ਇਕ ਰੋਸ ਵਿਖਾਵਾ ਸੀ, ਆਪਣੀ ਹੋਂਦ ਦਾ ਪ੍ਰਗਟਾਵਾ ਸੀ ਜੋ ਸਿੱਖ ਗੱਭਰੂਆਂ ਨੇ ਕੀਤਾ ਕਿ ਅਸੀਂ ਬੜਾ ਕੁਝ ਕਰ ਸਕਦੇ ਹਾਂ। ਉਸ ਤੋਂ ਬਾਅਦ ਨੌਜਵਾਨਾਂ ਵਿੱਚ ਇਕ ਜੋਸ਼ ਆਇਆ ਜੋ ਬਾਅਦ ਵਿੱਚ ਲਹਿਰ ਦਾ ਰੂਪ ਧਾਰ ਗਿਆ।

ਸਮਾਂ ਆਪਣੀ ਚਾਲੇ ਚੱਲਦਾ ਗਿਆ ਮੈਂ ਜਰਮਨ ਆ ਗਿਆ ਤੇ ਚੁਰਾਸੀ ਦੇ ਮਨਚਲੇ ਅਗਵਾਕਾਰ ਗਿਆਰਾਂ ਸਾਲਾਂ ਬਾਅਦ ਰਿਹਾ ਹੋ ਕੇ ਵੱਖ ਵਿਖ ਦਿਸ਼ਾਵਾਂ ਵੱਲ ਚੱਲੇ ਗਏ । ਇਕ ਮਨਚਲਾ ਅਗਵਾਕਾਰ ਜਿਸਦੀਆਂ ਖ਼ਬਰਾਂ ਮੈਂ ਨਿੱਕਾ ਹੁੰਦਾ ਤਾਏ ਮਿਸਤਰੀ ਦੇ ਰੇਡੂਏ ਤੋਂ ਸੁਣਦਾ ਹੁੰਦਾ ਸਾਂ ਜਰਮਨ ਆ ਗਿਆ 'ਭਾਈ ਗੁਰਦੀਪ ਸਿੰਘ ਪ੍ਰਦੇਸੀ' ਜਿਸਨੂੰ ਮੈਂ 'ਬਾਬਾ ਜੀ' ਕਹਿ ਕੇ ਬੁਲਾਉਨਾ ਹਾਂ। ਬਾਬਾ ਜੀ ਨੂੰ ਮੈਂ ਪਿਛਲੇ ਵੀਹ ਬਾਈ ਸਾਲਾਂ ਤੋਂ ਜਾਣਦਾ ਹਾਂ। ਦੋ ਦਹਾਕੇ ਪਹਿਲਾਂ




ਫਰੈਂਕਫੋਰਟ ਸਾਡਾ ਪੀਜ਼ਾ ਢਾਬਾ ਵੀ ਇਕੱਠਿਆਂ ਦਾ ਸੀ ਬੜਾ ਕੁਝ ਬਾਬਾ ਜੀ ਤੋਂ ਸਿੱਖਣ ਨੂੰ ਮਿਲਿਆ । ਹੁਣ ਵੀ ਕਿਸੇ ਵਿਸ਼ੇ ਤੇ ਕੋਈ ਦੁਬਿਧਾ ਹੋਵੇ ਤਾਂ ਖੁੱਲ ਕੇ ਵਿਚਾਰਾਂ ਕਰ ਲਈ ਦੀਆਂ ਹਨ। ਇਮਾਨਦਾਰੀ ਪੱਖੋਂ ਬਾਬਾ ਜੀ ਨਾਲ ਹੋਇਆ ਇਕ ਤਜੁਰਬਾ ਸਾਂਝਾ ਕਰਨ ਲੱਗਾ ਹਾਂ। ਉਨਾਂ ਦਿਨਾਂ ਦੀ ਗੱਲ ਹੈ ਜਦੋਂ **Pizzeria** ਚਲਾਉਣਾ ਸੀ ਤੇ ਪੈਸਿਆਂ ਦੀ ਕਮੀ ਆ ਗਈ। ਮਸ਼ਹੂਰੀ ਦੇ ਲਈ ਪੇਪਰ ਛਪਾਉਣੇ ਸਨ ਪਰ ਪੈਸੇ ਥੁੜ ਰਹੇ ਸਨ। ਮੈਂ ਬਾਬਾ ਜੀ ਨਾਲ ਗੱਡੀ ਵਿੱਚ ਬੈਠਾ ਸਾਂ ਕਿ ਬਾਬਾ ਜੀ ਮੈਨੂੰ ਗੱਡੀ ਵਿੱਚ ਬਿਠਾ ਕੇ ਸਿਟੀ ਬੈਂਕ 'ਚੋਂ ਪੈਸੇ ਲੈਣ ਗਏ ਸ਼ਾਇਦ ਕਿਸੇ ਨੂੰ ਦੇਣੇ ਸਨ। ਬੈਂਕ ਵਿੱਚ ਬੈਠੀ ਬੀਬੀ ਨੇ ਇਕ ਹਜ਼ਾਰ ਮਾਰਕ ਵੱਧ ਦੇ ਦਿੱਤਾ। ਜਦੋਂ ਬਾਬਾ ਜੀ ਨੇ ਕਾਰ ਵਿੱਚ ਬੈਠ ਕਿ ਪੈਸੇ ਗਿਣੇ ਤਾਂ ਹਜ਼ਾਰ ਵੱਧ ਸੀ। ਕਹਿੰਦੇ ਬਿੱਟੂ ਜੀ ਕੁੜੀ ਨੇ ਪੈਸੇ ਹਜ਼ਾਰ ਵੱਧ ਦੇਤਾ, ਮੈਂ ਸਹਿਜ ਸੁਭਾਅ ਈ ਕਹਿ ਦਿੱਤਾ, 'ਲਓ ਬਾਬਾ ਜੀ ਹੁਣ ਤੇ ਪੇਪਰ ਛਪਾਉਣ ਦਾ ਵੀ ਸਰ ਗਿਆ'। ਕਹਿੰਦੇ ਨਹੀਂ ਯਾਰ, 'ਵਿਚਾਰੀ ਕੁੜੀ ਨੂੰ ਪੈ ਜਾਣੇ, ਕਹਿਕੇ ਵਾਪਸ ਕਰ ਆਏ'।

ਇਸੇ ਤਰਾਂ ਜਦ ਕਦੇ ਕੰਮ ਤੋਂ ਵੇਹਲੇ ਹੋ ਕੇ ਬਹਿਣਾ ਤਾਂ ਕਹਿਣਾ ਬਾਬਾ ਜੀ ਕੋਈ ਜੇਲ ਦੀ, ਕੋਈ ਜਹਾਜ਼ ਅਗਵਾ ਵੇਲੇ ਦੀ ਕੋਈ ਗੱਲ ਸੁਣਾਓ। ਇਕ ਵਾਰ ਬਾਬਾ ਜੀ ਨੇ ਗੱਲ ਸੁਣਾਈ ਕਿ ਜਹਾਜ਼ ਅਗਵਾ ਦੌਰਾਨ ਜਦੋਂ ਆਪਾਂ ਵਿੱਚ ਅਸਮਾਨ ਸਾਂ ਜਹਾਜ਼ ਅਗਵਾ ਹੋ ਚੁੱਕਾ ਸੀ ਤਾਂ ਇਕ ਏਅਰ ਹੋਸਟੈਸ ਭੱਜ ਕੇ ਕਾਕਪਿਟ ਦਾ ਦਰਵਾਜ਼ਾ ਬੰਦ ਕਰਨ ਲੱਗੀ ਮੈਂ ਖਿੱਚ ਕੇ ਦਰਵਾਜ਼ੇ ਦੇ ਲੱਤ ਮਾਰੀ ਤੇ ਉਸ ਨੂੰ ਦਬਕਾ ਮਾਰਿਆ।

ਬਾਕੀ ਸਫ਼ਾ 31 'ਤੇ

## ਫ਼ਿਲਮ ''ਸਰਦਾਰ ਊਧਮ'' ਵਿਚ ਕਮਾਲ ਦਿਖਾਉਣਗੇ ਵਿੱਕੀ ਕੌਸ਼ਲ



ਮੁੰਬਈ : ਬਾਲੀਵੁੱਡ ਦੀ ਧੜਕਣ ਵਿੱਕੀ ਕੌਸ਼ਲ ਅੱਜ-ਕੱਲ ਆਪਣੀ ਆਉਣ ਵਾਲੀ ਫ਼ਿਲਮ 'ਸਰਦਾਰ ਊਧਮ' ਕਰਕੇ ਚਰਚਾ 'ਵਿਚ ਹਨ। ਇਸ ਫ਼ਿਲਮ ਨੇ ਜਿੱਥੇ ਆਲੋਚਕਾਂ ਨੂੰ ਪ੍ਰਭਾਵਿਤ ਕੀਤਾ ਹੈ, ਉੱਥੇ ਦਰਸ਼ਕਾਂ ਨੇ ਵੀ ਇਸ ਨੂੰ ਪਸੰਦ ਕੀਤਾ ਹੈ। ਇਹ ਫ਼ਿਲਮ ਦਰਸ਼ਕਾਂ 'ਚ ਹੁਣ ਖ਼ੂਬ ਉਤਸੁਕਤਾ ਜਗਾਉਂਦੀ ਰਹੀ ਹੈ। ਵਿੱਕੀ ਕੌਸ਼ਲ ਨੇ ਆਪਣੀ ਪ੍ਰਤਿਭਾ ਦੇ ਜਲਵੇ ਵਿਖਾਏ ਹਨ। ਉਹ ਦਿਲੋਂ ਸੱਚੇ ਪੰਜਾਬੀ ਹਨ ਤੇ ਇਸ ਬਾਰੇ ਕੋਈ ਦੋ ਰਾਇ ਨਹੀਂ ਹੋ ਸਕਦੀ। ਉਹ ਕਦੇ-ਕਦੇ ਪੰਜਾਬੀ ਗੀਤਾਂ 'ਚ ਵੀ ਵਿਖਾਈ ਦੇ ਜਾਂਦੇ ਹਨ। ਵਿੱਕੀ ਕੌਸ਼ਲ ਦਾ ਪੰਜਾਬੀ ਖ਼ਾਸਾ ਅੰਦਰੋਂ ਬਾਹਰ ਆਉਣ ਲਈ ਬੇਤਾਬ ਵਿਖਾਈ ਦਿੰਦਾ ਹੈ ਤੇ ਇਸ ਸਮੇਂ ਉਹ ਆਪਣੀ ਫ਼ਿਲਮ ਨੂੰ ਹਰ ਤਰਾਂ ਪ੍ਰੋਮੋਟ ਕਰਨ ਲਈ ਤਿਆਰ ਹਨ। ਉਨਾਂ ਜੈਜ਼ੀ ਬੀ ਦਾ ਗੀਤ 'ਊਧਮ ਸਿੰਘ' ਵਰਤਦਿਆਂ ਆਪਣੀਆਂ ਵਧੀਆ ਫ਼ਿਲਮਾਂ ਵਿਚੋਂ ਇੱਕ ਸ਼ੇਅਰ ਕੀਤੀ ਹੈ। ਇਹ ਗੀਤ ਦੋ ਦਹਾਕੇ ਪਹਿਲਾਂ ਫ਼ਿਲਮ 'ਸ਼ਹੀਦ ਊਧਮ ਸਿੰਘ' ਵਿਚ ਰਿਲੀਜ਼ ਕੀਤਾ ਗਿਆ ਸੀ। ਫ਼ਿਲਮ ਤੇ ਗੀਤ ਦੋਵਾਂ ਨੂੰ ਵੀ ਦਰਸ਼ਕਾਂ ਦਾ ਭਰਪੂਰ ਪਿਆਰ ਮਿਲਿਆ ਹੈ।ਇਸ ਫ਼ਿਲਮ ਦਾ ਟਰੇਲਰ ਵੇਖਣ ਤੋਂ ਬਾਅਦ ਕੋਈ ਸ਼ੱਕ ਬਾਕੀ ਨਹੀਂ ਹੈ ਕਿ ਇਸ ਕਿਰਦਾਰ ਲਈ ਚੁਣੇ ਗਏ ਉਹ ਪਰਫ਼ੈਕਟ ਅਦਾਕਾਰ ਹਨ। ਉਨਾਂ ਇੱਕ ਵਾਰ ਫਿਰ ਸਿੱਧ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਕਿਰਦਾਰ 'ਚ ਫ਼ਿੱਟ ਬੈਠ ਸਕਦੇ ਹਨ ਅਤੇ ਇੰਝ ਜਾਪਦਾ ਹੈ ਕਿ ਜਿਵੇਂ ਇਹ ਕਹਾਣੀ ਉਨਾਂ ਲਈ ਹੀ ਲਿਖੀ ਗਈ ਹੋਵੇ।

ਪ੍ਰਸ਼ੰਸਕਾਂ ਨੇ ਵਿੱਕੀ ਕੌਸ਼ਲ ਨੂੰ ਇੱਕ ਬਾਗ਼ੀਆਨਾ ਰੂਪ 'ਚ ਵੇਖ ਕੇ ਡਾਢੀ ਖ਼ੁਸ਼ੀ ਪ੍ਰਗਟਾਈ ਹੈ ਅਤੇ ਇੱਥੋਂ ਤੱਕ ਆਸ ਪ੍ਰਗਟਾਈ ਜਾ ਰਹੀ ਹੈ ਕਿ ਉਨਾਂ ਨੂੰ ਰਾਸ਼ਟਰੀ ਪੁਰਸਕਾਰ ਜ਼ਰੂਰ ਮਿਲੇਗਾ। ਪਹਿਲਾਂ ਵਿੱਕੀ ਕੌਸ਼ਲ ਨੂੰ ਸਿਮਰਨ ਕੌਰ ਧਦਲੀ, ਅਮਰਿੰਦਰ ਗਿੱਲ ਤੇ ਵਜ਼ੀਰ ਪਾਤਰ ਦੇ ਗੀਤ ਸੁਣਦਿਆਂ ਵੇਖਿਆ ਗਿਆ ਸੀ। ਇਸ ਅਦਾਕਾਰ ਨੇ ਦਰਸ਼ਕਾਂ ਦੇ ਦਿਲ ਕਈ ਵਾਰ ਜਿੱਤੇ ਹਨ ਅਤੇ ਉਹ 16 ਅਕਤੂਬਰ ਨੂੰ ਰਿਲੀਜ਼ ਹੋਣ ਵਾਲੀ ਫ਼ਿਲਮ 'ਸਰਦਾਰ ਊਧਮ' 'ਚ ਇੱਕ ਵਾਰ ਫਿਰ ਕਮਾਲ ਵਿਖਾਉਣ ਲਈ ਪੂਰੀ ਤਰਾਂ ਤਿਆਰ ਹਨ।

# ਫ਼ੌਜ ਵਿਚ ਭਰਤੀ ਲਈ ਪੰਜਾਬੀ ਫਾਡੀ

**ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ**

ਪੰਜਾਬ ਦੇ ਗੱਭਰੂ ਹਰ ਪੱਖੋਂ ਮੁਲਕ ਅਤੇ ਸੂਬੇ ਦਾ ਨਾਂ ਰੌਸ਼ਨ ਕਰਨ ਵਿਚ ਸਮਰੱਥ ਹਨ ਪਰ ਫ਼ੌਜ ਵਿਚ ਪੰਜਾਬੀਆਂ ਦੀ ਪ੍ਰਤੀਨਿਧਤਾ ਕਿਉਂ ਘਟ ਰਹੀ ਹੈ? ਰਾਜਸਥਾਨ ਦੇ ਰਾਜ ਸਭਾ ਮੈਂਬਰ ਨੀਰਜ ਡਾਂਗੀ ਵੱਲੋਂ ਫ਼ੌਜ ਵਿਚ ਵੱਖ ਵੱਖ ਰਾਜਾਂ ਦੇ ਜਵਾਨਾਂ ਤੇ ਅਫ਼ਸਰਾਂ ਬਾਰੇ ਪੁੱਛੇ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਰੱਖਿਆ ਮੰਤਰਾਲੇ ਨੇ ਦਰਜ ਕੀਤਾ ਕਿ ਜਵਾਨਾਂ ਤੇ ਜੇਸੀਓ ਰੈਂਕ ਤੱਕ 90,640 ਥਾਵਾਂ ਖਾਲੀ ਹਨ, ਹਵਾਈ ਸੈਨਾ ਵਿਚ 7104 ਅਤੇ ਸਮੁੰਦਰੀ ਫ਼ੌਜ ਵਿਚ 11,927 ਦੀ ਘਾਟ ਹੈ। ਰਾਜ ਸਭਾ ਵਿਚ ਪੇਸ਼ ਵੇਰਵਿਆਂ ਅਨੁਸਾਰ, ਬੀਤੇ ਤਿੰਨ ਸਾਲਾਂ ਦੌਰਾਨ ਹਰਿਆਣਾ ਵਿਚੋਂ 4,073 ਏਅਰਮੈਨ ਭਰਤੀ ਹੋਏ ਪਰ ਪੰਜਾਬ ਵਿਚੋਂ ਕੇਵਲ 247 ਹੀ ਸਨ। ਨੇਵੀ ਵਿਚ ਹਰਿਆਣਾ ਦੇ 1900 ਬਤੌਰ ਸੇਲਰ ਚੁਣੇ ਗਏ, ਪੰਜਾਬ ਦੀ ਗਿਣਤੀ 294 ਹੈ। ਫ਼ੌਜ ਵਿਚ ਭਰਤੀ ਬਾਰੇ ਹਾਲਤ ਕੋਈ ਬਿਹਤਰ ਨਹੀਂ। ਸਵਾਲ ਹੈ ਕਿ ਪੰਜਾਬ ਦੀ ਵਸੋਂ ਅਤੇ ਖੇਤਰ ਹਰਿਆਣਾ ਨਾਲੋਂ ਵੱਧ ਹੈ, ਫਿਰ ਘਾਟ ਕਾਹਦੀ ਹੈ?

ਅਫ਼ਸਰਾਂ ਦੀ ਘਾਟ ਦਾ ਜ਼ਿਕਰ ਕਰਦਿਆਂ ਰੱਖਿਆ ਰਾਜ ਮੰਤਰੀ ਨੇ ਦੱਸਿਆ ਕਿ ਥਲ ਸੈਨਾ 'ਚ 7912, ਹਵਾਈ ਸੈਨਾ 'ਚ 610, ਸਮੁੰਦਰੀ ਫ਼ੌਜ ਵਿਚ 1190, ਫ਼ੌਜੀ ਮੈਡੀਕਲ ਤੇ ਡੈਂਟਰ ਕੋਰ ਵਿਚ 444 ਡਾਕਟਰਾਂ ਦੀ ਘਾਟ ਹੈ ਤੇ ਨਰਸਿੰਗ ਸੇਵਾ ਵਿਚ 693 ਅਹੁਦੇ ਖਾਲੀ ਹਨ। ਇੱਥੇ ਇਹ ਦੱਸਣਾ ਵਾਜਿਬ ਹੋਵੇਗਾ ਕਿ ਅਫ਼ਸਰਾਂ ਦੀ ਚੋਣ ਮੈਰਿਟ ਦੇ ਆਧਾਰ ਤੇ ਹੁੰਦੀ ਹੈ, ਵਸੋਂ ਦੇ ਹਿਸਾਬ ਨਾਲ ਨਹੀਂ। 12 ਜੂਨ ਨੂੰ ਇੰਡੀਅਨ ਮਿਲਟਰੀ ਅਕੈਡਮੀ ਤੋਂ ਭਾਰਤ ਦੇ ਕੁੱਲ 341 ਜੈਂਟਲਮੈਨ ਕੈਡਿਟਸ ਨੇ ਕਮਿਸ਼ਨ ਹਾਸਲ ਕੀਤਾ। ਉਨ੍ਹਾਂ ਵਿਚ ਉੱਤਰ ਪ੍ਰਦੇਸ਼ ਦੇ 66, ਹਰਿਆਣਾ ਦੇ 38, ਉੱਤਰਾਖੰਡ ਦੇ 37, ਪੰਜਾਬ ਦੇ 32 ਅਤੇ ਬਾਕੀ ਹੋਰ ਸੂਬਿਆਂ ਦੇ ਸਨ। ਸਵਾਲ ਹੈ, ਜੇ ਪੰਜਾਬ ਦੇ 32 ਕੈਡਿਟ ਪਾਸ ਆਊਟ ਹੋਏ, ਉਨ੍ਹਾਂ ਵਿਚੋਂ 12 ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਸ ਇੰਸਟੀਚਿਊਟ (ਏਐੱਫਪੀਆਈ) ਮੁਹਾਲੀ ਦੇ ਸਨ ਤਾਂ ਬਾਕੀ ਪੰਜਾਬ ਦੇ ਹਿੱਸੇ ਤਾਂ 20 ਹੀ ਆਏ!




12 ਦਸੰਬਰ, 2020 ਨੂੰ 395 ਕੈਡਿਟ ਆਈਐੱਮਏ ਤੋਂ ਪਾਸ ਆਊਟ ਹੋਏ ਜਿਨ੍ਹਾਂ ਵਿਚ 70 ਮਿੱਤਰ ਮੁਲਕਾਂ ਦੇ ਵੀ ਸਨ। ਜਿਨ੍ਹਾਂ ਨੌਜਵਾਨਾਂ ਦੇ ਮੋਢਿਆਂ ਤੇ 2 ਸਟਾਰ ਸਜਾ ਕੇ ਲੈਫਟੀਨੈਂਟ ਦਾ ਰੈਂਕ ਦਿੱਤਾ ਗਿਆ, ਉਨ੍ਹਾਂ ਵਿਚ ਪਹਿਲਾ ਵਾਂਗ ਸਭ ਤੋਂ ਵੱਧ 50 ਉੱਤਰ ਪ੍ਰਦੇਸ਼, ਹਰਿਆਣਾ ਦੇ 45, ਪੰਜਾਬ ਤੇ ਕੇਰਲ ਦੇ ਬਰਾਬਰ 15-15, ਹਿਮਾਚਲ ਦੇ 10 ਤੇ ਬਾਕੀ ਦੂਜੇ ਰਾਜਾਂ ਨਾਲ ਸਬੰਧਤ ਸਨ। ਇਸੇ ਤਰਾਂ 13 ਜੂਨ, 2020 ਨੂੰ ਭਾਰਤੀ ਮੂਲ ਦੇ 333 ਕੈਡਿਟਾਂ ਨੇ ਕਮਿਸ਼ਨ ਪ੍ਰਾਪਤ ਕੀਤਾ ਜਿਨ੍ਹਾਂ ਵਿਚ 66 ਉੱਤਰ ਪ੍ਰਦੇਸ਼ ਦੇ, 39 ਹਰਿਆਣਾ, ਪੰਜਾਬ ਦੇ 25 ਅਤੇ ਬਾਕੀ ਦੂਜੇ ਰਾਜਾਂ ਤੋਂ ਸਨ। 7 ਦਸੰਬਰ, 2019 ਨੂੰ ਆਈਐੱਮਏ ਵਿਚੋਂ 427 ਕੈਡਿਟਾਂ ਨੇ ਕਮਿਸ਼ਨ ਹਾਸਲ ਕੀਤਾ ਸੀ। ਮਿੱਤਰ ਮੁਲਕਾਂ ਦੇ 80 ਕੈਡਿਟ ਛੱਡ ਕੇ ਬਾਕੀਆਂ ਵਿਚੋਂ ਫਿਰ ਸਭ ਤੋਂ ਵੱਧ 53 ਉੱਤਰ ਪ੍ਰਦੇਸ਼ ਦੇ, ਹਰਿਆਣਾ 51, ਬਿਹਾਰ 36 ਅੰਕੜੇ ਨਾਲ ਵੀ ਪੰਜਾਬ ਤੋਂ ਅੱਗੇ, 25 ਦਿੱਲੀ, ਮਹਾਰਾਸ਼ਟਰ 20, ਹਿਮਾਚਲ ਦੇ 15 ਅਤੇ ਪੰਜਾਬ ਦੇ ਕੇਵਲ 14 ਨੌਜਵਾਨਾਂ ਨੇ ਕਮਿਸ਼ਨ ਪ੍ਰਾਪਤ ਕੀਤਾ। ਜਨਵਰੀ 20 16 ਵਿਚ ਜੋ 520 ਕੈਡਿਟ ਪਾਸ ਆਊਟ ਹੋਏ, ਉਨ੍ਹਾਂ ਵਿਚੋਂ ਫਿਰ ਵੱਡੀ ਲੀਡ ਨਾਲ ਯੂਪੀ ਦੇ 98, ਹਰਿਆਣਾ ਨੇ ਵੀ ਆਪਣੀ ਲੀਡ ਬਰਕਰਾਰ ਰੱਖਦਿਆਂ 60 ਨੌਜਵਾਨਾਂ ਨੇ ਕਮਿਸ਼ਨ ਹਾਸਲ ਕੀਤਾ। ਉੱਤਰਾਖੰਡ ਦੇ 52 ਕੈਡਿਟ ਸਨ ਜਦਕਿ ਪੰਜਾਬ ਕੇਵਲ 29 ਨਾਲ ਫਿਰ ਫਾਡੀ ਰਿਹਾ। ਅੱਠ ਦਸੰਬਰ, 2012 ਨੂੰ ਆਈਐੱਮਏ ਤੋਂ 615 ਕੈਡਿਟ ਪਾਸ ਆਊਟ ਹੋਏ। ਵਿਦੇਸ਼ੀਆਂ ਨੂੰ ਛੱਡ ਕੇ ਬਾਕੀਆਂ ਵਿਚੋਂ ਸਿਰਫ 20 ਪੰਜਾਬੀ ਸਨ; ਹਰਿਆਣਾ ਦੇ 50 ਅਤੇ ਹਿਮਾਚਲ ਦੇ 22 ਗੱਭਰੂਆਂ ਨੇ ਕਮਿਸ਼ਨ ਪ੍ਰਾਪਤ ਕੀਤਾ।

ਹਰਿਆਣਾ ਤੇ ਹਿਮਾਚਲ ਤੋਂ ਇਲਾਵਾ ਉੱਤਰ ਪ੍ਰਦੇਸ਼, ਬਿਹਾਰ, ਉੱਤਰਾਖੰਡ ਤੇ ਬਾਕੀ ਸੂਬਿਆਂ ਤੋਂ ਵੀ ਨੌਜਵਾਨ ਫ਼ੌਜ ਦੇ ਅਫ਼ਸਰ ਬਣਨ ਲਈ ਅੱਗੇ ਆ ਰਹੇ ਹਨ ਪਰ ਪੰਜਾਬ ਕਿਉਂ ਪਛੜ ਰਿਹਾ ਹੈ? ਜੇ ਪੰਜਾਬ ਦੇ ਤਿੰਨ ਜੁਝਾਰੂਆਂ-ਤਰਨ ਤਾਰਨ ਜ਼ਿਲੇ ਦੇ ਲੈਫ. ਅਕਾਸ਼ਦੀਪ ਸਿੰਘ ਢਿੱਲੋਂ ਨੂੰ ਜੂਨ 2020 ਵਿਚ, ਲੈਫ. ਵਤਨਦੀਪ ਸਿੰਘ ਸਿੱਧੂ ਨੂੰ ਦਸੰਬਰ 2020 ਅਤੇ ਰੂਪਨਗਰ ਦੇ ਲੈਫ. ਹਰਪ੍ਰੀਤ ਸਿੰਘ ਨੂੰ ਅਫ਼ਸਰ ਟ੍ਰੇਨਿੰਗ ਅਕੈਡਮੀ ਤੋਂ ਮਾਰਚ ਵਿਚ 'ਸਵੋਰਡ ਆਫ ਆਨਰ' ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ ਤਾਂ ਫਿਰ ਪੰਜਾਬ ਦਾ ਸਮੁੱਚਾ ਅਨੁਪਾਤ ਕਿਉਂ ਘਟ ਰਿਹਾ ਹੈ? ਕੁੱਲ ਹਿੰਦ ਕਮਿਸ਼ਨ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਵਿਚੋਂ ਹਰਿਆਣਾ ਦੇ ਨੌਜਵਾਨਾਂ ਦਾ ਫ਼ੌਜ ਵਿਚ ਅਫ਼ਸਰੀ ਸਿਲੈਕਸ਼ਨ ਰੇਟ 10% ਤੱਕ ਪਹੁੰਚ ਗਿਆ ਹੈ ਪਰ ਪੰਜਾਬ ਦਾ ਗ੍ਰਾਫ 3.5% ਤੱਕ ਸੀਮਤ ਕਿਉਂ?

ਇਨ੍ਹਾਂ ਵੇਰਵਿਆਂ ਤੋਂ ਸਪੱਸ਼ਟ ਹੈ ਕਿ 2012 ਵਿਚ ਕਮਿਸ਼ਨ ਹਾਸਲ ਕਰਨ ਵਾਲਿਆਂ ਦੀ ਗਿਣਤੀ 615 ਕੈਡਿਟਾਂ ਵਿਚੋਂ 20 ਪੰਜਾਬੀ ਸਨ ਅਤੇ ਅੱਠ ਸਾਲਾਂ ਬਾਅਦ ਯਾਨੀਕਿ 12 ਦਸੰਬਰ, 2020 ਨੂੰ 325 ਭਾਰਤੀਆਂ ਵਿਚੋਂ ਵੀ 15 ਪੰਜਾਬੀ ਸਨ, ਫਿਰ ਵਾਧੇ ਵਾਲੀ ਸੂਈ ਕਿਉਂ ਅਟਕੀ ਰਹੀ? ਇਹੋ ਹਾਲਤ ਏਅਰ ਫੋਰਸ ਤੇ ਨੇਵੀ ਵਿਚ ਅਫਸਰ ਤੋਂ ਹੇਠਲੇ ਰੈਂਕ ਵਾਲਿਆਂ ਦੀ ਹੈ।

ਕੀ ਪੰਜਾਬ ਦੇ ਹਾਕਮਾਂ ਨੂੰ ਨੌਜਵਾਨਾਂ ਦੇ ਭਵਿੱਖ ਬਾਰੇ ਕੋਈ ਚਿੰਤਾ ਨਹੀਂ? ਨੌਜਵਾਨਾਂ ਦੀ ਪੰਜਾਬ ਵਿਚ ਘਾਟ ਨਹੀਂ, ਘਾਟ ਤਾਂ ਉਨ੍ਹਾਂ ਨੂੰ ਉਤਸ਼ਾਹਿਤ ਕਰਕੇ ਸਹੀ ਦਿਸ਼ਾ ਦੇਣ ਦੀ ਹੈ। ਜੇ ਸਿਆਸੀ ਨੇਤਾ ਪਰਿਵਾਰਵਾਦ, ਦੌਲਤਵਾਦ ਤੋਂ ਉਪਰ ਉਠ ਕੇ ਨੌਜਵਾਨਾਂ ਦੇ ਉੱਜਲ ਭਵਿੱਖ ਬਾਰੇ ਕਿਸੇ ਠੋਸ ਨੀਤੀ ਤਹਿਤ ਕੋਈ ਯੋਗ ਕਾਰਵਾਈ ਕਰਨਗੇ ਤਾਂ ਹੀ ਫ਼ੌਜ ਤੇ ਸਿਵਲ ਸਰਵਿਸਿਜ਼ ਵਿਚ ਪੰਜਾਬੀਆਂ ਦੀ ਗਿਣਤੀ ਵਧੇਗੀ। ਪੰਜਾਬ 'ਚ ਯੂਨੀਵਰਸਿਟੀਆਂ ਦੀ ਕੋਈ ਘਾਟ ਨਹੀਂ, ਅਣਗਿਣਤ ਕਾਲਜ ਤੇ ਪਬਲਿਕ ਸਕੂਲ ਵੀ ਹਨ ਜਿਨ੍ਹਾਂ ਵਿਚੋਂ ਕੁਝ ਸੰਸਥਾਵਾਂ ਕੋਲ ਐੱਨਸੀਸੀ ਸੰਚਾਲਨ ਵੀ ਹੈ। ਇਸ ਤੋਂ ਇਲਾਵਾ ਸੈਨਿਕ ਸਕੂਲ ਕਪੂਰਥਲਾ, ਇਰਦ-ਗਿਰਦ ਮਿਲਟਰੀ ਸਕੂਲਾਂ ਦੀ ਘਾਟ ਨਹੀਂ। ਫਿਰ ਮੁਹਾਲੀ, ਫ਼ਤਹਿਗੜ੍ਹ ਸਾਹਿਬ, ਖਡੂਰ ਸਾਹਿਬ ਤੇ ਹੋਰ ਅਨੇਕਾਂ ਅਰਧ ਸਰਕਾਰੀ ਪ੍ਰਾਈਵੇਟ ਕੋਚਿੰਗ ਸੈਂਟਰ, ਅਕਾਦਮੀਆਂ ਨੌਜਵਾਨਾਂ ਨੂੰ ਕਮਿਸ਼ਨ ਦੀ ਤਿਆਰੀ ਕਰਵਾਉਣ ਵਿਚ ਰੁੱਝੀਆਂ ਹੋਈਆਂ ਹਨ। ਐੱਨਸੀਸੀ ਡਾਇਰੈਕਟੋਰੇਟ ਸਮੇਤ ਸਾਰੀਆਂ ਸੰਸਥਾਵਾਂ ਇਸ਼ਤਿਹਾਰਾਂ ਜਾਂ ਖ਼ਬਰਾਂ ਜ਼ਰੀਏ ਆਪਣੀਆਂ ਉਪਲਬਧੀਆਂ ਗਿਣਾਉਂਦੀਆਂ ਥੱਕਦੀਆਂ ਨਹੀਂ ਪਰ ਅੰਕੜੇ ਚਿੰਤਾਜਨਕ ਦ੍ਰਿਸ਼ ਪੇਸ਼ ਕਰਦੇ ਹਨ।

ਫ਼ੌਜ ਵਿਚ ਨਾਮਵਰ ਖਿਡਾਰੀਆਂ ਵਾਸਤੇ ਸਿੱਧਾ ਨਾਇਬ ਸੂਬੇਦਾਰ ਅਤੇ ਹਵਾਲਦਾਰ ਦੀ ਭਰਤੀ ਵਾਸਤੇ ਨਿਰਧਾਰਤ ਸ਼ਰਤਾਂ ਤਹਿਤ ਦੋ ਫ਼ੀਸਦੀ ਕੋਟਾ ਹੈ ਜਿਸ ਦੇ ਤਹਿਤ ਨੀਰਜ ਚੋਪੜਾ ਸਿੱਧਾ ਜੇਸੀਓ ਭਰਤੀ ਕੀਤਾ ਗਿਆ। ਫਿਰ ਪੰਜਾਬੀਆਂ ਨੂੰ ਇਸ ਪੱਖੋਂ ਕਿਉਂ ਨਹੀਂ ਪ੍ਰੇਰਿਆ ਜਾ ਰਿਹਾ?

ਨਸ਼ਿਆਂ ਦੇ ਫੈਲਾਓ ਤੇ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਦੀ ਜਵਾਨੀ ਵਿਦੇਸ਼ਾਂ ਵੱਲ ਰੁਖ਼ ਕਰ ਰਹੀ ਹੈ। ਰਾਜਸੀ ਨੇਤਾ ਡੰਗ ਟਪਾਊ ਨੀਤੀ ਅਪਨਾ ਕੇ ਨਸ਼ਿਆਂ ਨੂੰ ਠੱਲ ਨਾ ਪਾ ਸਕੇ। ਇਸ ਸਮੇਂ ਸੂਬਾ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਗਾਰਡੀਅਨ ਆਫ ਗਵਰਨੈਂਸ ਵਿਚ ਤਜਰਬੇਕਾਰ ਉੱਚ ਕੋਟੀ ਦੇ ਅਫਸਰ ਹਨ। ਲੋੜ ਹੈ, ਉਨ੍ਹਾਂ ਨੂੰ ਨੌਜਵਾਨਾਂ ਨੂੰ ਪ੍ਰੇਰਨ ਅਤੇ ਸਿਖਲਾਈ ਦੇਣ ਦੇ ਕਾਰਜ ਵੀ ਸੌਂਪੇ ਜਾਣ। ਇਸ ਨਾਲ ਸੂਬੇ, ਨੌਜਵਾਨਾਂ ਅਤੇ ਫ਼ੌਜ ਦੀ ਭਲਾਈ ਹੋਵੇਗੀ।

# ਸਿੱਖ ਕੌਮਵਾਦ ਦਾ ਸਦੀਵੀ ਸੱਚ

**ਗਜਿੰਦਰ ਸਿੰਘ, ਦਲ ਖ਼ਾਲਸਾ**

ਜਦੋਂ ਅਸੀਂ ਇਹ ਆਖਦੇ ਹਾਂ ਕਿ ਸਿੱਖ ਇਕ ਵੱਖਰੀ ਕੌਮ ਹਨ, ਤਾਂ ਫੌਰੀ ਕਈ ਅੱਖਾਂ ਸਾਡੇ ਵੱਲ ਹੈਰਾਨੀ ਅਤੇ ਸ਼ੱਕ ਨਾਲ ਦੇਖਣਾ ਸ਼ੁਰੂ ਕਰ ਦਿੰਦੀਆਂ ਹਨ। ਇਹ ਸਵਾਲ ਇਕ ਲੰਮੇ ਸਮੇਂ ਤੋਂ ਕੇਵਲ ਪੰਜਾਬ ਵਿੱਚ ਹੀ ਨਹੀਂ, ਉਪ-ਮਹਾਂਦੀਪ, ਅਤੇ ਕਦੇ ਕਦੇ ਇਸ ਤੋਂ ਵੀ ਅੱਗੇ, ਆਲਮੀ ਪੱਧਰ 'ਤੇ ਵੀ ਚਰਚਾ ਦਾ ਵਿਸ਼ਾ ਬਣਦਾ ਚਲਿਆ ਆ ਰਿਹਾ ਹੈ। ਭਾਰਤੀ ਹਾਕਮ ਅਤੇ ਭਾਰਤ ਦੀਆਂ ਰਾਸ਼ਟਰੀ ਜਮਾਤਾਂ ਨੂੰ ਇਸ ਸਵਾਲ ਦੇ ਖੜੇ ਕੀਤੇ ਜਾਣ ਵਿੱਚੋਂ ਹਮੇਸ਼ਾ ਬਗ਼ਾਵਤ ਦੀ ਬੂ ਆਉਂਦੀ ਹੈ।

ਪੰਜਾਬ ਦੀ ਸਿਆਸਤ ਉਤੇ ਇਹ ਸਵਾਲ ਹਮੇਸ਼ਾ ਹਾਵੀ ਰਿਹਾ, ਕਦੇ ਵੱਧ ਤੇ ਕਦੇ ਘੱਟ। 1978 ਤੋਂ 92/93 ਤੱਕ ਸਿੱਖ ਸਿਆਸਤ ਪੂਰੀ ਤਰਾਂ ਇਸ ਵਿਚਾਰ ਦੇ ਨਾਲ ਜੁੜੀ ਰਹੀ ਹੈ, ਕੀ ਗਰਮ ਤੇ ਕੀ ਨਰਮ, ਸੱਭ ਸਿੱਖ ਜੱਥੇਬੰਦੀਆਂ 'ਸਿੱਖ ਇਕ ਵੱਖਰੀ ਕੌਮ' ਦਾ ਰਾਗ ਇਕ ਸੁਰ ਹੋ ਕੇ ਅਲਾਪਦੀਆਂ ਰਹੀਆਂ ਹਨ। ਖ਼ਾਲਿਸਤਾਨ ਸੰਘਰਸ਼ ਦੇ ਕੁੱਝ ਕਮਜ਼ੋਰ ਪੈਣ ਤੋਂ ਬਾਅਦ ਬਹੁਤ ਸਾਰੀਆਂ ਮੌਕਾਪ੍ਰਸਤ ਸਿੱਖ ਜਮਾਤਾਂ ਨੇ ਆਪਣੀ ਡਿਕਸ਼ਨਰੀ ਵਿੱਚ ਕੌਮ ਦੀ ਪ੍ਰੀਭਾਸ਼ਾ ਬਦਲ ਲਈ ਹੈ। ਸਿੱਖ ਸਿਆਸਤ ਵਿੱਚ ਸ਼ੁਰੂ ਤੋਂ ਹੀ ਇਹ ਸਵਾਲ ਕਿਸੇ ਲਈ ਉਸ ਦੀ ਵਚਨਬੱਧਤਾ ਰਹੀ ਹੈ ਤੇ ਕਿਸੇ ਲਈ ਸਿਆਸੀ ਮੌਕਾਪ੍ਰਸਤੀ।

1947 ਤੱਕ ਅੰਗਰੇਜ਼ੀ ਸਾਮਰਾਜੀ ਹਕੂਮਤ ਵੱਲੋਂ ਸਿੱਖਾਂ ਨੂੰ ਉਪ-ਮਹਾਂਦੀਪ ਦੀ ਸਿਆਸਤ ਵਿੱਚ ਹਿੰਦੂ ਤੇ ਮੁਸਲਮਾਨ ਦੇ ਬਰਾਬਰ ਹਮੇਸ਼ਾ ਤੀਜੀ ਧਿਰ ਅਥਵਾ ਕੌਮ ਵਜੋਂ ਮਾਨਤਾ ਪ੍ਰਾਪਤ ਰਹੀ ਹੈ। ਸਿੱਖਾਂ ਦੀ ਇਸ ਵਿਲੱਖਣ ਹੈਸੀਅਤ ਨੂੰ ਅਕਾਲੀ ਲੀਡਰਸ਼ਿਪ ਨੇ ਪੇਤਲਾ ਕੀਤਾ, ਬਿਨਾਂ ਕਿਸੇ ਵਿਧਾਨਿਕ ਗਾਰੰਟੀ ਦੇ ਹਿੰਦੁਸਤਾਨ ਨਾਲ ਰਹਿਣ ਦਾ ਫੈਸਲਾ ਕਰਕੇ। 1947 ਦੇ ਫੈਸਲੇ ਦੇ ਬਾਵਜੂਦ ਸਿੱਖ ਕੌਮ ਦੀ ਬਚੀ ਖੁਚੀ ਵਿਲੱਖਣ ਹੈਸੀਅਤ ਨੂੰ ਭਾਰੀ ਸੱਟ ਵੱਜੀ ਹੈ, ਬਾਦਲ ਦੀ ਲੀਡਰਸ਼ਿਪ ਵਿੱਚਲੇ ਅਕਾਲੀ ਦਲ ਦੇ ਬੀਜੇਪੀ ਵਰਗੀ ਹਿੰਦੂ ਜਮਾਤ ਨਾਲ ਰਿਸ਼ਤੇ ਕਰਕੇ। ਖ਼ਾਲਿਸਤਾਨ ਸੰਘਰਸ਼ ਦੇ ਜੁਝਾਰੂ ਦੌਰ, ਜਿਸ ਨੂੰ ਹੁਣ ਕੁੱਚਲ ਦਿੱਤਾ ਗਿਆ, ਜਾਂ ਖਤਮ ਹੋ ਗਿਆ ਕਿਹਾ ਜਾਂਦਾ ਹੈ, ਦੀ ਸੱਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਨੇ ਸਿੱਖ ਕੌਮ ਦੀ ਵਿਲੱਖਣ ਕੌਮੀ ਹੈਸੀਅਤ ਨੂੰ ਦੁਨੀਆਂ ਵਿੱਚ ਮੁੜ ਉਭਾਰਿਆ ਹੀ ਨਹੀਂ, ਬਲਕਿ ਕਾਫੀ ਹੱਦ ਤੱਕ ਮਨਵਾਇਆ ਵੀ ਹੈ। ਸਿੱਖ ਸਿਆਸਤ ਦੀ ਅੱਜ ਵੱਡੀ ਸਿਧਾਂਤਕ ਵੰਡ ਹੈ। ਇਹ ਹੈ ਕਿ ਇਕ ਪਾਸੇ ਉਹ ਜਮਾਤਾਂ ਹਨ ਜੋ ਸਿੱਖਾਂ ਨੂੰ ਇਕ ਵਿਲੱਖਣ ਕੌਮ, ਵਿਲੱਖਣ ਰਾਸ਼ਟਰ ਦੀ ਪ੍ਰੀਭਾਸ਼ਾ ਵਿੱਚ, ਮੰਨ ਕੇ ਅਜ਼ਾਦੀ ਲਈ ਲੜ ਰਹੀਆਂ ਹਨ ਅਤੇ ਦੂਜੇ ਪਾਸੇ ਉਹ ਜਮਾਤਾਂ ਹਨ ਜਿਹੜੀਆਂ ਸਿੱਖਾਂ ਨੂੰ ਵੱਖਰੇ ਧਰਮ ਦਾ ਤਾਂ ਮੰਨਦੀਆਂ ਹਨ ਪਰ ਰਾਸ਼ਟਰ ਦੀ ਪ੍ਰੀਭਾਸ਼ਾ ਵਿੱਚ ਕੌਮ ਨਹੀਂ ਮੰਨਦੀਆਂ ਅਤੇ ਇਨਾਂ ਦੀ ਲੜਾਈ ਵਧੇਰੇ ਹੱਕਾਂ ਤੋਂ ਅੱਗੇ ਨਹੀਂ ਜਾਂਦੀ। ਇਸ ਤੋਂ ਇਲਾਵਾ ਕੁੱਝ ਵਿੱਚ ਵਿਚਾਲੇ ਖੜੇ ਲੋਕ ਵੀ ਹਨ ਜੋ ਹਵਾ ਦੇ ਰੁੱਖ ਨਾਲ ਕਦੇ ਇਧਰ ਤੇ ਕਦੇ ਉਧਰ ਹੁੰਦੇ ਰਹਿੰਦੇ ਹਨ। ਦੁਨੀਆਂ ਦੀ ਕਿਸੇ ਵੀ ਪ੍ਰੀਭਾਸ਼ਾ ਦੀ ਤੱਕੜੀ ਵਿੱਚ ਤੋਲ ਕੇ ਦੇਖ ਲਿਆ ਜਾਵੇ, ਸਿੱਖ ਇਕ ਵੱਖਰੀ ਕੌਮ ਬਣਦੇ ਹਨ, ਕੇਵਲ ਹਿੰਦੂਆਂ ਜਾਂ ਹਿੰਦੁਸਤਾਨ ਤੋਂ ਹੀ ਨਹੀਂ, ਸਾਰੇ ਜੱਗ ਤੋਂ ਇਕ ਵਿਲੱਖਣ ਤੇ ਨਿਆਰੀ ਹੈਸੀਅਤ ਦੇ ਮਾਲਿਕ ਹਨ। ਇੱਕ ਕੌਮ ਦੇ ਸਾਰੇ ਗੁਣ ਲੱਛਣ ਸਿੱਖ ਭਾਈਚਾਰੇ ਵਿੱਚ ਮੌਜੂਦ ਹਨ, ਬਲਕਿ ਬਹੁਤਾਤ ਨਾਲ ਮੌਜੂਦ ਹਨ। ਆਪਣੀ ਬੋਲੀ ਤੇ ਲਿੱਪੀ, ਆਪਣਾ ਖਿੱਤਾ ਤੇ ਸਭਿਆਚਾਰ, ਆਪਣਾ ਧਰਮ ਤੇ ਇਤਹਾਸ, ਆਪਣਾ ਰਹਿਣ ਸਹਿਣ ਅਤੇ ਸੱਭ ਤੋਂ ਵੱਧ ਇੱਕ ਕੌਮ ਵਜੋਂ ਰਹਿਣ ਦੀ ਇੱਛਾ ਸ਼ਕਤੀ।

ਖੱਬੇਪੱਖੀ ਸੋਚ ਨੇ ਕੌਮ ਦੀ ਪ੍ਰੀਭਾਸ਼ਾ ਵਿੱਚੋਂ ਧਰਮ ਨੂੰ ਹਮੇਸ਼ਾ ਮਨਫੀ ਕਰ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ ਅਤੇ ਧਰਮ ਨੂੰ ਕੌਮ ਅਤੇ ਰਿਆਸਤ ਦੇ ਵਿਚਾਰ ਦਾ ਘਟਾਓ ਹੀ ਕਿਹਾ ਹੈ। ਖੱਬੇਪੱਖੀਆਂ ਦੇ ਇਹ ਵਿਚਾਰ ਉਨਾਂ ਦੇ ਆਪਣੇ ਧਰਮ ਪ੍ਰਤੀ ਨਿੰਦਕ ਵਿਚਾਰਾਂ ਕਰ ਕੇ ਹਨ, ਰਾਜਨੀਤੀ ਵਿਗਿਆਨ ਦੇ ਕਿਸੇ ਫਾਰਮੂਲੇ ਕਰ ਕੇ ਨਹੀਂ।

ਆਲਮੀ ਸਿਆਸਤ ਦਾ ਸੱਚ ਤਾਂ ਇਹ ਹੈ ਕਿ ਕਿਸੇ ਭਾਈਚਾਰੇ ਨੂੰ ਕੌਮ ਮੰਨਿਆ ਜਾਣਾ ਜਾਂ ਨਾ ਮੰਨਿਆ ਜਾਣਾ, ਮੰਨਣ ਵਾਲੇ ਦੇ ਸਿਆਸੀ ਲਾਭ ਹਾਨ ਨਾਲ ਜੁੜਿਆ ਹੋਇਆ ਹੁੰਦਾ ਹੈ, ਕਿਸੇ ਸਰਬ ਪ੍ਰਵਾਨਿਤ ਅਸੂਲ ਨਾਲ ਨਹੀਂ। ਅਗਰ ਇਜ਼ਰਾਇਲ ਅਮਰੀਕਾ ਤੇ ਯੂਰਪ ਦੇ ਹਿੱਤ ਵਿਚ ਹੈ ਤਾਂ ਯਹੂਦੀ ਇਕ ਕੌਮ ਹਨ ਅਤੇ ਜੇ ਪਾਕਿਸਤਾਨ ਮਜ਼ਹਬ ਦੀ ਬਿਨਾ ਤੇ ਬਣਨ ਦੇ ਬਾਵਜੂਦ ਰੂਸ ਅਤੇ ਕਮਿਉਨਿਸਟਾਂ ਨੂੰ ਠੀਕ ਲੱਗ ਜਾਏ ਤਾਂ ਸੱਭ ਠੀਕ ਹੈ। ਸਿੱਖਾਂ ਵਰਗੀ ਵਿਲੱਖਣ ਕੌਮ ਨੂੰ ਉਸਦੇ ਹੱਕਾਂ ਤੋਂ ਵਾਂਝੇ ਰੱਖਣਾ ਹੋਵੇ ਤਾਂ ਢੁੱਚਰਾਂ ਡਾਹੁਣ ਨੂੰ ਤਰਕ ਤੇ ਤਰਕ ਦਿੱਤੇ ਜਾ ਸਕਦੇ ਹਨ, ਪਰ ਜੇ ਵੱਡੀਆਂ ਤਾਕਤਾਂ ਦੀ ਮੇਹਰਬਾਨੀ ਤੇ ਕਿਸਮਤ ਸਾਥ ਦੇਣ ਲੱਗੇ ਤਾਂ 'ਨੌਰੂ' ਵਰਗੇ ਪਿੰਡ ਜਿੰਨੇ ਫਾਸਫੋਰਸ ਨਾਲ ਭਰਪੂਰ ਜ਼ਮੀਨ ਦੇ ਟੋਟੇ ਤੇ ਬਰੂਨਈ ਜਿਹੇ ਤੇਲ ਨਾਲ ਭਰਪੂਰ ਕਸਬੇ ਨੂੰ ਵੀ ਦੇਸ਼ ਤੇ ਕੌਮ ਵਜੋਂ ਮਾਨਤਾ ਦਿੱਤੀ ਜਾ ਸਕਦੀ ਹੈ।

ਕਿਸੇ ਭਾਈਚਾਰੇ ਨੂੰ ਕੌਮ ਦਾ ਰੁਤਬਾ ਮਿਲਣ ਜਾਂ ਖੁੱਸਣ ਵਿੱਚ ਕਈ ਵਾਰੀ ਇਤਿਹਾਸ ਦੀਆਂ ਮਿਹਰਬਾਨੀਆਂ ਤੇ ਸਿਤਮਜ਼ਰੀਫੀਆਂ ਦਾ ਵੀ ਬਹੁਤ ਵੱਡਾ ਰੋਲ ਹੁੰਦਾ ਹੈ। ਦੁਨੀਆਂ ਦੀਆਂ ਕਈ ਤਾਕਤਵਰ ਕੌਮਾਂ ਤੇ ਬਾਦਸ਼ਾਹਤਾਂ ਇਤਿਹਾਸ ਦੇ ਵਾਵਰੋਲਿਆਂ ਦੀ ਭੇਟ ਚੜ ਗਈਆਂ ਤੇ ਆਪਣਾ ਵਜੂਦ ਗਵਾ ਬੈਠੀਆਂ ਤੇ ਕਈ ਮਾਮੂਲੀ ਹੈਸੀਅਤ ਦੇ ਪਰ ਖੁਸ਼ਕਿਸਮਤ ਕਬੀਲੇ ਤਾਕਤਵਰ ਕੌਮਾਂ ਵਜੋਂ ਉਭਰ ਗਏ ਤੇ ਉਨਾਂ ਦੇ ਸਰਦਾਰ ਵੱਡੇ ਬਾਦਸ਼ਾਹ ਬਣੇ। ਅਜਿਹੀਆਂ ਬਦਕਿਸਮਤ ਤੇ ਖੁਸ਼ਕਿਸਮਤ ਕੌਮਾਂ ਦੀਆਂ ਮਿਸਾਲਾਂ ਨਾਲ ਇਤਿਹਾਸ ਦੀਆਂ ਕਿਤਾਬਾਂ ਭਰੀਆਂ ਪਈਆਂ ਹਨ।

ਸਿੱਖ ਇਤਹਾਸ ਦਾ ਪਹਿਲਾ ਦੌਰ ਗੁਰੂ ਨਾਨਕ ਸਾਹਿਬ ਤੋਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤੱਕ ਬਣਦਾ ਹੈ। ਜਦੋਂ ਖ਼ਾਲਸੇ ਦੀ ਸਾਜਨਾ ਨਾਲ ਸਿੱਖ ਭਾਈਚਾਰਾ ਮੁਕੰਮਲ ਵਿਲੱਖਣਤਾ ਹਾਸਿਲ ਕਰਦਾ ਹੈ। ਬੰਦਾ ਬਹਾਦੁਰ ਤੋਂ ਮਹਾਰਾਜਾ ਰਣਜੀਤ ਸਿੰਘ ਤੱਕ ਸਿੱਖਾਂ ਦੇ ਦੁਨੀਆਂ ਦੇ ਨਕਸ਼ੇ ਉਤੇ ਇਕ ਸਿਆਸੀ ਤਾਕਤ ਵਜੋਂ ਉਭਰਨ ਦਾ ਦੌਰ ਹੈ। 1849 ਵਿੱਚ ਸਿੱਖਾਂ ਹੱਥੋਂ ਪੰਜਾਬ ਦੀ ਸਿਆਸੀ ਤਾਕਤ ਖੁੱਸਣ ਤੋਂ 1947 ਤੱਕ ਅੰਗਰੇਜ਼ੀ ਸਾਮਰਾਜ ਦੇ ਖਿਲਾਫ ਉਪ-ਮਹਾਂਦੀਪ ਦੀਆਂ ਸਾਰੀਆਂ ਕੌਮਾਂ ਵੱਲੋਂ ਸਾਂਝੇ ਸੰਘਰਸ਼ ਦਾ ਦੌਰ ਹੈ ਅਤੇ 1947 ਤੋਂ ਅੱਜ ਤੱਕ ਮੋਟੇ ਰੂਪ ਵਿੱਚ ਸਿੱਖ ਆਗੂਆਂ ਦੀਆਂ ਗਲਤੀਆਂ, ਭਾਰਤ ਦੇ ਨਵੇਂ ਹਿੰਦੂ ਹਾਕਮਾਂ ਦੀਆਂ ਬੇਵਫ਼ਾਈਆਂ ਤੇ ਜ਼ਿਆਦਤੀਆਂ ਅਤੇ ਸਿੱਖਾਂ ਦੀਆਂ ਬਦਕਿਸਮਤੀਆਂ ਦਾ ਦੌਰ ਹੈ। ਖ਼ਾਲਿਸਤਾਨ ਸੰਘਰਸ਼ ਦਾ ਚੜਾ ਤੇ ਫਿਰ ਪਤਨ ਇਸ ਦੌਰ ਦਾ ਆਖਰੀ ਤੇ ਚੱਲਦਾ ਚੈਪਟਰ ਹੈ।

ਸਾਨੂੰ ਇਕ ਵਿਲੱਖਣ ਕੌਮ ਵਜੋਂ ਮਾਨਤਾ ਦਾ ਸਰਟੀਫਿਕੇਟ ਦਸਮ ਪਾਤਸ਼ਾਹ ਨੇ ਦਿੱਤਾ ਹੈ, ਜਿਸ ਲਈ ਦੁਨਿਆਵੀ ਮਾਨਤਾ ਹਾਸਿਲ ਕੀਤੀ ਸਿੱਖਾਂ ਨੇ ਇਕ ਸਦੀ ਲੰਮੇ ਸੰਘਰਸ਼ ਰਾਹੀਂ ਇਕ ਵਿਸ਼ਾਲ ਪੰਜਾਬ ਦੀ ਸੱਤਾ ਹਾਸਲ ਕਰਕੇ। ਇਸ ਮਾਨਤਾ ਨੂੰ ਕਾਇਮ ਰੱਖਣਾ ਹੈ ਅਸੀਂ ਆਪਣੀ ਇੱਛਾ ਸ਼ਕਤੀ ਨਾਲ ਤੇ ਮੁੜ ਮਨਵਾਉਣਾ ਹੈ, ਆਪਣੇ ਸੰਘਰਸ਼ ਨਾਲ। ਸੰਘਰਸ਼ ਦਾ ਇਹ ਚੱਲਦਾ ਚੈਪਟਰ ਹੈ, ਤੇ ਇਹ ਚੈਪਟਰ ਚੱਲਦਾ ਹੈ ਚੱਲਦੇ ਤੇ ਆਪਣੀ ਮੰਜ਼ਿਲ ਵੱਲ ਵੱਧਦੇ ਹੋਏ ਵਹੀਰ ਦੇ ਨਾਲ, ਇਸ ਵਹੀਰ ਦਾ ਮਾਰਚ ਕਦੇ ਨਹੀਂ ਰੁਕਣਾ ਚਾਹੀਦਾ।

# ਪਰਗਟ ਸਿੰਹਾ, ਇਹ ਖੇਡ ਮੰਤਰੀ ਵਾਲੀ ਕੁਰਸੀ ਦਾ ਤਾਜ ਕੰਡਿਆਂ ਦੀ ਸੇਜ ਨਾਲੋਂ ਘੱਟ ਨਹੀਂ, ਚੱਲਣਾ ਜ਼ਰਾ ਬਚ ਕੇ ਮੋੜ ਤੋਂ

**ਜਗਰੂਪ ਸਿੰਘ ਜਰਖੜ**
**9814300722**

ਪੰਜਾਬ ਵਿੱਚ ਕਾਂਗਰਸ ਸਰਕਾਰ ਦੇ ਤਿੰਨ ਮਹੀਨੇ ਬਾਕੀ ਹਨ ਚਾਰੇ ਪਾਸਿਆਂ ਤੋਂ ਸਿਆਸੀ ਕਲਾਬਾਜ਼ੀਆਂ ਅਤੇ ਧੋਬੀ ਪਟਕੇ ਵੱਜ ਰਹੇ ਹਨ, ਕੋਈ ਮੰਤਰੀ ਬਣ ਰਿਹਾ ਹੈ, ਕਿਸੇ ਨੂੰ ਮੰਤਰੀ ਦੇ ਅਹੁਦੇ ਤੋਂ ਹਟਾਇਆ ਜਾ ਰਿਹਾ ਹੈ। ਕੋਈ ਅਸਤੀਫਾ ਦੇ ਰਿਹਾ, ਕੋਈ ਨਵੇਂ ਅਹੁਦਾ ਦੀ ਭਾਲ ਵਿਚ ਉਡਾਰੀ ਮਾਰ ਰਿਹਾ ਹੈ। ਚਾਰੇ ਪਾਸੇ ਖਲਬਲੀ ਮਚੀ ਪਈ ਹੈ। ਪੰਜਾਬ ਦੀ ਸਿਆਸਤ ਵਿੱਚੋਂ ਕੈਪਟਨ ਦੇ ਦਿਨ ਪੁੱਗ ਗਏ ਹਨ, ਚਰਨਜੀਤ ਸਿੰਘ ਚੰਨੀ ਪੰਜਾਬ ਦਾ ਨਵਾਂ ਕੈਪਟਨ ਬਣ ਗਿਆ ਹੈ, ਸਿੱਧੂ ਦੀ ਮਿਜ਼ਾਈਲ ਦਾ ਕੋਈ ਪਤਾ ਨਹੀਂ ਚੱਲ ਰਿਹਾ ਕਿ ਕਦੋਂ ਅਤੇ ਕਿਵੇਂ ਕਿੱਧਰ ਨਾ ਚੱਲ ਜਾਵੇ, ਪੰਜਾਬ ਦੇ ਅਵਾਮ ਦੀਆਂ ਨਜ਼ਰਾਂ ਸਿਰਫ਼ ਰਾਜਨੀਤਕ ਆਗੂਆਂ ਦੀ ਵਰਤਮਾਨ ਕਾਰਗੁਜ਼ਾਰੀ ਤੇ ਲੱਗੀਆਂ ਹੋਈਆਂ ਹਨ, ਲੋਕ ਸਿਆਸਤ ਦੇ ਤੇਲ ਅਤੇ ਤੇਲ ਦੀ ਧਾਰ ਨੂੰ ਵੇਖ ਰਹੇ ਹਨ, ਫਿਰ ਹੀ ਉਨਾਂ ਨੇ ਇਹ ਫ਼ੈਸਲਾ ਲੈਣਾ ਹੈ ਕਿ 2022 ਵਿੱਚ ਅਗਲੀ ਸਰਕਾਰ ਕਿਸ ਦੀ ਬਣਾਉਣੀ ਹੈ ? ਪੰਜਾਬ ਦੀ ਸਿਆਸਤ ਦੇ ਆਉਣ ਵਾਲੇ ਤਿੰਨ ਮਹੀਨੇ ਬੜੇ ਨਾਜ਼ੁਕ ਹਨ, ਜਿਹੜਾ ਵੀ ਆਪਣੀ ਉਸਾਰੂ ਕਾਰਗੁਜ਼ਾਰੀ ਦਾ ਪ੍ਰਭਾਵ ਲੋਕਾਂ ਵਿੱਚ ਛੱਡ ਗਿਆ ਉਸਦੀ ਹੀ 2022 ਵਿਚ ਬੱਲੇ ਬੱਲੇ ਹੋਣੀ ਹੈ।

ਹਾਕੀ ਓਲੰਪੀਅਨ ਸਰਦਾਰ ਪਰਗਟ ਸਿੰਘ ਪੰਜਾਬ ਦੇ ਨਵੇਂ ਖੇਡ ਮੰਤਰੀ ਅਤੇ ਸਿੱਖਿਆ ਮੰਤਰੀ ਬਣੇ ਹਨ, ਦੇਸ਼ ਦੀ ਅਜ਼ਾਦੀ ਤੋਂ ਬਾਅਦ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਓਲੰਪੀਅਨ ਪੱਧਰ ਦੇ ਖਿਡਾਰੀ ਨੂੰ ਪੰਜਾਬ ਦਾ ਖੇਡ ਅਤੇ ਸਿੱਖਿਆ ਮੰਤਰੀ ਬਣਾਇਆ ਹੈ ਹੁਣ ਤਕ ਪੰਜਾਬ ਦੀ ਸਿਆਸਤ ਵਿਚ ਉਹ ਖੇਡ ਮੰਤਰੀ, ਸਿੱਖਿਆ ਮੰਤਰੀ ਬਣੇ ਹਨ ਜਿਨਾਂ ਨੂੰ ਨਾ ਹੀ ਕੋਈ ਖੇਡਾਂ ਬਾਰੇ ਗਿਆਨ ਸੀ ਨਾਂ ਹੀ ਪੜਾਈ ਦਾ ਇੱਲ ਤੇ ਕੁੱਕੜ ਆਉਂਦਾ ਸੀ। ਇਹ ਆਪਾਂ ਸਾਰਿਆਂ ਨੂੰ ਪਤਾ ਹੀ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਪਿਛਲੇ ਤਿੰਨ ਦਹਾਕਿਆਂ ਵਿੱਚ ਬਣੇ ਖੇਡ ਮੰਤਰੀ ਭਾਵੇਂ ਸੁਖਬੀਰ ਸਿੰਘ ਬਾਦਲ ਬਣਿਆ ਹੋਵੇ ਜਾਂ ਫੇਰ ਹਰਮਿੰਦਰ ਜੱਸੀ ਹੋਵੇ, ਗੁਲਜ਼ਾਰ ਸਿੰਘ ਰਣੀਕੇ ਹੋਵੇ ਜਾਂ



ਪਵਨ ਟੀਨੂੰ ਹੋਵੇ ਕਿ ਉਹ ਕਿਹੜੀ ਯੂਨੀਵਰਸਿਟੀ ਵਲੋਂ ਖੇਡੇ ਹਨ ? ਕਿਸੇ ਗੇਮ ਨੂੰ ਖੇਡਣਾ ਤਾਂ ਦੂਰ ਦੀ ਗੱਲ ਇਨਾਂ ਨੇ ਤਾਂ ਕਦੇ ਗੁੱਲੀ ਡੰਡਾ ਵੀ ਨਹੀਂ ਖੇਡਿਆ ਹੋਣਾ। ਬਸ ਖੇਡ ਮੰਤਰੀ ਬਣਨਾ ਇੱਕ ਉਨਾਂ ਦੀ ਇਕ ਰਾਜਸੀ ਖਾਨਾਪੂਰਤੀ ਹੀ ਸੀ। ਗੁਰਮੀਤ ਰਾਣਾ ਸੋਢੀ ਇਕ ਚੰਗਾ ਖਿਡਾਰੀ ਹੋ ਕੇ ਖੇਡ ਮੰਤਰੀ ਹੁੰਦਿਆਂ ਵੀ ਖਿਡਾਰੀਆਂ ਦੀਆਂ ਆਸਾਂ 'ਤੇ ਖ਼ਰਾ ਨਹੀਂ ਉਤਰ ਸਕਿਆ।

ਹੁਣ ਵਾਰੀ ਆ ਗਈ ਹੈ, ਓਲੰਪੀਅਨ ਪਰਗਟ ਸਿੰਘ ਦੇ ਖੇਡ ਅਤੇ ਸਿੱਖਿਆ ਮੰਤਰੀ ਬਣਨ ਦੀ , ਪਰ ਪਰਗਟ ਸਿੰਘ ਲਈ ਇਹ ਖੇਡ ਮੰਤਰੀ ਦਾ ਤਾਜ ਕਿਸੇ ਕੰਡਿਆਂ ਦੀ ਸੇਜ ਨਾਲੋਂ ਘੱਟ ਨਹੀਂ, ਕਿਉਂਕਿ ਅਹੁਦੇ ਦੇ ਨਾਲ ਨਾਲ ਇੱਕ ਵੱਡੀ ਜਿੰਮੇਵਾਰੀ ਵੀ ਹੈ।ਪਰ ਗੱਲ ਇਹ ਵੀ ਹੈ ਕਿ ਇਕੱਲੀਆਂ ਖੇਡਾਂ ਦਾ ਹੀ ਨਹੀਂ ਪੂਰੇ ਪੰਜਾਬ ਦਾ ਹੀ ਸਿਸਟਮ ਇੰਨਾ ਬਿਗੜ ਗਿਆ ਹੈ ਕਿ ਇਸ ਨੂੰ ਠੀਕ ਕਰਨਾ 'ਕੋਈ ਖਾਲਾ ਜੀ ਦਾ ਵਾੜਾ' ਨਹੀਂ ਹੈ। ਅੱਜ ਦੀ ਰਾਜਨੀਤੀ ਚਾਪਲੂਸਾਂ ਦੀ ਰਾਜਨੀਤੀ ਬਣਕੇ ਰਹਿ ਗਈ ਹੈ। ਸਿਆਣੇ ਬੰਦੇ, ਪੜੇ ਲਿਖੇ ਲੋਕ ਸਿਆਸਤ ਦੇ ਭ੍ਰਿਸ਼ਟ ਸਿਸਟਮ ਤੋਂ ਦੁਖੀ ਹੋ ਕੇ ਦੂਰ ਚਲੇ ਗਏ ਹਨ, ਇਸ ਵਕਤ ਬਹੁਤੇ ਖਿਡਾਰੀਆਂ ਦੀ ਹਾਲਤ ਭਿਖਾਰੀਆਂ ਵਰਗੀ ਹੈ। ਚੰਗੇ ਤੋਂ ਚੰਗਾ ਖਿਡਾਰੀ ਵੀ ਨੌਕਰੀ ਲਈ ਦਰ ਦਰ ਭਟਕਦਾ ਫਿਰਦਾ ਹੈ। ਅੱਜ ਵੱਡੀ ਲੋੜ ਹੈ, ਵੱਖ ਵੱਖ ਖੇਡ ਐਸੋਸੀਏਸ਼ਨਾਂ ਵਿਚ ਵੱਡੇ ਸੁਧਾਰਾਂ ਦੀ। ਬਹੁਤੀਆਂ ਖੇਡਾਂ ਦੀਆਂ ਜ਼ਿਲਾ ਪੱਧਰ ਅਤੇ ਰਾਜ ਪੱਧਰ ਦੀਆਂ ਚੈਪੀਅਨਸ਼ਿਪ ਨਹੀਂ ਹੋ ਰਹੀਆਂ ਹਨ। ਵੱਖ ਵੱਖ ਸਰਕਾਰੀ ਵਿਭਾਗਾਂ ਦੇ ਖੇਡ ਸੈਲ ਖ਼ਤਮ ਹੋ ਗਏ ਹਨ, ਵੱਖ-ਵੱਖ ਵਿਭਾਗਾਂ ਦੀਆਂ ਵੱਖ ਵੱਖ ਖੇਡਾਂ ਨਾਲ ਸਬੰਧਤ ਟੀਮਾਂ ਖਤਮ ਹੋ ਗਈਆਂ ਹਨ। ਖੇਡ ਵਿਭਾਗ ਕੋਲ ਨਾਮਾਤਰ ਕੋਚ ਹਨ, ਲੰਬੇ ਸਮੇਂ ਤੋਂ ਕੋਚਾਂ ਦੀ ਭਰਤੀ ਹੀ ਨਹੀਂ ਹੋਈ ਹੈ। ਸਕੂਲਾਂ ਕਾਲਜਾਂ ਦੇ ਖੇਡ ਵਿੰਗਾਂ ਦੀ ਠੋਸ ਪ੍ਰਕਿਰਿਆ ਹੋਣੀ ਚਾਹੀਦੀ ਹੈ। ਸਭ ਤੋਂ ਅਹਿਮ ਵਿਚਾਰ ਇਹ ਹੈ ਪੰਜਾਬ ਨੂੰ ਇੱਕ ਸਾਰਥਿਕ ਠੋਸ ਉਸਾਰੂ ਅਤੇ ਖਿਡਾਰੀਆਂ ਦੇ ਹਿੱਤ ਵਾਲੀ ਖੇਡ ਨੀਤੀ ਚਾਹੀਦੀ ਹੈ ਜੋ ਪਿਛਲੇ 70 ਸਾਲਾਂ ਵਿੱਚ ਨਹੀਂ ਬਣੀ ਹੈ। ਇਸੇ ਕਰਕੇ ਪੰਜਾਬ ਦੇ ਵਿੱਚ ਖੇਡਾਂ ਦੇ ਖੇਤਰ ਵਿੱਚ ਵੱਡਾ ਨਿਘਾਰ ਆਇਆ ਹੈ। ਜੇਕਰ ਪਰਗਟ ਸਿੰਘ ਵਿੱਚ ਦਮ ਹੈ, ਖਿਡਾਰੀਆਂ ਲਈ ਠੋਸ ਖੇਡ ਨੀਤੀ ਬਣਾਵੇ। ਜੇ ਖੇਡ ਨੀਤੀ ਬਣਾਉਣ ਦਾ ਦਮ ਹੈ ਤਾਂ ਅਮਰੀਕਾ ਅਤੇ ਚੀਨ ਦੀ ਖੇਡ ਨੀਤੀ ਦੀ ਨਕਲ ਕਰੇ, ਜੇ ਨਹੀਂ ਤਾਂ ਘੱਟੋ ਘੱਟ ਹਰਿਆਣਾ ਦੀ ਖੇਡ ਨੀਤੀ ਦੀ ਨਕਲ ਕਰਕੇ ਦੇਖ ਲਵੇ ਜੇ ਉਹ ਵੀ ਨਹੀਂ ਕਰ ਸਕਦਾ ਤਾਂ ਘੱਟੋ ਘੱਟ ਪੰਜਾਬ ਦੀ ਇੱਕ ਵੱਖਰੀ ਖੇਡ ਨੀਤੀ ਬਣਾਵੇ ਜੋ ਪੰਜਾਬ ਦੇ ਖਿਡਾਰੀਆਂ ਦਾ ਹਿੱਤ ਪੂਰਦੀ ਹੋਵੇ ਤਾਂ ਹੀ ਪੰਜਾਬ ਦੇ ਵਿੱਚ ਖੇਡਾਂ ਦਾ ਭਲਾ ਹੋ ਸਕਦਾ ਨਹੀਂ ਤਾਂ ਜਿਸ ਤਰਾਂ ਦੇ ਪਹਿਲਾਂ ਖੇਡ ਮੰਤਰੀ ਆਏ, ਗੱਲਾਂ ਬਾਤਾਂ ਅਤੇ ਬਿਆਨਬਾਜ਼ੀ ਨਾਲ ਹੀ ਖਿਡਾਰੀਆਂ ਦਾ ਢਿੱਡ ਭਰਦੇ ਰਹੇ ਉਸੇ ਤਰਾਂ ਦਾ ਹੀ ਪਰਗਟ ਸਿੰਘ ਦਾ ਕਾਰਜਕਾਲ ਹੋਵੇਗਾ। ਹੁਣ ਦੇਖਣਾ ਤਾਂ ਇਹ ਹੈ ਕਿ ਪਰਗਟ ਸਿੰਘ ਪੰਜਾਬ ਦੀ ਸਿਆਸਤ ਵਿੱਚ ਖੇਡ ਮੰਤਰੀ ਬਨਣ ਵਾਲਾ ਮੈਚ ਆਖਰੀ ਪਲਾਂ ਵਿਚ ਜਿੱਤਦਾ ਜਾਂ ਹਾਰਦਾ ਹੈ ? ਸਮਾਂ ਅਜੇ ਕੁੱਝ ਬਾਕੀ ਹੈ। ਪੰਜਾਬ ਦੇ ਖਿਡਾਰੀਓ ਵੀਰੋ, ਬਾਕੀ ਤੁਹਾਡਾ ਰੱਬ ਰਾਖਾ।



## ਕੈਲੀਫੋਰਨੀਆ ਵਿੱਚ...

ਉਹ ਬਹੁਤ ਮਿਲਾਪੜੇ ਸੁਭਾਅ ਵਾਲੇ ਅਤੇ ਹਰ ਇੱਕ ਦੀ ਮਦਦ ਕਰਨ ਵਾਲੇ ਇਨਸਾਨ ਸਨ ਕਿਤਾਬਾਂ ਪੜਣ ਅਤੇ ਪੜਾਉਣ ਪ੍ਰਤੀ ਸ. ਬਿੰਦ ਦੀ ਗੂੜੀ ਲਗਨ ਨੇ ਅਮਰੀਕਾ ਆਉਣ ਉਪਰੰਤ ਵੀ ਉਨਾਂ ਦਾ ਪਿੱਛਾ ਨਹੀਂ ਛੱਡਿਆ। ਅਮਰੀਕਾ ਆ ਕੇ ਕੈਲੀਫੋਰਨੀਆ ਦੇ ਕਰਮਨ ਕਸਬੇ ਵਿਚ ਪੰਜਾਬੀ ਲਾਇਬ੍ਰੇਰੀ ਦੀ ਬ੍ਰਾਂਚ ਖੁਲਵਾਈ। ਉੱਘੇ ਵਿਗਿਆਨੀ ਅਤੇ ਫਰੈਜ਼ਨੋਂ ਸਟੇਟ ਯੂਨੀਵਰਸਿਟੀ ਜੈਨੇਟਿਕ ਵਿਭਾਗ ਦੇ ਸਾਬਕਾ ਪ੍ਰੋਫੈਸਰ ਗੁਰੂਮੇਲ ਸਿੱਧੂ, ਜਿਨਾਂ ਦੀ ਸ. ਬਿੰਦ ਨਾਲ ਬੜੀ ਗੂੜੀ ਸਾਂਝ ਰਹੀ ਹੈ, ਦਾ ਕਹਿਣਾ ਹੈ ਕਿ ਇਹ ਲਾਇਬ੍ਰੇਰੀ ਕੇਵਲ ਕੈਲੀਫੋਰਨੀਆ ਵਿਚ ਹੀ ਨਹੀਂ, ਸਾਰੇ ਅਮਰੀਕਾ ਵਿਚ ਸੱਭ ਤੋਂ ਵੱਡੀ ਹੈ। ਅੱਜ ਇਸ ਲਾਇਬ੍ਰੇਰੀ ਵਿਚ ਪੰਜਾਬੀ ਦੇ ਸਮਕਾਲੀ ਲੇਖਕਾਂ ਅਤੇ ਕਲਾਸੀਕਲ ਸਿੱਖ ਸਾਹਿਤ ਦੀਆਂ ਅਣਗਿਣਤ ਪੁਸਤਕਾਂ ਹਨ ਜੋ ਬਿੰਦ ਹੋਰਾਂ ਦੀ ਸਾਹਿਤ ਨਾਲ ਜਾਣ ਪਹਿਚਾਣ ਸਦਕਾ ਅਮਰੀਕਾ ਵਿੱਚ ਪੰਜਾਬੀ ਦੀ ਇੱਕੋ-ਇੱਕ ਰੈਫਰੈਂਸ ਲਾਇਬ੍ਰੇਰੀ ਕਹੀ ਜਾ ਸਕਦੀ ਹੈ ਜਿੱਥੇ ਬੈਠ ਕੇ ਖੋਜ ਕੀਤੀ ਜਾ ਸਕਦੀ ਹੈ।
ਡਾ. ਗੁਰੂਮੇਲ ਸਿੱਧੂ ਨੇ ਕਿਹਾ ਕਿ ਸ. ਬਿੰਦ ਦੇ ਤੁਰ ਜਾਣ ਉੱਤੇ ਪੰਜਾਬੀ ਭਾਈਚਾਰੇ ਨੂੰ ਡਾਢਾ ਦੁੱਖ ਹੋਇਆ ਹੈ ਕਿਉਂਕਿ ਉਹ ਹਮੇਸ਼ਾ ਭਾਈਚਾਰੇ ਦੇ ਅੰਗ-ਸੰਗ ਰਹਿੰਦੇ ਹਨ। ਗਮੀ ਖੁਸ਼ੀ ਦੇ ਸਮਾਗਮਾਂ ਵਿਚ ਸ਼ਿਰਕਤ ਕਰਦੇ ਅਤੇ ਲਗਾਤਾਰ ਸੰਪਰਕ ਬਣਾਈ ਰਖਦੇ ਸਨ। ਪੰਜਾਬੀ ਭਾਈਚਾਰੇ ਨੂੰ ਅਜੇਹੇ ਗੁਣੀ ਬੰਦੇ ਦੀ ਦੇਣ ਦਾ ਰਿਣ ਤਾਰਨਾ ਚਾਹੀਦਾ ਹੈ। ਏਦਾਂ ਦੇ ਨੇਕ ਬੰਦਿਆਂ ਦਾ ਤੁਰ ਜਾਣਾ, ਜੀਵਨ ਵਿਚ ਖਾਲੀਪਣ ਦਾ ਅਹਿਸਾਸ ਦੁਆਉਂਦਾ ਹੈ।
ਸ. ਬਿੰਦ ਦੀ ਉਂਗਲ ਫੜ ਪੱਤਰਕਾਰੀ ਖੇਤਰ ਵਿੱਚ ਪੈਰ ਧਰਨ ਵਾਲੇ ਨੌਜਵਾਨ ਪੱਤਰਕਾਰ ਕੁਲਵੰਤ ਧਾਲੀਆਂ ਦਾ ਕਹਿਣਾ ਹੈ ਕਿ ਸ. ਜਗਜੀਤ ਸਿੰਘ ਸਾਹਮਣੇ ਪੱਤਰਕਾਰੀ ਵਿੱਚ ਮੇਰੀ ਹਾਲਤ ਬੱਚੇ ਵਰਗੀ ਸੀ। ਬਿੰਦ ਜੀ ਮੈਨੂੰ ਹਮੇਸ਼ਾ ਪੱਤਰਕਾਰੀ ਵਿੱਚ ਬੱਚਾ ਸਮਝਿਆ, ਮੈਨੂੰ ਅਤੇ ਮੇਰੇ ਸਾਥੀ ਪੱਤਰਕਾਰ ਨੀਟੇ ਮਾਛੀਕੇ ਨੂੰ ਸਮੇਂ ਅਤੇ ਹਾਲਾਤਾਂ ਨੂੰ ਸਮਝਦੇ ਹੋਏ ਛੋਟੇ ਬੱਚਿਆਂ ਵਾਂਗ ਘੂਰ ਵੀ ਲੈਂਦੇ ਸੀ ਅਤੇ ਪਿਆਰ ਵੀ ਕੀਤਾ। ਪ੍ਰਵਾਸੀ ਪੰਜਾਬੀ ਪੱਤਰਕਾਰੀ ਨੂੰ ਉਨਾਂ ਦੀ ਵੱਡੀ ਦੇਣ ਹੈ।
ਸ. ਜਗਜੀਤ ਸਿੰਘ ਬਿੰਦ ਦੀ ਦੇਹ ਦਾ ਸਸਕਾਰ 8 ਅਕਤੂਬਰ ਸ਼ੁੱਕਰਵਾਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ ਵਿਖੇ ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਦਰਮਿਆਨ ਹੋਵੇਗਾ। ਉਪਰੰਤ ਭੋਗ ਗੁਰਦੁਆਰਾ ਅਨੰਦਗੜ ਸਹਿਬ ਕਰਮਨ ਵਿਖੇ ਪਵੇਗਾ।
*ਹੋਰ ਜਾਣਕਾਰੀ ਲਈ ਉਨਾਂ ਦੇ ਪੁੱਤਰ ਸੁਰਿੰਦਰ ਸਿੰਘ ਬਿੰਦ (ਫੋਨ: ੫੫੯ ੮੯੨ ੮੩੫੪) ਜਾਂ ਜਵਾਈ ਮਹਿੰਦਰ ਸਿੰਘ ਬਦੇਸ਼ਾ (ਫੋਨ: ੫੫੯ ੭੫੫ ੪੪੭੮) ਸੰਪਰਕ ਕੀਤਾ ਜਾ ਸਕਦਾ ਹੈ।*

## ਮੀਡੀਆ ਦੇ ਦੋ ਪੱਤਰਕਾਰ...

ਰੇਸਾ ਨੇ ਗੁਇਲੇਰਮੋ ਕੈਨੋ ਵਰਲਡ ਪ੍ਰੈਸ ਫਰੀਡਮ ਇਨਾਮ 2021 ਵੀ ਜਿੱਤਿਆ, 2018 ਵਿੱਚ ਟਾਈਮ ਮੈਗਜ਼ੀਨ ਦਾ ਸਾਲ ਦਾ ਵਿਅਕਤੀ ਚੁਣਿਆ ਗਿਆ ਮੁਰਤੋਵ ਰੂਸੀ ਅਖ਼ਬਾਰ ਨੋਵਾਯਾ ਗਜ਼ੇਟ ਦੇ ਮੁੱਖ ਸੰਪਾਦਕ ਹਨ ਉਸਨੇ 1995 ਤੋਂ 2017 ਦੇ ਵਿੱਚ ਅਖ਼ਬਾਰ ਦਾ ਸੰਪਾਦਨ ਕੀਤਾ। ਪੱਤਰਕਾਰਾਂ ਦੀ ਸੁਰੱਖਿਆ ਲਈ ਕਮੇਟੀ ਦੇ ਅਨੁਸਾਰ , ਨੋਵੋਯਾ ਗਜ਼ੇਟਾ "ਅੱਜ ਰੂਸ ਵਿੱਚ ਰਾਸ਼ਟਰੀ ਪ੍ਰਭਾਵ ਵਾਲਾ ਇਕਲੌਤਾ ਸੱਚਮੁੱਚ ਆਲੋਚਨਾਤਮਕ ਅਖ਼ਬਾਰ ਹੈ"। ਸੀਪੀਜੇ ਨੇ ਅੱਗੇ ਕਿਹਾ, " ਸੁਤੰਤਰ ਰਿਪੋਰਟਿੰਗ ਨੂੰ ਹਾਸ਼ੀਏ 'ਤੇ ਰੱਖਣ ਵਿੱਚ ਕ੍ਰੇਮਲਿਨ ਦੀ ਸਫਲਤਾ ਦੇ ਬਾਵਜੂਦ, ਨੋਵਾਯਾ ਗਜ਼ੇਟਾ ਆਪਣੀ ਵਿਲੱਖਣ ਸਮਝੌਤਾ ਰਹਿਤ ਸੰਪਾਦਕੀ ਲਾਈਨ ਨਾਲ ਕਾਫ਼ੀ ਪ੍ਰਭਾਵ ਪਾਉਂਦਾ ਰਿਹਾ ਹੈ।"

## ਪੈਂਡੋਰਾ ਪੇਪਰਜ਼ ਨਾਮੀਂ...

ਇਹ ਖੁਲਾਸਾ ਕਾਫ਼ੀ ਮਹੱਤਵਪੂਰਨ ਹੈ, ਕਿਉਂਕਿ 2020 ਵਿੱਚ ਅਨਿਲ ਅੰਬਾਨੀ ਨੇ ਲੰਡਨ ਦੀ ਇੱਕ ਅਦਾਲਤ ਵਿੱਚ ਦੱਸਿਆ ਸੀ ਕਿ ਉਸ ਦੀ ਆਮਦਨ ਜ਼ੀਰੋ ਹੈ। ਉਨਾ ਦਾ ਇਹ ਬਿਆਨ ਚੀਨ ਦੀਆਂ ਤਿੰਨ ਸਰਕਾਰੀ ਬੈਂਕਾਂ ਵੱਲੋਂ ਉਹਨੇ ਉੱਤੇ ਕੀਤੇ ਗਏ ਮੁਕੱਦਮੇ ਦੀ ਸੁਣਵਾਈ ਸਮੇਂ ਸਾਹਮਣੇ ਆਇਆ ਸੀ।ਉਸ ਸੁਣਵਾਈ ਦੌਰਾਨ ਹੀ ਅੰਬਾਨੀ ਦੀਆਂ ਕਾਗਜ਼ੀ ਕੰਪਨੀਆਂ ਦਾ ਸਵਾਲ ਉਠਿਆ ਸੀ। ਇਸ ਤੋਂ ਤਿੰਨ ਮਹੀਨੇ ਬਾਅਦ ਅਦਾਲਤ ਨੇ ਅੰਬਾਨੀ ਨੂੰ ਹੁਕਮ ਦਿੱਤਾ ਸੀ ਕਿ ਉਹ ਬੈਂਕਾਂ ਨੂੰ 71.6 ਕਰੋੜ ਡਾਲਰ ਦੀ ਰਕਮ ਅਦਾ ਕਰੇ, ਪ੍ਰੰਤੂ ਅਨਿਲ ਅੰਬਾਨੀ ਨੇ ਭੁਗਤਾਨ ਨਹੀਂ ਕੀਤਾ ਤੇ ਕਿਹਾ ਕਿ ਉਸ ਦੀ ਵਿਦੇਸ਼ਾਂ ਵਿੱਚ ਕੋਈ ਸੰਪਤੀ ਨਹੀਂ ਹੈ। ਪੈਂਡੋਰਾ ਪੇਪਰਜ਼ ਖੁਲਾਸੇ ਤੋਂ ਬਾਅਦ ਅੰਬਾਨੀ ਦਾ ਝੂਠ ਬੇਨਕਾਬ ਹੋ ਗਿਆ ਹੈ। ਅੰਬਾਨੀ ਦੇ ਕੋਲ ਬਦੇਸ਼ਾਂ ਵਿੱਚ ਕਈ ਅਜਿਹੀਆਂ ਕੰਪਨੀਆਂ ਹਨ, ਜਿਨਾਂ ਰਾਹੀਂ ਬੈਂਕਾਂ ਤੋਂ ਕਰਜ਼ਾ ਲੈ ਕੇ ਨਿਵੇਸ਼ ਕੀਤਾ ਗਿਆ ਤੇ ਉਸ ਕੋਲ ਵੱਖ-ਵੱਖ ਥਾਵਾਂ ਉੱਤੇ ਅਥਾਹ ਸੰਪਤੀ ਹੈ, ਪਰ ਉਸ ਨੂੰ ਲੁਕੋ ਕੇ ਰੱਖਿਆ ਹੋਇਆ ਹੈ। ਇਹ ਸੱਚ ਸਾਹਮਣੇ ਆਉਣ ਤੋਂ ਬਾਅਦ ਅਨਿਲ ਅੰਬਾਨੀ ਦੇ ਵਕੀਲ ਨੇ ਆਮ ਵਾਂਗ ਸਾਰੇ ਦੋਸ਼ਾਂ ਨੂੰ ਨਕਾਰਿਆ ਹੈ।
ਦਸਤਾਵੇਜ਼ਾਂ ਮੁਤਾਬਕ ਸਚਿਨ ਤੇਂਦੁਲਕਰ, ਉਸ ਦੀ ਪਤਨੀ ਅੰਜਲੀ ਤੇਂਦੁਲਕਰ ਤੇ ਸਹੁਰੇ ਅਨੰਦ ਮਹਿਤਾ ਬ੍ਰਿਸ਼ ਵਰਜੀਨੀਆ ਆਈਲੈਂਡਜ਼, ਜੋ ਇੱਕ ਟੈਕਸ ਸਵਰਗ ਹੈ, ਸਥਿਤ 'ਸਾਸ ਇੰਟਰਨੈਸ਼ਨਲ ਲਿਮਟਿਡ' ਨਾਮੀ ਕੰਪਨੀ ਦੇ ਮਾਲਕ ਤੇ ਡਾਇਰੈਕਟਰ ਸਨ। ਪਨਾਮਾ ਪੇਪਰਜ਼ ਵਿੱਚ ਇਸ ਸੰਬੰਧੀ ਹੋਏ ਖੁਲਾਸੇ ਤੋਂ ਬਾਅਦ 2016 ਵਿੱਚ ਇਸ ਕੰਪਨੀ ਨੂੰ ਬੰਦ ਕਰ ਦਿੱਤਾ ਗਿਆ ਸੀ ਸ਼ ਕੰਪਨੀ ਬੰਦ ਕਰਨ ਸਮੇਂ ਵਾਪਸ ਖਰੀਦੇ ਗਏ ਸ਼ੇਅਰਾਂ ਵਿੱਚੋਂ 9 ਸਚਿਨ ਦੇ ਸਨ, ਜਿਨਾਂ ਦੀ ਕੀਮਤ 8 ਲੱਖ 56 ਹਜ਼ਾਰ 702 ਡਾਲਰ ਸੀ। ਅੰਜਲੀ ਦੇ 14 ਸ਼ੇਅਰਾਂ ਦੀ ਕੀਮਤ 13 ਲੱਖ 75 ਹਜ਼ਾਰ 714 ਡਾਲਰ ਸੀ। ਆਨੰਦ ਮਹਿਤਾ ਦੇ ਪੰਜ ਸ਼ੇਅਰਾਂ ਦੀ ਕੀਮਤ 4 ਲੱਖ 53 ਹਜ਼ਾਰ 82 ਡਾਲਰ ਸੀ। 90 ਸ਼ੇਅਰਾਂ ਵਾਲੀ ਇਸ ਕੰਪਨੀ ਦੇ ਕੁਲ ਸ਼ੇਅਰਾਂ ਦੀ ਕੀਮਤ ਲਗਭਗ 60 ਕਰੋੜ ਰੁਪਏ ਬਣਦੀ ਹੈ।ਸਚਿਨ ਤੇਂਦੁਲਕਰ ਫਾਊਂਡੇਸ਼ਨ ਦੇ ਸੀ ਈ ਓ ਨੇ ਵੀ ਇਨਾਂ ਦੋਸ਼ਾਂ ਦਾ ਖੰਡਨ ਕੀਤਾ ਹੈ।ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਵੱਡੇ ਧਨ-ਕੁਬੇਰਾਂ ਦੇ ਨਾਂਅ ਸਾਹਮਣੇ ਆਉਣਗੇ, ਜਿਨਾਂ ਆਪਣੀ ਕਾਲੀ ਕਮਾਈ ਨੂੰ ਛੁਪਾਉਣ ਲਈ ਨਵੇਂ ਨਵੇਂ ਰਾਹ ਕੱਢ ਲਏ ਹਨ।

### ਅੱਧੀ ਧਰਤੀ

ਹਾਂ ਕੁਦਰਤ ਦੀ ਦਾਤ ਅਸੀਂ ਵੀ,
ਜੀਵਨ ਜਿਉਣਾ ਚਾਹੀਏ ਹੂ।
ਚਾਰ ਚੁਫੇਰੇ ਫਿਰਨ ਭੇੜੀਏ,
ਕਿੱਦਾਂ ਮਾਸ ਬਚਾਈਏ ਹੂ।
ਚੰਮ ਦੇ ਭੁੱਖੇ, ਅੱਤ ਦੇ ਲੋਭੀ,
ਦਿਸਦੇ ਢੇਰ ਸਿਆਣੇ ਪਰ,
ਭੇਖੀ ਲਾਣੇ ਦੇ ਭੇਖਾਂ ਦੀ,
ਮਿਲ ਕੇ ਝੰਡ ਲੁਹਾਈਏ ਹੂ।
ਗੰਦ ਦਿਮਾਗਾਂ ਦੇ ਵਿਚ ਭਰਿਆ,
ਜਿੱਥੇ ਵੀ ਦਿਲ ਕਰਦਾ ਥੁੱਕਣ,
ਪਲ ਵਿਚ ਲੱਗੇ ਸਮਝ ਅਸਾਨੂੰ,
ਸਿੱਧੀ ਆਖ ਸੁਣਾਈਏ ਹੂ।
ਅੱਧੀ ਧਰਤੀ ਤੇ ਹੱਕ ਸਾਡਾ,
ਤੇ ਜੀਵਨ ਵੀ ਸਾਡਾ ਹੈ,
ਕਾਹਤੋਂ ਅਪਣਾ ਆਪ ਛੁਪਾ ਕੇ,
ਸਾਰੀ ਅਉਧ ਲੰਘਾਈਏ ਹੂ।
'ਰਾਜਨ' ਹੁਣ ਤੂੰ ਦੁਰਗਾ ਬਣ ਕੇ,
ਹੱਥੀਂ ਸਾਂਭ ਕਟਾਰੀ ਕਾਨੀ,
ਇਕ ਇਕ ਕਰ ਕੇ ਪਾਜ ਉਘਾੜੇ,
ਐਵੇਂ ਨਾ ਸ਼ਰਮਾਈਏ ਹੂ।

**ਰਾਜਨਦੀਪ ਕੌਰ ਮਾਨ**

## ਕੇਂਦਰੀ ਮੰਤਰੀ ਦਾ...

ਪਾਰਟੀ ਨੇ ਆਪਣੀ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਇਕਾਈ ਦੇ ਮੁਖੀਆਂ ਨੂੰ ਲਖੀਮਪੁਰ ਹਿੰਸਾ ਦੇ ਵਿਰੋਧ ਵਿੱਚ ਸੋਮਵਾਰ ਨੂੰ 'ਮੌਨ ਵਰਤ' ਮਨਾਉਣ ਲਈ ਕਿਹਾ ਹੈ। ਕੇਂਦਰੀ ਮੰਤਰੀ ਨੂੰ ਹਟਾਉਣਾ ਕਾਂਗਰਸ ਦੀ ਮੰਗਾਂ ਵਿੱਚੋਂ ਇੱਕ ਹੈ।
ਸੁਪਰੀਮ ਕੋਰਟ ਦੁਆਰਾ ਦਬਾਅ ਪਾਉਣ ਤੋਂ ਬਾਅਦ ਯੂਪੀ ਪੁਲਿਸ ਹਰਕਤ ਵਿੱਚ ਆਈ, ਜਿਸ ਨੇ ਵੀਰਵਾਰ ਨੂੰ ਸਰਕਾਰ ਤੋਂ ਪੁੱਛਿਆ ਕਿ ਇਸ ਮਾਮਲੇ ਦੇ ਸਬੰਧ ਵਿੱਚ ਹੁਣ ਤੱਕ ਇਸ ਨੇ ਕਿੰਨੀਆਂ ਗ੍ਰਿਫਤਾਰੀਆਂ ਕੀਤੀਆਂ ਹਨ, ਕਿਉਂਕਿ ਘਟਨਾ ਅਤੇ ਸੁਪਰੀਮ ਕੋਰਟ ਵਿੱਚ ਇਸ ਮਾਮਲੇ ਦੀ ਸੁਣਵਾਈ ਨੂੰ ਚਾਰ ਦਿਨ ਹੋ ਚੁੱਕੇ ਹਨ। ਜਦੋਂ ਪੁਲਿਸ ਨੇ ਆਸ਼ੀਸ਼ ਮਿਸ਼ਰਾ ਦੇ ਦੋ ਸਹਿਯੋਗੀ ਗ੍ਰਿਫਤਾਰ ਕੀਤੇ ਅਤੇ ਮਿਸ਼ਰਾ ਨੂੰ ਪੁੱਛਗਿੱਛ ਲਈ ਪੇਸ਼ ਹੋਣ ਲਈ ਤਲਬ ਕੀਤਾ, ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਉੱਤਰ ਪ੍ਰਦੇਸ਼ ਪੁਲਿਸ ਦੁਆਰਾ ਕੀਤੀ ਜਾਂਚ ਤੋਂ ਸੰਤੁਸ਼ਟ ਨਹੀਂ ਹੈ। ਦੂਜੇ ਪਾਸੇ ਨਵੀਂ ਦਿੱਲੀ ਦੇ ਪ੍ਰੈੱਸ ਕਲੱਬ ਵਿੱਚ ਵਿਸ਼ੇਸ਼ ਤੌਰ 'ਤੇ ਆਯੋਜਿਤ ਪ੍ਰੈਸ ਕਾਨਫਰੰਸ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਕਈ ਆਗੂਆਂ ਨੇ ਮੀਡੀਆ ਨੂੰ ਸੰਬੋਧਨ ਕੀਤਾ ਅਤੇ ਲਖੀਮਪੁਰ ਖੇੜੀ ਕਿਸਾਨ ਕਤਲੇਆਮ ਵਿੱਚ ਉਨ੍ਹਾਂ ਦੀਆਂ ਮੰਗਾਂ ਨੂੰ ਯਕੀਨੀ ਬਣਾਉਣ ਲਈ ਕਿਸਾਨਾਂ ਦੀਆਂ ਯੋਜਨਾਵਾਂ ਸਾਂਝੀਆਂ ਕੀਤੀਆਂ ਸਨ । ਜਿਸ ਵਿਚ ਕਿਹਾ ਸੀ ਐਸਕੇਐਮ ਨਿਆਂ ਲਈ ਇੱਕ ਸ਼ਾਂਤੀਪੂਰਨ ਅਤੇ ਲੋਕਤੰਤਰੀ ਜਨ ਅੰਦੋਲਨ ਸ਼ੁਰੂ ਕਰੇਗਾ। ਐਸਕੇਐਮ ਨੇ ਇੱਕ ਵਾਰ ਫਿਰ ਦੁਹਰਾਇਆ ਕਿ ਉਹ ਹੁਣ ਤੱਕ ਦੀ ਸਰਕਾਰ ਦੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਹੈ। ਐਸਕੇਐਮ ਮੰਗ ਕਰ ਰਿਹਾ ਹੈ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੇਨੀ ਨੂੰ ਸਰਕਾਰ ਤੋਂ ਬਰਖਾਸਤ ਕਰ ਦਿੱਤਾ ਜਾਵੇ ਅਤੇ ਨਫਰਤ, ਕਤਲ ਅਤੇ ਅਪਰਾਧਕ ਸਾਜ਼ਿਸ਼ ਫੈਲਾਉਣ ਦੇ ਦੋਸ਼ਾਂ ਵਿੱਚ ਗ੍ਰਿਫਤਾਰ ਕੀਤਾ ਜਾਵੇ, ਅਤੇ ਇਹ ਵੀ ਕਿ ਆਸ਼ੀਸ਼ ਮਿਸ਼ਰਾ (ਉਸਦਾ ਪੁੱਤਰ) ਅਤੇ ਉਸਦੇ ਸਾਥੀ (ਜਿਨ੍ਹਾਂ ਵਿੱਚੋਂ ਸੁਮਿਤ ਜੈਸਵਾਲ ਅਤੇ ਅੰਕਿਤ ਦਾਸ ਦੇ ਨਾਂ ਸਾਹਮਣੇ ਆਏ ਹਨ), ਇੱਕ ਰਜਿਸਟਰਡ ਐਫਆਈਆਰ ਵਿੱਚ ਕਤਲ ਦੇ ਦੋਸ਼ੀ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ।ਪ੍ਰੈਸ ਕਾਨਫਰੰਸ ਦੌਰਾਨ, ਬੀਕੇਯੂ ਦੀ ਅਗਵਾਈ ਕਰ ਰਹੇ ਹਰਪਾਲ ਸਿੰਘ ਬਿਲਾਰੀ ਨੇ ਕਿਹਾ ਕਿ ਗਾਜ਼ੀਪੁਰ ਸਰਹੱਦ 'ਤੇ ਕਿਸਾਨਾਂ ਦੇ ਵਿਰੋਧ ਨੂੰ ਯੂਪੀ ਦੇ ਤਰਾਈ ਖੇਤਰ ਦੇ ਕਿਸਾਨਾਂ ਨੇ ਸਮਰਥਨ ਦਿੱਤਾ। "ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਯੂਪੀ ਜੋ ਦੇਸ਼ ਨੂੰ ਵੱਧ ਤੋਂ ਵੱਧ ਪ੍ਰਧਾਨ ਮੰਤਰੀ ਦੇਣ ਲਈ ਜਾਣਿਆ ਜਾਂਦਾ ਹੈ, ਹਿੰਦੂ-ਮੁਸਲਿਮ ਅਤੇ ਹਿੰਦੂ-ਸਿੱਖ ਰਾਜਨੀਤੀ ਵਿੱਚ ਸ਼ਾਮਲ ਸੀ। ਭਾਜਪਾ ਦਾ ਏਜੰਡਾ ਚੋਣਾਂ ਵਿੱਚ ਹਿੰਦੂਆਂ ਅਤੇ ਸਿੱਖਾਂ ਨੂੰ ਵੰਡਣਾ ਹੈ ਪਰ ਉਹ ਬਿਲਕੁਲ ਵੀ ਸਫਲ ਨਹੀਂ ਹੋਣਗੇ।

### ਮਨੁੱਖਤਾ ਤੂੰ ਕਿੱਥੇ ਰਹਿੰਦੀ ਹੈਂ ?

ਕਿੱਥੇ ਰਹਿੰਦੀ ਹੈਂ ਤੂੰ ਮਨੁੱਖਤਾ ?
ਮੰਦਰ ਵਿੱਚ, ਮਸਜਿਦ ਵਿੱਚ, ਅਦਾਲਤ ਵਿੱਚ
ਕਿਸੇ ਦੇ ਦਿਲ ਵਿੱਚ ਜਾਂ ਖ਼ੂਨ ਵਿੱਚ ?
ਜਦ ਇਕ ਨਵ ਜੰਮਿਆ ਬੱਚਾ ਗਲਾ ਫ਼ਾੜ ਕੇ ਰੋਂਦਾ ਹੈ ਕੂੜੇ ਜਾਂ ਡਸਟਬਿਨ ਵਿੱਚ
ਜਦ ਨਵਜੰਮੇ ਬੱਚੇ ਦਾ ਮਾਸ ਕੁੱਤਾ ਜਾਂ ਸੂਰ ਖਾਂਦਾ ਹੈ ਉਦੋਂ ਤੂੰ ਕਿੱਥੇ ਹੁੰਦੀ ਹੈਂ ਮਨੁੱਖਤਾ ?
ਭੈਣ ਦੇ ਸ਼ੱਕ ਵਿੱਚ ਮਾਰ ਦਿੱਤਾ ਜਾਂਦਾ ਹੈ ਕਿਸੇ ਬੱਚੇ ਦੀ ਮਾਂ ਨੂੰ
ਨਿੱਕੇ ਨਿੱਕੇ ਬੱਚੇ ਉਡੀਕ ਵਿੱਚ ਬੈਠੇ ਰਹਿੰਦੇ ਹਨ ਆਪਣੇ ਮਾਂ ਬਾਪ ਦੀ
ਕਿਸੇ ਯਤੀਮਖਾਨੇ ਵਿੱਚ ਉਦੋਂ ਤੂੰ ਕਿੱਥੇ ਹੁੰਦੀ ਹੈਂ ਤੂੰ ਮਨੁੱਖਤਾ ?
ਜਦ ਲੋਕਾਂ ਦੇ ਖ਼ੂਨ ਨਾਲ ਲਹੂ ਵਿੱਚ ਭਿੱਜ ਜਾਂਦੇ ਹਨ ਰਸਤੇ- ਕਿਨਾਰੇ ਜਿਉਂਦਿਆਂ ਹੀ ਹੋ ਜਾਂਦੇ ਹਨ ਭਸਮ ਉਦੋਂ ਤੂੰ ਕਿੱਥੇ ਰਹਿੰਦੀ ਹੈਂ ਮਨੁੱਖਤਾ ?
ਰਾਹ ਚੌਰਸਤਿਆਂ ਵਿੱਚ ਦਿਨ ਕਟੀ ਕੱਟਣ ਵਾਲੀ
ਇਕ ਪਾਗਲ, ਬਲਾਤਕਾਰ ਤੋਂ ਮਗਰੋਂ ਜਦੋਂ ਗਰਭਵਤੀ ਹੋ ਜਾਂਦੀ ਹੈ
ਉਦੋਂ ਕਿੱਥੇ ਹੁੰਦੀ ਹੈ ਤੂੰ ਮਨੁੱਖਤਾ ?
ਜਦ ਕੋਈ ਡਾਕਟਰ ਵੇਚ ਦਿੰਦਾ ਹੈ ਇਮਾਨ
ਜਦ ਕੋਈ ਵਕੀਲ ਸੁੱਟ ਦਿੰਦਾ ਹੈ ਨਿਆਂ ਨੂੰ
ਜਦ ਕੋਈ ਅਫਸਰ ਇਕ ਮੁੱਠੀ ਚੌਲ ਦੇ ਨਾਂ 'ਤੇ
ਚਿਮਟੇ ਨਾਲ ਨੱਪ ਕੇ ਪਾਲਣਹਾਰਾ ਬਣਾ ਦਿੰਦਾ ਹੈ
ਕਿਸੇ ਗਰੀਬ ਨੂੰ ਉਦੋਂ ਤੂੰ ਕਿੱਥੇ ਰਹਿੰਦੀ ਹੈ ਮਨੁੱਖਤਾ ?
ਓ ਮਨੁੱਖਤਾ !
ਇੰਨਾ ਕੁੱਝ ਤੱਕ ਕੇ ਵੀ ਤੂੰ ਚੁੱਪ ਕਿਉਂ ਹੈਂ ?
ਕਿਵੇਂ ਜਗਾਵਾਂ ਮੈਂ ਤੈਨੂੰ
ਫੁੱਲਾਂ ਨਾਲ, ਦੀਵਾ ਬਾਲ ਕੇ ਜਾਂ ਖ਼ੂਨ ਨਾਲ
ਜਾਂ ਤੁਰਹੀ, ਸੰਗੇ ਅਤੇ ਮਾਂਦਲ ਦੇ ਕੋਮਲ ਸੁਰਾਂ ਨਾਲ
ਓ ਮਨੁੱਖਤਾ ! ਜਾਗ, ਤੂੰ ਜਾਗ ਜਾ !!
ਲੋਕਾਈ ਦੇ ਦਿਲਾਂ ਵਿੱਚ, ਮੰਦਿਰਾਂ ਵਿੱਚ, ਮਸਜਿਦਾਂ ਵਿੱਚ, ਸੰਸਾਰ ਦੇ ਕੋਨੇ- ਕੋਨੇ ਵਿੱਚ,
ਅਸਮਾਨ ਵਿੱਚ, ਹਵਾ ਵਿੱਚ
ਤੂੰ ਜਾਗ ਲੋਕਾਂ ਵਿੱਚ ਮਨੁੱਖਤਾ !

**ਭੁਪਿੰਦਰ ਕੌਰ ਪ੍ਰੀਤ**
98141-77954

### ਬੋਲੀਆਂ

ਵਿੱਥਾਂ ਦਿਲਾਂ ਵਿਚ ਪਾਈਆਂ ਵੇ,
ਐਥੇ ਕੀ ਜ਼ਮੀਨ ਵੰਡਣੀ,
ਕਾਹਨੂੰ ਕਰਦਾ ਲੜਾਈਆਂ ਵੇ।

ਪਾਣੀ ਵਗਦਾ ਪੀ ਲਈਏ,
ਚਾਰ ਦਿਨ ਜਿੰਦਗੀ ਦੇ,
ਹਸ ਖੇਡ ਕੇ ਜੀ ਲਈਏ।

ਜੁੰਦੇ ਦਿਲਾਂ ਨੂੰ ਵੀ ਰਾਹ ਸੱਜਣਾ,
ਜੋ ਇਨਾਂ ਵਿੱਚ ਪਾਉਣ ਵੰਡੀਆਂ,
ਜਾਂਦੇ ਨਰਕਾਂ ਦੇ ਰਾਹ ਸੱਜਣਾ।

ਘਰ ਦਿਲਾਂ 'ਚ ਬਣਾ ਜਾਈਏ,
ਪਿਆਰ ਵਾਲੇ ਬੋਲ ਬੋਲ ਕੇ,
ਠੰਡ ਸੀਨਿਆਂ 'ਚ ਪਾ ਜਾਈਏ।

ਖਾਲੀ ਕਲਮ ਦਾ ਵਾਰ ਨਾ ਜਾਵੇ,
ਦਰਦ ਵੰਡਾਵੇ ਲੋਕਾਂ ਦੇ
ਨਾਲੇ ਬਣ ਹਥਿਆਰ ਜਾਵੇ।

**ਰਾਜਨਦੀਪ ਕੌਰ ਮਾਨ**
6239326166




## ਹਾਸਰਸ ਗਾਇਕੀ ਦਾ

1981 ਵਿੱਚ ਈ. ਐਮ. ਆਈ. ਕੰਪਨੀ ਨੇ ਕੇ. ਦੀਪ ਤੇ ਜਗਮੋਹਨ ਕੌਰ ਦਾ ਈ. ਪੀ. ਰਿਕਾਰਡ 'ਸ਼ਾਹਾਂ ਦਾ ਕਰਜ਼ ਬੁਰਾ' ਜਾਰੀ ਕੀਤਾ। ਚਰਨਜੀਤ ਅਹੂਜਾ ਦੇ ਸੰਗੀਤ ਵਿੱਚ ਇਸ ਰਿਕਾਰਡ ਦੇ ਗੀਤ 'ਸ਼ਾਹਾਂ ਦਾ ਕਰਜ਼ ਬੁਰਾ' (ਜਗਮੋਹਨ ਕੌਰ) ਅਤੇ ਦੋਵਾਂ ਦੇ ਗਾਏ ਗੀਤ 'ਮੇਰਾ ਬੜਾ ਕਰਾਰਾ ਪੂਦਨਾ' ਤੇ 'ਰਾਤ ਕੱਟ ਕੇ ਡਰਾਈਵਰ ਤੁਰ ਜਾਣਗੇ' ਬੜੇ ਹਿੱਟ ਹੋਏ। ਈ. ਐਮ. ਆਈ. ਕੰਪਨੀ ਵੱਲੋਂ ਸ਼ਿਵ ਕੁਮਾਰ ਬਟਾਲਵੀ ਦੇ ਚੋਣਵੇਂ ਗੀਤਾਂ ਦਾ ਐਲ. ਪੀ. ਰਿਕਾਰਡ 'ਸ਼ਿਵ ਬਟਾਲਵੀ ਦੇ ਗੀਤ' (1973/ ਈਸੀਐਸਡੀ 1715) ਕੇ. ਦੀਪ ਤੇ ਜਗਮੋਹਨ ਕੌਰ ਦਾ ਸਭ ਤੋਂ ਮਕਬੂਲਤਰੀਨ ਤਵਾ ਸਾਬਤ ਹੋਇਆ। ਐਸ. ਮੋਹਿੰਦਰ ਦੇ ਸੰਗੀਤ ਵਿੱਚ ਸਜੇ ਗੀਤ 'ਰੋਗ ਬਣ ਕੇ ਰਹਿ ਗਿਆ', 'ਮਾਏ ਨੀਂ ਮੇਰੇ ਗੀਤਾਂ', 'ਮੈਨੂੰ ਤਾਂ ਮੇਰੇ ਦੋਸਤਾਂ', 'ਤੂੰ ਜੋ ਸੂਰਜ ਚੋਰੀ ਕੀਤਾ', 'ਪੁੰਨਿਆ ਦੇ ਚੰਨ ਨੂੰ', 'ਇੱਕ ਕੁੜੀ ਜੀਹਦਾ ਨਾਮ ਮੁਹੱਬਤ ਗੁੰਮ ਹੈ ਗੁੰਮ ਹੈ' (ਕੇ. ਦੀਪ) ਤੇ ਜਗਮੋਹਨ ਕੌਰ ਦੀ ਆਵਾਜ਼ ਵਿੱਚ 'ਜਦ ਪੈਣ ਕਪਾਹੀਂ ਫੁੱਲ ਵੇ', 'ਰਾਤ ਚਾਨਣੀ ਮੈਂ ਤੁਰਾਂ', 'ਚੀਰੇ ਵਾਲਿਆ' ਅਤੇ ਦੋਵਾਂ ਦਾ ਗਾਇਆ 'ਸ਼ਹਿਰ ਤੇਰੇ ਤਰਕਾਲਾਂ' ਗੀਤ ਹੱਦ ਦਰਜਾ ਪਸੰਦ ਕੀਤੇ ਗਏ। ਇਸ ਜੋੜੀ ਨੇ ਸੁਪਰ ਸਾਊਂਡ ਰਿਕਾਰਡਿੰਗ ਕੰਪਨੀ (ਐਸ. ਐਸ. ਆਰ./ ਐਲ. ਪੀ. 101 ਏ) ਨੇ 'ਸ਼ਬਦ ਅਤੇ ਧਾਰਮਿਕ ਗੀਤ' (1979) ਵੀ ਜਾਰੀ ਕੀਤਾ। ਕੇ. ਦੀਪ 22 ਅਕਤੂਬਰ 2020 ਨੂੰ 80 ਸਾਲਾਂ ਦੀ ਉਮਰੇ ਲੁਧਿਆਣਾ 'ਚ ਅਕਾਲ ਚਲਾਣਾ ਕਰ ਗਏ। ਉਨਾਂ ਦੀ ਇੱਕ ਧੀ ਦਾ ਨਾਮ ਗੁਰਪ੍ਰੀਤ ਕੌਰ 'ਬਿੱਲੀ' ਤੇ ਪੁੱਤਰ ਦਾ ਨਾਮ ਰਾਜਾ ਕੰਗ ਹੈ ਜਦੋਂ ਕਿ ਇਨਾਂ ਦੀ ਗੁਲੂਕਾਰਾ ਪਤਨੀ ਬੀਬੀ ਜਗਮੋਹਣ ਕੌਰ 6 ਦਸੰਬਰ 1997 ਨੂੰ ਹੀ ਫ਼ੌਤ ਹੋ ਗਈ ਸੀ।

## ਹਿਲਿੰਗਡਨ ਹਸਪਤਾਲ 'ਚ..

ਉਸਦੇ ਸਟਰੋਕ ਤੋਂ ਬਾਅਦ ਉਸਦੀ ਮਾਨਸਿਕ ਸਮਰੱਥਾ ਨੂੰ ਦੇਖਦਿਆਂ ਉਸਦੇ ਪਰਿਵਾਰ ਤੋਂ ਸਹਿਮਤੀ ਕਿਉਂ ਨਹੀਂ ਲਈ ਗਈ? ਇਸ ਨੂੰ ਲੁਕਾਉਣ ਦੀ ਕੋਸ਼ਿਸ਼ ਕਿਉਂ ਕੀਤੀ ਗਈ ਅਤੇ ਪਰਿਵਾਰ ਤੋਂ ਲਿਖਤੀ ਮੁਆਫੀ ਕਿਉਂ ਨਹੀ ਮੰਗੀ ਗਈ ? ਸਿੱਖ ਫੈਡਰੇਸ਼ਨ (ਯੂ.ਕੇ.) ਨੇ ਇਸ ਘਟਨਾ ਦੀ ਪੂਰੀ ਜਾਂਚ ਦੀ ਮੰਗ ਕੀਤੀ ਹੈ। ਪਰਿਵਾਰ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਮਰੀਜ਼ਾਂ ਨੂੰ ਅਜਿਹੀ ਦੁਰਵਰਤੋਂ ਤੋਂ ਬਚਾਉਣ ਵਾਲੇ ਕਾਨੂੰਨ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਲਈ ਹਿਲਿੰਗਡਨ ਹਸਪਤਾਲ ਐਨਐਚਐਸ ਫਾਉਂਡੇਸ਼ਨ ਟਰੱਸਟ ਉੱਤੇ ਮੁਕੱਦਮਾ ਕਰ ਸਕਦਾ ਹੈ।

ਸਿੱਖ ਫੈਡਰੇਸ਼ਨ (ਯੂ.ਕੇ.) ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੇ ਕਿਹਾ

'ਬਿਨਾਂ ਸਹਿਮਤੀ ਅਤੇ ਬਿਨਾਂ ਕਿਸੇ ਕਲੀਨਿਕਲ ਤਰਕ ਦੇ ਸਿੱਖ ਦੇ ਵਾਲਾਂ ਨੂੰ ਕੱਟੇ ਜਾਣ ਦੇ ਪ੍ਰਭਾਵ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਅਸੰਭਵ ਹੈ। ਇਹ ਮਰੀਜ਼ਾਂ ਦੇ ਮਨੁੱਖੀ ਅਧਿਕਾਰਾਂ ਅਤੇ ਉਸਦੇ ਵਿਸ਼ਵਾਸ ਦਾ ਅਭਿਆਸ ਕਰਨ ਦੇ ਉਸਦੇ ਅਧਿਕਾਰ ਦੀ ਘੋਰ ਉਲੰਘਣਾ ਹੈ ਜਿਸਦੇ ਲਈ ਸਾਰਿਆਂ ਨੂੰ ਹੈਰਾ ਕਰਨਾ ਬਣਦਾ ਹੈ।

'ਅਸੀਂ ਸਿਰਫ 71 ਸਾਲਾ ਸਟਰੋਕ ਪੀੜਤ ਦੀ ਮਾਨਸਿਕ ਤੰਦਰੁਸਤੀ ਲਈ ਇਸ ਘਿਣਾਉਣੇ ਕੰਮ ਦੇ ਸਦਮੇ ਦੀ ਕਲਪਨਾ ਕਰ ਸਕਦੇ ਹਾਂ, ਜੋ ਪਹਿਲਾਂ ਹੀ 6 ਹਫਤਿਆਂ ਤੋਂ ਜ਼ਿਆਦਾ ਸਮੇਂ ਤੋਂ ਪੀੜਤ ਹੈ।

'ਉਸਦਾ ਪਰਿਵਾਰ ਹਿਲਿੰਗਡਨ ਹਸਪਤਾਲ ਦੇ ਸਟਾਫ ਦੀਆਂ ਕਾਰਵਾਈਆਂ ਤੋਂ ਬਹੁਤ ਪ੍ਰੇਸ਼ਾਨ ਹੈ ਜਿਨਾਂ ਨੇ ਪਹਿਲਾਂ ਉਨਾਂ ਦੇ ਪਿਤਾ ਦੇ ਵਿਸ਼ਵਾਸ ਦਾ ਪੂਰੀ ਤਰਾਂ ਨਿਰਾਦਰ ਕੀਤਾ ਅਤੇ ਫਿਰ ਇਸ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਜਿਸ ਨਾਲ ਸਥਿਤੀ ਹੋਰ ਵੀ ਬਦਤਰ ਹੋ ਗਈ।

## ਦਿੱਲੀ ਦਾ ਰੇਲਵੇ...

ਏਨੀ ਭਾਵਨਾ ਸੀ ਮੇਰੇ ਦਿਲ ਵਿਚ ਝਾਂਸੀ ਲਈ ਅਤੇ ਝਾਂਸੀ ਕੀ ਰਾਣੀ ਲਈ। ਅੱਜ ਦੇ ਬੱਚੇ ਤਾਂ ਉਸ ਨੂੰ ਦੇਸ਼ ਭਗਤ ਮੰਨਦੇ ਹੀ ਨਹੀਂ, ਕਹਿੰਦੇ ਉਹ ਆਪਣੇ ਗੋਦੀ ਲਏ ਹੋਏ ਪੁੱਤਰ ਦੀ ਖਾਤਿਰ ਲੜੀ, ਆਪਣੀ ਝਾਂਸੀ ਬਚਾਉਣ ਲਈ ਲੜੀ, ਦੇਸ਼ ਦੀ ਉਸਨੂੰ ਕੀ ਪ੍ਰਵਾਹ ਸੀ ਵਗੈਰਾ ਵਗੈਰਾ, ਅੱਜ ਕੱਲ ਦੇ ਬੱਚੇ ਤਾਂ ਮਹਾਤਮਾ ਗਾਂਧੀ ਨੂੰ ਰਾਸ਼ਟਰ ਪਿਤਾ ਨਹੀਂ ਮੰਨਦੇ, ਉਸਦੇ ਬੁੱਤਾਂ ਦੀ ਨਿੰਦਾ ਕਰਦੇ ਹਨ, ਉਸ ਬਾਰੇ ਘਟੀਆ ਘਟੀਆ ਕਿੱਸੇ ਦੱਸਦੇ ਹਨ, ਪਤਾ ਨਹੀਂ ਕੌਣ ਉਨਾਂ ਨੂੰ ਐਸਾ ਪੜਾਉਂਦਾ ਹੈ।

ਮੈਂ ਬਾਹਰ ਨਿਕਲ ਕੇ ਦੇਖਿਆ, ਧਰਤੀ ਤਾਂ ਲਾਲ ਨਹੀਂ ਹੈ। ਆਮ ਧਰਤੀ ਵਰਗੀ ਹੀ ਹੈ। ਮਾਸਟਰ ਮਹਿੰਗਾ ਰਾਮ ਜੀ ਐਨਾ ਝੂਠ ਤਾਂ ਨਹੀਂ ਬੋਲ ਸਕਦੇ, ਫਿਰ ਕਿਤਾਬ ਵਿਚ ਭੀ ਲਿਖਿਆ ਹੈ। ਕਿਤਾਬ ਲਿਖਣ ਵਾਲਾ ਕਿਤੇ ਹਨੂੰਮਾਨ ਵਾਂਗ ਗੁੱਸੇ ਵਿਚ ਤਾਂ ਨਹੀਂ ਸੀ।

ਹਨੂੰਮਾਨ ਦੀ ਕਹਾਣੀ ਯਾਦ ਆ ਗਈ- ਕਹਿੰਦੇ ਹਨ ਕਿ ਤੁਲਸੀ ਦਾਸ ਜੀ ਰਮਾਇਣ ਲਿਖਣ ਦੇ ਨਾਲ ਨਾਲ ਸ਼ਾਮ ਨੂੰ ਰੋਜ ਸਤਸੰਗ ਵੀ ਕਰਦੇ ਹੁੰਦੇ ਸਨ। ਉਨਾਂ ਦਾ ਸਤਸੰਗ ਇੰਨਾ ਪ੍ਰਭਾਵਸ਼ਾਲੀ ਹੁੰਦਾ ਸੀ ਕਿ ਦੇਵਤੇ ਵੀ ਆ ਕੇ ਸੁਣਦੇ ਸਨ। ਇਕ ਦਿਨ ਸਵਾਮੀ ਤੁਲਸੀ ਦਾਸ ਜੀ ਕਥਾ ਵਿਚ ਸੀਤਾ ਮਾਤਾ ਦੀ ਕੈਦ ਬਾਰੇ ਦੱਸ ਰਹੇ ਸਨ। 'ਰਾਵਣ ਦੇ ਮਹਿਲ ਦੇ ਬਾਹਰ ਬਣੀ ਅਸ਼ੋਕ ਵਾਟਿਕਾ ਵਿਚ ਸੀਤਾ ਜੀ ਕੈਦ ਸਨ। ਕਈ ਰਾਖਸ਼ਣੀਆਂ ਪਹਿਰਾ ਦੇ ਰਹੀਆਂ ਸਨ। ਚਾਰੇ ਪਾਸੇ ਸਫੇਦ ਕਲੀਆਂ ਦੇ ਸੁਗੰਧਿਤ ਫੁਲ ਖਿੜੇ ਹੋਏ ਸਨ ਪਰ ਸੀਤਾ ਜੀ ਉਦਾਸ ਸਨ' ਜਦੋਂ ਹੀ ਤੁਲਸੀ ਜੀ ਨੇ ਇਹ ਕਿਹਾ ਸੰਗਤ ਵਿੱਚੋਂ ਅਵਾਜ ਆਈ 'ਚਿੱਟੇ ਨਹੀਂ ਲਾਲ ਫੁੱਲ ਖਿਲੇ ਹੋਏ ਸਨ। ਤੁਲਸੀ ਜੀ ਅਟਕ ਗਏ, ਫਿਰ ਅੱਗੇ ਬੋਲਣ ਲੱਗੇ 'ਚਾਰੇ ਪਾਸੇ ਚਿੱਟੇ ਸਫੇਦ ਫੁਲ ਖਿੜੇ ਹੋਏ ਸਨ' ਫਿਰ ਅਵਾਜ ਆਈ -ਚਿੱਟੇ ਨਹੀਂ ਲਾਲ ਫੁਲ ਖਿੜ ਰਹੇ ਸਨ। ਤੁਲਸੀ ਨੇ ਕਿਹਾ 'ਭਾਈ ਕੌਣ ਬੋਲੀ ਜਾਂਦਾ, ਅੱਗੇ ਆਓ ਤੇ ਜੋ ਕਹਿਣਾ ਹੈ ਇਥੇ ਆਕੇ ਕਹੋ' ਸੰਗਤ ਨੇ ਦੇਖਿਆ ਹਨੂੰਮਾਨ ਜੀ ਪ੍ਰਗਟ ਹੋ ਗਏ ਹਨ। ਬੋਲੇ, ਸਵਾਮੀ ਜੀ ਮੈਂ ਓਥੇ ਗਿਆ ਸੀ ਸੀਤਾ ਮਾਤਾ ਉਦਾਸ ਸੀ ਚਾਰੇ ਪਾਸੇ ਲਾਲ ਫੁੱਲ ਖਿੜੇ ਹੋਏ ਸਨ।

ਸਾਰੀ ਸੰਗਤ ਨੇ ਸੁਣਿਆ ਕਿ ਸਵਾਮੀ ਜੀ ਕਹਿ ਰਹੇ ਹਨ ਚਿੱਟੇ ਫੁੱਲ ਸਨ ਤੇ ਹਨੂੰਮਾਨ ਜੋ ਉਸ ਵਕਤ ਉੱਥੇ ਮੌਜੂਦ ਸਨ, ਉਹ ਦੱਸ ਰਹੇ ਹਨ ਕੀ ਲਾਲ ਸਨ। ਹੁਣ ਨਿਰਣਾ ਕਿਵੇਂ ਹੋਵੇ? ਸੰਗਤ ਬੋਲ ਪਈ, ਸਵਾਮੀ ਜੀ ਨਿਰਣਾ ਕਰੋ, ਹਨੂੰਮਾਨ ਤਾਂ ਆਪ ਉੱਥੇ ਸੀ ਜਿਸਨੇ ਗਵਾਹੀ ਦਿੱਤੀ ਹੈ ਤੇ ਤੁਹਾਡੇ ਕੋਲ ਕੀ ਸਬੂਤ ਹੈ ਕਿ ਫੁਲ ਚਿੱਟੇ ਸਨ। ਤੁਸੀਂ ਹਜਾਰਾਂ ਸਾਲ ਬਾਦ ਪੈਦਾ ਹੋਏ ਹੋ। ਤੁਲਸੀ ਜੀ ਨੇ ਪ੍ਰਾਰਥਨਾ ਕੀਤੀ। ਸ੍ਰੀ ਰਾਮ ਜੀ ਆਪ ਪ੍ਰਗਟ ਹੋ ਗਏ, ਹਨੂੰਮਾਨ ਉਨਾਂ ਦੇ ਚਰਨਾਂ ਵਿਚ ਝੁਕ ਗਿਆ। ਸ੍ਰੀ ਰਾਮ ਜੀ ਬੋਲੇ -'ਹਨੂੰਮਾਨ, ਫੁਲ ਚਿੱਟੇ ਹੀ ਸਨ ਪੁੱਤਰ। ਤੂੰ ਬਹੁਤ ਕ੍ਰੋਧ ਵਿਚ ਸੀ, ਤੇਰੀਆਂ ਅੱਖਾਂ ਲਾਲ ਸਨ ਇਸ ਲਈ ਤੈਨੂੰ ਫੁਲ ਵੀ ਲਾਲ ਦਿਸ ਰਹੇ ਸਨ।'

ਮੈਂ ਸੋਚਿਆ ਉਸ ਕਵੀ ਨੂੰ, ਜਿਸਨੇ ਲਿਖਿਆ ਹੈ ਕਿ ਝਾਂਸੀ ਦੀ ਧਰਤੀ ਲਾਲ ਹੋ ਗਈ ਸੀ ਜੋ ਅੱਜ ਤੱਕ ਵੀ ਲਾਲ ਹੈ, ਕਿਤੇ ਇਹ ਹਨੂੰਮਾਨ ਵਾਲੀ ਹੀ ਬਿਮਾਰੀ ਤਾਂ ਨਹੀਂ ਸੀ? ਖੈਰ, ਗੱਡੀ ਦੇ ਇੰਜਣ ਨੇ ਵਿਸਲ ਮਾਰੀ, ਘੰਟਾ ਮੈਨ ਨੇ ਘੰਟਾ ਖੜਕਾਇਆ, ਮੈਂ ਦੌੜ ਕੇ ਗੱਡੀ ਵਿਚ ਆ ਗਿਆ ਤੇ ਗੱਡੀ ਅੱਗੇ ਚਲ ਪਈ...।

## ਪ੍ਰੋਫੈਸਰ ਸਾਬ

ਆਪਣਾ ਸਕੂਟਰ ਪਾਰਕ ਕਰ ਕੇ ਖਿਆਲਾਂ ਦੀ ਦੁਨੀਆਂ ਤੋਂ ਆਪਣੇ ਮੇਜ਼ 'ਤੇ ਪਹੁੰਚਦੇ ਹਨ, ਜਿੱਥੇ ਅਨਾਮਿਕਾ ਆ ਕੇ ਉਨਾਂ ਨੂੰ ਜ਼ੋਰ ਨਾਲ ਹਿਲਾ ਰਹੀ ਸੀ। ਉਹ ਤ੍ਰਭਕ ਪਏ। ਅਧਿਕਾਰ ਅਤੇ ਫ਼ਰਜ਼ ਵਿੱਚ ਅੰਤਰ ਸਮਝਾਉਣ ਨੂੰ ਤਿਆਰ ਸਨ।

'ਦਾਦਾ ਜੀ, ਅੱਧਾ ਘੰਟਾ ਹੋ ਗਿਆ।'

'ਹਾਂ ਬੇਟੇ, ਪਹਿਲਾਂ ਮੈਂ ਤੈਨੂੰ ਹਿੰਦੀ ਵਿੱਚ ਸਮਝਾ ਦਿੰਦਾ ਹਾਂ, ਫਿਰ ਅੰਗਰੇਜ਼ੀ ਵਿੱਚ ਲਿਖਵਾ ਦਿਆਂਗਾ। ਠੀਕ ਹੈ?'

'ਠੀਕ ਹੈ ਦਾਦਾ ਜੀ।'

'ਚਲੋ, ਰਾਈਟਸ ਯਾਨੀ ਅਧਿਕਾਰ। ਯਾਨੀ ਜੋ ਸਾਡਾ ਹੱਕ ਹੈ ਉਹ ਸਾਨੂੰ ਮਿਲਣਾ ਹੀ ਚਾਹੀਦਾ ਹੈ। ਇਹ ਇੱਕ ਬਹੁਤ ਸਰਲ ਸ਼ਬਦ ਹੈ। ਇਹ ਕਿਸੇ ਨੂੰ ਸਮਝਾਉਣਾ ਨਹੀਂ ਪੈਂਦਾ। ਇਹਦਾ ਅਰਥ ਸਭ ਨੂੰ ਜਨਮਘੁਟੀ ਵਿੱਚ ਹੀ ਪਿਆ ਦਿੱਤਾ ਜਾਂਦਾ ਹੈ ਜੋ ਜ਼ਿੰਦਗੀ-ਭਰ ਖੂਨ ਦੀ ਹਰ ਬੂੰਦ ਨਾਲ ਪ੍ਰਵਾਹਿਤ ਹੁੰਦਾ ਰਹਿੰਦਾ ਹੈ, ਅਤੇ ਡਿਊਟੀਜ਼, ਯਾਨੀ ਫ਼ਰਜ਼ ਜੋ ਸਾਨੂੰ ਕਰਨੇ ਚਾਹੀਦੇ ਹਨ। ਅਧਿਕਾਰ ਅਤੇ ਫਰਜ਼ ਇੱਕ ਦੂਜੇ ਦੇ ਉਲਟ ਹਨ। ਇਕੱਠੇ ਕਦੇ ਨਹੀਂ ਰਹਿ ਸਕਦੇ।'

ਬੱਚੀ ਇੱਕ-ਟਕ ਉਨਾਂ ਦਾ ਮੂੰਹ ਵੇਖ ਰਹੀ ਸੀ। ਉਨਾਂ ਦੇ ਅੰਦਰ ਦਾ ਪ੍ਰੋਫੈਸਰ ਜਾਗ ਚੁੱਕਿਆ ਸੀ। ਉਹ ਤਾਂ ਆਪਣੀ ਧੁਨ ਵਿੱਚ ਬੋਲੀ ਜਾ ਰਹੇ ਸਨ- 'ਆਈ ਥਿੰਕ ਬੇਟੇ, ਇਸ ਫਰਜ਼ ਸ਼ਬਦ ਨੂੰ ਡਿਕਸ਼ਨਰੀ ਤੋਂ ਹਟਾ ਦੇਣਾ ਚਾਹੀਦਾ ਹੈ, ਕਿਉਂਕਿ ਭਾਸ਼ਾ-ਵਿਗਿਆਨ ਕਹਿੰਦਾ ਹੈ ਕਿ ਜੇ ਕੋਈ ਸ਼ਬਦ ਲੰਮੇ ਸਮੇਂ ਤਕ ਨਹੀਂ ਵਰਤਿਆ ਜਾਂਦਾ ਤਾਂ ਉਹ ਲੋਪ ਹੋ ਜਾਂਦਾ ਹੈ। ਸੱਚ ਤਾਂ ਇਹ ਹੈ ਕਿ ਸ਼ਬਦਾਂ ਦਾ ਵੀ ਫੈਸ਼ਨ ਚਲਦਾ ਹੈ। ਜਿਵੇਂ ਕੱਪੜਿਆਂ, ਜੁੱਤਿਆਂ ਦਾ ਫੈਸ਼ਨ ਬਦਲਦਾ ਰਹਿੰਦਾ ਹੈ, ਉਵੇਂ ਹੀ ਸ਼ਬਦਾਂ ਦੇ ਪ੍ਰਚਲਨ ਦਾ ਵੀ ਫ਼ੈਸ਼ਨ ਬਦਲਦਾ ਰਹਿੰਦਾ ਹੈ। ਕਦੇ ਮੰਦਰ-ਮਸਜਿਦ ਦੀ ਸਿਆਸਤ ਦਾ ਫੈਸ਼ਨ ਤੇ ਕਦੇ ਅਤਿਵਾਦ ਦਾ ਫੈਸ਼ਨ। ਕਦੇ ਵਿਦੇਸ਼ੀ ਹੱਥ ਦਾ ਫੈਸ਼ਨ ਤੇ ਕਦੇ ਟਰੰਪ ਦਾ ਫੈਸ਼ਨ। ਕੁਝ ਹੀ ਮਹੀਨਿਆਂ ਵਿੱਚ ਇਹ ਸਾਰੇ ਆਊਟ ਆਫ ਫੈਸ਼ਨ ਹੋ ਜਾਂਦੇ ਹਨ। ਫ਼ਰਜ਼ ਸ਼ਬਦ ਵਰਿਆਂ ਤੋਂ ਆਊਟ ਆਫ ਫੈਸ਼ਨ ਹੋ ਗਿਆ ਹੈ। ਜੇ ਤੂੰ ਜ਼ਿੰਦਗੀ ਸਹੀ ਢੰਗ ਨਾਲ ਜਿਉਣੀ ਹੈ ਤਾਂ ਵੱਡੇ ਵੱਡੇ ਵਿਦਵਾਨਾਂ ਦਾ ਕਹਿਣਾ ਮੰਨੇਂ, ਜਿਨਾਂ ਨੇ ਕਿਹਾ ਹੈ ਕਿ ਕੋਈ ਕੰਮ ਕਰਦੇ ਸਮੇਂ ਖ਼ੁਦ ਨੂੰ ਮਹਾਂਮੂਰਖ ਘੋਸ਼ਿਤ ਕਰ ਦਿਓ। ਨਾ ਕੰਮ ਕਰੋਗੇ, ਨਾ ਗਲਤੀ ਹੋਵੇਗੀ, ਨਾ ਡਾਂਟ ਪਵੇਗੀ, ਨਾ ਟੈਨਸ਼ਨ ਹੋਵੇਗੀ, ਨਾ ਹਾਰਟ-ਅਟੈਕ ਹੋਵੇਗਾ। ਆਖ਼ਰ ਜਾਨ ਹੈ ਤਾਂ ਜਹਾਨ ਹੈ। ਯਾਨੀ ਅਧਿਕਾਰ ਸਮਝਦੇ ਸਮੇਂ ਬੁੱਧੀਜੀਵੀ ਅਤੇ ਫ਼ਰਜ਼ ਸਮਝਦੇ ਸਮੇਂ ਬੁੱਧੂਜੀਵੀ ਬਣ ਜਾਓ।'

ਪ੍ਰੋਫੈਸਰ ਸਾਹਿਬ ਬੋਲੀ ਜਾ ਰਹੇ ਸਨ। ਉਹ ਭੁੱਲ ਗਏ ਸਨ ਕਿ ਸਾਹਮਣੇ ਉਨਾਂ ਦਾ ਪੀਐੱਚ.ਡੀ. ਦਾ ਵਿਦਿਆਰਥੀ ਨਹੀਂ ਹੈ ਸਗੋਂ ਛੋਟੀ ਜਿਹੀ ਬੱਚੀ ਹੈ, ਜੋ ਹੱਥ ਵਿੱਚ ਕਾਪੀ-ਪੈੱਨ ਲੈ ਕੇ ਕੁਰਸੀ ਦੀ ਬਾਂਹ ਨਾਲ ਸਿਰ ਟਿਕਾਈ ਆਪਣੀ ਝਪਕੀ ਲੈਣ ਦਾ ਅਧਿਕਾਰ ਪ੍ਰਾਪਤ ਕਰ ਚੁੱਕੀ ਹੈ। ਪ੍ਰੋਫੈਸਰ ਸਾਹਿਬ ਨੇ ਲੰਮਾ ਸਾਹ ਲਿਆ, ਜਿਵੇਂ ਉਨਾਂ ਦਾ ਫ਼ਰਜ਼ ਪੂਰਾ ਹੋ ਗਿਆ ਸੀ।

## ਬਾਗ਼ੀ ਨਾਲ ਲੌਂਢਾ...

ਉਹ ਬੀਬੀ ਸਹਿਮੀ ਹੋਈ ਕਹਿ ਰਹੀ ਸੀ, 'ਮੈਂ ਵੀ ਸਿੱਖ ਹਾਂ ਸੌਰੀ ਸੌਰੀ, ਮੈਂ ਕਿਹਾ ਝੂਠ ਕਹਿ ਰਹੇ ਓ, ਤੁਸੀਂ ਸਿੱਖ ਨਹੀਂ ਹੋ ਜੋ ਸਾਡੇ ਮਿਸ਼ਨ ਵਿਚ ਵਿਘਨ ਪਾ ਰਹੇ ਹੋ। ਉਹ ਬੀਬੀ ਏਨੀ ਸਹਿਮ ਗਈ ਕਿ ਇੱਕੋ ਸਾਹੇ ਸ੍ਰੀ ਜਪੁਜੀ ਸਾਹਿਬ ਦੀਆਂ ਪੰਜ ਪੌੜੀਆਂ ਪੜ ਗਈ ਤੇ ਸਾਡਾ ਹਾਸਾ ਨਿਕਲ ਗਿਆ ਅਤੇ ਅਸੀਂ ਉਸ ਨੂੰ ਪਾਣੀ ਪੀਣ ਨੂੰ ਕਿਹਾ ਕਿ ਰੀਲੈਕਸ ਹੋਵੋ ਕੁਝ ਨਹੀਂ ਹੁੰਦਾ।

ਸੋ ਐਸੀਆਂ ਅਨੇਕਾਂ ਕਹਾਣੀਆਂ ਹਨ ਜਿਨਾਂ ਤੇ ਕਿਤਾਬ ਲਿਖੀ ਜਾ ਸਕਦੀ ਪਰ ਅੱਜ ਦੇ ਲੌਂਢੇ ਵੇਲੇ ਤੇ ਏਨਾ ਹੀ। ਧੰਨਵਾਦ ਭਾਜੀ ਨਿਰਮਲ ਸਿੰਘ ਹੰਸਪਾਲ, ਵੀਰ ਨਰਿੰਦਰ ਸਿੰਘ ਘੋੜਾ ਤੇ ਬਾਬਾ ਗੁਰਦੀਪ ਸਿੰਘ ਪ੍ਰਦੇਸੀ ਹੋਣਾ ਦਾ ਲੌਂਢਾ ਵੇਲਾ ਸਾਂਝਾ ਕਰਨ ਲਈ।

## ਕੌਮ ਦੇ ਜੁਝਾਰੂ ਯੋਧੇ...

**ਭਾਈ ਜਿੰਦਾ ਅਤੇ ਭਾਈ ਸੁੱਖਾ ਸਦਾ ਲਈ ਇਕੱਠੇ ਹੋਏ**

ਪੂਨਾ ਵਿੱਚ, ਭਾਈ ਸੁੱਖਾ ਅਤੇ ਹੋਰ ਸਿੰਘਾਂ ਨੇ ਰਹਿਰਾਸ ਸਾਹਿਬ ਤੋਂ ਬਾਅਦ ਅਰਦਾਸ ਕਰਨੀ ਸਮਾਪਤ ਕਰ ਦਿੱਤੀ ਸੀ, ਅਤੇ ਫਿਰ ਫਤਹਿ ਦਾ ਜੈਕਾਰਾ ਲਾਇਆ। ਭਾਈ ਜਿੰਦਾ ਨੇੜਲੇ ਕੋਠੜੀ ਵਿੱਚ ਸਨ ਅਤੇ ਉਨਾਂ ਨੇ ਵੀ ਜੈਕਾਰੇ ਦੀ ਸਾਂਝ ਪਾਈ। ਭਾਈ ਜਿੰਦਾ ਨੇ ਭਾਈ ਸੁੱਖਾ ਦੀ ਆਵਾਜ਼ ਨੂੰ ਪਛਾਣ ਲਿਆ ਸੀ। ਅਖੀਰ ਵਿੱਚ ਦੋਵੇਂ ਦੁਬਾਰਾ ਇਕੱਠੇ ਹੋ ਗਏ। ਬਾਅਦ ਵਿੱਚ ਭਾਈ ਜਿੰਦਾ ਨੂੰ ਭਾਈ ਸੁੱਖਾ ਦੇ ਨਾਲ ਬੰਬਈ ਭੇਜ ਦਿੱਤਾ ਗਿਆ ਅਤੇ ਮੁਕੱਦਮਾ ਚਲਾਇਆ ਗਿਆ ਅਤੇ ਜਨਰਲ ਵੈਦਿਆ ਦੀ ਹੱਤਿਆ ਦੇ ਲਈ ਮੌਤ ਦੀ ਸਜ਼ਾ ਮਿਲੀ। ਇਹ ਹੈਰਾਨੀਜਨਕ ਹੈ ਕਿ ਕਿਵੇਂ ਭਾਈ ਜਿੰਦਾ ਅਤੇ ਭਾਈ ਸੁੱਖਾ ਨੇ ਮੌਤ ਦਾ ਸਾਮਣਾ ਕੀਤਾ।ਉਨਾਂ ਦੇ ਪੱਤਰਾਂ ਤੋਂ ਇਹ ਸਪੱਸ਼ਟ ਹੈ ਕਿ ਉਨਾਂ ਨੇ ਭੇਜਿਆ ਹੈ ਕਿ ਉਹ ਮੌਤ ਤੋਂ ਬਿਲਕੁਲ ਨਹੀਂ ਡਰਦੇ ਸਨ।ਉਨਾਂ ਦੇ ਜੀਵਨ ਦੇ ਆਖ਼ਰੀ ਚਾਰ ਸਾਲ ਬਹੁਤ ਸਾਰੀ ਭਗਤੀ ਕਰਦਿਆਂ ਬਿਤਾਏ ਗਏ। ਉਹ ਘੱਟ ਤੋਂ ਘੱਟ ਸੌਂਦੇ ਸਨ ਅਤੇ ਸਾਰਾ ਦਿਨ ਗੁਰਬਾਣੀ ਪੜਦੇ ਸਨ।ਉਨਾਂ ਦਾ ਨਿਯਮਿਤ ਨਿਤਨੇਮ 11 ਸੁਖਮਨੀ ਸਾਹਿਬ, 25 ਜਪੁਜੀ ਸਾਹਿਬ ਅਤੇ 3 ਘੰਟੇ ਅੰਮ੍ਰਿਤਵੇਲਾ ਅਭਿਆਸ ਸੀ, ਜੇਲ ਵਿੱਚ ਹੋਣ ਦੇ ਬਾਵਜੂਦ ਉਨਾਂ ਦੇ ਨਿਯਮਤ 7 ਬਾਣੀ ਨਿਤਨੇਮ ਤੋਂ ਇਲਾਵਾ।

**ਬਾਬਾ ਠਾਕੁਰ ਸਿੰਘ ਜੀ ਖਾਲਸਾ ਨੂੰ ਮਿਲਦੇ ਹੋਏ**

ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਜੀ ਸੁੱਖਾ ਜਦੋਂ ਜੇਲ ਵਿੱਚ ਸਨ ਤਾਂ ਅੰਮ੍ਰਿਤ ਛਕਣਾ ਚਾਹੁੰਦੇ ਸਨ। ਨਤੀਜੇ ਵਜੋਂ ਉਨਾਂ ਨੇ ਜੇਲ ਦੇ ਅਧਿਕਾਰੀਆਂ ਨੂੰ ਪੁੱਛਿਆ ਕਿ ਕੀ ਉਹ ਅੰਮ੍ਰਿਤ ਸੰਚਾਰ ਦਾ ਆਯੋਜਨ ਕਰ ਸਕਦੇ ਹਨ? ਹਿੰਦੁਸਤਾਨੀ ਸਰਕਾਰ ਨੇ ਅਜਿਹਾ ਨਹੀਂ ਹੋਣ ਦਿੱਤਾ।

ਜਦੋਂ ਬਾਬਾ ਠਾਕੁਰ ਸਿੰਘ ਜੀ ਗਏ ਅਤੇ ਪੰਥ ਦੇ ਇਨਾਂ ਦੋਨਾਂ ਪਿਆਰੇ ਪੁੱਤਰਾਂ ਨੂੰ ਮਿਲੇ ਤਾਂ ਉਨਾਂ ਨੇ ਬਾਬਾ ਜੀ ਨੂੰ ਦੱਸਿਆ ਕਿ ਸਰਕਾਰ ਨੇ ਅੰਮ੍ਰਿਤ ਸੰਚਾਰ ਤੋਂ ਉਨਾਂ ਦੀ ਬੇਨਤੀ ਨੂੰ ਠੁਕਰਾ ਦਿੱਤਾ ਸੀ। ਬਾਬਾ ਜੀ ਨੇ ਇਨਾਂ ਸੁੰਦਰ ਸਿੰਘਾਂ ਨੂੰ ਦੱਸਿਆ ਕਿ ਇਸ ਸੰਸਾਰ ਦੀ ਕੋਈ ਵੀ ਸਰਕਾਰ ਜਾਂ ਸ਼ਕਤੀ ਉਨਾਂ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੋਂ ਨਹੀਂ ਰੋਕ ਸਕਦੀ। ਬਾਬਾ ਜੀ ਨੇ ਫਿਰ ਕਿਹਾ ਕਿ, ਰਾਜਿਆਂ ਦਾ ਰਾਜਾ, ਸੰਤਾਂ ਦਾ ਸੰਤ, ਇਸ ਸੰਸਾਰ ਦਾ ਉਹ ਸੁੰਦਰ ਰਾਜਾ ਅਤੇ ਅਗਲੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਨਾਂ ਦੋਵਾਂ ਸਿੰਘਾਂ ਨੂੰ ਵਿਅਕਤੀਗਤ ਤੌਰ 'ਤੇ ਅੰਮ੍ਰਿਤ ਛਕਾਉਣਗੇ।

**ਫਾਂਸੀ ਦਾ ਦਿਨ**

ਭਾਈ ਸੁੱਖਾ ਅਤੇ ਭਾਈ ਜਿੰਦਾ ਰਾਤ ਨੂੰ 12 ਵਜੇ ਜਾਗੇ। ਉਨਾਂ ਨੇ ਇਸ਼ਨਾਨ ਕੀਤਾ ਅਤੇ ਸਵੇਰੇ 3 ਵਜੇ ਤੱਕ ਅਤੇ ਫਿਰ ਉਨਾਂ ਨੇ ਪਾਠ ਕੀਤਾ। ਉਨਾਂ ਨੇ ਕੁਝ ਦਹੀ ਤਿਆਰ ਕੀਤਾ ਸੀ ਜੋ ਉਨਾਂ ਨੇ ਫਿਰ ਇੱਕ -ਇੱਕ ਸੇਬ ਦੇ ਨਾਲ ਖਾਧਾ। ਫਿਰ ਉਨਾਂ ਨੇ ਆਪਣੀ ਅੰਤਿਮ ਅਰਦਾਸ ਅਤੇ ਕੀਰਤਨ ਸੋਹਿਲਾ ਪਾਠ ਕੀਤਾ।

ਉਨਾਂ ਨੇ ਕੇਸਰੀ ਦਸਤਾਰਾਂ ਅਤੇ ਕਮਰਕੱਸਿਆਂ ਦੇ ਨਾਲ ਚਿੱਟੇ ਚੋਲਿਆਂ ਵਿੱਚ ਸਜੇ ਹੋਏ ਸਨ। ਭਾਈ ਜਿੰਦਾ ਨੇ ਜੇਲ ਅਧਿਕਾਰੀਆਂ ਨਾਲ ਹੱਥ ਮਿਲਾਇਆ ਅਤੇ ਉਨਾਂ ਨੂੰ 5 ਸਾਲ ਤੱਕ ਰੱਖਣ ਲਈ ਧੰਨਵਾਦ ਕੀਤਾ। ਭਾਈ ਸੁੱਖਾ ਅਤੇ ਜਿੰਦਾ ਨੇ ਆਪਣੇ ਰਿਸ਼ਤੇਦਾਰਾਂ ਬਾਰੇ ਵੀ ਪੁੱਛਿਆ ਜੋ ਪੂਨਾ ਵਿੱਚ ਸਨ।ਜਦੋਂ ਉਨਾਂ ਨੂੰ ਫਾਂਸੀ ਦੇ ਤਖਤੇ ਤੇ ਲਿਜਾਇਆ ਗਿਆ, ਉਨਾਂ ਨੇ ਜੈਕਾਰਿਆਂ ਦੇ ਨਾਅਰੇ ਲਗਾਏ। ਉਹ ਲੰਮੀਆਂ ਪੈੜਾਂ ਨਾਲ ਚੱਲਦੇ ਸਨ। ਭਾਈ ਨਿਰਮਲ ਸਿੰਘ ਜੋ ਫਾਂਸੀ ਦੇ ਨੇੜੇ ਕੋਠੜੀ ਵਿੱਚ ਸਨ ਨੇ ਵੀ ਜੈਕਾਰਿਆਂ ਦਾ ਜਵਾਬ ਦਿੱਤਾ।

ਦੋਵੇਂ ਸਿੰਘ ਮੁਸਕਰਾਉਂਦੇ ਹੋਏ ਫਾਂਸੀ ਤੇ ਚੜ ਗਏ। ਉਹ ਫਾਂਸੀ ਦੇਣ ਵਾਲਿਆਂ ਲਈ ਮਠਿਆਈ ਲਿਆਉਣਾ ਚਾਹੁੰਦੇ ਸਨ, ਪਰ ਸ਼ਾਇਦ ਉਨਾਂ ਨੂੰ ਇਜਾਜ਼ਤ ਨਹੀਂ ਦਿੱਤੀ ਗਈ। ਸਮਾਂ ਆ ਗਿਆ ਸੀ ਅਤੇ ਭਾਈ ਨਿਰਮਲ ਸਿੰਘ ਦੇ ਅਨੁਸਾਰ, ਭਾਈ ਜਿੰਦਾ ਨੇ ਉੱਚੀ ਆਵਾਜ਼ ਵਿੱਚ ਭਾਈ ਸੁੱਖਾ, ਵੀਰ ਸੁਖਿਆ! ਗਰਜੋ ਫਤਿਹ! ਉਸਨੇ ਫਿਰ ਜੈਕਾਰਾ ਸੁਣਿਆ ਅਤੇ ਫਿਰ ਉਹ ਰੁਕ ਗਏ। ਭਾਈ ਸੁੱਖਾ ਅਤੇ ਭਾਈ ਜਿੰਦਾ ਨੂੰ 30 ਮਿੰਟਾਂ ਲਈ ਲਟਕਾ ਕੇ ਰੱਖਿਆ ਗਿਆ। ਉਨਾਂ ਨੂੰ ਇਕੱਠੇ ਲਟਕਾ ਦਿੱਤਾ ਗਿਆ ਸੀ। ਅਮਲ ਲਈ 4 ਡਿਪਟੀ ਪੁਲਿਸ ਕਮਿਸ਼ਨਰ, 10 ਸਹਾਇਕ ਪੁਲਿਸ ਕਮਿਸ਼ਨਰ, 14 ਇੰਸਪੈਕਟਰ, 145 ਸਬ-ਇੰਸਪੈਕਟਰ ਅਤੇ 1275 ਅਧਿਕਾਰੀ ਨਿਯੁਕਤ ਕੀਤੇ ਗਏ ਸਨ।

ਸਵੇਰੇ ਸਵਾ ਕੁ ਪੰਜ ਵਜੇ ਪੁਲਿਸ ਦੀਆਂ ਗੱਡੀਆਂ ਪੂਨਾ ਗੁਰਦੁਆਰਾ ਸਾਹਿਬ ਆ ਗਈਆਂ ਜਿੱਥੇ ਪਰਿਵਾਰ ਠਹਿਰੇ ਹੋਏ ਸਨ। ਉਹ ਪਰਿਵਾਰ ਨੂੰ ਪੂਨਾ ਦੇ ਬਾਹਰ ਇੱਕ ਪੁਲਿਸ ਸਟੇਸ਼ਨ ਲੈ ਗਏ ਜਿੱਥੋਂ ਉਨਾਂ ਨੂੰ ਅੱਗੇ ਲਿਜਾਇਆ ਗਿਆ।

ਫਿਰ ਪਰਿਵਾਰ ਨੂੰ ਮੂਲਾ ਨਦੀ ਦੇ ਨਜ਼ਦੀਕ ਇੱਕ ਸਥਾਨ ਤੇ ਲਿਜਾਇਆ ਗਿਆ ਜਿੱਥੇ ਗੰਨੇ ਦੇ ਖੇਤ ਦਾ ਇੱਕ ਹਿੱਸਾ ਸਾਫ਼ ਕੀਤਾ ਗਿਆ ਸੀ।ਭਾਈ ਸੁੱਖਾ ਅਤੇ ਭਾਈ ਜਿੰਦਾ ਜੀ ਦੀਆਂ ਲਾਸ਼ਾਂ ਨੂੰ ਇੱਕ ਟਰੱਕ ਵਿੱਚ ਸਾਈਟ ਤੇ ਲਿਆਂਦਾ ਗਿਆ ਸੀ।ਪਰਿਵਾਰ ਸਸਕਾਰ ਲਈ ਕੱਪੜੇ ਅਤੇ ਚੀਜ਼ਾਂ ਲੈ ਕੇ ਆਇਆ ਅਤੇ ਪੁਲਿਸ ਦੇ ਵਿਰੋਧ ਦੇ ਬਾਵਜੂਦ, ਸਭ ਕੁਝ ਆਪਣੇ ਆਪ ਕਰਨ 'ਤੇ ਜ਼ੋਰ ਦਿੱਤਾ। ਉਨਾਂ ਨੇ ਲਾਸ਼ਾਂ ਨੂੰ ਧੋਇਆ ਅਤੇ ਭਾਈ ਜਿੰਦਾ ਅਤੇ ਭਾਈ ਸੁਖਾ ਦੇ ਪਿਤਾ ਨੇ ਸਵੇਰੇ 6.20 ਵਜੇ ਚਿਤਰਾਂ ਨੂੰ ਜਗਾਇਆ। ਕਿਸੇ ਰਿਸ਼ਤੇਦਾਰ ਨੇ ਕੋਈ ਉਦਾਸੀ ਨਹੀਂ ਦਿਖਾਈ ਬਲਕਿ ਇੱਕ ਦੂਜੇ ਨੂੰ ਵਧਾਈ ਦਿੱਤੀ।

ਜੰਮੂ ਤੋਂ ਤਿੰਨ ਬੀਬੀਆਂ ਨੇ ਕੀਰਤਨ ਕੀਤਾ। ਅਸਥੀਆਂ ਪਰਿਵਾਰ ਨੂੰ ਨਹੀਂ ਦਿੱਤੀਆਂ ਗਈਆਂ।

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਕਿੰਨੇ ਸੋਹਣੇ ਸਿੰਘ ਹਨ, ਜਿਨਾ ਚਿਰ ਤਾਰੇ ਅਸਮਾਨ ਵਿੱਚ ਰਹਿਣਗੇ ਸਾਰੀ ਸਿੱਖ ਕੌਮ ਹਮੇਸ਼ਾ ਉਨਾਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਗੁਰੂ ਸਾਹਿਬ ਦੇ ਇਹ ਦੋ ਪਿਆਰੇ ਹੀਰੇ ਰੱਖੇਗੀ। ਪ੍ਰੋਫੈਸਰ ਪੂਰਨ ਸਿੰਘ ਨੇ ਸਰਵਉੱਚ ਪੰਜਾਬ ਦੀਆਂ ਮਾਵਾਂ ਦੇ ਪੁੱਤਰਾਂ ਦੇ ਸੁਭਾਅ ਬਾਰੇ ਦੱਸਿਆ:

ਪੰਜਾਬ ਦੀਆਂ ਮਾਵਾਂ ਦੇ ਪੁੱਤਰ

ਉਹ ਜ਼ਿੰਦਗੀ ਸਾਵਧਾਨੀ ਨਾਲ ਨਹੀਂ ਜੀਉਂਦੇ

ਉਹ ਆਪਣੀ ਜਾਨ ਕੁਰਬਾਨ ਕਰਨ ਤੋਂ ਨਹੀਂ ਡਰਦੇ

ਅਤੇ ਉਹ ਯੁੱਧ ਦੇ ਮੈਦਾਨ ਤੋਂ ਮੂੰਹ ਨਹੀਂ ਮੋੜਦੇ।

ਨਵੀਂ ਸਿੱਖ ਪੀੜੀ ਨੂੰ ਹੁਣ ਉਨਾਂ ਦੇ ਸੁਪਨੇ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਜਾਗਰੂਕ ਹੋਵੋ ਪੰਜਾਬ ਦੇ ਨੌਜਵਾਨੋ, ਜਾਗਰੂਕ ਬਣੋ। ਸਮੇਂ ਦੀਆਂ ਸਰਕਾਰਾਂ ਫੇਰ ਜਬਰ ਜ਼ੁਲਮ ਕਰ ਰਹੀਆਂ ਹਨ । ਮਜ਼ਲੂਮਾਂ ਉਤੇ ਅਤਿਆਚਾਰ ਕੀਤੇ ਜਾ ਰਹੇ ਹਨ। ਇਤਿਹਾਸ ਨੂੰ ਵਾਚ ਕੇ ਉਸ ਤੋਂ ਸਬਕ ਲੈ ਕੇ ਕੌਮ ਲਈ ਫ਼ਿਕਰਮੰਦ ਹੋਣਾ ਹਰ ਸਿੱਖ ਦੀ ਜਿੰਮੇਵਾਰੀ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**






**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**